

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication   ਨਿਊਯਾਰਕ ਐਡੀਸ਼ਨ   Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 08; February 24, 2024   20451 N. Plum Grove Rd., Palatine, IL 60074   Ph:847-359-0746, Fax:847-705-9388


# ਕਿਸਾਨਾਂ ਤੇ ਕੇਂਦਰ ਵਿਚਾਲੇ ਮਸਲਾ ਜਿਉਂ ਦਾ ਤਿਉਂ

**ਚੰਡੀਗੜ੍ਹ:** ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ) ਉਤੇ ਕਾਨੂੰਨੀ ਗਰੰਟੀ ਸਣੇ ਹੋਰ ਮੰਗਾਂ ਲਈ ਡਟੇ ਕਿਸਾਨਾਂ ਅਤੇ ਕੇਂਦਰ ਸਰਕਾਰ ਵਿਚਾਲੇ ਟਕਰਾਅ ਵਧ ਰਿਹਾ ਹੈ। ਕੇਂਦਰ ਸਰਕਾਰ ਨੇ ਜਿਥੇ ਸਾਫ ਕਰ ਦਿੱਤਾ ਹੈ ਕਿ ਉਹ ਕਾਹਲੀ ਵਿਚ ਐਮ.ਐਸ.ਪੀ ਉਤੇ ਕਾਨੂੰਨੀ ਗਰੰਟੀ ਵਾਲਾ ਕਾਨੂੰਨ ਲਿਆ ਹੀ ਨਹੀਂ ਸਕਦੀ, ਉਥੇ ਕਿਸਾਨ ਜਥੇਬੰਦੀਆਂ ਮੰਗ ਮਨਵਾ ਕੇ ਹੀ ਪਿੱਛੇ ਹਟਣ ਉਤੇ ਅੜੀਆਂ ਹੋਈਆਂ ਹਨ। ਕੇਂਦਰੀ ਮੰਤਰੀਆਂ ਨਾਲ ਕਿਸਾਨਾਂ ਦੀ ਚੌਥੇ ਗੇੜ ਦੀ ਬੈਠਕ ਵਿਚ ਭਾਰਤ ਸਰਕਾਰ ਵੱਲੋਂ ਪੰਜ ਫ਼ਸਲਾਂ 'ਤੇ ਐਮ.ਐਸ.ਪੀ. ਦੀ ਗਾਰੰਟੀ ਦੇਣ ਦੀ ਹਾਮੀ ਭਰੀ ਸੀ ਪਰ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਤੇ ਹੋਰ ਜਥੇਬੰਦੀਆਂ ਨੇ ਇਸ ਤਜਵੀਜ਼ ਨੂੰ ਸਿਰੇ ਤੋਂ ਰੱਦ ਕਰ ਦਿੱਤਾ ਹੈ। ਇਸ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਕਿਸਾਨ ਫੋਰਮਾਂ ਨਾਲ ਸ਼ੁਰੂ ਕੀਤੀ ਗੱਲਬਾਤ ਇਕ ਦਫ਼ਾ ਫਿਰ ਨਾਕਾਮ ਹੋ ਗਈ ਹੈ।

ਕਿਸਾਨਾਂ ਨੇ ਸਾਫ ਕਰ ਦਿੱਤਾ ਹੈ ਕਿ ਕੇਂਦਰ ਸਰਕਾਰ 23 ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਲਈ ਗਾਰੰਟੀ ਕਾਨੂੰਨ ਬਣਾਵੇ। ਆਗੂਆਂ ਨੇ ਆਖਿਆ ਹੈ ਕਿ ਤਜਵੀਜ਼ ਕਿਸੇ ਵੀ ਤਰ੍ਹਾਂ ਕਿਸਾਨ ਹਿੱਤ ਵਿਚ ਨਹੀਂ ਹੈ ਅਤੇ ਮਾਹਿਰਾਂ ਦੀ ਮਦਦ ਨਾਲ ਪੂਰੀ ਘੋਖ ਕਰਨ ਮਗਰੋਂ ਹੀ ਇਸ ਨੂੰ ਰੱਦ ਕੀਤਾ ਗਿਆ ਹੈ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੇ ਉਨ੍ਹਾਂ ਨਾਲ ਇਕ ਲੁਕਵੀਂ ਚਾਲ ਚੱਲੀ ਸੀ। ਪੰਜ ਫਸਲਾਂ 'ਤੇ ਐਮ.ਐਸ.ਪੀ. ਸਿਰਫ ਉਨ੍ਹਾਂ ਕਿਸਾਨਾਂ ਨੂੰ ਹੀ ਦਿੱਤੀ ਜਾਣੀ ਸੀ ਜੋ ਝੋਨੇ ਅਤੇ ਕਣਕ ਦੀ ਫਸਲ ਬੀਜਣ ਤੋਂ ਕਿਨਾਰਾ ਕਰਨਗੇ।

ਕੇਂਦਰੀ ਵਜ਼ੀਰਾਂ ਨੇ ਕਿਸਾਨ ਜਥੇਬੰਦੀਆਂ ਨਾਲ 8 ਫਰਵਰੀ ਨੂੰ ਗੱਲਬਾਤ ਸ਼ੁਰੂ ਕੀਤੀ ਸੀ। ਚੌਥੇ ਗੇੜ ਦੀ ਬੈਠਕ ਵਿਚ ਕੇਂਦਰੀ ਵਜ਼ੀਰ ਪੰਜ ਫਸਲਾਂ 'ਤੇ ਐਮ.ਐਸ.ਪੀ. ਦੀ ਗਾਰੰਟੀ ਦੇਣ ਦਾ ਨਵਾਂ ਫਾਰਮੂਲਾ ਲੈ ਕੇ ਆਏ ਸਨ। ਕੇਂਦਰੀ ਮੰਤਰੀਆਂ ਦੀ ਕਮੇਟੀ ਨੇ ਕਿਸਾਨ ਆਗੂਆਂ ਨਾਲ ਚੌਥੇ ਗੇੜ ਦੀ ਵਾਰਤਾ ਦੌਰਾਨ ਦਾਲਾਂ (ਅਰਹਰ, ਮਾਂਹ, ਮਸਰ), ਮੱਕੀ ਅਤੇ ਕਪਾਹ ਦੀਆਂ ਫ਼ਸਲਾਂ ਨੂੰ ਪੰਜ ਸਾਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਉਤੇ ਖ਼ਰੀਦਣ ਦੀ ਤਜਵੀਜ਼ ਪੇਸ਼ ਕੀਤੀ ਸੀ। ਇਨ੍ਹਾਂ ਜਿਣਸਾਂ ਦੀ ਖ਼ਰੀਦ ਕੇਂਦਰੀ ਏਜੰਸੀਆਂ ਕਰਨਗੀਆਂ। ਇਹ ਪੇਸ਼ਕਸ਼ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਅਤੇ ਕਿਸਾਨ ਆਗੂਆਂ ਦਰਮਿਆਨ ਲੰਮੀ ਗੱਲਬਾਤ ਤੋਂ ਬਾਅਦ ਕੀਤੀ ਗਈ ਹੈ। ਕਿਸਾਨਾਂ ਦੀ ਮੁੱਖ ਮੰਗਾਂ ਵਿਚੋਂ ਸਾਰੀਆਂ ਫ਼ਸਲਾਂ ਲਈ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਹੈ। ਕਿਸਾਨਾਂ ਦੇ ਕੇਂਦਰੀ ਤਜਵੀਜ਼ ਮੰਨਣ ਤੋਂ ਕੋਰੀ ਨਾਂਹ ਪਿੱਛੋਂ ਕੇਂਦਰ ਸਰਕਾਰ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਮੋਦੀ ਸਰਕਾਰ ਲੋਕ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਰੋਸ ਜ਼ਾਹਿਰ ਕਰ ਰਹੇ ਕਿਸਾਨਾਂ ਨੂੰ ਸ਼ਾਂਤ ਕਰਨ ਲਈ ਹਰ ਹਰਬਾ ਵਰਤਣ ਦੀ ਕੋਸ਼ਿਸ਼ ਕਰ ਰਹੀ ਹੈ।

ਹਰਿਆਣਾ ਅਤੇ ਕੇਂਦਰ ਸਰਕਾਰ ਸ਼ੰਭੂ ਅਤੇ ਖਨੌਰੀ ਬਾਰਡਰਾਂ ਉਤੇ ਕਿਸਾਨਾਂ ਨਾਲ ਲਗਾਤਾਰ ਸਖਤੀ ਵਰਤ ਰਹੀ ਹੈ ਪਰ ਕਿਸਾਨ ਜਥੇਬੰਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਦਬਾਅ ਬਣਾ ਕੇ ਆਪਣੀਆਂ ਮੰਗਾਂ ਮਨਵਾਉਣ ਉਤੇ ਅੜੀਆਂ ਹੋਈਆਂ ਹਨ। ਦਰਅਸਲ, ਕਿਸਾਨਾਂ ਦੀਆਂ ਜ਼ਿਆਦਾਤਰ ਮੰਗਾਂ ਉਹ ਹਨ ਜਿਨ੍ਹਾਂ ਨੂੰ ਕੇਂਦਰ ਸਰਕਾਰ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਵਿਚ ਲੱਗੇ ਮੋਰਚੇ ਸਮੇਂ ਮੰਨ ਚੁੱਕੀ ਹੈ ਪਰ ਅਜੇ ਤੱਕ ਲਾਗੂ ਕਰਨ ਤੋਂ ਟਾਲ਼ਾ ਵੱਟ ਰਹੀ ਹੈ। ਕਿਸਾਨ ਜਥੇਬੰਦੀਆਂ ਵੱਲੋਂ ਪਿਛਲੇ ਤਕਰੀਬਨ 2 ਸਾਲਾਂ ਤੋਂ ਕੇਂਦਰ ਸਰਕਾਰ

*(ਬਾਕੀ ਸਫਾ 6 'ਤੇ)*



*ਨਵੀਂ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲਦੇ ਹੋਏ ਉੱਘੇ ਸਮਾਜ ਸੇਵੀ ਐਨ.ਆਰ.ਆਈ. ਦਰਸ਼ਨ ਸਿੰਘ ਧਾਲੀਵਾਲ, ਉਨ੍ਹਾਂ ਦੇ ਛੋਟੇ ਭਰਾ ਸੁਰਜੀਤ ਸਿੰਘ ਰੱਖੜਾ ਅਤੇ ਚਰਨਜੀਤ ਸਿੰਘ ਧਾਲੀਵਾਲ।*

# ਰੱਖੜਾ ਭਰਾਵਾਂ ਵੱਲੋਂ ਗ੍ਰਹਿ ਮੰਤਰੀ ਨਾਲ ਮੁਲਾਕਾਤ

## ਕਿਸਾਨੀ ਮੰਗਾਂ ਅਤੇ ਮਸਲਿਆਂ ਬਾਰੇ ਵਿਚਾਰਾਂ

**ਨਵੀਂ ਦਿੱਲੀ:** ਉੱਘੇ ਸਮਾਜ ਸੇਵੀ ਐਨ.ਆਰ.ਆਈ. ਦਰਸ਼ਨ ਸਿੰਘ ਧਾਲੀਵਾਲ ਨੇ ਕਿਸਾਨੀ ਮੰਗਾਂ ਦੇ ਹੱਲ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਅਮਰੀਕਾ ਜਾਣ ਤੋਂ ਕੁਝ ਘੰਟੇ ਪਹਿਲਾਂ ਕੀਤੀ ਇਸ ਮੁਲਾਕਾਤ ਦੌਰਾਨ ਉਨ੍ਹਾਂ ਦੇ ਛੋਟੇ ਭਰਾ ਸੁਰਜੀਤ ਸਿੰਘ ਰੱਖੜਾ (ਸਾਬਕਾ ਅਕਾਲੀ ਮੰਤਰੀ) ਅਤੇ ਚਰਨਜੀਤ ਸਿੰਘ ਧਾਲੀਵਾਲ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਸਿਆਸੀ ਪੱਧਰ ਉਤੇ ਅਕਾਲੀ ਦਲ ਨਾਲ ਸਬੰਧ ਰੱਖਣ ਵਾਲੇ ਇਸ ਪਰਿਵਾਰ ਦੇ ਕੇਂਦਰੀ ਮੰਤਰੀ ਅਮਿਤ ਸ਼ਾਹ ਨਾਲ ਨਜ਼ਦੀਕੀ ਸਬੰਧ ਹਨ। ਇਸ ਮੁਲਾਕਾਤ ਦੌਰਾਨ ਰੱਖੜਾ ਭਰਾਵਾਂ ਨੇ ਕੇਂਦਰੀ ਮੰਤਰੀ ਉਤੇ ਕਿਸਾਨਾਂ ਦੀਆਂ ਮੰਗਾਂ ਮੰਨਣਾ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ।

ਉਨ੍ਹਾਂ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਕਿਸਾਨੀ ਅੱਜ ਕੱਲ੍ਹ ਬੜੇ ਡੂੰਘੇ ਸੰਕਟ ਵਿਚੋਂ ਲੰਘ ਰਹੀ ਹੈ। ਛੋਟਾ ਕਿਸਾਨ ਇਕ ਤਰ੍ਹਾਂ ਰੁਲ ਹੀ ਰਿਹਾ ਹੈ। ਇਸ ਲਈ ਅੱਜ ਪੰਜਾਬ ਦੇ ਕਿਸਾਨਾਂ ਨੂੰ ਕੇਂਦਰ ਸਰਕਾਰ ਦੀ ਉਚੇਚੀ ਮਦਦ ਦੀ ਲੋੜ ਹੈ। ਸਾਬਕਾ ਮੰਤਰੀ ਸੁਰਜੀਤ ਰੱਖੜਾ ਨੇ ਦੱਸਿਆ ਕਿ ਉਨ੍ਹਾਂ ਕੇਂਦਰੀ ਮੰਤਰੀ ਨਾਲ ਚਲੀ ਆ ਰਹੀ ਆਪਸੀ ਸਾਂਝ ਦਾ ਵਾਸਤਾ ਪਾਉਂਦਿਆਂ ਕਿਸਾਨਾਂ ਦੀਆਂ ਮੰਗਾਂ ਦੀ ਪੂਰਤੀ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ। ਗੱਲਬਾਤ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਾਂ ਪੱਖੀ ਰਵੱਈਆ ਰੱਖਦਿਆਂ ਕਿਹਾ ਕਿ ਕੇਂਦਰ ਸਰਕਾਰ ਅਤੇ ਭਾਜਪਾ ਕਿਸਾਨਾਂ ਦਾ ਬਹੁਤ ਸਤਿਕਾਰ ਕਰਦੀ ਹੈ ਤੇ ਕਿਸਾਨਾਂ ਦੇ ਸਮੁੱਚੇ ਮਸਲਿਆਂ ਦਾ ਸਥਾਈ ਹੱਲ ਲੱਭਣ ਲਈ ਯਤਨਸ਼ੀਲ ਹੈ ਪਰ ਤਕਨੀਕੀ ਕਾਰਨਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਗੌਰਤਲਬ ਹੈ ਕਿ ਪਿਛਲੀ ਵਾਰ ਦਿੱਲੀ ਦੀਆਂ ਬਰੂਹਾਂ ਉਤੇ ਚੱਲੇ ਕਿਸਾਨ ਅੰਦੋਲਨ ਦੌਰਾਨ ਵੀ ਦਰਸ਼ਨ ਸਿੰਘ ਧਾਲੀਵਾਲ ਨੇ ਸਾਲ ਭਰ ਲੰਗਰ ਲਾ ਕੇ ਰੱਖੇ ਸਨ ਜਿਸ ਕਾਰਨ ਕੇਂਦਰ ਸਰਕਾਰ ਨੇ ਖ਼ਫ਼ਾ ਹੋ ਕੇ ਇਕ ਵਾਰ ਅਮਰੀਕਾ ਤੋਂ ਭਾਰਤ ਆਏ ਦਰਸ਼ਨ ਸਿੰਘ ਧਾਲੀਵਾਲ ਨੂੰ ਦਿੱਲੀ ਹਵਾਈ ਅੱਡੇ ਤੋਂ ਹੀ ਵਾਪਸ ਭੇਜ ਦਿੱਤਾ ਸੀ। ਬਾਅਦ ਵਿਚ ਕੇਂਦਰ ਸਰਕਾਰ ਵੱਲੋਂ ਦਰਸ਼ਨ ਸਿੰਘ ਧਾਲੀਵਾਲ ਨੂੰ 'ਸਰਵੋਤਮ ਪਰਵਾਸੀ ਭਾਰਤੀ' ਕੌਮਾਂਤਰੀ ਪੱਧਰ ਦਾ ਐਵਾਰਡ ਵੀ ਦਿੱਤਾ ਗਿਆ।


**One stop shop for all your taxi needs**

**The Friendly Group Ltd.**
**Chelsea Taxi Brokers**
Ph: 212-947-9833, 212-695-0601

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
** Medallion transfers*
** Accident claims*
** Taxi Stand Facility available*



We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

*Ask us about Purchase or new buyer and financing.

# ਏਸ਼ੀਅਨ ਅਮੈਰਿਕਨ ਕੁਲੀਸ਼ਨ ਆਫ ਸ਼ਿਕਾਗੋ ਨੇ ਲੂਨਰ ਨਵੇਂ ਸਾਲ ਦੇ ਜਸ਼ਨ ਮਨਾਏ







**ਸ਼ਿਕਾਗੋ:** ਏਸ਼ੀਅਨ ਅਮੈਰਿਕਨ ਕੁਲੀਸ਼ਨ ਆਫ ਸ਼ਿਕਾਗੋ (ਏ.ਏ.ਸੀ.ਸੀ.) ਨੇ ਆਪਣਾ 41ਵਾਂ ਲੂਨਰ ਨਵਾਂ ਸਾਲ ਸਮਾਗਮ ਕਰਵਾਇਆ। ਸ਼ਿਕਾਗੋ ਦੇ ਬਾਹਰਵਾਰ ਓਕਬਰੂਕ ਟੈਰੇਸ ਵਿਚ ਹੋਏ ਇਸ ਸਮਾਗਮ ਵਿਚ 1000 ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ ਜਿਨ੍ਹਾਂ ਵਿਚ ਏਸ਼ੀਅਨ ਅਮੈਰਿਕਨ ਭਾਈਚਾਰਿਆਂ ਨਾਲ ਸਬੰਧਿਤ ਲੋਕ, ਅਮਰੀਕੀ ਕਾਂਗਰਸਮੈਨ, ਇਲੀਨਾਏ ਦੇ ਸਟੇਟ ਸੈਨੇਟਰ ਤੇ ਨੁਮਾਇੰਦੇ, ਮੇਅਰ, ਜੱਜ, ਸਰਕਾਰ ਤੇ ਸਾਬਕਾ ਸਰਕਾਰੀ ਮੁਲਾਜ਼ਮ, ਵੱਡੇ ਕਾਰੋਬਾਰੀ, ਡਿਪਲੋਮੈਟਿਕ ਅਤੇ ਸਿਆਸੀ ਲੀਡਰ ਸ਼ਾਮਿਲ ਸਨ।

ਯਾਦ ਰਹੇ ਕਿ ਏਸ਼ੀਅਨ ਅਮੈਰਿਕਨ ਕੁਲੀਸ਼ਨ 16 ਵੱਖ-ਵੱਖ ਸੱਭਿਆਚਾਰਾਂ ਦੇ ਭਾਈਚਾਰਿਆਂ ਨਾਲ ਜੁੜੀ ਹੋਈ ਹੈ। ਹਰ ਸਾਲ ਏਸ਼ੀਆ ਦਾ ਕੋਈ ਇਕ ਭਾਈਚਾਰਾ ਇਹ ਵੱਡਾ ਸਮਾਗਮ ਕਰਵਾਉਂਦਾ ਹੈ। ਇਹ ਗ੍ਰੇਟਰ ਸ਼ਿਕਾਗੋ ਖੇਤਰ ਵਿਚ ਏਸ਼ੀਅਨ ਅਮੈਰਿਕਨ ਭਾਈਚਾਰੇ ਦਾ ਸਭ ਤੋਂ ਵੱਡਾ ਸਮਾਗਮ ਹੁੰਦਾ ਹੈ। ਇਸ ਵਾਰ ਜਪਾਨੀ ਅਮੈਰਿਕਨ ਭਾਈਚਾਰੇ ਨੇ ਇਸ ਸਮਾਗਮ ਦੀ ਮੇਜ਼ਬਾਨੀ ਕੀਤੀ। ਐਤਕੀਂ ਸਮਾਗਮ ਦਾ ਥੀਮ 'ਉਜਲ ਭਵਿੱਖ ਲਈ ਇਕਜੁਟਤਾ' ਸੀ।

ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐੱਸ.) ਸ਼ਿਕਾਗੋ ਇਸ ਸਮਾਗਮ ਦੀ ਕੋ-ਸਪਾਂਸਰ ਸੀ। ਭਾਰਤੀ ਭਾਈਚਾਰੇ ਨਾਲ ਸਬੰਧਿਤ 50 ਜਣਿਆਂ ਨੇ ਇਸ ਸਮਾਗਮ ਵਿਚ ਹਿੱਸਾ ਲਿਆ। ਹਾਲ ਵਿਚ ਇਲੀਨਾਏ ਵਿਚ ਫਰਵਰੀ ਨੂੰ 'ਪੰਜਾਬੀ ਭਾਸ਼ਾ ਦਾ ਮਹੀਨਾ' ਐਲਾਨਣ ਵਾਲਾ ਐਲਾਨਨਾਮਾ ਲਾਇਆ ਹੋਇਆ ਸੀ। ਇਹ ਐਲਾਨ ਇਲੀਨਾਏ ਦੇ ਗਵਰਨਰ ਨੇ ਪਿੱਛੇ ਜਿਹੇ ਹੀ ਕੀਤਾ ਸੀ। ਇਸ ਤੋਂ ਇਲਾਵਾ ਪਹਿਲੇ ਅਤੇ ਦੂਜੇ ਸੰਸਾਰ ਯੁੱਧ ਵਿਚ ਹਿੱਸਾ ਲੈਣ ਵਾਲੇ ਸਿੱਖ ਫੌਜੀਆਂ ਨਾਲ ਸਬੰਧਿਤ ਪੋਸਟਰ ਵੀ ਲਾਏ ਗਏ ਸਨ। ਇਨ੍ਹਾਂ ਦਾ ਪ੍ਰਬੰਧ ਪੀ.ਸੀ.ਐੱਸ. ਨੇ ਉਚੇਚੇ ਤੌਰ 'ਤੇ ਕੀਤਾ। ਇਸ ਮੌਕੇ ਪੀ.ਸੀ.ਐੱਸ. ਦੇ ਪ੍ਰਧਾਨ (2023) ਅਤੇ ਚੇਅਰਮੈਨ (2018) ਭੁਪਿੰਦਰ ਸਿੰਘ ਧਾਲੀਵਾਲ ਦਾ ਵੱਕਾਰੀ 'ਮਿਸਾਲੀ ਭਾਈਚਾਰਕ ਸੇਵਾ ਇਨਾਮ' ਨਾਲ ਸਨਮਾਨ ਕੀਤਾ ਗਿਆ। ਇਹ ਇਨਾਮ ਉਨ੍ਹਾਂ ਸ਼ਖਸੀਅਤਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਏਸ਼ੀਅਨ ਭਾਈਚਾਰੇ ਲਈ ਵਿਸ਼ੇਸ਼ ਯੋਗਦਾਨ ਪਾਇਆ ਹੁੰਦਾ ਹੈ ਜਾਂ ਫਿਰ ਏ.ਏ.ਸੀ.ਸੀ. ਦੇ ਮਿਸ਼ਨ ਨੂੰ ਅਗਾਂਹ ਵਧਾਉਣ ਲਈ ਤਰੱਦਦ ਕੀਤਾ ਹੁੰਦਾ ਹੈ।





ਐਤਕੀਂ ਏ.ਏ.ਸੀ.ਸੀ. ਨੇ ਕਰਨਵੀਰ ਸਿੰਘ ਸੈਣੀ ਨੂੰ 'ਏਸ਼ੀਅਨ ਅਮੈਰਿਕਨ ਯੂਥ ਇਨਾਮ' ਨਾਲ ਨਵਾਜਿਆ। ਇਹ ਇਨਾਮ ਉਨ੍ਹਾਂ ਨੌਜਵਾਨਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਮਨੁੱਖਤਾ ਅਤੇ ਖਾਸ ਕਰ ਕੇ ਏਸ਼ੀਅਨ ਅਮੈਰਿਕਨ ਭਾਈਚਾਰੇ ਲਈ ਵਿਸ਼ੇਸ਼ ਯੋਗਦਾਨ ਪਾਇਆ ਹੁੰਦਾ ਹੈ। ਕਰਨਵੀਰ ਸਿੰਘ ਸੈਣੀ ਯੂਨੀਵਰਸਿਟੀ ਆਫ ਇਲੀਨਾਏ (ਅਰਬਾਨਾ ਸ਼ੈਂਪੇਨ) ਨਾਲ ਸਬੰਧਿਤ ਹੈ। ਉਹਨੇ ਬਫਲੋ ਗਰੋਵ ਹਾਈ ਸਕੂਲ ਤੋਂ ਗਰੈਜੂਏਸ਼ਨ ਕੀਤੀ ਹੈ। ਇਸ ਮੌਕੇ ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ ਦੇ ਬੋਰਡ ਆਫ਼ ਗਵਰਨਰਜ਼ ਅਤੇ ਏਸ਼ੀਅਨ ਅਮੈਰਿਕਨ ਕੁਲੀਸ਼ਨ ਦੇ ਕਾਰਜਕਾਰੀ ਸਕੱਤਰ ਰਾਜਿੰਦਰ ਬੀਰ ਸਿੰਘ ਮਾਗੋ ਨੇ ਕਿਹਾ, ਸ਼ਿਕਾਗੋ ਦੀ ਪੰਜਾਬੀ ਕਲਚਰਲ ਸੁਸਾਇਟੀ ਸਾਡੇ ਭਾਈਚਾਰੇ ਦੇ ਮੈਂਬਰਾਂ ਅਤੇ ਨੌਜਵਾਨਾਂ ਨੂੰ ਅੱਗੇ ਵਧਣ ਲਈ ਉਤਸ਼ਾਹਿਤ ਕਰਦੀ ਹੈ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਵਿਚ ਪਛਾਣੇ ਜਾਣ ਲਈ ਇੱਕ ਉਤਪ੍ਰੇਰਕ ਹੈ।"

# ਪੰਜਾਬੀ ਕਲਚਰਲ ਸੋਸਾਇਟੀ ਆਫ ਸ਼ਿਕਾਗੋ ਦੇ ਵਰਕਿੰਗ ਬੋਰਡ ਦਾ ਗਠਨ

## ਡਾ. ਵਿਕਰਮਜੀਤ ਸਿੰਘ ਗਿੱਲ ਚੇਅਰਮੈਨ ਅਤੇ ਮਨਜੀਤ ਸਿੰਘ ਭੱਲਾ ਪ੍ਰਧਾਨ ਨਿਯੁਕਤ



*ਡਾ. ਵਿਕਰਮਜੀਤ ਸਿੰਘ ਗਿੱਲ (ਚੇਅਰਮੈਨ)*



*ਮਨਜੀਤ ਸਿੰਘ ਭੱਲਾ (ਪ੍ਰਧਾਨ)*



*ਪਰਮਵੀਰ ਕੌਰ (ਯੂਥ ਡਾਇਰੈਕਟਰ)*

**ਸ਼ਿਕਾਗੋ:** ਪੰਜਾਬੀ ਕਲਚਰਲ ਸੋਸਾਇਟੀ ਆਫ ਸ਼ਿਕਾਗੋ (ਪੀ.ਸੀ.ਐੱਸ.) ਦੇ ਅਧਿਕਾਰੀਆਂ ਨੇ ਸਾਲ 2024 ਲਈ ਆਪਣੇ ਕਾਰਜਕਾਰੀ ਬੋਰਡ ਦਾ ਗਠਨ ਕੀਤਾ ਹੈ। ਪੀ.ਸੀ.ਐੱਸ. ਇੱਕ ਸਵੈ-ਸੇਵੀ ਗੈਰ-ਮੁਨਾਫ਼ਾ ਕਮਿਊਨਿਟੀ ਸੇਵਾ ਸੰਸਥਾ ਹੈ ਜਿਸਦਾ ਉਦੇਸ਼ ਪੰਜਾਬੀ ਸੱਭਿਆਚਾਰ ਅਤੇ ਭਾਸ਼ਾ ਦਾ ਪ੍ਰਚਾਰ ਕਰਨਾ ਹੈ।

ਹਾਲ ਹੀ ਵਿਚ ਹੋਈ ਪੀਸੀਐੱਸ ਅਧਿਕਾਰੀਆਂ ਦੀ ਮੀਟਿੰਗ ਵਿਚ ਉਂਘੇ ਡਾਕਟਰ ਡਾ. ਵਿਕਰਮਜੀਤ ਸਿੰਘ ਗਿੱਲ ਐਮ.ਡੀ., ਨੂੰ 2024 ਲਈ ਪੀਸੀਐਸ ਚੇਅਰਮੈਨ ਚੁਣਿਆ ਗਿਆ। ਡਾ. ਗਿੱਲ ਮਨੋਵਿਗਿਆਨੀ ਹਨ, ਜੋ ਮੋਗਾ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਨਾਲ ਸਬੰਧਤ ਹਨ। ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਗ੍ਰੈਜੂਏਸ਼ਨ ਕਰਨ ਤੋਂ ਬਾਅਦ, ਡਾ. ਗਿੱਲ ਨੇ ਪੇਂਡੂ ਸਿਹਤ ਪ੍ਰਣਾਲੀ ਵਿਚ 5 ਸਾਲ ਸੇਵਾ ਕੀਤੀ, ਜਿਸ ਨਾਲ ਉਹ ਅਸਲ ਪੰਜਾਬ ਨਾਲ ਰੂਬਰੂ ਹੋਏ ਅਤੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਆਕਾਰ ਮਿਲਿਆ।

ਡਾ. ਗਿੱਲ 2003 ਤੋਂ ਯੂ.ਐਸ.ਏ. ਵਿਚ ਹਨ। ਅਮਰੀਕਾ ਆਉਣ ਤੋਂ ਪਹਿਲਾਂ, ਉਨ੍ਹਾਂ ਨੇ ਮੈਡੀਕਲ ਪ੍ਰੈਕਟਿਸ ਦੇ ਨਾਲ ਨਾਲ ਪੰਜਾਬੀ ਵਿਚ ਖੇਤਰੀ ਅਖਬਾਰਾਂ ਲਈ ਵੀ ਲਿਖਿਆ। ਡਾ. ਵਿਕਰਮਜੀਤ ਸਿੰਘ ਗਿੱਲ ਨੇ ਕਿਹਾ, "ਪੀਸੀਐਸ ਨਾਮ ਦੀ ਇਸ ਸ਼ਾਨਦਾਰ ਸੰਸਥਾ ਦੇ ਚੇਅਰਮੈਨ ਵਜੋਂ ਸੇਵਾ ਕਰਨ ਲਈ ਮੈਨੂੰ ਮਾਣ ਹੈ। ਜਿੱਥੇ ਵੀ ਲੋੜ ਹੈ, ਮੈਂ ਇਸਦਾ ਸਮਰਥਨ ਕਰਨ ਲਈ ਤਿਆਰ ਹਾਂ।"

ਮਨਜੀਤ ਸਿੰਘ ਭੱਲਾ ਨੂੰ 2024 ਲਈ ਪੀਸੀਐੱਸ ਦਾ ਪ੍ਰਧਾਨ ਚੁਣਿਆ ਗਿਆ। ਉਨ੍ਹਾਂ ਨੇ ਕਈ ਸਾਲਾਂ ਤੱਕ ਪੀਸੀਐਸ ਬੋਰਡ ਵਿਚ ਸਾਰੇ ਅਹੁਦਿਆਂ 'ਤੇ ਸੇਵਾ ਨਿਭਾਈ ਹੈ। ਉਨ੍ਹਾਂ ਦੀ ਪਤਨੀ ਮੋਨਾ ਭੱਲਾ ਅਤੇ ਧੀਆਂ ਮਨਪ੍ਰੀਤ, ਸਿਮਰਨ ਅਤੇ ਕਿਰਨ ਨੇ ਕਈ ਸਾਲਾਂ ਤੋਂ ਪੀਸੀਐਸ ਗਤੀਵਿਧੀਆਂ ਵਿਚ ਕੋਆਰਡੀਨੇਟਰ ਵਜੋਂ ਹਿੱਸਾ ਲਿਆ ਹੈ। ਉਹ ਵਰਤਮਾਨ ਸਮੇਂ ਗਲੋਬਲ ਇੰਜਨੀਅਰਿੰਗ ਦਾ ਡਾਇਰੈਕਟਰ ਹੈ।

ਸ੍ਰੀ ਭੱਲਾ ਨੇ ਕਿਹਾ, "ਸਾਡੇ ਕੋਲ ਪੀਸੀਐਸ ਅਧਿਕਾਰੀਆਂ ਦੀ ਇੱਕ ਸਮਰਪਿਤ ਟੀਮ ਹੈ ਜੋ ਪੀਸੀਐਸ ਪ੍ਰੋਗਰਾਮਾਂ ਨੂੰ ਤਿਆਰ ਕਰਨ ਲਈ ਸਖ਼ਤ ਮਿਹਨਤ ਕਰ ਰਹੀ ਹੈ। ਸਾਡਾ ਅਗਲਾ ਪ੍ਰੋਗਰਾਮ 'ਰੰਗਲਾ ਪੰਜਾਬ 2024' 20 ਅਪ੍ਰੈਲ, 2024 ਨੂੰ ਕੋਪਰਨਿਕਸ ਸੈਂਟਰ, 5216 ਡਬਲਯੂ. ਲਾਰੈਂਸ ਐਵੇਨਿਊ, ਸ਼ਿਕਾਗੋ, ਇਲੀਨੋਇ ਵਿਖੇ ਹੋਵੇਗਾ।"



### ਸਾਲ 2024 ਲਈ ਚੁਣਿਆ ਗਿਆ ਪੀਸੀਐਸ ਬੋਰਡ:

*ਪ੍ਰਧਾਨ - ਮਨਜੀਤ ਸਿੰਘ ਭੱਲਾ; ਮੀਤ ਪ੍ਰਧਾਨ - ਨਵਤੇਜ ਸਿੰਘ ਸੋਹੀ; ਕਾਰਜਕਾਰੀ ਸਕੱਤਰ- ਪਰਮਜੋਤ ਸਿੰਘ ਪਰਮਾਰ; ਵਿੱਤ ਨਿਰਦੇਸ਼ਕ - ਗੁਰਲਾਲ ਸਿੰਘ ਭੱਠਲ; ਬਿਕਰਮ ਸਿੰਘ ਸੋਹੀ - ਸਹਾਇਕ ਕਾਰਜਕਾਰੀ ਸਕੱਤਰ; ਖੇਡ ਅਤੇ ਤਕਨੀਕੀ ਨਿਰਦੇਸ਼ਕ - ਗੁਰਪ੍ਰੀਤ ਸਿੰਘ ਸਿੱਧੂ; ਅੰਤਰ-ਕਮਿਊਨਿਟੀ ਡਾਇਰੈਕਟਰ-ਜਿਗਰਦੀਪ ਸਿੰਘ ਢਿੱਲੋਂ; ਸਪੈਸ਼ਲ ਪ੍ਰੋਜੈਕਟ ਡਾਇਰੈਕਟਰ - ਤੇਜਵੀਰ ਸਿੰਘ ਸੂਦਨ; ਯੂਥ ਡਾਇਰੈਕਟਰ - ਪਰਮਵੀਰ ਕੌਰ।*

# ਪੰਜਾਬੀ ਫਿਲਮਾਂ ਹੁਣ ਹੌਲੀਵੁੱਡ, ਬੌਲੀਵੁੱਡ ਅਤੇ ਸਾਊਥ ਦੀਆਂ ਫਿਲਮਾਂ ਦਾ ਮੁਕਾਬਲਾ ਕਰਨ ਦੇ ਸਮਰੱਥ: ਦੇਵ ਖਰੌੜ

**ਸਰੀ: (ਹਰਦਮ ਮਾਨ)**–ਪੰਜਾਬੀ ਫਿਲਮਾਂ ਦੇ ਪ੍ਰਸਿੱਧ ਅਦਾਕਾਰ ਦੇਵ ਖਰੌੜ ਨੇ ਕਿਹਾ ਹੈ ਕਿ ਪੰਜਾਬੀ ਫਿਲਮਾਂ ਹੁਣ ਵੱਡੇ ਬਜਟ ਨਾਲ ਬਣ ਰਹੀਆਂ ਹਨ ਅਤੇ ਇਹ ਕਿਸੇ ਪੱਖੋਂ ਵੀ ਹੌਲੀਵੁੱਡ, ਬੌਲੀਵੁੱਡ ਜਾਂ ਸਾਊਥ ਦੀਆਂ ਫਿਲਮਾਂ ਤੋਂ ਘੱਟ ਨਹੀਂ ਹਨ। ਪਿਛਲੇ ਸਮੇਂ ਵਿਚ ਕਈ ਪੰਜਾਬੀ ਫਿਲਮਾਂ ਨੇ ਬਾਕਸ



ਆਫਿਸ ‘ਤੇ ਬੇਹੱਦ ਸਫਲਤਾ ਪ੍ਰਾਪਤ ਕੀਤੀ ਹੈ। ਉਨ੍ਹਾਂ ਕਿਹਾ ਕਿ ਅੱਜ ਦਾ ਦਰਸ਼ਕ ਸਾਊਥ ਦੀਆਂ ਡੱਬ ਫਿਲਮਾਂ ਵੀ ਦੇਖਦਾ ਹੈ, ਹੌਲੀਵੁੱਡ ਦੀਆਂ ਫਿਲਮਾਂ ਵੀ ਦੇਖਦਾ ਹੈ ਤੇ ਬੌਲੀਵੁੱਡ ਦੀਆਂ ਫਿਲਮਾਂ ਵੀ ਦੇਖਦਾ ਹੈ। ਇਸ ਲਈ ਪੰਜਾਬੀ ਫਿਲਮ ਸਨਅਤ ਨੂੰ ਵੀ ਇਨ੍ਹਾਂ ਫਿਲਮਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਹੋਣਾ ਪੈਣਾ ਹੈ ਅਤੇ ਖੁਸ਼ੀ ਦੀ ਗੱਲ ਹੈ ਕਿ ਕਈ ਫਿਲਮਾਂ ਅਜਿਹਾ ਕਰਨ ਵਿਚ ਸਫਲ ਵੀ ਹੋਈਆਂ ਹਨ। ਦੇਵ ਖਰੌੜ ਆਪਣੀ ਨਵੀਂ ਆ ਰਹੀ ਫਿਲਮ ‘ਬਲੈਕੀਆ-2’ ਦੀ ਪ੍ਰਮੋਸ਼ਨ ਦੇ ਸੰਬੰਧ ਵਿਚ ਸਰੀ ਆਏ ਸਨ।

ਉਨ੍ਹਾਂ ਕਿਹਾ ਕਿ ਮੈਂ ਆਪਣੀ ਡਿਊਟੀ ਸਮਝਦਾਂ ਕਿ ਫਿਲਮ ਵਿਚ ਐਂਟਰਟੇਨਮੈਂਟ ਦੇ ਨਾਲ ਨਾਲ ਕੋਈ ਸਮਾਜਿਕ ਮੁੱਦਾ ਵੀ ਛੋਹਿਆ ਜਾਵੇ। ਮੇਰੀਆਂ ਜਿੰਨੀਆਂ ਵੀ ਫਿਲਮਾਂ ਹੁਣ ਤੱਕ ਆਈਆਂ ਹਨ ਉਨ੍ਹਾਂ ਵਿਚ ਕਿਸੇ ਨਾ ਕਿਸੇ ਸਮਾਜਿਕ ਪਹਿਲੂ ਨੂੰ ਛੋਹਿਆ ਗਿਆ ਹੈ। ਉਸੇ ਲੜੀ ਵਿਚ ‘ਬਲੈਕੀਆ’ ਫਿਲਮ ਸੀ ਤੇ ਹੁਣ ‘ਬਲੈਕੀਆ-2’ ਹੈ। ਇਹਦੇ ਵਿਚ ਵੀ ਇਹੋ ਜਿਹਾ ਮੁੱਦਾ ਚੁੱਕਿਆ ਗਿਆ ਹੈ ਜਿਹੜਾ ਅੱਜ ਤੱਕ ਲੋਕਾਂ ਨੂੰ ਨਹੀਂ ਪਤਾ। ਇਸ ਫਿਲਮ ਦਾ ਨਾਇਕ ਜੋ ਬਲੈਕੀਆ ਹੈ ਪਰ ਉਸ ਰਾਹੀਂ ਇਕ ਅਜਿਹਾ ਸੰਦੇਸ਼ ਦੇਣ ਦਾ ਯਤਨ ਕੀਤਾ ਹੈ ਕਿ ਆਉਣ ਵਾਲੀ ਪੀੜ੍ਹੀ ਦੇ ਨਾਮ ਨਾਲੋਂ ਬਲੈਕੀਆ ਸ਼ਬਦ ਹਟਾ ਦਿੱਤਾ ਜਾਵੇ, ਉਨ੍ਹਾਂ ਲਈ ਸਕੂਲ ਖੋਲ੍ਹੇ ਜਾਣ, ਹਸਪਤਾਲ ਖੋਲ੍ਹੇ ਜਾਣ, ਉਹ ਬੱਚੇ ਪੜ੍ਹ-ਲਿਖ ਕੇ ਤਰੱਕੀ ਕਰਨ ਅਤੇ ਵੱਡੇ ਅਫਸਰ ਬਣਨ। ਇਸ ਵਿਚ 1970 ਤੋਂ ਲੈ ਕੇ 2024 ਤੱਕ ਸਮੇਂ ਦੌਰਾਨ ਸਰਹੱਦਾਂ ਰਾਹੀਂ ਹੋ ਰਹੇ ਕਾਲੇ ਧੰਦੇ ਦੇ ਚਿੱਟੇ ਰੂਪ ਨੂੰ ਫਿਲਮਾਇਆ ਗਿਆ ਹੈ। ਫਿਲਮ ਦੀ ਸ਼ੂਟਿੰਗ ਰਾਜਸਥਾਨ, ਬੰਬਈ ਅਤੇ ਪੰਜਾਬ ਵਿਚ 50 ਦਿਨਾਂ ਵਿਚ ਮੁਕੰਮਲ ਹੋਈ ਹੈ। ਇਹ ਫਿਲਮ 8 ਮਾਰਚ ਨੂੰ ਰਿਲੀਜ਼ ਹੋ ਰਹੀ ਹੈ। ਉਨ੍ਹਾਂ ਸਾਰੇ ਮੀਡੀਆ ਕਰਮੀਆਂ ਨੂੰ ਲੋਕਾਂ ਤੀਕ ਉਨ੍ਹਾਂ ਦਾ ਸੁਨੇਹਾ ਪੁਚਾਉਣ ਦੀ ਅਪੀਲ ਕੀਤੀ।

ਇਸ ਮੌਕੇ ਪੱਤਰਕਾਰਾਂ ਤੋਂ ਇਲਾਵਾ ਹਰਭਜਨ ਗਿੱਲ, ਬਲਜਿੰਦਰ ਅਟਵਾਲ, ਅੰਮ੍ਰਿਤ ਢੋਟ, ਡਾ. ਹਾਕਮ ਸਿੰਘ ਭੁੱਲਰ ਅਤੇ ਹੋਰ ਕਈ ਪਤੰਵਤੇ ਹਾਜ਼ਰ ਸਨ। ਪ੍ਰੈਸ ਕਾਨਫਰੰਸ ਦੇ ਪ੍ਰਬੰਧਕ ਲੱਕੀ ਸੰਧੂ ਅਤੇ ਜੋਤੀ ਸਹੋਤਾ ਵੱਲੋਂ ਪੱਤਰਕਾਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਅਣਪਛਾਤੇ ਵਿਅਕਤੀ ਦੇ ਹਮਲੇ ਵਿਚ ਗੰਭੀਰ ਜ਼ਖਮੀ ਹੋਏ ਭਾਰਤੀ ਦੀ ਮੌਤ

ਕੈਲੀਫੋਰਨੀਆ : ਬੀਤੇ ਦਿਨੀਂ ਅਣਪਛਾਤੇ ਵਿਅਕਤੀ ਦੇ ਹਮਲੇ ਵਿਚ ਗੰਭੀਰ ਜ਼ਖਮੀ ਹੋਏ ਭਾਰਤੀ ਮੂਲ ਦੇ ਤਕਨੀਕੀ ਮਾਹਿਰ 41 ਸਾਲਾ ਵਿਵੇਕ ਤਨੇਜਾ ਦੀ ਮੌਤ ਹੋ ਗਈ ਹੈ। ਤਨੇਜਾ ਡਾਇਨਮੋ ਟੈਕਨਾਲੋਜੀ ਕੰਪਨੀ ਦਾ ਪ੍ਰਧਾਨ ਤੇ ਸਹਿ ਸੰਸਥਾਪਕ ਸੀ। ਉਸ ਉਪਰ 2 ਫਰਵਰੀ ਨੂੰ ਸ਼ੋਟੋ ਰੈਸਟੋਰੈਂਟ ਦੇ ਬਾਹਰਵਾਰ ਹਮਲਾ ਕੀਤਾ ਗਿਆ ਸੀ। ਤਕਰਾਰ ਤੋਂ ਬਾਅਦ ਹਮਲਾਵਰ ਨੇ ਤਨੇਜਾ ਨੂੰ ਜ਼ਮੀਨ ਉਪਰ ਸੁੱਟ ਕੇ ਉਸਦੇ ਸਿਰ ‘ਤੇ ਵਾਰ ਕੀਤਾ ਸੀ।



ਪੁਲਿਸ ਅਨੁਸਾਰ ਤਨੇਜਾ ਇਕ ਔਰਤ ਦੀ ਮਦਦ ਲਈ ਅੱਗੇ ਆਇਆ ਸੀ ਜਿਸਨੂੰ ਸ਼ੱਕੀ ਤੰਗ ਕਰ ਰਿਹਾ ਸੀ। ਜਦੋਂ ਪੁਲਿਸ ਮੌਕੇ ਉਪਰ ਪੁੱਜੀ ਤਾਂ ਤਨੇਜਾ ਲਹੂ ਲੁਹਾਣ ਹੋਇਆ ਪਿਆ ਸੀ। ਪੁਲਿਸ ਨੇ ਸ਼ੱਕੀ ਦੀ ਗ੍ਰਿਫਤਾਰੀ ਲਈ ਆਮ ਲੋਕਾਂ ਕੋਲੋਂ ਮਦਦ ਮੰਗੀ ਹੈ ਤੇ ਸ਼ੱਕੀ ਦੀ ਗ੍ਰਿਫਤਾਰੀ ਲਈ ਸੂਹ ਦੇਣ ਵਾਲੇ ਨੂੰ 25000 ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਹੈ। ਤਨੇਜਾ ਨੇ ਯੂਨੀਵਰਸਿਟੀ ਆਫ ਵਰਜੀਨੀਆ ਤੋਂ ਗਰੈਜੂਏਸ਼ਨ ਕੀਤੀ ਸੀ ਤੇ ਆਪਣੇ ਆਸ-ਪਾਸ ਦੇ ਲੋਕਾਂ ਵਿਚ ਬਹੁਤ ਹਰਮਨ ਪਿਆਰਾ ਸੀ।

*–ਹੁਸਨ ਲੜੋਆ ਬੰਗਾ*




# Matrimonials

## ਲੜਕੀ ਦੀ ਲੋੜ ਹੈ

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA. 05-08

Qualified compatible match for Sikh Khatri postgraduate IT engineer boy, Nov 86 born 5’8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com 05-08

California settled Grewal Jatt Sikh family seeking compatible match for their US born, Kesdhariboy 27,5’9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376 03-06

US Based well educated Khatri Gursikh family is seeking a match for their Son, 31 Years, 5’7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com** 02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com 52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com 52-03

## ਲੜਕੇ ਦੀ ਲੋੜ ਹੈ

ਅਮਰੀਕਾ ਦਾ ਵਿਜ਼ਟਰ ਵੀਜ਼ਾ ਹੋਲਡਰ ਪੰਜਾਬ, ਅੰਮ੍ਰਿਤਸਰ ਰਹਿੰਦੀ ਜੱਟ ਸਿੱਖ ਲੜਕੀ, ਉਮਰ 28 ਸਾਲ, 5’5" (ਵੈੱਬ ਡਿਜਾਈਨਿੰਗ ਡਿਪਲੋਮਾ ਹੋਲਡਰ), ਲਈ ਯੂ.ਐਸ.ਏ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਜ਼ਰੂਰਤ ਹੈ। ਚਾਹਵਾਨ ਲੜਕੀ ਦੇ ਪਿਤਾ ਨਾਲ ਵ੍ਹਟਸਐਪ ਨੰਬਰ: 98783-42510, ਭਰਾ ਨਾਲ 510-424-8565 ਅਤੇ ਫੁੱਫੜ ਨਾਲ 510-610-7391 ‘ਤੇ ਸੰਪਰਕ ਕਰਨ। ਈਮੇਲ: gurtejsingh1991us@gmail.com 06-09

Jat Sikh family seeks a suitable match for their daughter born and raised in US, 29 years. MD doctor in residency in the US. Looking for a US/Canada born or raised Amritdhari boy doctor or higher education. Send biodata and pictures to gurkirpa224@gmail.com. 02-05

Jatt Sikh parents invite matrimonial alliance for their US born daughter 38, 5’9" beautiful, family oriented, never married. Master’s in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891 41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5’-5". The boy should be settled in the Bay Area (California) with a University degree and professionally employed. Please contact 408-763-3949 39-42

# ਕਿਸਾਨ ਅੰਦੋਲਨ ਦਾ ਲਾਹਾ ਲੈਣ ਵਿਚ ਜੁਟੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਤੇ ਹੋਰਨਾਂ ਕਿਸਾਨੀ ਮੰਗਾਂ ਦੇ ਹੱਲ ਲਈ ਸ਼ੁਰੂ ਹੋਏ ਕਿਸਾਨ ਅੰਦੋਲਨ ਨਾਲ ਪੰਜਾਬ ਦੀ ਸਿਆਸਤ ਭਖ ਗਈ ਹੈ। ਸਮੂਹ ਸਿਆਸੀ ਧਿਰਾਂ ਕਿਸਾਨੀ ਅੰਦੋਲਨ ਦਾ ਲਾਹਾ ਲੈਣ ਲਈ ਕਿਸਾਨਾਂ ਦੀ ਹਮਾਇਤ ਕਰਨ ਲੱਗੀਆਂ ਹੋਈਆਂ ਹਨ। ਪੰਜਾਬ ਵਿਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ, ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਨੇ ਕਿਸਾਨਾਂ ਦੀ ਹਮਾਇਤ ਕਰ ਦਿੱਤੀ ਹੈ ਜਦਕਿ ਭਾਜਪਾ ਨੇ ਕਿਸਾਨਾਂ ਦੀ ਹਮਾਇਤ ਤਾਂ ਨਹੀਂ ਕੀਤੀ ਪਰ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਆਪਣਾ ਪੱਖ ਜ਼ਰੂਰ ਰੱਖਦੇ ਨਜ਼ਰ ਆਏ ਹਨ। ਇੰਨਾ ਹੀ ਨਹੀਂ ਸੁਨੀਲ ਜਾਖੜ ਵੱਲੋਂ ਦਿੱਲੀ ਵਿਚ ਚੱਲ ਰਹੀ ਕਨਵੈਨਸ਼ਨ ਦੌਰਾਨ ਭਾਜਪਾ ਦੇ ਕਈ ਕੇਂਦਰੀ ਮੰਤਰੀਆਂ ਕੋਲ ਵੀ ਇਹ ਮੁੱਦਾ ਚੁੱਕਿਆ ਗਿਆ ਹੈ।



ਜ਼ਿਕਰਯੋਗ ਹੈ ਕਿ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਲਈ ਕਾਨੂੰਨ ਬਣਾਉਣ ਤੇ ਹੋਰਨਾਂ ਕਿਸਾਨੀ ਮੰਗਾਂ ਦਾ ਹੱਲ ਲੱਭਣ ਲਈ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦਿੱਲੀ ਚੱਲੋ ਦਾ ਸੱਦਾ ਦਿੱਤਾ ਗਿਆ ਸੀ। ਪੰਜਾਬ ਦੇ ਜ਼ਿਆਦਾਤਰ ਲੋਕ ਖੇਤੀ ਕਰਦੇ ਹਨ। ਅਜਿਹੇ ਹਾਲਾਤ ਵਿਚ ਆਮ ਆਦਮੀ ਪਾਰਟੀ, ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਕਿਸਾਨ ਅੰਦੋਲਨ ਨੂੰ ਸਮਰਥਨ ਦੇ ਕੇ ਸਿਆਸੀ ਲਾਹਾ ਲੈਣਾ ਚਾਹੁੰਦੀਆਂ ਹਨ। ਇਸੇ ਕਰਕੇ ਪੰਜਾਬ ਵਿਚ 'ਆਪ' ਸਰਕਾਰ ਵੱਲੋਂ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਕਿਸੇ ਵੀ ਥਾਂ ਰੋਕਿਆ ਨਹੀਂ ਗਿਆ ਅਤੇ ਕੇਂਦਰ ਨਾਲ ਵਾਰ-ਵਾਰ ਗੱਲਬਾਤ ਸਮੇਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਵੀ ਮੀਟਿੰਗਾਂ ਵਿਚ ਸ਼ਾਮਲ ਹੋ ਰਹੇ ਹਨ ਜਦਕਿ ਕਾਂਗਰਸ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਾਹਰੀ ਤੌਰ ਉਤੇ ਕਿਸਾਨਾਂ ਦੀ ਹਮਾਇਤ ਕੀਤੀ ਜਾ ਰਹੀ ਹੈ। ਉਧਰ, ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਕਈ ਵਾਰ ਕਹਿ ਚੁੱਕੇ ਹਨ ਕਿ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਦਾ ਤੁਰਤ ਹੱਲ ਕਰਨਾ ਚਾਹੀਦਾ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਵੀ ਕਿਹਾ ਹੈ ਕਿ ਕਿਸਾਨਾਂ ਦੀਆਂ ਮੰਗਾਂ ਦਾ ਜਲਦ ਹੀ ਹੱਲ ਕੱਢ ਲਿਆ ਜਾਵੇਗਾ। ਦੂਜੇ ਪਾਸੇ, ਕਾਂਗਰਸ ਪਾਰਟੀ ਵੱਲੋਂ ਕੇਂਦਰ ਸਰਕਾਰ ਉਤੇ ਕਿਸਾਨੀ ਮੰਗਾਂ ਦਾ ਜਲਦ ਹੱਲ ਕੱਢਣ ਲਈ ਜ਼ੋਰ ਪਾਇਆ ਜਾ ਰਿਹਾ ਹੈ।

## ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਵਰਸਾਉਣੇ ਮੰਦਭਾਗਾ: ਖਹਿਰਾ



**ਬਨੂੜ:** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸ਼ੰਭੂ ਵਿਖੇ ਘੱਗਰ ਦਰਿਆ ਦੇ ਪੁਲ ਉਤੇ ਹਰਿਆਣਾ ਪੁਲਿਸ ਵੱਲੋਂ ਕਿਸਾਨਾਂ ਉਤੇ ਵਰਸਾਏ ਜਾ ਰਹੇ ਅੱਥਰੂ ਗੈਸ ਦੇ ਗੋਲਿਆਂ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅਸਲ ਦੇਸ਼ ਭਗਤ ਹਨ, ਅੰਨਦਾਤਾ ਹੈ। ਕਿਸਾਨ ਜਿੱਥੇ ਦੇਸ਼ ਦਾ ਢਿੱਡ ਭਰਦੇ ਹਨ, ਉਥੇ ਕਿਸਾਨਾਂ ਦੇ ਪੁੱਤਰ ਸਰਹੱਦਾਂ ਉਤੇ ਦੇਸ਼ ਦੀ ਰਾਖੀ ਕਰਦੇ ਹਨ। ਉਨ੍ਹਾਂ ਕਿਹਾ ਕਿ ਕਿਸੇ ਭਾਜਪਾ ਆਗੂ ਦਾ ਪੁੱਤ ਫੌਜ ਵਿਚ ਨਹੀਂ ਹੈ।

## ਸਾਰੇ ਵਾਅਦੇ ਪੂਰੇ ਕੀਤੇ ਜਾਣ: ਬਾਦਲ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਿਸਾਨੀ ਹੱਕਾਂ ਵਾਸਤੇ ਅਕਾਲੀ ਦਲ ਹਮੇਸ਼ਾ ਡਟਿਆ ਹੈ ਅਤੇ ਡਟਿਆ ਰਹੇਗਾ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਕਿਸਾਨਾਂ ਨਾਲ ਪਹਿਲਾਂ ਕੀਤੇ ਵਾਅਦੇ ਪੂਰੀ ਤਰ੍ਹਾਂ ਲਾਗੂ ਕੀਤੇ ਜਾਣ। ਉਨ੍ਹਾਂ ਕਿਹਾ ਕਿ ਕੇਜਰੀਵਾਲ ਅਤੇ ਭਗਵੰਤ ਮਾਨ ਆਪਣੇ ਕੀਤੇ ਵਾਅਦੇ ਅਨੁਸਾਰ ਕਣਕ ਤੇ ਝੋਨੇ ਸਮੇਤ 17 ਫਸਲਾਂ ਉਤੇ ਐਮ.ਐਸ.ਪੀ. ਦੇਣ ਦਾ ਆਪਣਾ ਵਾਅਦਾ ਪੂਰਾ ਕਰਨ। ਉਨ੍ਹਾਂ ਕਿਹਾ ਕਿ ਸਰਕਾਰਾਂ ਕਿਸਾਨਾਂ ਖ਼ਿਲਾਫ਼ ਦਮਨਕਾਰੀ ਨੀਤੀਆਂ ਨਾ ਅਪਣਾਉਣ ਅਤੇ ਗੱਲਬਾਤ ਰਾਹੀਂ ਰਾਹ ਕੱਢਣ।

## ਕੇਂਦਰ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕਰੇ: ਹਰਸਿਮਰਤ



**ਅੰਮ੍ਰਿਤਸਰ:** ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਦੇ ਨਾਂ ਉਤੇ ਧੱਕਾ ਕਰਨ ਦੀ ਥਾਂ ਦੋ ਸਾਲ ਪਹਿਲਾਂ ਉਨ੍ਹਾਂ ਨਾਲ ਕੀਤੇ ਗਏ ਵਾਅਦੇ ਤੇ ਹੋਰ ਮੰਗਾਂ ਪੂਰੀਆਂ ਕੀਤੀਆਂ ਜਾਣ। ਸ੍ਰੀਮਤੀ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਦੋ ਸਾਲ ਪਹਿਲਾਂ ਐਮ.ਐਸ.ਪੀ. ਨੂੰ ਕਾਨੂੰਨੀ ਗਾਰੰਟੀ ਦਾ ਰੂਪ ਦੇਣ ਸਬੰਧੀ ਤਰੀਕੇ ਸੁਝਾਉਣ ਲਈ ਕਮੇਟੀ ਬਣਾਉਣ ਦਾ ਐਲਾਨ ਕੀਤਾ ਸੀ ਪਰ ਇਹ ਕਮੇਟੀ ਹੁਣ ਤੱਕ ਨਹੀਂ ਬਣੀ। ਇਸੇ ਕਾਰਨ ਹੁਣ ਕਿਸਾਨ ਕੇਂਦਰ ਖ਼ਿਲਾਫ਼ ਮੁੜ ਸੰਘਰਸ਼ ਵਿੱਢਣ ਲਈ ਮਜਬੂਰ ਹੋਏ ਹਨ।

# ਦਿੱਲੀ ਸਫਰ ਮਹਿੰਗਾ ਹੋਇਆ

**ਚੰਡੀਗੜ੍ਹ:** ਕਿਸਾਨ ਜਥੇਬੰਦੀਆਂ ਦੇ ਦਿੱਲੀ ਕੂਚ ਦੇ ਸੱਦੇ ਕਰਕੇ ਹਰਿਆਣਾ ਪੁਲਿਸ ਨੇ ਪੰਜਾਬ-ਹਰਿਆਣਾ ਦੀਆਂ ਸਾਰੀਆਂ ਹੱਦਾਂ ਸੀਲ ਕਰ ਦਿੱਤੀਆਂ ਹਨ ਜਿਸ ਕਰਕੇ ਪੰਜਾਬ ਤੇ ਹਰਿਆਣਾ ਵਿਚ ਆਵਾਜਾਈ ਬਿਲਕੁਲ ਠੱਪ ਹੋ ਗਈ ਹੈ। ਅਜਿਹੇ ਹਾਲਾਤ ਵਿਚ ਦਿੱਲੀ ਜਾਣ ਵਾਲੇ ਲੋਕਾਂ ਵੱਲੋਂ ਰੇਲ ਤੇ ਹਵਾਈ ਆਵਾਜਾਈ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਲੋਕਾਂ ਦੀ ਭੀੜ ਵਧਣ ਕਰਕੇ ਸੜਕ ਮਾਰਗਾਂ ਰਾਹੀਂ ਜਾਣ ਵਾਲੇ ਕਿਰਾਏ ਦੇ ਵਾਹਨਾਂ ਦੇ ਭਾੜੇ ਪਹਿਲਾਂ ਨਾਲੋਂ ਦੁੱਗਣੇ ਹੋ ਗਏ ਹਨ ਤੇ ਰੇਲ ਗੱਡੀਆਂ ਦੇ ਯਾਤਰੀਆਂ ਦੀਆਂ ਵੀ ਲੰਬੀਆਂ ਕਤਾਰਾਂ ਲੱਗ ਗਈਆਂ ਹਨ।

ਪੰਜਾਬ ਤੇ ਹਰਿਆਣਾ ਦੀਆਂ ਹੱਦਾਂ ਸੀਲ ਹੋਣ ਕਰਕੇ ਪੁਲਿਸ ਵੱਲੋਂ ਕੁਝ ਬਦਲਵੇਂ ਰੂਟਾਂ ਦਾ ਪ੍ਰਬੰਧ ਕੀਤਾ ਗਿਆ ਹੈ, ਜਿੱਥੇ ਲੋਕਾਂ ਨੂੰ ਕਈ-ਕਈ ਘੰਟੇ ਖੱਜਲ-ਖੁਆਰ ਹੋਣਾ ਪੈ ਰਿਹਾ ਹੈ। ਟੈਕਸੀ ਚਾਲਕਾਂ ਨੇ ਮੌਕਾ ਵੇਖਦਿਆਂ ਭਾਅ ਵਧਾ ਦਿੱਤੇ ਹਨ।

# ਹਰਿਆਣਾ ਦੇ ਗ੍ਰਹਿ ਮੰਤਰੀ ਖਿਲਾਫ ਕੇਸ ਦਰਜ ਕਰਨ ਦੀ ਮੰਗ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਵਫ਼ਦ ਨੇ ਕਾਨੂੰਨ ਵਿਵਸਥਾ ਦੇ ਅਧਿਕਾਰ ਖੇਤਰ ਦੇ ਨਾਜ਼ੁਕ ਮੁੱਦੇ ਸਬੰਧੀ ਮੁੱਖ ਸਕੱਤਰ ਅਨੁਰਾਗ ਵਰਮਾ ਨਾਲ ਮੁਲਾਕਾਤ ਕੀਤੀ। ਵਫ਼ਦ ਨੇ ਮੰਗ ਕੀਤੀ ਹੈ ਕਿ ਹਰਿਆਣਾ ਪੁਲਿਸ ਵੱਲੋਂ ਕਿਸਾਨ ਅੰਦੋਲਨ ਦੇ ਮੱਦੇਨਜ਼ਰ ਕੀਤੀ ਗਈ ਉਲੰਘਣਾ ਦੇ ਮਾਮਲੇ ਵਿਚ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਅਤੇ ਹਰਿਆਣਾ ਦੇ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ। ਵੜਿੰਗ ਨੇ ਹਰਿਆਣਾ ਪੁਲਿਸ ਵੱਲੋਂ ਪੰਜਾਬ ਦੀ ਸਰਹੱਦ 'ਤੇ ਅੱਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਦਾਗ਼ਣ ਨੂੰ ਨਾ ਸਿਰਫ਼ ਗੈਰ-ਕਾਨੂੰਨੀ ਸਗੋਂ ਗੈਰ-ਸੰਵਿਧਾਨਕ ਵੀ ਕਰਾਰ ਦਿੱਤਾ ਹੈ।

# ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰੇ ਕੇਂਦਰ: ਪੀਰ ਮੁਹੰਮਦ

**ਚਮਕੌਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਕੇਂਦਰ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਵਿਚਕਾਰ ਬਣੀ ਟਕਰਾਅ ਦੀ ਸਥਿਤੀ ਉਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਨੌਜਵਾਨਾਂ 'ਤੇ ਹਰਿਆਣਾ ਪੁਲਿਸ ਵੱਲੋਂ ਕੇਂਦਰ ਸਰਕਾਰ ਦੇ ਇਸ਼ਾਰੇ ਉਤੇ ਕੀਤੇ ਜਾ ਰਹੇ ਤਸ਼ੱਦਦ ਕਾਰਨ ਅਨੇਕਾਂ ਕਿਸਾਨ ਜ਼ਖ਼ਮੀ ਹੋ ਚੁੱਕੇ ਹਨ, ਜਿਸ ਦੀ ਸ਼੍ਰੋਮਣੀ ਅਕਾਲੀ ਦਲ ਸਖ਼ਤ ਨਿਖੇਧੀ ਕਰਦਾ ਹੈ।

ਸ੍ਰੀ ਪੀਰ ਮੁਹੰਮਦ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਆਪਣੇ ਹੀ ਦੇਸ਼ ਦੇ ਕਿਸਾਨਾਂ ਨਾਲ ਦੁਸ਼ਮਣਾਂ ਵਾਲਾ ਸਲੂਕ ਕਰਨ ਦੀ ਥਾਂ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਦੇਵੇ। ਉਨ੍ਹਾਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਲਾਗੂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਹੀ ਕਿਸਾਨਾਂ ਦੇ ਹੱਕਾਂ ਲਈ ਸੰਘਰਸ਼ ਕੀਤਾ ਹੈ ਅਤੇ ਕਿਸਾਨਾਂ ਦੀਆਂ ਮੰਗਾਂ ਦੀ ਪੁਰਜ਼ੋਰ ਹਮਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਹਰ ਕਿਸੇ ਨੂੰ ਆਪਣੀਆਂ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ।

## ਜ਼ਖ਼ਮੀ ਕਿਸਾਨਾਂ ਦਾ ਇਲਾਜ ਕਰਵਾਏਗੀ ਪੰਜਾਬ ਸਰਕਾਰ

**ਪਟਿਆਲਾ:** ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨਾਲ ਖੜ੍ਹੀ ਹੈ ਤੇ ਅੰਦੋਲਨ ਦੌਰਾਨ ਜ਼ਖ਼ਮੀ ਹੋਏ ਵਿਅਕਤੀਆਂ ਦੇ ਇਲਾਜ ਦਾ ਸਾਰਾ ਖਰਚਾ ਕਰੇਗੀ। ਹਰਿਆਣਾ ਸਰਕਾਰ ਦੀ ਕਾਰਵਾਈ ਨਾਲ ਵੱਡੀ ਗਿਣਤੀ ਕਿਸਾਨ, ਮੀਡੀਆ ਕਰਮੀ ਤੇ ਪੁਲਿਸ ਮੁਲਾਜ਼ਮ ਜ਼ਖ਼ਮੀ ਹੋਏ ਸਨ ਜਿਨ੍ਹਾਂ ਨੂੰ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ।

## ਨਵਜੋਤ ਸਿੱਧੂ ਨੇ ਹਾਅ ਦਾ ਨਾਅਰਾ ਮਾਰਿਆ

**ਪਟਿਆਲਾ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਸ਼ੰਭੂ ਤੇ ਖਨੌਰੀ ਬਾਰਡਰ ਉਤੇ ਭਾਜਪਾ ਸਰਕਾਰ ਵੱਲੋਂ ਕਿਸਾਨਾਂ ਉਤੇ ਕੀਤੇ ਜਾ ਰਹੇ ਤਸ਼ੱਦਦ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਪੰਜਾਬ ਸਰਕਾਰ ਨੂੰ ਕਿਸਾਨਾਂ ਦੀ ਰੱਖਿਆ ਕਰਨੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੀ ਪੱਗ ਨੂੰ ਬਚਾਇਆ ਜਾ ਸਕੇ। ਨਵਜੋਤ ਸਿੱਧੂ ਨੇ ਸੋਸ਼ਲ ਮੀਡੀਆ ਉਤੇ ਭਗਵੰਤ ਮਾਨ ਨੂੰ ਲਿਖਿਆ ਕਿ ਆਪਣੇ ਇਲਾਕੇ ਦੀ ਰਾਖੀ ਕਰੋ, ਤੁਹਾਡੇ ਇਲਾਕੇ ਵਿਚ ਦੂਜੇ ਸੂਬੇ ਦੀ ਪੁਲਿਸ ਨਿਹੱਥੇ ਤੇ ਸ਼ਾਂਤਮਈ ਸੰਘਰਸ਼ ਕਰ ਰਹੇ ਕਿਸਾਨਾਂ ਉਤੇ ਤਸ਼ੱਦਦ ਕਰ ਰਹੀ ਹੈ।

# ਕੇਂਦਰ ਸਰਕਾਰ ਵੱਲੋਂ ਪੰਜ ਫਸਲਾਂ 'ਤੇ ਐਮ.ਐਸ.ਪੀ. ਦੇਣ ਦੀ ਪੇਸ਼ਕਸ਼

**ਚੰਡੀਗੜ੍ਹ:** ਕੇਂਦਰ ਸਰਕਾਰ ਦੀ ਤਿੰਨ ਮੈਂਬਰੀ ਟੀਮ ਅਤੇ ਕਿਸਾਨ ਜਥੇਬੰਦੀਆਂ ਵਿਚਾਲੇ ਚੌਥੇ ਗੇੜ ਦੀ ਹੋਈ ਬੈਠਕ ਵਿਚ ਕੇਂਦਰੀ ਵਜ਼ੀਰਾਂ ਨੇ ਕਿਸਾਨ ਆਗੂਆਂ ਨੂੰ ਪਹਿਲੀ ਵਾਰ ਪੇਸ਼ਕਸ਼ ਕੀਤੀ ਕਿ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਗੇੜ ਵਿਚੋਂ ਕੱਢਣ ਵਾਸਤੇ ਦਾਲਾਂ ਸਣੇ ਪੰਜ ਫਸਲਾਂ ਉਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਗਾਰੰਟੀ ਦੇਵੇਗੀ। ਇਸ ਨਾਲ ਜਿੱਥੇ ਜ਼ਮੀਨੀ ਪਾਣੀ ਦੀ ਬੱਚਤ ਹੋਵੇਗੀ, ਉਥੇ ਹੀ ਪਰਾਲੀ ਤੋਂ ਪੈਦਾ ਹੋਣ ਵਾਲੇ ਹਵਾ ਪ੍ਰਦੂਸ਼ਣ ਨੂੰ ਵੀ ਠੱਲ੍ਹ ਪਵੇਗੀ। ਕਿਸਾਨਾਂ ਨੇ ਇਸ ਪੇਸ਼ਕਸ਼ ਉਤੇ ਲੰਬਾ ਸਮਾਂ ਚਰਚਾ ਕੀਤੀ ਅਤੇ ਇਸ ਨੂੰ ਰੱਦ ਕਰ ਦਿੱਤਾ ਹੈ।



ਕੇਂਦਰੀ ਮੰਤਰੀਆਂ ਪਿਊਸ਼ ਗੋਇਲ, ਮੰਤਰੀ ਅਰਜੁਨ ਮੁੰਡਾ ਅਤੇ ਨਿੱਤਿਆ ਨੰਦ ਰਾਏ ਚੌਥੀ ਮੀਟਿੰਗ ਲਈ ਚੰਡੀਗੜ੍ਹ ਪੁੱਜੇ ਅਤੇ ਮੀਟਿੰਗ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸ਼ਮੂਲੀਅਤ ਕੀਤੀ। ਸੂਤਰਾਂ ਅਨੁਸਾਰ ਕੇਂਦਰੀ ਵਜ਼ੀਰਾਂ ਨੇ ਨਵੇਂ ਫਾਰਮੂਲੇ ਬਾਰੇ ਦੱਸਿਆ ਕਿ ਜੇਕਰ ਕਿਸਾਨ ਫਸਲੀ ਵਿਭਿੰਨਤਾ ਤਹਿਤ ਮੱਕੀ ਤੋਂ ਇਲਾਵਾ ਦਾਲਾਂ (ਕੁੱਲ ਪੰਜ ਫਸਲਾਂ) ਦੀ ਕਾਸ਼ਤ ਕਰਨਗੇ ਤਾਂ ਉਨ੍ਹਾਂ ਦਾ ਸਿੱਧਾ ਕੇਂਦਰੀ ਏਜੰਸੀ ਨੈਸ਼ਨਲ ਐਗਰੀਕਲਚਰਲ ਕੋਆਪਰੇਟਿਵ ਮਾਰਕੀਟਿੰਗ ਫੈਡਰੇਸ਼ਨ ਆਫ ਇੰਡੀਆ (ਨੈਫੇਡ) ਅਤੇ ਨੈਸ਼ਨਲ ਕੋਆਪਰੇਟਿਵ ਕੰਜ਼ਿਊਮਰਜ਼ ਫੈਡਰੇਸ਼ਨ ਆਫ ਇੰਡੀਆ (ਐਨ.ਸੀ.ਸੀ.ਐਫ.) ਨਾਲ ਪੰਜ ਵਰ੍ਹਿਆਂ ਲਈ ਐਮ.ਐਸ.ਪੀ. ਉਤੇ ਫਸਲ ਖਰੀਦਣ ਦਾ ਲਿਖਤੀ ਇਕਰਾਰਨਾਮਾ ਕਰਾਇਆ ਜਾਵੇਗਾ।

ਕੇਂਦਰ ਸਰਕਾਰ ਨੇ ਆਗਾਮੀ ਚੋਣਾਂ ਅਤੇ ਕਿਸਾਨੀ ਘੋਲ ਦੇ ਪਸਾਰ ਦੇ ਡਰੋਂ ਆਪਣੇ ਕਦਮ ਅੱਗੇ ਵਧਾਏ ਹਨ। ਚੇਤੇ ਰਹੇ ਕਿ ਲੰਘੇ ਸੀਜ਼ਨਾਂ ਵਿਚ ਪੰਜਾਬ ਵਿਚ ਨਰਮੇ ਕਪਾਹ ਦੀ ਫਸਲ ਤੋਂ ਇਲਾਵਾ ਮੱਕੀ ਦੀ ਫਸਲ ਵੀ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਵਿਕੀ ਹੈ।

ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਡਾ. ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਦੇ ਮੁੱਦੇ ਉਤੇ ਪਾਰਲੀਮੈਂਟ ਵਿਚ ਸਾਲ 2010 ਵਿਚ ਲੱਗੇ ਇਕ ਸਵਾਲ ਦੇ ਹਵਾਲੇ ਨਾਲ ਕਿਹਾ ਕਿ ਯੂ.ਪੀ.ਏ. ਸਰਕਾਰ ਨੇ ਇਸ ਰਿਪੋਰਟ ਨੂੰ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਵਿਸ਼ਵ ਵਪਾਰ ਸੰਸਥਾ ਬਾਰੇ ਉਠਾਏ ਨੁਕਤੇ ਉਤੇ ਕੇਂਦਰੀ ਵਜ਼ੀਰਾਂ ਨੇ ਕਿਹਾ ਕਿ ਭਾਰਤ ਸਰਕਾਰ ਸਾਲ 2015 ਵਿਚ ਹੀ ਡਬਲਿਊ.ਟੀ.ਓ. ਵਿਚ 'ਪੀਸ ਕਲਾਜ਼' ਨੂੰ ਦਰਜ ਕਰਵਾ ਚੁੱਕੀ ਹੈ ਜਿਸ ਤਹਿਤ ਕੋਈ ਵੀ ਮੁਲਕ ਬਰਾਮਦ ਦੌਰਾਨ ਐਮ.ਐਸ.ਪੀ. ਦੇ ਮੁੱਦੇ ਨੂੰ ਛੇੜ ਨਹੀਂ ਸਕੇਗਾ। ਕੇਂਦਰੀ ਵਜ਼ੀਰਾਂ ਨੇ ਪਹਿਲਾਂ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂਆਂ ਦੇ ਵਿਚਾਰ ਜਾਣੇ ਪ੍ਰੰਤੂ ਕਿਸਾਨ ਆਗੂਆਂ ਨੇ ਸਪੱਸ਼ਟ ਤੌਰ ਉਤੇ ਆਪਣਾ ਸਟੈਂਡ ਦੁਹਰਾਇਆ। ਬੈਠਕ ਵਿਚ ਕਿਸਾਨ ਆਗੂਆਂ ਨੇ ਪ੍ਰਭਾਵ ਦਿੱਤਾ ਕਿ ਉਹ ਕੁੱਝ ਹਾਸਲ ਕੀਤੇ ਬਿਨਾਂ ਸੰਘਰਸ਼ ਤੋਂ ਪਿੱਛੇ ਨਹੀਂ ਹਟਣਗੇ।

## ਪੰਜਾਬ ਦੀ ਆਰਥਿਕ ਨਾਕਾਬੰਦੀ ਨਾ ਕੀਤੀ ਜਾਵੇ: ਚੀਮਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਨੇ ਮੀਟਿੰਗ ਕਰਕੇ ਪੰਜਾਬ ਦੀ ਸਮਾਜਿਕ, ਆਰਥਿਕ ਅਤੇ ਸਿਆਸੀ ਨਾਕਾਬੰਦੀ ਨੂੰ ਤੁਰਤ ਖ਼ਤਮ ਕਰਨ ਦੀ ਮੰਗ ਕੀਤੀ ਹੈ। ਕਮੇਟੀ ਨੇ ਕਿਹਾ ਕਿ ਕੇਂਦਰ ਅਤੇ ਹਰਿਆਣਾ ਵੱਲੋਂ ਪੰਜਾਬ ਦੀ ਆਰਥਿਕ ਨਾਕੇਬੰਦੀ ਕੀਤੀ ਗਈ ਹੈ ਜੋ ਫੌਰੀ ਖ਼ਤਮ ਹੋਣੀ ਚਾਹੀਦੀ ਹੈ। ਅਕਾਲੀ ਦਲ ਨੇ ਆਪਣੀ ਪੰਜਾਬ ਬਚਾਓ ਯਾਤਰਾ ਨੂੰ ਅਸਥਾਈ ਤੌਰ ਉਤੇ ਮੁਅੱਤਲ ਕਰਨ ਦਾ ਵੀ ਐਲਾਨ ਕੀਤਾ ਹੈ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ, ਹਰਿਆਣਾ ਅਤੇ ਪੰਜਾਬ ਸਰਕਾਰਾਂ ਵੱਲੋਂ ਸਾਂਝੇ ਤੌਰ 'ਤੇ ਲਾਈ ਗਈ ਨਾਕਾਬੰਦੀ ਪਹਿਲਾਂ ਹੀ ਸੰਕਟ ਵਿਚ ਘਿਰੇ ਸੂਬੇ ਦੇ ਸਮਾਜਿਕ ਅਤੇ ਆਰਥਿਕ ਤਾਣੇ-ਬਾਣੇ ਨੂੰ ਢਾਹ ਲਾ ਰਹੀ ਹੈ।

# ਪੰਜਾਬ ਹਰਿਆਣਾ ਦੀਆਂ ਹੱਦਾਂ ਸੀਲ ਹੋਣ ਨਾਲ ਸਨਅਤਾਂ ਨੂੰ ਪਈ ਮਾਰ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦਿੱਤੇ ਦਿੱਲੀ ਕੂਚ ਦੇ ਸੱਦੇ ਕਾਰਨ ਹਰਿਆਣਾ ਪੁਲਿਸ ਵੱਲੋਂ ਪੰਜਾਬ ਤੇ ਹਰਿਆਣਾ ਦੀਆਂ ਹੱਦਾਂ ਸੀਲ ਕਰ ਦਿੱਤੀਆਂ ਗਈਆਂ ਹਨ। ਦੋਵਾਂ ਸੂਬਿਆਂ ਦੀਆਂ ਮੁੱਖ ਸੜਕਾਂ ਬੰਦ ਹੋਣ ਕਰਕੇ ਸੜਕੀ ਆਵਾਜਾਈ ਠੱਪ ਹੋ ਗਈ ਹੈ।

ਇਸੇ ਦੌਰਾਨ ਟਰੱਕਾਂ ਦੀ ਆਵਾਜਾਈ ਵੀ ਪੂਰੀ ਤਰ੍ਹਾਂ ਠੱਪ ਹੋ ਗਈ ਹੈ ਜਿਸ ਦਾ ਸੇਕ ਪੰਜਾਬ ਦੀ ਸਨਅਤ ਨੂੰ ਲੱਗ ਸਕਦਾ ਹੈ। ਸੜਕੀ ਆਵਾਜਾਈ ਠੱਪ ਹੋਣ ਕਰਕੇ ਸਾਮਾਨ ਦੀ ਬਰਾਮਦ ਤੇ ਦਰਾਮਦ ਰੁਕ ਗਈ ਹੈ। ਇੰਡਸਟਰੀ ਐਸੋਸੀਏਸ਼ਨਾਂ ਅਨੁਸਾਰ ਟਰਾਂਸਪੋਰਟਰਾਂ ਨੇ ਵੀ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਸਾਮਾਨ ਦੀ ਬੁਕਿੰਗ ਕਰਨੀ ਬੰਦ ਕਰ ਦਿੱਤੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸੜਕਾਂ ਬੰਦ ਹੋਣ ਕਰਕੇ ਕੱਚੇ ਮਾਲ ਦੀ ਆਮਦ ਵੀ ਠੱਪ ਹੋ ਗਈ ਹੈ। ਇਸੇ ਤਰ੍ਹਾਂ ਸਾਈਕਲ, ਆਟੋ ਪਾਰਟਸ, ਹੈਂਡ ਟੂਲਜ਼, ਕੱਪੜੇ ਸਣੇ ਹੋਰਨਾਂ ਸਨਅਤਾਂ ਵਿਚ ਤਿਆਰ ਪਿਆ ਮਾਲ ਵੀ ਪੰਜਾਬ ਤੋਂ ਬਾਹਰ ਸਪਲਾਈ ਨਹੀਂ ਕੀਤਾ ਜਾ ਰਿਹਾ ਹੈ।



ਸਨਅਤਕਾਰਾਂ ਨੇ ਕਿਸਾਨਾਂ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਕਿਸਾਨ ਆਗੂ ਆਪਣੇ ਅੰਦੋਲਨ ਦੇ ਨਾਲ ਕਾਰੋਬਾਰੀਆਂ ਤੇ ਸਨਅਤਕਾਰਾਂ ਦਾ ਵੀ ਖਿਆਲ ਰੱਖਣ। ਉਨ੍ਹਾਂ ਕਿਹਾ ਕਿ ਸਨਅਤਕਾਰਾਂ ਨੇ ਹਮੇਸ਼ਾ ਕਿਸਾਨਾਂ ਦਾ ਸਾਥ ਦਿੱਤਾ ਹੈ ਅਤੇ ਕਿਸਾਨਾਂ ਨੂੰ ਸਨਅਤਕਾਰਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਦਰਅਸਲ ਸਰਕਾਰ ਵੱਲੋਂ ਬੰਦ ਕੀਤੇ ਗਏ ਸ਼ੰਭੂ ਬਾਰਡਰ ਦਾ ਸਿੱਧਾ ਅਸਰ ਪੰਜਾਬ ਦੀ ਇੰਡਸਟਰੀ ਉਤੇ ਪੈਣਾ ਸ਼ੁਰੂ ਹੋ ਗਿਆ ਹੈ। ਹਰਿਆਣਾ ਨਾਲ ਲੱਗਦੀਆਂ ਪੰਜਾਬ ਦੀਆਂ ਹੱਦਾਂ ਉਤੇ ਕਿਸਾਨ ਬੈਠੇ ਹਨ, ਜਿਸ ਕਾਰਨ ਟਰਾਂਸਪੋਰਟੇਸ਼ਨ 'ਚ ਦਿੱਕਤ ਆ ਰਹੀ ਹੈ। ਮੌਜੂਦਾ ਸਮੇਂ ਕਿਸਾਨ ਅੰਦੋਲਨ ਦਾ ਸਿੱਧਾ ਅਸਰ ਪੰਜਾਬ ਦੇ ਵਪਾਰ ਉਤੇ ਪੈ ਰਿਹਾ ਹੈ। ਹਰਿਆਣਾ ਤੇ ਦਿੱਲੀ ਹਾਲੇ ਇਸ ਤੋਂ ਬਚੇ ਹੋਏ ਹਨ। ਇੰਡਸਟਰੀ ਲਈ ਕੱਚਾ ਮਾਲ ਨਾ ਪੁੱਜਣ ਕਾਰਨ ਸਨਅਤਕਾਰ ਪਰੇਸ਼ਾਨ ਹਨ। ਸਨਅਤਕਾਰਾਂ ਕੋਲ ਕਰੀਬ ਹਫ਼ਤੇ ਤੋਂ ਲੈ ਕੇ 10 ਦਿਨਾਂ ਦਾ ਕੱਚਾ ਮਾਲ ਪਿਆ ਹੈ। ਜੇਕਰ ਕਿਸਾਨ ਅੰਦੋਲਨ ਲੰਮਾ ਚੱਲਿਆ ਗਿਆ ਤਾਂ ਆਉਣ ਵਾਲੇ ਸਮੇਂ 'ਚ ਇੰਡਸਟਰੀ ਬੰਦ ਹੋਣ ਦੀ ਕਗਾਰ ਉਤੇ ਪੁੱਜ ਜਾਵੇਗੀ।

## ਕਿਸਾਨਾਂ ਦੇ ਦਿੱਲੀ ਜਾਣ ਦੇ ਤਰੀਕੇ 'ਤੇ ਇਤਰਾਜ਼: ਖੱਟਰ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਸਾਨ ਅੰਦੋਲਨ ਬਾਰੇ ਕਿਹਾ ਕਿ ਹਰ ਕਿਸੇ ਦਾ ਜਮਹੂਰੀ ਹੱਕ ਹੈ। ਕਿਸਾਨ ਦਿੱਲੀ ਜਾ ਸਕਦੇ ਹਨ ਪਰ ਇਸ ਦੇ ਪਿੱਛੇ ਦੀ ਨੀਅਤ ਨੂੰ ਵੀ ਧਿਆਨ 'ਚ ਰੱਖਣਾ ਚਾਹੀਦਾ ਹੈ। ਸਰਕਾਰ ਨੂੰ ਕਿਸਾਨਾਂ ਦੇ ਦਿੱਲੀ ਜਾਣ ਦੇ ਤਰੀਕਿਆਂ ਉਤੇ ਇਤਰਾਜ਼ ਹੈ। ਪ੍ਰਦਰਸ਼ਨਕਾਰੀ ਇੰਜ ਅੱਗੇ ਵਧ ਰਹੇ ਹਨ, ਜਿਵੇਂ ਕੋਈ ਫੌਜ ਹਮਲਾ ਕਰਨ ਲਈ ਅੱਗੇ ਵਧ ਰਹੀ ਹੋਵੇ। ਉਨ੍ਹਾਂ ਕੋਲ ਜੇ.ਸੀ.ਬੀ, ਇਕ ਸਾਲ ਦਾ ਰਾਸ਼ਨ ਤੇ ਟਰੈਕਟਰ-ਟਰਾਲੀਆਂ ਹਨ।

## ਸਾਂਝਾ ਸੰਘਰਸ਼ ਹੀ ਮੋਦੀ ਨੂੰ ਮਾਤ ਦੇ ਸਕਦਾ: ਉਗਰਾਹਾਂ

**ਬਠਿੰਡਾ:** ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸਾਂਝੇ ਸੰਘਰਸ਼ ਰਾਹੀਂ ਹੀ ਮੋਦੀ ਹਕੂਮਤ ਨੂੰ ਕਰਾਰੀ ਮਾਤ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ 'ਚ ਵਿਚਾਰਕ ਮਤਭੇਦ ਹੋ ਸਕਦੇ ਹਨ ਪਰ ਕਿਸਾਨਾਂ ਦੀਆਂ ਸਾਂਝੀਆਂ ਮੰਗਾਂ ਤੇ ਮਸਲਿਆਂ ਦੀ ਪੂਰਤੀ ਲਈ ਉਹ ਇਕਜੁੱਟ ਹਨ। ਦਿੱਲੀ ਕੂਚ ਦੇ ਸੱਦੇ ਦੇ ਹਵਾਲੇ ਨਾਲ ਉਗਰਾਹਾਂ ਨੇ ਕਿਹਾ ਕਿ ਹੋਰ ਵੀ ਚੰਗਾ ਹੋਣਾ ਸੀ ਜੇਕਰ ਇਹ ਸੰਘਰਸ਼ ਸਾਰੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਨਾਲ ਰਲ ਵਿੱਢਿਆ ਜਾਂਦਾ ਪਰ ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।

## ਪੰਜਾਬ 'ਚ ਭਾਜਪਾ ਆਗੂਆਂ ਦੇ ਘਰਾਂ ਦੇ ਘੇਰਾਬੰਦੀ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਨੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਤੇ ਹੋਰਨਾਂ ਕਿਸਾਨੀ ਮੰਗਾਂ ਲਈ ਦਿੱਲੀ ਕੂਚ ਕਰਨ ਵਾਲੇ ਕਿਸਾਨਾਂ ਉਤੇ ਹਰਿਆਣਾ ਸਰਕਾਰ ਵੱਲੋਂ ਤਸ਼ੱਦਦ ਕਰਨ ਖ਼ਿਲਾਫ਼ ਭਾਜਪਾ ਆਗੂਆਂ ਦੇ ਘਰਾਂ ਅੱਗੇ ਧਰਨੇ ਦਿੱਤੇ। ਕਿਸਾਨਾਂ ਵੱਲੋਂ 13 ਜ਼ਿਲ੍ਹਿਆਂ ਵਿਚ 22 ਟੌਲ ਪਲਾਜ਼ੇ ਵੀ ਪਰਚੀ ਮੁਕਤ ਕਰਵਾਏ ਗਏ। ਵੱਡੀ ਗਿਣਤੀ ਵਿਚ ਔਰਤਾਂ ਨੇ ਕਿਸਾਨੀ ਧਰਨਿਆਂ ਵਿਚ ਸ਼ਮੂਲੀਅਤ ਕਰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਅਤੇ ਕੇਵਲ ਸਿੰਘ ਢਿੱਲੋਂ ਦੇ ਘਰ ਅੱਗੇ ਰੋਸ ਪ੍ਰਦਰਸ਼ਨ ਕੀਤੇ। ਕਿਸਾਨ ਆਗੂਆਂ ਨੇ ਕਿਹਾ ਕਿ ਆਪਸੀ ਮੱਤਭੇਦਾਂ ਨੂੰ ਪਾਸੇ ਰੱਖਦਿਆਂ ਸਾਂਝੇ ਸੰਘਰਸ਼ ਰਾਹੀਂ ਫਿਰਕੂ, ਭੜਕਾਊ ਤੇ ਫੁੱਟਪਾਊ ਅਨਸਰਾਂ ਸਣੇ ਮੋਦੀ ਸਰਕਾਰ ਨੂੰ ਕਰਾਰੀ ਮਾਤ ਦਿੱਤੀ ਜਾ ਸਕਦੀ ਹੈ।

# 'ਭਾਰਤ ਬੰਦ' ਨੂੰ ਪੰਜਾਬ ਵਿਚ ਭਰਵਾਂ ਹੁੰਗਾਰਾ ਮਿਲਿਆ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ ਅਤੇ ਕੌਮੀ ਟਰੇਡ ਯੂਨੀਅਨਾਂ ਵੱਲੋਂ ਸਾਂਝੇ ਤੌਰ ਉਤੇ ਭਾਰਤ ਬੰਦ ਦੇ ਦਿੱਤੇ ਸੱਦੇ ਨੂੰ ਪੰਜਾਬ ਵਿਚ ਭਰਵਾਂ ਹੁੰਗਾਰਾ ਮਿਲਿਆ ਹੈ। ਸ਼ਹਿਰਾਂ ਵਿਚ ਜ਼ਿਆਦਾਤਰ ਬਾਜ਼ਾਰ ਬੰਦ ਰਹੇ। ਬੱਸ ਅੱਡਿਆਂ ਵਿਚ ਸੁੰਨ ਪੱਸਰੀ ਰਹੀ ਅਤੇ ਛੋਟੀਆਂ ਵੱਡੀਆਂ ਸੜਕਾਂ ਉਤੇ ਕੇਂਦਰ ਸਰਕਾਰ ਖਿਲਾਫ਼ ਨਾਅਰਿਆਂ ਦੀ ਗੂੰਜ ਪੈਂਦੀ ਰਹੀ।

ਇਸ ਦੌਰਾਨ ਆਵਾਜਾਈ ਵੀ ਪ੍ਰਭਾਵਿਤ ਰਹੀ ਅਤੇ ਪੀ.ਆਰ.ਟੀ.ਸੀ. ਤੇ ਪੰਜਾਬ ਰੋਡਵੇਜ਼ ਦੇ ਕਾਮਿਆਂ ਨੇ 'ਭਾਰਤ ਬੰਦ' ਨੂੰ ਮੁਕੰਮਲ ਰੂਪ ਵਿਚ ਸਫਲ ਬਣਾਇਆ। ਪੰਜਾਬ ਭਰ ਵਿਚ ਦੁਕਾਨਾਂ, ਵਪਾਰਕ ਅਦਾਰੇ, ਜਨਤਕ ਟਰਾਂਸਪੋਰਟ, ਪੈਟਰੋਲ ਪੰਪ ਅਤੇ ਸਨਅਤੀ ਅਦਾਰੇ ਬੰਦ ਰਹੇ। ਸਮਾਜ ਦੇ ਬਾਕੀ ਵਰਗਾਂ ਨੇ ਕਿਸਾਨਾਂ ਮਜ਼ਦੂਰਾਂ ਨਾਲ ਰਲ ਕੇ 180 ਦੇ ਕਰੀਬ ਥਾਵਾਂ ਉਤੇ ਪ੍ਰਮੁੱਖ ਸੜਕੀ ਮਾਰਗਾਂ ਉਤੇ ਧਰਨੇ ਦੇ ਕੇ ਚੱਕਾ ਜਾਮ ਕੀਤਾ। 'ਭਾਰਤ ਬੰਦ' ਕਰ ਕੇ ਯਾਤਰੀਆਂ ਨੂੰ ਵੀ ਪਰੇਸ਼ਾਨੀ ਝੱਲਣੀ ਪਈ। ਧਰਨਿਆਂ ਕਾਰਨ ਟਰੈਫਿਕ ਜਾਮ ਵੀ ਲੱਗੇ।



ਸਰਕਾਰੀ ਤੇ ਪ੍ਰਾਈਵੇਟ ਟਰਾਂਸਪੋਰਟਰਾਂ ਨੇ 'ਭਾਰਤ ਬੰਦ' ਵਿਚ ਮੁਕੰਮਲ ਸਾਥ ਦਿੱਤਾ ਜਦੋਂ ਕਿ ਬਹੁਤੇ ਸ਼ਹਿਰਾਂ ਵਿਚ ਕਾਰੋਬਾਰੀ ਲੋਕਾਂ ਨੇ ਆਪਣਾ ਬਣਦਾ ਯੋਗਦਾਨ ਪਾਇਆ। ਜ਼ਰੂਰੀ ਅਤੇ ਐਮਰਜੈਂਸੀ ਸੇਵਾਵਾਂ ਨੂੰ ਛੋਟ ਦਿੱਤੀ ਹੋਈ ਸੀ। 'ਭਾਰਤ ਬੰਦ' ਨੂੰ ਆੜ੍ਹਤੀ ਐਸੋਸੀਏਸ਼ਨਾਂ, ਟਰੱਕ ਯੂਨੀਅਨਾਂ, ਪ੍ਰਾਈਵੇਟ ਬੱਸ ਓਪਰੇਟਰਾਂ, ਪੈਟਰੋਲ ਪੰਪ ਡੀਲਰ ਐਸੋਸੀਏਸ਼ਨ, ਵਪਾਰ ਮੰਡਲ, ਖੇਤ ਅਤੇ ਪੇਂਡੂ ਮਜ਼ਦੂਰ ਜਥੇਬੰਦੀਆਂ, ਨੌਜਵਾਨ, ਵਿਦਿਆਰਥੀ, ਮਹਿਲਾ ਅਤੇ ਮੁਲਾਜ਼ਮ ਜਥੇਬੰਦੀਆਂ ਅਤੇ ਮੋਰਚਿਆਂ ਨੇ ਵੀ ਸਮਰਥਨ ਦਿੱਤਾ।

ਕਿਸਾਨ ਜਥੇਬੰਦੀਆਂ ਨੇ 'ਭਾਰਤ ਬੰਦ' ਦਾ ਸੱਦਾ ਕੇਂਦਰ ਸਰਕਾਰ ਦੀਆਂ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਵਿਰੁੱਧ, ਜਮਹੂਰੀ ਤੇ ਸੰਵਿਧਾਨਕ ਰਵਾਇਤਾਂ ਦੇ ਘਾਣ ਵਿਰੁੱਧ, ਕਿਸਾਨਾਂ ਉਤੇ ਜਬਰ ਵਿਰੁੱਧ, ਐਮ.ਐਸ.ਪੀ. ਉਤੇ ਖਰੀਦ ਦੀ ਕਾਨੂੰਨੀ ਗਾਰੰਟੀ, ਕਿਸਾਨਾਂ ਖੇਤ ਮਜ਼ਦੂਰਾਂ ਦੇ ਕਰਜ਼ੇ 'ਤੇ ਲੀਕ, ਪ੍ਰੀਪੇਡ ਮੀਟਰ ਲਗਾਉਣ ਦੀ ਨੀਤੀ ਨੂੰ ਰੱਦ ਕਰਵਾਉਣ, ਚਾਰ ਲੇਬਰ ਕੋਡ ਰੱਦ ਕਰਨ, ਨਵੀਂ ਸਿੱਖਿਆ ਨੀਤੀ 2020 ਰੱਦ ਕਰਨ, ਹਿੱਟ ਐਂਡ ਰਨ ਕਾਨੂੰਨ ਰੱਦ ਕਰਨ, ਬਿਜਲੀ, ਰੇਲਵੇ ਅਤੇ ਰੱਖਿਆ ਸਮੇਤ ਜਨਤਕ ਖੇਤਰ ਦੇ ਨਿੱਜੀਕਰਨ ਵਿਰੁੱਧ, ਰੁਜ਼ਗਾਰ ਦੇ ਅਧਿਕਾਰ ਅਤੇ ਠੇਕੇਦਾਰੀ ਸਿਸਟਮ ਵਿਰੁੱਧ, 26000 ਰੁਪਏ ਘੱਟੋ ਘੱਟ ਉਜਰਤ ਦੇਣ, ਸਰਲ ਅਤੇ ਕਿਸਾਨ ਪੱਖੀ ਸਰਕਾਰੀ ਫਸਲ ਬੀਮਾ ਯੋਜਨਾ ਲਾਗੂ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਆਦਿ ਮੰਗਾਂ ਨੂੰ ਲੈ ਕੇ ਦਿੱਤਾ ਸੀ।

# ਹਰਿਆਣਵੀ ਕਿਸਾਨਾਂ ਤੇ ਖਾਪ ਪੰਚਾਇਤਾਂ ਵੱਲੋਂ ਕਿਸਾਨ ਸੰਘਰਸ਼ ਦਾ ਸਮਰਥਨ

**ਚੰਡੀਗੜ੍ਹ:** ਹਰਿਆਣਾ ਸਰਕਾਰ ਵੱਲੋਂ ਕਿਸਾਨੀ ਮੰਗਾਂ ਲਈ ਕਿਸਾਨਾਂ ਨੂੰ ਦਿੱਲੀ ਕੂਚ ਕਰਨ ਤੋਂ ਰੋਕਣ ਲਈ ਪੰਜਾਬ ਤੇ ਹਰਿਆਣਾ ਦੀਆਂ ਹੱਦਾਂ ਉਤੇ ਲਗਾਈਆਂ ਗਈਆਂ ਰੋਕਾਂ ਅਤੇ ਪੁਲਿਸ ਵੱਲੋਂ ਅੱਥਰੂ ਗੈਸ ਦੇ ਗੋਲੇ ਸੁੱਟਣ ਤੇ ਹੋਰ ਤਸ਼ੱਦਦ ਕਰਨ ਤੋਂ ਬਾਅਦ ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਤੇ ਖਾਪ ਪੰਚਾਇਤਾਂ ਵੀ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਆ ਗਈਆਂ ਹਨ।

ਹਰਿਆਣਾ ਦੇ ਕੁਰੂਕਸ਼ੇਤਰ ਵਿਖੇ ਬ੍ਰਹਮਸਰੋਵਰ ਪਾਰਕ ਵਿਚ ਭਾਰਤੀ ਕਿਸਾਨ ਯੂਨੀਅਨ ਚੜੂਨੀ ਦੀ ਅਗਵਾਈ ਹੇਠ ਦੋ ਦਰਜਨ ਦੇ ਕਰੀਬ ਕਿਸਾਨ ਜਥੇਬੰਦੀਆਂ, ਖਾਪ ਪੰਚਾਇਤਾਂ ਤੇ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਕਿਸਾਨ ਆਗੂਆਂ ਨੇ ਹਰਿਆਣਾ ਪੁਲਿਸ ਵੱਲੋਂ ਕਿਸਾਨਾਂ ਉਤੇ ਅੱਥਰੂ ਗੈਸ ਦੇ ਗੋਲੇ ਸੁੱਟਣ ਤੇ ਹੋਰਨਾਂ ਰੋਕਾਂ ਲਗਾਉਣ ਵਰਗੀਆਂ ਗਤੀਵਿਧੀਆਂ ਦੀ ਨਿਖੇਧੀ ਕੀਤੀ। ਸ੍ਰੀ ਚੜੂਨੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਰੱਦ ਕਰਨ ਸਮੇਂ ਕਿਸਾਨਾਂ ਦੀਆਂ ਮੰਗਾਂ ਲਿਖਤੀ ਰੂਪ ਵਿਚ ਮੰਨੀਆਂ ਸਨ, ਪਰ ਦੋ ਸਾਲ ਬੀਤਣ ਮਗਰੋਂ ਵੀ ਮੰਗਾਂ ਪੂਰੀਆਂ ਨਹੀਂ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦਾ ਅੰਨਦਾਤਾ ਆਪਣੀਆਂ ਹੱਕੀ ਮੰਗਾਂ ਲਈ ਦਿੱਲੀ ਵਿਖੇ ਮੁੜ ਤੋਂ ਸੰਘਰਸ਼ ਸ਼ੁਰੂ ਕਰਨ ਲਈ ਵੱਧ ਰਿਹਾ ਹੈ ਤਾਂ ਹਰਿਆਣਾ ਪੁਲਿਸ ਵੱਲੋਂ ਵੱਡੀਆਂ-ਵੱਡੀਆਂ ਰੋਕਾਂ ਲਗਾ ਕੇ ਕਿਸਾਨਾਂ ਨੂੰ ਰੋਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਪੁਲਿਸ ਨੇ ਹਜ਼ਾਰਾਂ ਅੱਥਰੂ ਗੈਸ ਦੇ ਗੋਲੇ ਕਿਸਾਨਾਂ ਉਤੇ ਸੁੱਟੇ ਹਨ, ਜਿਸ ਕਰਕੇ ਸੈਂਕੜੇ ਕਿਸਾਨ ਜ਼ਖ਼ਮੀ ਹੋ ਚੁੱਕੇ ਹਨ। ਹਰਿਆਣਾ ਪੁਲਿਸ ਦੀ ਅਜਿਹੀ ਕਾਰਵਾਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੀਟਿੰਗ ਵਿਚ ਪਹੁੰਚੀਆਂ ਦੋ ਦਰਜਨ ਦੇ ਕਰੀਬ ਕਿਸਾਨ ਜਥੇਬੰਦੀਆਂ, ਖਾਪ ਪੰਚਾਇਤਾਂ ਤੇ ਸਮਾਜ ਸੇਵੀ ਜਥੇਬੰਦੀਆਂ ਨੇ ਫੈਸਲਾ ਕੀਤਾ ਕਿ ਉਹ ਸਾਂਝੇ ਤੌਰ ਉਤੇ ਕਿਸਾਨ ਸੰਘਰਸ਼ ਵਿਚ ਸ਼ਾਮਲ ਹੋਣਗੀਆਂ।




## ਕਿਸਾਨੀ ਮੰਗਾਂ ਦਾ ਹੱਲ ਗੱਲਬਾਤ ਰਾਹੀਂ ਸੰਭਵ: ਜਾਖੜ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਸਾਨ ਸੰਗਠਨਾਂ ਨੂੰ ਸੁਚੇਤ ਕਰਦਿਆਂ ਕਿਹਾ ਹੈ ਕਿ ਇਸ ਸਮੇਂ ਪੂਰਾ ਦੇਸ਼ ਅਤੇ ਭਾਰਤ ਸਰਕਾਰ ਉਨ੍ਹਾਂ ਦੇ ਨਾਲ ਹੈ ਪਰ ਉਨ੍ਹਾਂ ਨੂੰ ਵਰਤ ਕੇ ਕੋਈ ਪੰਜਾਬ ਤੇ ਕਿਸਾਨਾਂ ਦਾ ਨੁਕਸਾਨ ਨਾ ਕਰਵਾ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਦਾ ਹੱਲ ਗੱਲਬਾਤ ਨਾਲ ਹੀ ਨਿਕਲੇਗਾ ਤੇ ਭਾਰਤ ਸਰਕਾਰ ਇਸ ਸਬੰਧੀ ਸੁਹਿਰਦ ਯਤਨ ਕਰ ਰਹੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਚੱਲ ਰਹੀ ਗੱਲਬਾਤ ਰਾਹੀਂ ਮਸਲੇ ਦਾ ਹੱਲ ਨਿਕਲ ਆਵੇਗਾ।

# ਗੁਰੂ ਨਾਨਕ ਦੇ ਫਲਸਫੇ ਅਨੁਸਾਰ ਚੱਲਣ ਵਾਲਾ ਸਿੱਖ ਰਾਜ ਜ਼ਰੂਰ ਬਣੇਗਾ: ਸਿੱਧੂ

**ਪਟਿਆਲਾ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਸਾਨਾਂ ਦੇ ਸੰਘਰਸ਼ ਦਾ ਪੂਰਨ ਸਮਰਥਨ ਕਰਦਿਆਂ ਕੇਂਦਰ ਦੀ ਭਾਜਪਾ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਭਾਜਪਾ ਵਿਚ ਜਾਣ ਦੀਆਂ ਸਾਰੀਆਂ ਚਰਚਾਵਾਂ ਨੂੰ ਮਹਿਜ਼ ਅਫ਼ਵਾਹਾਂ ਕਰਾਰ ਦਿੱਤਾ।

ਉਨ੍ਹਾਂ ਕਿਹਾ ਕਿ ਇਹ ਚਰਚਾ ਕਰਨ ਵਾਲੇ ਲੋਕਾਂ ਨੇ ਉਸ ਨੂੰ ਖੱਬੇ ਪੱਖੀਆਂ ਤੋਂ ਇਲਾਵਾ ਸਾਰੀਆਂ ਪਾਰਟੀਆਂ ਵਿਚ ਸ਼ਾਮਲ ਕਰਨ ਦੀਆਂ ਗੱਲਾਂ ਕੀਤੀਆਂ ਪਰ ਉਹ ਜਿੱਥੇ ਖੜ੍ਹਾ ਹੈ, ਉਥੇ ਹੀ ਖੜ੍ਹਾ ਰਹੇਗਾ, ਉਸ ਨੇ ਕਦੇ ਕਿਸੇ ਪਾਰਟੀ ਨਾਲ ਗੱਦਾਰੀ ਨਹੀਂ ਕੀਤੀ ਅਤੇ ਨਾ ਹੀ ਕਰੇਗਾ। ਉਨ੍ਹਾਂ ਇਸ ਵੇਲੇ ਕਿਸਾਨ ਸੰਘਰਸ਼ ਵਿਚ ਲਗਦੇ ਖ਼ਾਲਿਸਤਾਨ ਦੇ ਨਾਅਰਿਆਂ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਗੁਰੂ ਨਾਨਕ ਦੇ ਫ਼ਲਸਫ਼ੇ ਅਨੁਸਾਰ ਚੱਲਣ ਵਾਲਾ ਸਿੱਖ ਰਾਜ ਇਕ ਦਿਨ ਜ਼ਰੂਰ ਆ ਕੇ ਰਹੇਗਾ। ਪੰਜਾਬ ਦੇ ਇਨ੍ਹਾਂ ਨੇ 9 ਟੁਕੜੇ ਕਰ ਦਿੱਤੇ ਪਰ ਅੱਜ ਵੀ ਇਹ ਪੰਜਾਬ ਨੂੰ ਟਿਕਣ ਨਹੀਂ ਦੇ ਰਹੇ। ਉਨ੍ਹਾਂ ਕਿਹਾ ਕਿ ਆਜ਼ਾਦੀ



ਵਿਚ ਕੁਰਬਾਨੀਆਂ ਪੰਜਾਬੀਆਂ ਦੀਆਂ ਸਭ ਤੋਂ ਵੱਧ ਹਨ ਅਤੇ ਅਨਾਜ ਭੰਡਾਰ ਵਿਚ ਵੀ ਸਭ ਤੋਂ ਵੱਧ ਇਨ੍ਹਾਂ ਦਾ ਹਿੱਸਾ ਹੈ। ਇਸ ਦੇ ਬਾਵਜੂਦ ਇਨ੍ਹਾਂ 'ਤੇ ਜ਼ੁਲਮ ਢਾਹਿਆ ਜਾ ਰਿਹਾ ਹੈ।

ਸਿੱਧੂ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਨੂੰ ਲੈ ਕੇ ਭਾਜਪਾ ਦੀ ਆਲੋਚਨਾ ਕੀਤੀ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਉਤੇ ਕੇਂਦਰੀ ਮੰਤਰੀਆਂ ਨਾਲ ਮਿਲੀਭੁਗਤ ਦੇ ਦੋਸ਼ ਵੀ ਲਾਏ। ਸਿੱਧੂ ਦਾ ਕਹਿਣਾ ਹੈ ਕਿ ਜੇ ਸਰਹੱਦ ਖੁੱਲ੍ਹ ਗਈ ਤਾਂ ਦੇਸ਼ ਵੱਡੀਆਂ ਉਚਾਈਆਂ ਨੂੰ ਛੂਹੇਗਾ। ਇਸ ਮੌਕੇ ਸਿੱਧੂ ਨੇ ਅਡਾਨੀ ਉਤੇ ਵੀ ਹਮਲਾ ਬੋਲਿਆ ਤੇ ਦੋਸ਼ ਲਾਇਆ ਕਿ ਐਫ.ਸੀ.ਆਈ. ਨੂੰ ਦੀਵਾਲੀਆ ਕਰਨ ਤੋਂ ਬਾਅਦ ਕੇਂਦਰ ਨੇ ਸਟੋਰੇਜ ਅਡਾਨੀ ਕਾਰਪੋਰੇਟ ਨੂੰ ਦੇ ਦਿੱਤੀ ਹੈ। ਜੇ ਉਨ੍ਹਾਂ ਦਾ ਗੋਦਾਮ 25 ਫ਼ੀਸਦੀ ਭਰਦਾ ਹੈ ਤਾਂ ਉਨ੍ਹਾਂ ਨੂੰ 100 ਫ਼ੀਸਦੀ ਅਦਾਇਗੀ ਕੀਤੀ ਜਾਂਦੀ ਹੈ ਪਰ ਕੇਂਦਰ ਸਰਕਾਰ ਨੇ ਕਿਸਾਨਾਂ ਲਈ ਕੁੱਝ ਨਹੀਂ ਕੀਤਾ।

ਉਨ੍ਹਾਂ ਕਿਹਾ ਕਿ ਭਾਜਪਾ ਨੇ 10 ਸਾਲਾਂ ਵਿਚ ਅਮੀਰਾਂ ਦੇ 16 ਲੱਖ ਕਰੋੜ ਰੁਪਏ ਦੇ ਕਰਜ਼ੇ ਮੁਆਫ਼ ਕੀਤੇ ਪਰ ਕਿਸਾਨਾਂ ਦਾ ਕੋਈ ਕਰਜ਼ ਮੁਆਫ਼ ਨਹੀਂ ਕੀਤਾ।

# ਚੰਡੀਗੜ੍ਹ ਮੇਅਰ ਚੋਣ: ਸੁਪਰੀਮ ਕੋਰਟ ਦਾ ਭਾਜਪਾ ਨੂੰ ਝਟਕਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 'ਧੱਕੇ ਨਾਲ' ਚੰਡੀਗੜ੍ਹ ਦੇ ਮੇਅਰ ਦੀ ਕੁਰਸੀ ਮੱਲਣ ਦੇ ਮਾਮਲੇ ਵਿਚ ਭਾਜਪਾ ਨੂੰ ਵੱਡਾ ਝਟਕਾ ਦਿੱਤਾ ਹੈ। ਉਚ ਅਦਾਲਤ ਨੇ ਪਾਸਾ ਪਲਟਦਿਆਂ ਗੱਠਜੋੜ (ਆਪ+ਕਾਂਗਰਸ) ਦੀਆਂ ਰੱਦ ਕੀਤੀਆਂ ਅੱਠ ਵੋਟਾਂ ਨੂੰ ਜਾਇਜ਼ ਮੰਨਦਿਆਂ ਮੁੜ ਗਿਣਤੀ ਦਾ ਹੁਕਮ ਦਿੱਤਾ ਜਿਸ ਪਿੱਛੋਂ ਮੇਅਰ ਦੀ ਕੁਰਸੀ ਆਮ ਆਦਮੀ ਪਾਰਟੀ ਦੇ ਹੱਥ ਆ ਗਈ। ਭਾਵੇਂ ਭਾਜਪਾ ਨੇ ਵੱਡੀ ਚਾਲ ਚੱਲਦਿਆਂ ਸੁਪਰੀਮ ਕੋਰਟ ਵਿਚ ਸੁਣਵਾਈ ਤੋਂ ਇਕ ਦਿਨ ਪਹਿਲਾਂ ਆਪ ਦੇ ਤਿੰਨ ਕੌਂਸਲਰ ਆਪਣੇ ਨਾਲ ਰਲਾ ਲੈ ਸਨ ਪਰ ਉਚ ਅਦਾਲਤ ਨੇ ਨਵੇਂ ਸਿਰਿਓਂ ਚੋਣ ਕਰਵਾਉਣ ਦੀ ਥਾਂ ਅਯੋਗ ਕਰਾਰ ਦਿੱਤੀਆਂ 8 ਵੋਟਾਂ ਨੂੰ ਸਹੀ ਮੰਨਦਿਆਂ ਮੁੜ ਗਿਣਤੀ ਕਰਵਾਉਣ ਲਈ ਆਖ ਦਿੱਤਾ।

ਦਰਅਸਲ, ਰਿਟਰਨਿੰਗ ਅਧਿਕਾਰੀ ਅਨਿਲ ਮਸੀਹ ਨੇ 30 ਜਨਵਰੀ ਨੂੰ ਹੋਈ ਚੋਣ ਵਿਚ ਕਾਂਗਰਸ-ਆਪ ਗੱਠਜੋੜ ਦੀਆਂ ਅੱਠ ਵੋਟਾਂ ਨੂੰ ਅਯੋਗ ਠਹਿਰਾ ਕੇ ਭਾਜਪਾ ਉਮੀਦਵਾਰ ਮਨੋਜ ਸੋਨਕਰ ਨੂੰ ਜੇਤੂ ਐਲਾਨ ਦਿੱਤਾ ਸੀ। ਗੱਠਜੋੜ ਕੋਲ 20 ਅਤੇ ਭਾਜਪਾ ਕੋਲ ਸਿਰਫ 16 ਵੋਟਾਂ ਸਨ। ਰਿਟਰਨਿੰਗ ਅਧਿਕਾਰੀ ਨੇ ਅੱਠ ਵੋਟਾਂ ਨੂੰ ਰੱਦ ਕਰ ਦਿੱਤਾ। ਦੋਸ਼ ਲੱਗੇ ਸਨ ਕਿ ਰਿਟਰਨਿੰਗ ਅਧਿਕਾਰੀ ਨੇ ਜਾਣਬੁੱਝ ਕੇ ਵੋਟਾਂ ਨੂੰ ਰੱਦ ਕਰ ਦਿੱਤਾ ਸੀ। ਅਜਿਹਾ ਕਰਦੇ ਇਸ ਅਫਸਰ ਦੀ ਵੀਡੀਓ ਵੀ ਸਾਹਮਣੇ ਆਈ ਸੀ ਜਿਸ ਨੂੰ ਸੁਪਰੀਮ ਕੋਰਟ ਨੇ ਵੀ ਦੇਖਿਆ ਅਤੇ ਇਸ ਨੂੰ ਲੋਕਤੰਤਰ ਦਾ ਘਾਣ ਕਰਾਰ ਦਿੱਤਾ ਸੀ।

ਚੀਫ ਜਸਟਿਸ ਡੀ.ਵਾਈ. ਚੰਦਰਚੂੜ ਅਤੇ ਜਸਟਿਸ ਜੇ.ਬੀ. ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਮੇਅਰ ਦੀ ਚੋਣ ਲਈ ਰਿਟਰਨਿੰਗ ਅਧਿਕਾਰੀ ਅਨਿਲ ਮਸੀਹ ਦੀ ਝਾੜ-ਝੰਬ ਕਰਦਿਆਂ ਕਿਹਾ ਕਿ 'ਬੈਲੇਟ ਪੇਪਰਾਂ ਨਾਲ ਛੇੜਖਾਨੀ' ਲਈ ਉਸ ਖਿਲਾਫ਼ ਮੁਕੱਦਮਾ ਚਲਾਉਣਾ ਬਣਦਾ ਹੈ। ਰਿਟਰਨਿੰਗ ਅਧਿਕਾਰੀ ਅਨਿਲ ਮਸੀਹ ਜੋ ਸਰਵਉੱਚ ਅਦਾਲਤ ਦੇ ਹੁਕਮਾਂ ਮਗਰੋਂ ਕੋਰਟ ਵਿਚ ਹਾਜ਼ਰ ਸੀ, ਨੂੰ ਜੱਜਾਂ ਨੇ ਬੈਲੇਟ ਪੇਪਰਾਂ ਨਾਲ ਕਥਿਤ ਛੇੜਛਾੜ ਬਾਰੇ ਸਵਾਲ ਕੀਤੇ। ਸੀ.ਜੇ.ਆਈ. ਚੰਦਰਚੂੜ ਨੇ ਕਿਹਾ, "ਇਹ ਬਹੁਤ ਗੰਭੀਰ ਮਸਲਾ ਹੈ। ਤੁਸੀਂ ਕੈਮਰੇ ਵੱਲ ਕਿਉਂ ਦੇਖ ਰਹੇ ਸੀ ਤੇ ਬੈਲੇਟ ਪੇਪਰ 'ਤੇ ਨਿਸ਼ਾਨ ਕਿਉਂ ਲਾਏ?" ਇਨ੍ਹਾਂ ਸਵਾਲਾਂ ਦੇ ਜਵਾਬ ਵਿਚ ਮਸੀਹ ਨੇ ਕਿਹਾ ਕਿ ਉਸ ਨੇ ਪਹਿਲਾਂ ਤੋਂ 'ਅਵੈਧ' ਅੱਠ ਬੈਲੇਟ ਪੇਪਰਾਂ 'ਤੇ 'ਕਰਾਸ' ਦਾ ਨਿਸ਼ਾਨ ਲਾਇਆ ਸੀ। ਮਸੀਹ ਨੇ ਆਮ ਆਦਮੀ ਪਾਰਟੀ (ਆਪ) ਕੌਂਸਲਰਾਂ 'ਤੇ ਹੁੱਲੜਬਾਜ਼ੀ ਕਰਨ ਤੇ ਬੈਲੇਟ ਪੇਪਰ ਖੋਹਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ। ਮਸੀਹ ਨੇ ਕਿਹਾ ਕਿ ਇਹੀ ਵਜ੍ਹਾ ਹੈ ਕਿ ਉਹ ਕਾਊਂਟਿੰਗ ਸੈਂਟਰ ਵਿਚ ਸੀ.ਸੀ.ਟੀ.ਵੀ. ਕੈਮਰੇ ਵੱਲ ਦੇਖ ਰਿਹਾ ਸੀ। ਮਸੀਹ ਨੇ ਕਿਹਾ ਕਿ ਉਸ ਨੇ ਅੱਠ ਬੈਲੇਟ ਪੇਪਰਾਂ ਨੂੰ ਹੋਰਨਾਂ ਨਾਲੋਂ ਅੱਡ ਰੱਖਣ ਲਈ ਹੀ ਉਨ੍ਹਾਂ 'ਤੇ ਨਿਸ਼ਾਨ ਲਾਏ ਸਨ। ਇਸ 'ਤੇ ਬੈਂਚ ਨੇ ਕਿਹਾ, "ਇਸ ਦਾ ਮਤਲਬ ਤੁਸੀਂ ਬੈਲੇਟ ਪੇਪਰਾਂ 'ਤੇ ਨਿਸ਼ਾਨ ਲਾਏ। ਉਸ ਖਿਲਾਫ਼ ਮੁਕੱਦਮਾ ਚੱਲਣਾ ਚਾਹੀਦਾ ਹੈ। ਚੋਣ ਜਮਹੂਰੀਅਤ ਵਿਚ ਇਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।"

ਕਾਬਿਲੇ-ਗੌਰ ਹੈ ਕਿ ਸੁਪਰੀਮ ਕੋਰਟ ਨੇ ਪਿਛਲੀ ਸੁਣਵਾਈ ਦੌਰਾਨ ਵੀ ਰਿਟਰਨਿੰਗ ਅਧਿਕਾਰੀ (ਮਸੀਹ) ਦੀ ਝਾੜ-ਝੰਬ ਕੀਤੀ ਸੀ। ਕੋਰਟ ਨੇ ਉਦੋਂ ਕਿਹਾ ਸੀ ਕਿ ਉਸ ਨੇ 'ਜਮਹੂਰੀਅਤ ਦਾ ਕਤਲ' ਕੀਤਾ ਹੈ। ਕੋਰਟ ਨੇ ਕਿਹਾ ਸੀ ਕਿ ਮਸੀਹ ਨੇ ਬੈਲੇਟ ਪੇਪਰਾਂ ਨਾਲ ਛੇੜਖਾਨੀ ਕੀਤੀ ਤੇ ਉਸ ਖਿਲਾਫ਼ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਕੋਰਟ ਨੇ ਉਦੋਂ ਸਾਰਾ ਚੋਣ ਰਿਕਾਰਡ (ਬੈਲਟ ਪੇਪਰਜ਼, ਵੀਡੀਓਗ੍ਰਾਫ਼ੀ ਤੇ ਹੋਰ ਸਮੱਗਰੀ) ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਦੀ ਕਸਟਡੀ ਵਿਚ ਸੰਭਾਲ ਕੇ ਰੱਖਣ ਦੀ ਹਦਾਇਤ ਕੀਤੀ ਸੀ। ਚੰਡੀਗੜ੍ਹ ਮੇਅਰ ਦੀ ਚੋਣ ਵਿਚ 'ਆਪ' ਤੇ ਕਾਂਗਰਸ ਦੇ ਸਾਂਝੇ ਉਮੀਦਵਾਰ ਆਮ ਆਦਮੀ ਪਾਰਟੀ ਕੌਂਸਲਰ ਕੁਲਦੀਪ ਕੁਮਾਰ ਨੇ ਕੋਈ ਅੰਤਰਿਮ ਰਾਹਤ ਦੇਣ ਤੋਂ ਇਨਕਾਰ ਕਰਨ ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਨੂੰ ਸਰਵਉੱਚ ਅਦਾਲਤ 'ਚ ਚੁਣੌਤੀ ਦਿੱਤੀ ਸੀ।

## ਪੰਜਾਬ ਸਰਕਾਰ 23 ਫਸਲਾਂ ਐਮ.ਐਸ.ਪੀ. 'ਤੇ ਖਰੀਦਣ ਲਈ ਕਾਨੂੰਨ ਲਿਆਵੇ: ਹਰਸਿਮਰਤ

**ਬਠਿੰਡਾ:** ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਵਾਅਦਾ ਕੀਤਾ ਸੀ ਕਿ ਸਾਰੀਆਂ 23 ਫਸਲਾਂ ਐਮ.ਐਸ.ਪੀ. ਅਨੁਸਾਰ ਖਰੀਦੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਜੇ ਕੇਂਦਰ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਫਿਰ ਮੁੱਖ ਮੰਤਰੀ ਨੂੰ ਇਸ ਤਜਵੀਜ਼ ਨੂੰ ਪੰਜਾਬ ਵਿਚ ਅਮਲੀ ਜਾਮਾ ਪਹਿਨਾਉਣ ਲਈ ਢੁਕਵਾਂ ਕਾਨੂੰਨ ਲਿਆਉਣਾ ਚਾਹੀਦਾ ਹੈ। ਉਨ੍ਹਾਂ ਕਿਸਾਨ ਯੂਨੀਅਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣਾ ਵਾਅਦਾ ਪੂਰਾ ਕਰਨ ਲਈ ਮੁੱਖ ਮੰਤਰੀ 'ਤੇ ਦਬਾਅ ਬਣਾਉਣ।

ਉਨ੍ਹਾਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਪੰਜਾਬ ਦੇ ਖੇਤਰ ਵਿਚ ਕਿਸਾਨਾਂ 'ਤੇ ਹਮਲਾ ਕਰਨ ਵਾਲੇ ਹਰਿਆਣਾ ਪੁਲਿਸ ਦੇ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕਰਨ ਤੋਂ ਇਨਕਾਰ ਕਰ ਕੇ ਮੁੱਖ ਮੰਤਰੀ ਨੇ ਸਾਬਤ ਕੀਤਾ ਹੈ ਕਿ ਉਹ ਕਿਸਾਨਾਂ ਲਈ ਮਗਰਮੱਛ ਦੇ ਹੰਝੂ ਵਹਾ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਹਰਿਆਣਾ ਪੁਲਿਸ ਦੇ ਅਧਿਕਾਰੀਆਂ ਖ਼ਿਲਾਫ਼ ਤੁਰਤ ਫੌਜਦਾਰੀ ਕੇਸ ਦਰਜ ਕੀਤਾ ਜਾਵੇ।

ਉਨ੍ਹਾਂ ਮੁੱਖ ਮੰਤਰੀ ਵੱਲੋਂ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਹਰਿਆਣਾ ਸਰਕਾਰ ਨਾਲ ਰਲਗੱਡ ਹੋਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਜੇ ਭਗਵੰਤ ਮਾਨ ਨੂੰ ਕਿਸਾਨਾਂ ਦੀ ਕੋਈ ਚਿੰਤਾ ਹੁੰਦੀ ਤਾਂ ਉਹ ਡਰੋਨਾਂ ਤੇ ਰਬੜ ਦੀਆਂ ਗੋਲੀਆਂ ਦਾ ਨਿਸ਼ਾਨਾ ਪਹਿਲਾਂ ਆਪ ਬਣਦੇ ਨਾ ਕਿ ਕਿਸਾਨਾਂ ਨੂੰ ਇਨ੍ਹਾਂ ਦਾ ਸ਼ਿਕਾਰ ਹੋਣ ਦਿੰਦੇ। ਉਨ੍ਹਾਂ ਕੇਂਦਰ ਸਰਕਾਰ ਵੱਲੋਂ ਢਾਈ ਸਾਲ ਪਹਿਲਾਂ ਕਿਸਾਨ ਅੰਦੋਲਨ ਦੌਰਾਨ ਕੀਤੇ ਵਾਅਦੇ ਪੂਰੇ ਨਾ ਕਰਨ ਦੀ ਨਿਖੇਧੀ ਕੀਤੀ।

## ਚੋਣ ਕਮਿਸ਼ਨ ਨੇ ਸ਼ੁਭਮਨ ਗਿੱਲ ਤੇ ਤਰਸੇਮ ਜੱਸੜ ਨੂੰ ਸਟੇਟ ਆਈਕੌਨ ਬਣਾਇਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਚੋਣ ਅਫਸਰ ਲੋਕ ਸਭਾ ਚੋਣਾਂ ਦੌਰਾਨ ਵੋਟਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਲਈ ਜਾਗਰੂਕ ਕਰਨ ਲਈ ਭਾਰਤੀ ਕ੍ਰਿਕਟਰ ਤੇ ਪੰਜਾਬੀ ਗਾਇਕ ਦੀ ਮਦਦ ਲਈ ਜਾਵੇਗੀ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕੀਤਾ।

ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿਚ 'ਇਸ ਵਾਰ 70 ਪਾਰ' ਦਾ ਟੀਚਾ ਰੱਖਿਆ ਗਿਆ ਹੈ ਤੇ ਇਸ ਟੀਚੇ ਨੂੰ ਪੂਰਾ ਕਰਨ ਲਈ ਚੋਣ ਕਮਿਸ਼ਨ ਨੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਭਾਰਤੀ ਕ੍ਰਿਕਟਰ ਸ਼ੁਭਮਨ ਗਿੱਲ ਨੂੰ 'ਸਟੇਟ ਆਈਕੌਨ' ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਪੰਜਾਬੀ ਗਾਇਕ ਤਰਸੇਮ ਜੱਸੜ ਨੂੰ ਵੀ 'ਸਟੇਟ ਆਈਕੌਨ' ਨਿਯੁਕਤ ਕੀਤਾ ਜਾ ਚੁੱਕਾ ਹੈ। ਸਿਬਿਨ ਸੀ ਨੇ ਕਿਹਾ ਕਿ ਸ਼ੁਭਮਨ ਗਿੱਲ ਰਾਹੀਂ ਵੋਟਰ ਜਾਗਰੂਕਤਾ ਲਈ ਵੱਖ-ਵੱਖ ਮੁਹਿੰਮਾਂ ਚਲਾਈਆਂ ਜਾਣਗੀਆਂ ਤਾਂ ਜੋ "ਇਸ ਵਾਰ 70 ਪਾਰ" ਦਾ ਟੀਚਾ ਪ੍ਰਾਪਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਨਾਲ ਕੀਤੀ ਮੀਟਿੰਗ ਵਿਚ ਉਨ੍ਹਾਂ ਨੂੰ ਅਜਿਹੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਨ ਲਈ ਕਿਹਾ ਗਿਆ ਸੀ, ਜਿੱਥੇ ਪਿਛਲੀਆਂ ਚੋਣਾਂ ਦੌਰਾਨ ਵੋਟ ਪ੍ਰਤੀਸ਼ਤ ਘੱਟ ਰਹੀ ਸੀ। ਅਜਿਹੇ ਖੇਤਰਾਂ 'ਚ ਜਾਗਰੂਕਤਾ ਮੁਹਿੰਮਾਂ ਚਲਾ ਕੇ ਤੇ ਸ਼ੁਭਮਨ ਗਿੱਲ ਤੇ ਤਰਸੇਮ ਜੱਸੜ ਰਾਹੀਂ ਅਪੀਲ ਕਰਵਾ ਕੇ ਵੋਟਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਵਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ। ਮੁੱਖ ਚੋਣ ਅਧਿਕਾਰੀ ਨੇ ਇਸ ਵਾਰ ਵੋਟ ਪ੍ਰਤੀਸ਼ਤ ਵਧਣ ਦੀ ਉਮੀਦ ਜਤਾਈ ਹੈ।

## ਕਿਸਾਨਾਂ ਤੇ ਕੇਂਦਰ ਵਿਚਾਲੇ ਮਸਲਾ ਜਿਉਂ ਦਾ ਤਿਉਂ

*(ਪਹਿਲੇ ਸਫੇ ਦੀ ਬਾਕੀ)*

ਨੂੰ ਮੰਗ ਪੱਤਰ ਭੇਜ ਕੇ ਮੰਨੀਆਂ ਮੰਗਾਂ ਨੂੰ ਲਾਗੂ ਕਰਨ ਦੀ ਮੰਗ ਕੀਤੀ ਜਾ ਰਹੀ ਹੈ, ਸਰਕਾਰ ਦੀ ਟਾਲੇ ਵਾਲੇ ਰਣਨੀਤੀ ਤੋਂ ਅੱਕੇ ਕਿਸਾਨਾਂ ਨੇ ਸੜਕਾਂ ਉਤੇ ਆਉਣ ਦਾ ਫੈਸਲਾ ਕੀਤਾ। ਜਿਸ ਪਿੱਛੋਂ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਵਿਚ ਆਪਣੇ 3 ਮੰਤਰੀ ਭੇਜ ਕੇ ਗੱਲਬਾਤ ਸ਼ੁਰੂ ਕੀਤੀ। ਸਰਕਾਰ ਦੀ ਗੱਲਬਾਤ ਪੰਜ ਫਸਲਾਂ 'ਤੇ ਸ਼ਰਤਾਂ ਤਹਿਤ ਐਮ.ਐਸ.ਪੀ. ਦੀ ਤਜਵੀਜ਼ ਉਤੇ ਮੁੱਕੀ। ਕਿਸਾਨਾਂ ਨੇ ਇਸ ਤਜਵੀਜ਼ ਨੂੰ ਮੁੱਢੋਂ ਰੱਦ ਕਰ ਦਿੱਤਾ।

ਹੁਣ ਹਾਲਾਤ ਇਹ ਹਨ ਕਿ ਪੰਜਾਬ ਦੀਆਂ ਸੜਕਾਂ ਉਤੇ ਲਗਾਤਾਰ ਟਰੈਕਟਰ-ਟਰਾਲੀਆਂ ਦੇ ਲੰਮੇ ਕਾਫਲਿਆਂ ਦੀ ਗੂੰਜ ਪੈ ਰਹੀ ਹੈ। ਉਧਰ, ਹਰਿਆਣਾ ਤੇ ਦਿੱਲੀ ਪੁਲਿਸ ਨੇ ਕੰਕਰੀਟ ਦੀਆਂ ਸਲੈਬਾਂ, ਕੰਕਰੀਟ ਦੀਆਂ ਕੰਧਾਂ, ਕੰਡਿਆਲੀ ਤਾਰਾਂ ਤੇ ਬੈਰੀਕੇਡ ਲਗਾ ਕੇ ਬਹੁ-ਪਰਤੀ ਰੋਕਾਂ ਖੜ੍ਹੀਆਂ ਕੀਤੀਆਂ ਗਈਆਂ ਹਨ। ਕਿਸਾਨਾਂ ਦੀ ਮੁੱਖ ਮੰਗਾਂ ਵਿਚ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਾਰੰਟੀ ਅਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ, ਲਖੀਮਪੁਰ ਖੀਰੀ ਦੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ, ਬਿਜਲੀ ਸੋਧ ਬਿੱਲ, ਕਿਸਾਨਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਦੀ ਮੁਆਫੀ, ਕਿਸਾਨ ਅੰਦੋਲਨ ਦੌਰਾਨ ਦਰਜ ਕੇਸਾਂ ਦੀ ਵਾਪਸੀ ਆਦਿ ਸ਼ਾਮਲ ਹਨ, ਸਰਕਾਰ ਬਾਕੀ ਮੰਗਾਂ ਬਾਰੇ ਤਾਂ ਨਰਮ ਹੈ ਪਰ ਐਮ.ਐਸ.ਪੀ ਗਰੰਟੀ ਕਾਨੂੰਨ ਬਾਰੇ ਉਸ ਦੀ ਕੋਰੀ ਨਾਂਹ ਹੈ। ਸਰਕਾਰ ਹੋਰ ਮੰਗਾਂ ਤਾਂ ਮੰਨਣ ਦੇ ਮੂਡ ਵਿਚ ਹੈ ਪਰ ਸਾਰੀਆਂ ਫਸਲਾਂ ਉਤੇ ਐਮ.ਐਸ.ਪੀ. ਦੀ ਗਰੰਟੀ ਦੇਣ ਨੂੰ ਵੱਸੋਂ ਬਾਹਰ ਵਾਲੀ ਗੱਲ ਦੱਸ ਰਹੀ ਹੈ।

ਦਰਅਸਲ, ਐਮ.ਐਸ.ਪੀ. ਪ੍ਰਣਾਲੀ ਜ਼ਿਆਦਾਤਰ ਕਣਕ ਤੇ ਝੋਨੇ ਦੀਆਂ ਫਸਲਾਂ ਤੱਕ ਹੀ ਸੀਮਤ ਰਹੀ ਹੈ। ਸਾਲ-ਦਰ-ਸਾਲ, ਸਰਕਾਰ ਤੈਅਸ਼ੁਦਾ 22 ਫ਼ਸਲਾਂ ਲਈ ਐਮ.ਐਸ.ਪੀ. ਸੋਧ ਕੇ ਇਸ ਵਿਚ ਵਾਧਾ ਕਰਦੀ ਰਹੀ ਹੈ ਜਿਨ੍ਹਾਂ ਵਿਚ ਕਣਕ, ਝੋਨਾ, ਦਾਲਾਂ, ਮੱਕੀ ਤੇ ਕਪਾਹ ਸ਼ਾਮਲ ਹਨ। ਖੇਤੀ ਲਾਗਤਾਂ ਅਤੇ ਕੀਮਤਾਂ ਬਾਰੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਅਧਾਰ ਉੱਤੇ ਘੱਟੋ-ਘੱਟ ਸਮਰਥਨ ਮੁੱਲ ਮਿਥਿਆ ਜਾਂਦਾ ਰਿਹਾ ਹੈ। ਹਾਲਾਂਕਿ ਕਿਸਾਨ ਜਥੇਬੰਦੀਆਂ ਕਈ ਵਾਰ 'ਮਾਮੂਲੀ' ਵਾਧੇ ਨੂੰ ਨਕਾਰ ਚੁੱਕੀਆਂ ਹਨ। ਐਮ.ਐਸ.ਪੀ. ਤੋਂ ਘੱਟ ਕੀਮਤ 'ਤੇ ਜਿਣਸਾਂ ਦੀ ਖਰੀਦ ਹੋਣ ਕਰ ਕੇ ਕਿਸਾਨਾਂ ਨੂੰ ਨੁਕਸਾਨ ਵੀ ਝੱਲਣਾ ਪਿਆ ਹੈ ਅਤੇ ਉਨ੍ਹਾਂ ਦੇ ਖਰਚੇ ਵੀ ਪੂਰੇ ਨਹੀਂ ਹੁੰਦੇ। ਕਿਸਾਨਾਂ ਦੇ ਨੁਮਾਇੰਦੇ ਲਗਾਤਾਰ ਇਹ ਆਖ ਰਹੇ ਹਨ ਕਿ ਸਰਕਾਰ ਤੈਅ ਐਮ.ਐਸ.ਪੀ. 'ਤੇ ਹੋਰ ਫ਼ਸਲਾਂ ਦੀ ਖਰੀਦ ਦੀ ਗਾਰੰਟੀ ਦੇਵੇ।

## ਕੈਪਟਨ ਅਮਰਿੰਦਰ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਕੀਤੀ ਮੁਲਾਕਾਤ

**ਪਟਿਆਲਾ:** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਕੈਪਟਨ ਅਮਰਿੰਦਰ ਨੇ ਕਿਹਾ ਕਿ ਉਨ੍ਹਾਂ ਦੀ ਪ੍ਰਧਾਨ ਮੰਤਰੀ ਨਾਲ ਪੰਜਾਬ ਨਾਲ ਸਬੰਧਤ ਵਿਆਪਕ ਮੁੱਦਿਆਂ ਸਮੇਤ ਕਿਸਾਨਾਂ ਦੇ ਮੁੱਦਿਆਂ 'ਤੇ ਵਿਸਥਾਰਪੂਰਵਕ ਮੀਟਿੰਗ ਹੋਈ ਹੈ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਕਿਸਾਨੀ ਦੇ ਮਸਲੇ ਦਾ ਜਲਦੀ ਹੀ ਸਾਰਿਆਂ ਦੀ ਤਸੱਲੀਬਖ਼ਸ਼ ਹੱਲ ਕਰ ਲਿਆ ਜਾਵੇਗਾ। ਇਸ ਤੋਂ ਪਹਿਲਾਂ ਗੱਲ ਕਰਦਿਆਂ ਸਾਬਕਾ ਮੁੱਖ ਮੰਤਰੀ ਨੇ ਕਿਹਾ ਸੀ ਕਿ ਉਹ ਹਮੇਸ਼ਾ ਹੀ ਕਿਸਾਨਾਂ ਦੇ ਹੱਕ 'ਚ ਰਹੇ ਹਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਕਿਸਾਨਾਂ ਦੇ ਹਿਤੈਸ਼ੀ ਹਨ। ਇਸ ਕਰਕੇ ਪੂਰੀ ਸੰਭਾਵਨਾ ਹੈ ਕਿ ਕਿਸਾਨਾਂ ਦਾ ਮਸਲਾ ਹੱਲ ਹੋਵੇਗਾ।

## ਅਦਾਕਾਰ ਰਿਤੂਰਾਜ ਸਿੰਘ ਦਾ 59 ਸਾਲ ਦੀ ਉਮਰੇ ਦਿਲ ਦੇ ਦੌਰੇ ਕਾਰਨ ਦੇਹਾਂਤ

**ਮਹਾਰਾਸ਼ਟਰ:** ਅਨੁਪਮਾ ਫੇਮ ਅਦਾਕਾਰ ਰਿਤੂਰਾਜ ਸਿੰਘ ਦਾ 59 ਸਾਲ ਦੀ ਉਮਰੇ ਦੇਹਾਂਤ ਹੋ ਗਿਆ। ਅਦਾਕਾਰ ਦੀ ਮੌਤ ਦਾ ਕਾਰਨ ਦਿਲ ਦਾ ਦੌਰਾ ਦੱਸਿਆ ਜਾ ਰਿਹਾ ਹੈ। ਰਿਤੂਰਾਜ ਦੇ ਕਰੀਬੀ ਦੋਸਤ ਅਮਿਤ ਬਹਿਲ ਨੇ ਉਨ੍ਹਾਂ ਦੀ ਮੌਤ ਦੀ ਖ਼ਬਰ ਦੀ ਪੁਸ਼ਟੀ ਕੀਤੀ ਹੈ। ਪੇਟ ਦੀ ਸ਼ਿਕਾਇਤ ਕਾਰਨ ਉਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ ਅਤੇ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨੂੰ ਛੁੱਟੀ ਦਿੱਤੀ ਗਈ ਸੀ। ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਉਹ ਆਪਣੇ ਪਿੱਛੇ ਪਤਨੀ ਅਤੇ ਦੋ ਬੱਚੇ ਛੱਡ ਗਏ। ਰਿਤੂਰਾਜ ਸਿੰਘ ਟੀਵੀ ਸੀਰੀਅਲਾਂ ਦੇ ਨਾਲ-ਨਾਲ ਓ.ਟੀ.ਟੀ. ਸ਼ੋਅਜ਼ ਵਿਚ ਵੀ ਜਾਣਿਆ-ਪਛਾਣਿਆ ਚਿਹਰਾ ਸੀ।

## ਭਾਰਤ ਵੱਲੋਂ 10 ਲੱਖ ਡਾਲਰ ਦਾ ਯੋਗਦਾਨ

**ਸੰਯੁਕਤ ਰਾਸ਼ਟਰ:** ਭਾਰਤ ਨੇ ਗਰੀਬੀ ਅਤੇ ਭੁੱਖਮਰੀ ਨਾਲ ਲੜਨ ਲਈ ਬਣਾਏ ਫੰਡ ਵਿਚ 10 ਲੱਖ ਅਮਰੀਕੀ ਡਾਲਰ ਦਾ ਯੋਗਦਾਨ ਦਿੱਤਾ ਹੈ। ਇਹ ਫੰਡ ਭਾਰਤ, ਬ੍ਰਾਜ਼ੀਲ ਤੇ ਦੱਖਣੀ ਅਫਰੀਕਾ ਨੇ ਕਾਇਮ ਕੀਤਾ ਹੈ। ਸੰਯੁਕਤ ਰਾਸ਼ਟਰ ਵਿਚ ਭਾਰਤੀ ਰਾਜਦੂਤ ਰੁਚਿਰਾ ਕੰਬੋਜ ਨੇ ਗਰੀਬੀ ਅਤੇ ਭੁੱਖ ਮਿਟਾਉਣ ਲਈ ਫੰਡ ਵਿਚ ਯੋਗਦਾਨ ਵਜੋਂ ਸੰਯੁਕਤ ਰਾਸ਼ਟਰ ਦੇ ਦੱਖਣੀ ਸਹਿਕਾਰਤਾ ਦਫ਼ਤਰ ਦੇ ਡਾਇਰੈਕਟਰ ਦੀਮਾ ਅਲ-ਖ਼ਤੀਬ ਨੂੰ ਚੈੱਕ ਭੇਟ ਕੀਤਾ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ



**Punjab Times**

**Established in 2000**
**24nd Year in Publication**

Published every Saturday
by **A B Publication Inc.**



20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395



Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿਆਸਤ ਦੇ ਕਿੱਤੇ ਵਿਚ ਮੁਨਾਫ਼ਾ ਹੀ ਮੁਨਾਫ਼ਾ...

**ਚੰਡੀਗੜ੍ਹ:** ਇਸ ਵੇਲੇ ਜਦੋਂ ਮੁਲਕ ਵਿਚ ਖੇਤੀ ਘਾਟੇ ਦਾ ਸੌਦਾ ਹੈ ਤੇ ਬਾਕੀ ਧੰਦੇ ਵੀ ਸੰਕਟ ਵਿਚ ਹਨ ਤਾਂ ਇਕਲੌਤਾ ਸਿਆਸਤ ਦਾ ਕਿੱਤਾ ਹੀ ਮੁਨਾਫ਼ੇ ਵਾਲਾ ਜਾਪਦਾ ਹੈ। ਕੇਂਦਰੀ ਕੈਬਨਿਟ ਵਿਚ ਇਸ ਵੇਲੇ 65 ਮੰਤਰੀ ਮੌਜੂਦ ਹਨ ਜਿਨ੍ਹਾਂ ਵਿਚੋਂ 26 ਕੈਬਨਿਟ ਮੰਤਰੀ, 13 ਰਾਜ ਮੰਤਰੀ (ਆਜ਼ਾਦਾਨਾ) ਤੇ 26 ਹੋਰ ਰਾਜ ਮੰਤਰੀ ਹਨ। ਪ੍ਰਧਾਨ ਮੰਤਰੀ ਦਫਤਰ ਦੀ ਵੈੱਬਸਾਈਟ ਉਤੇ ਮੌਜੂਦ ਅੰਕੜਿਆਂ ਦੇ ਆਧਾਰ ਉਤੇ ਕੁੱਝ ਕੇਂਦਰੀ ਵਜ਼ੀਰਾਂ ਦੀ ਜਾਇਦਾਦ ਦਾ ਮੁਲਾਂਕਣ ਕੀਤਾ ਗਿਆ ਤਾਂ ਦਿਲਚਸਪ ਤੱਥ ਸਾਹਮਣੇ ਆਏ ਹਨ।



ਭਾਜਪਾ ਕਾਰਜਕਾਲ ਦੇ ਇਕ ਦਹਾਕੇ ਦੌਰਾਨ ਇਨ੍ਹਾਂ ਵਜ਼ੀਰਾਂ ਦੀ ਜਾਇਦਾਦ ਵਿਚ ਵੱਡਾ ਵਾਧਾ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਾਲ 2014 ਵਿਚ ਜਾਇਦਾਦ 1.26 ਕਰੋੜ ਰੁਪਏ ਦੀ ਸੀ ਜੋ ਹੁਣ 2.58 ਕਰੋੜ ਰੁਪਏ ਦੱਸੀ ਗਈ ਹੈ। ਪ੍ਰਧਾਨ ਮੰਤਰੀ ਨੇ 25 ਅਕਤੂਬਰ 2002 ਨੂੰ ਗਾਂਧੀਨਗਰ ਵਿਚ ਇਕ ਪਲਾਟ ਖਰੀਦਿਆ ਸੀ ਜਿਸ ਦੀ ਬਾਜ਼ਾਰ ਵਿਚ ਕੀਮਤ ਇਕ ਕਰੋੜ ਰੁਪਏ ਸੀ। ਹੁਣ ਇਹ ਪਲਾਟ ਵੇਚ ਕੇ ਪ੍ਰਾਪਤ ਰਾਸ਼ੀ ਬੈਂਕ ਵਿਚ ਐਫ.ਡੀ.ਆਰ. ਵਜੋਂ ਰੱਖ ਦਿੱਤੀ ਗਈ ਹੈ।

ਕੈਬਨਿਟ ਮੰਤਰੀ ਰਾਜਨਾਥ ਸਿੰਘ ਕਿਸਾਨ ਪੱਖੀ ਆਗੂ ਵਜੋਂ ਜਾਣੇ ਜਾਂਦੇ ਹਨ ਜਿਨ੍ਹਾਂ ਦੀ ਜਾਇਦਾਦ ਸਾਲ 2014 ਵਿਚ 2.96 ਕਰੋੜ ਸੀ ਜੋ ਹੁਣ ਤੱਕ ਵੱਧ ਕੇ 6.63 ਕਰੋੜ ਰੁਪਏ ਹੋ ਗਈ ਹੈ। ਇਸੇ ਤਰ੍ਹਾਂ ਕੇਂਦਰੀ ਕੈਬਨਿਟ ਵਿਚ ਖੇਤੀ ਮੰਤਰੀ ਰਹੇ ਨਰੇਂਦਰ ਤੋਮਰ ਦੀ ਜਾਇਦਾਦ ਦਸ ਸਾਲ ਵਿਚ 1.01 ਕਰੋੜ ਤੋਂ ਵੱਧ ਕੇ 2.27 ਕਰੋੜ ਰੁਪਏ ਹੋ ਗਈ ਹੈ। ਕੇਂਦਰੀ ਵਜ਼ੀਰ ਨਿਤਿਨ ਗਡਕਰੀ ਦੀ ਜਾਇਦਾਦ ਇਸ ਵੇਲੇ 20.57 ਕਰੋੜ ਦੀ ਹੈ, ਜੋ 10 ਸਾਲ ਪਹਿਲਾਂ 15.36 ਕਰੋੜ ਰੁਪਏ ਸੀ।

ਇਸੇ ਤਰ੍ਹਾਂ ਕੇਂਦਰੀ ਵਜ਼ੀਰ ਸਮ੍ਰਿਤੀ ਇਰਾਨੀ ਦੀ ਜਾਇਦਾਦ ਵਿਚ ਕਰੀਬ ਪੰਜ ਕਰੋੜ ਦਾ ਵਾਧਾ ਹੋਇਆ ਹੈ। ਇਸ ਵੇਲੇ ਇਰਾਨੀ ਕੋਲ 14.14 ਕਰੋੜ ਦੀ ਜਾਇਦਾਦ ਹੈ ਜੋ 2014 ਵਿਚ 9.32 ਕਰੋੜ ਰੁਪਏ ਸੀ। ਇਸੇ ਤਰ੍ਹਾਂ ਊਰਜਾ ਮੰਤਰੀ ਆਰਕੇ ਸਿੰਘ ਕੋਲ ਇਸ ਵੇਲੇ 11.32 ਕਰੋੜ ਦੀ ਜਾਇਦਾਦ ਹੈ ਜੋ ਪਹਿਲਾਂ 5.04 ਕਰੋੜ ਰੁਪਏ ਸੀ। ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਕੋਲ ਇਸ ਵੇਲੇ 27.88 ਕਰੋੜ ਦੀ ਜਾਇਦਾਦ ਹੈ ਜਦਕਿ ਸਾਲ 2014 ਵਿਚ ਉਨ੍ਹਾਂ ਕੋਲ 4.19 ਕਰੋੜ ਦੀ ਕੁਲ ਜਾਇਦਾਦ ਸੀ। ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਇਸ ਵੇਲੇ 9.49 ਕਰੋੜ ਦੀ ਜਾਇਦਾਦ ਦੇ ਮਾਲਕ ਹਨ ਜਦਕਿ 2014 ਵਿਚ ਇਹ 4.65 ਕਰੋੜ ਦੀ ਸੀ।

ਕੇਂਦਰੀ ਮੰਤਰੀ ਪਿਊਸ਼ ਗੋਇਲ ਇਸ ਵੇਲੇ 100 ਕਰੋੜ ਦੀ ਜਾਇਦਾਦ ਦੇ ਮਾਲਕ ਹਨ। ਕੇਂਦਰੀ ਖੇਤੀ ਮੰਤਰੀ ਅਰਜੁਨ ਮੁੰਡਾ ਕੋਲ 2.54 ਕਰੋੜ ਦੀ ਜਾਇਦਾਦ ਹੈ, ਜੋ 2014 ਵਿਚ 74.74 ਲੱਖ ਦੀ ਸੀ। ਨਿੱਤਿਆ ਨੰਦ ਰਾਏ ਦੀ ਜਾਇਦਾਦ ਪਹਿਲਾਂ 14.67 ਕਰੋੜ ਸੀ, ਜੋ ਹੁਣ 17.37 ਕਰੋੜ ਉਤੇ ਪੁੱਜ ਗਈ ਹੈ। ਕੇਂਦਰੀ ਮੰਤਰੀ ਜੋਤੀਰਾਦਿੱਤਿਆ ਸਿੰਧੀਆ ਕੋਲ ਕਰੀਬ 22 ਕਰੋੜ ਦੇ ਸਿਰਫ਼ ਗਹਿਣੇ ਹਨ। ਇਸ ਤੋਂ ਇਲਾਵਾ ਕੇਂਦਰੀ ਵਜ਼ੀਰ ਅਰਜੁਨ ਮੇਘਵਾਲ ਦੀ ਜਾਇਦਾਦ 1.81 ਕਰੋੜ ਤੋਂ ਵੱਧ ਕੇ 4.25 ਕਰੋੜ ਹੋ ਗਈ ਹੈ।

## ਲੋਕ ਸਭਾ 'ਚ 195 ਸੰਸਦ ਮੈਂਬਰ ਖੇਤੀ ਕਿੱਤੇ ਵਾਲੇ

**ਚੰਡੀਗੜ੍ਹ:** ਭਾਰਤੀ ਸੰਵਿਧਾਨ ਅਨੁਸਾਰ ਲੋਕ ਸਭਾ ਲਈ 543 ਮੈਂਬਰਾਂ ਦੀ ਚੋਣ ਹੁੰਦੀ ਹੈ। ਮੌਜੂਦਾ ਲੋਕ ਸਭਾ 'ਚ 195 ਸੰਸਦ ਮੈਂਬਰ ਅਜਿਹੇ ਹਨ ਜੋ ਆਖਦੇ ਹਨ ਕਿ 'ਅਸੀਂ ਖੇਤੀ ਕਰਦੇ ਹਾਂ।' ਕੁੱਲ ਸੰਸਦ ਮੈਂਬਰਾਂ ਦਾ ਇਹ 35.91 ਫੀਸਦ ਬਣਦਾ ਹੈ ਜਿਨ੍ਹਾਂ ਨੇ ਆਪਣਾ ਕਿੱਤਾ ਸੰਸਦ ਦੇ ਰਿਕਾਰਡ ਵਿਚ ਖੇਤੀ ਲਿਖਵਾਇਆ ਹੈ। ਅੱਗੇ ਦੇਖੀਏ ਤਾਂ ਇਨ੍ਹਾਂ 195 ਸੰਸਦ ਮੈਂਬਰਾਂ ਵਿਚੋਂ 136 ਸੰਸਦ ਮੈਂਬਰ ਭਾਜਪਾ ਦੇ ਹਨ ਜੋ 195 ਮੈਂਬਰਾਂ ਦਾ 70 ਫੀਸਦੀ ਬਣਦੇ ਹਨ। ਕਾਂਗਰਸ ਪਾਰਟੀ ਦੇ 11 ਸੰਸਦ ਮੈਂਬਰਾਂ ਨੇ ਆਪਣੇ-ਆਪ ਨੂੰ ਕਿਸਾਨ ਦੱਸਿਆ ਹੈ।

## ਮਾਲਦੀਵ ਨੇ 43 ਭਾਰਤੀਆਂ ਸਣੇ 186 ਵਿਦੇਸ਼ੀ ਡਿਪੋਰਟ ਕੀਤੇ

**ਮਾਲੇ:** ਮਾਲਦੀਵ ਨੇ 43 ਭਾਰਤੀਆਂ ਸਣੇ 186 ਵਿਦੇਸ਼ੀ ਨਾਗਰਿਕਾਂ ਨੂੰ ਵੀਜ਼ਾ ਉਲੰਘਣਾ ਤੇ ਨਸ਼ਾ ਅਪਰਾਧਾਂ ਜਿਹੇ ਦੋਸ਼ ਲਾ ਕੇ ਵਾਪਸ ਭੇਜ ਦਿੱਤਾ ਹੈ। ਮਾਲੇ ਅਧਾਰਿਤ ਨਿਊਜ਼ ਆਊਟਲੈੱਟ ਅਧਾਧੂ ਨੇ ਇਕ ਰਿਪੋਰਟ ਵਿਚ ਕਿਹਾ ਕਿ ਡਿਪੋਰਟ ਕੀਤੇ ਵਿਦੇਸ਼ੀ ਨਾਗਰਿਕਾਂ ਵਿਚੋਂ ਸਭ ਤੋਂ ਵੱਧ ਬੰਗਲਾਦੇਸ਼ ਤੋਂ ਹਨ।

ਮਾਲਦੀਵ ਨੇ ਘੱਟੋ-ਘੱਟ 83 ਬੰਗਲਾਦੇਸ਼ੀਆਂ ਨੂੰ ਵਾਪਸ ਭੇਜਿਆ ਹੈ। ਡਿਪੋਰਟ ਕੀਤੇ ਹੋਰਨਾਂ ਨਾਗਰਿਕਾਂ ਵਿਚ 43 ਭਾਰਤੀ, 25 ਸ੍ਰੀਲੰਕਨ ਤੇ 8 ਨੇਪਾਲੀ ਹਨ। ਇਨ੍ਹਾਂ ਨੂੰ ਕਿਹੜੀ ਤਰੀਕ ਨੂੰ ਡਿਪੋਰਟ ਕੀਤਾ ਗਿਆ, ਉਸ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਹੈ। ਮਾਲਦੀਵ ਨੇ ਇਹ ਕਾਰਵਾਈ ਅਜਿਹੇ ਮੌਕੇ ਪਾਈ ਹੈ ਜਦੋਂ ਟਾਪੂਨੁਮਾ ਮੁਲਕ ਵੱਲੋਂ ਗੈਰਕਾਨੂੰਨੀ ਕਾਰੋਬਾਰਾਂ ਨੂੰ ਬੰਦ ਕੀਤਾ ਜਾ ਰਿਹਾ ਹੈ। ਗ੍ਰਹਿ ਮੰਤਰੀ ਅਲੀ ਹਸਨ ਨੇ ਕਿਹਾ ਕਿ ਮੰਤਰਾਲਾ ਦੇਸ਼ ਵਿਚ ਵੱਖ-ਵੱਖ ਨਾਵਾਂ ਹੇਠ ਚੱਲ ਰਹੇ ਗੈਰਕਾਨੂੰਨੀ ਕਾਰੋਬਾਰਾਂ ਖਿਲਾਫ਼ ਕਾਰਵਾਈ ਲਈ ਵਿੱਤ ਮੰਤਰਾਲੇ ਨਾਲ ਮਿਲ ਕੇ ਕੰਮ ਕਰ ਰਿਹਾ ਹੈ।

ਮੰਤਰੀ ਨੇ ਕਿਹਾ ਕਿ ਇਨ੍ਹਾਂ ਵਿਚ ਪੰਜੀਕ੍ਰਿਤ ਤੇ ਗੈਰ-ਪੰਜੀਕ੍ਰਿਤ ਦੋਵਾਂ ਤਰ੍ਹਾਂ ਦੇ ਕਾਰੋਬਾਰ ਸ਼ਾਮਲ ਹਨ। ਅਜਿਹੇ ਕਾਰੋਬਾਰਾਂ ਵਿਚ ਉਹ ਧੰਦੇ ਵੀ ਸ਼ਾਮਲ ਹਨ ਜੋ ਰਜਿਸਟਰਡ ਮਾਲਕ ਦੀ ਥਾਂ ਵਿਦੇਸ਼ ਬੈਠੇ ਲੋਕਾਂ ਵੱਲੋਂ ਚਲਾਏ ਜਾ ਰਹੇ ਹਨ। ਹਸਨ ਨੇ ਕਿਹਾ ਕਿ ਗ੍ਰਹਿ ਮੰਤਰਾਲਾ ਅਜਿਹੇ ਕਾਰੋਬਾਰਾਂ ਨੂੰ ਬੰਦ ਕਰਨ ਤੇ ਇਨ੍ਹਾਂ ਨੂੰ ਚਲਾਉਣ ਵਾਲੇ ਵਿਦੇਸ਼ੀਆਂ ਨੂੰ ਡਿਪੋਰਟ ਕਰਨ ਦਾ ਕੰਮ ਕਰ ਰਿਹਾ ਹੈ।

ਇਮੀਗ੍ਰੇਸ਼ਨ ਕੰਟਰੋਲਰ ਸ਼ਾਮਾਨ ਵਹੀਦ ਨੇ ਕਿਹਾ ਕਿ 186 ਵਿਦੇਸ਼ੀ ਨਾਗਰਿਕ ਵੀਜ਼ਾ ਉਲੰਘਣਾ ਤੇ ਡਰੱਗ ਅਪਰਾਧ ਦੇ ਦੋਸ਼ੀ ਪਾਏ ਗਏ, ਜਿਨ੍ਹਾਂ ਨੂੰ ਮਾਲਦੀਵ ਤੋਂ ਵਾਪਸ ਭੇਜ ਦਿੱਤਾ ਗਿਆ ਹੈ।

## ਕਿਸਾਨਾਂ ਦੇ ਕੂਚ ਦੇ ਮੱਦੇਨਜ਼ਰ ਦਿੱਲੀ ਦੀ ਕਿਲ੍ਹਾਬੰਦੀ

**ਨਵੀਂ ਦਿੱਲੀ:** ਪ੍ਰਦਰਸ਼ਨਕਾਰੀ ਕਿਸਾਨਾਂ ਵੱਲੋਂ ਕੌਮੀ ਰਾਜਧਾਨੀ ਵੱਲ ਮਾਰਚ ਕਰਨ ਦੇ ਦਿੱਤੇ ਸੱਦੇ ਦੇ ਮੱਦੇਨਜ਼ਰ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਅਤੇ ਕੇਂਦਰੀ ਦਿੱਲੀ ਅਤੇ ਹਰਿਆਣਾ ਨਾਲ ਲੱਗਦੀਆਂ ਸਰਹੱਦਾਂ ਉਤੇ ਵੱਡੀ ਗਿਣਤੀ ਵਿਚ ਸੁਰੱਖਿਆ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ।

ਬੈਰੀਕੇਡ ਲਗਾਏ ਗਏ ਹਨ, ਜਿਸ ਕਾਰਨ ਯਾਤਰੀਆਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੰਘੂ (ਦਿੱਲੀ-ਸੋਨੀਪਤ) ਅਤੇ ਟਿੱਕਰੀ ਸਰਹੱਦ (ਦਿੱਲੀ-ਬਹਾਦੁਰਗੜ੍ਹ) ਉਤੇ ਆਵਾਜਾਈ ਰੋਕ ਦਿੱਤੀ ਗਈ ਹੈ। ਸੁਰੱਖਿਆ ਕਰਮਚਾਰੀ ਦੰਗਾ ਵਿਰੋਧੀ ਉਪਕਰਨਾਂ ਨਾਲ ਤਾਇਨਾਤ ਹਨ ਅਤੇ ਸਥਿਤੀ ਉਤੇ ਨਜ਼ਰ ਰੱਖਣ ਲਈ ਡਰੋਨ ਦੀ ਵਰਤੋਂ ਕੀਤੀ ਜਾ ਰਹੀ ਹੈ। ਸਿੰਘੂ, ਟਿੱਕਰੀ ਅਤੇ ਗਾਜ਼ੀਪੁਰ ਸਰਹੱਦਾਂ ਉਤੇ ਕਈ ਪੜਾਵਾਂ 'ਚ ਬੈਰੀਕੇਡ, ਕੰਕਰੀਟ ਬੈਰੀਅਰ, ਲੋਹੇ ਦੀਆਂ ਮੇਖਾਂ ਅਤੇ ਕੰਟੇਨਰ ਲਗਾਏ ਗਏ ਹਨ।



ਇਸੇ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਸਾਨੀ ਸੰਘਰਸ਼ ਦੀ ਡਟਵੀਂ ਹਮਾਇਤ ਦਾ ਐਲਾਨ ਕਰਦਿਆਂ ਕਿਹਾ ਕਿ ਸੰਘਰਸ਼ਸ਼ੀਲ ਕਿਸਾਨਾਂ ਨੂੰ ਜਿਸ ਤਰ੍ਹਾਂ ਦੀ ਵੀ ਮਦਦ ਦੀ ਲੋੜ ਹੋਵੇਗੀ, ਕਮੇਟੀ ਮੁਹੱਈਆ ਕਰਵਾਏਗੀ। ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਵੀ ਪਿਛਲੇ ਕਿਸਾਨੀ ਸੰਘਰਸ਼ ਵੇਲੇ ਕਿਸਾਨਾਂ ਦੀ ਡਟਵੀਂ ਹਮਾਇਤ ਕੀਤੀ ਸੀ ਤੇ ਹਰ ਤਰੀਕੇ ਦੀ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਗਈ ਸੀ ਤੇ ਐਤਕੀਂ ਵੀ ਅਸੀਂ ਕਿਸਾਨੀ ਸੰਘਰਸ਼ ਦੀ ਹਮਾਇਤ ਕਰ ਰਹੇ ਹਾਂ ਕਿਉਂਕਿ ਕਿਸਾਨ ਦੇਸ਼ ਦਾ ਅੰਨਦਾਤਾ ਹੈ।

## ਕਿਸਾਨ ਸੰਘਰਸ਼ ਦੇ ਹੱਕ 'ਚ ਭਾਜਪਾ ਦੇ ਹਲਕਾ ਇੰਚਾਰਜ ਨੇ ਪਾਰਟੀ ਛੱਡੀ

**ਮੋਗਾ:** ਧਰਮਕੋਟ ਤੋਂ ਭਾਜਪਾ ਦੇ ਹਲਕਾ ਇੰਚਾਰਜ ਰਵਿੰਦਰ ਸਿੰਘ ਰਵੀ ਗਰੇਵਾਲ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਇੱਥੇ ਪ੍ਰੈੱਸ ਕਾਨਫਰੰਸ ਵਿਚ ਕਿਸਾਨਾਂ ਦੀ ਹਮਾਇਤ ਵਿਚ ਪਾਰਟੀ ਛੱਡਣ ਦੀ ਗੱਲ ਆਖਦਿਆਂ ਕਿਹਾ ਕਿ ਦਿੱਲੀ ਜਾ ਰਹੇ ਕਿਸਾਨਾਂ ਉਤੇ ਜੋ ਜ਼ੁਲਮ ਢਾਹਿਆ ਜਾ ਰਿਹਾ ਹੈ, ਉਹ ਮੰਦਭਾਗਾ ਹੀ ਨਹੀਂ ਸਗੋਂ ਬਹੁਤ ਨਿੰਦਣਯੋਗ ਹੈ। ਉਨ੍ਹਾਂ ਆਪਣਾ ਅਸਤੀਫ਼ਾ ਭਾਜਪਾ ਸੂਬਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੂੰ ਭੇਜ ਦਿੱਤਾ ਹੈ। ਉਨ੍ਹਾਂ ਕਿਸੇ ਦਾ ਨਾਮ ਲਏ ਬਿਨਾਂ ਇਸ਼ਾਰਾ ਕੀਤਾ ਕਿ ਭਾਜਪਾ ਦੇ ਹੋਰ ਕਈ ਵੱਡੇ ਆਗੂ ਵੀ ਪਾਰਟੀ ਛੱਡ ਸਕਦੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਪਿਛਲੇ ਕਰੀਬ 10 ਸਾਲਾਂ ਤੋਂ ਕੇਂਦਰ ਦੀ ਸੱਤਾ ਵਿਚ ਹੈ। ਉਨ੍ਹਾਂ ਕਈ ਵਾਰ ਹਾਂ-ਪੱਖੀ ਸੁਝਾਅ ਵੀ ਭੇਜੇ ਹਨ ਪਰ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਆਦਿ ਦੀ ਬਿਹਤਰੀ ਲਈ ਕੋਈ ਕੰਮ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਉਹ ਆਪਣੇ ਪਰਿਵਾਰ ਤੇ ਸਮਰਥਕਾਂ ਦੀ ਸਲਾਹ ਨਾਲ ਕਿਸੇ ਸਿਆਸੀ ਪਾਰਟੀ ਵਿਚ ਸ਼ਾਮਲ ਹੋਣਗੇ।

## ਮੰਗਾਂ ਨਾ ਮੰਨੀਆਂ ਤਾਂ ਟਰੈਕਟਰ ਮਾਰਚ ਕਰਾਂਗੇ: ਟਿਕੈਤ

**ਮੁਜ਼ੱਫਰਨਗਰ:** ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਦੇ ਆਗੂ ਰਾਕੇਸ਼ ਟਿਕੈਤ ਨੇ ਐਲਾਨ ਕੀਤਾ ਕਿ ਕਿਸਾਨ ਘੱਟੋ ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਸਣੇ ਹੋਰ ਮੰਗਾਂ ਮਨਵਾਉਣ ਲਈ ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ ਅਤੇ ਉੱਤਰਾਖੰਡ ਵਿਚ ਧਰਨੇ ਦੇਣਗੇ। ਇਥੇ ਸਿਸੌਲੀ ਦੀ ਪੰਚਾਇਤ ਵਿਚ ਸ਼ਿਰਕਤ ਕਰਨ ਮਗਰੋਂ ਸ੍ਰੀ ਟਿਕੈਤ ਨੇ ਕਿਹਾ ਕਿ ਮੀਟਿੰਗ ਦੌਰਾਨ ਇਕ ਮਤਾ ਪਾਸ ਕੀਤਾ ਗਿਆ ਕਿ ਜੇਕਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨਦੀ ਤਾਂ ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ.) ਦੀ ਅਗਵਾਈ ਹੇਠ ਫਰਵਰੀ ਦੇ ਆਖਰੀ ਹਫ਼ਤੇ ਦਿੱਲੀ ਤੱਕ ਟਰੈਕਟਰ ਮਾਰਚ ਕੱਢਿਆ ਜਾਵੇਗਾ। ਕੇਂਦਰ ਉਤੇ



ਆਪਣੀਆਂ ਮੰਗਾਂ ਮਨਵਾਉਣ ਵਾਸਤੇ ਦਬਾਅ ਬਣਾਉਣ ਲਈ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦਿੱਤੇ 'ਦਿੱਲੀ ਚੱਲੋ' ਮਾਰਚ ਦੇ ਸੱਦੇ ਤਹਿਤ ਇਹ ਪੰਚਾਇਤ ਸੱਦੀ ਗਈ ਸੀ।

## ਜਾਪਾਨ 'ਚ ਮੰਦੀ ਵਰਗਾ ਮਾਹੌਲ, ਚੌਥੇ ਸਥਾਨ 'ਤੇ ਪੁੱਜਾ

**ਟੋਕੀਓ:** ਜਾਪਾਨ ਦੁਨੀਆ ਦਾ ਹੁਣ ਚੌਥਾ ਸਭ ਤੋਂ ਵੱਡਾ ਅਰਥਚਾਰਾ ਹੈ। ਜਰਮਨੀ ਨੇ ਉਸ ਨੂੰ ਪਿੱਛੇ ਛੱਡ ਕੇ ਤੀਜਾ ਸਥਾਨ ਹਾਸਲ ਕਰ ਲਿਆ ਹੈ। ਸਰਕਾਰੀ ਅੰਕੜਿਆਂ ਮੁਤਾਬਕ 2023 'ਚ ਉਹ ਜਰਮਨੀ ਦੇ ਅਰਥਚਾਰੇ ਦੇ ਆਕਾਰ ਤੋਂ ਪਿੱਛੇ ਰਹਿ ਗਿਆ ਹੈ। ਅਕਤੂਬਰ ਤੋਂ ਦਸੰਬਰ ਤੱਕ ਦੇ ਤਿੰਨ ਮਹੀਨਿਆਂ ਦੌਰਾਨ ਸਾਲਾਨਾ ਦਰ 0.4 ਫ਼ੀਸਦ ਘੱਟ ਰਹਿ ਗਈ। ਉਂਜ ਜੀ.ਡੀ.ਪੀ. 1.9 ਫ਼ੀਸਦ ਰਹੀ। ਦੋ ਲਗਾਤਾਰ ਤਿਮਾਹੀਆਂ 'ਚ ਘਟਦੀ ਜੀ.ਡੀ.ਪੀ. ਕਾਰਨ ਮੰਨਿਆ ਜਾ ਰਿਹਾ ਹੈ ਕਿ ਜਾਪਾਨ 'ਚ ਤਕਨੀਕੀ ਤੌਰ ਉਤੇ ਮੰਦੀ ਦਾ ਮਾਹੌਲ ਹੈ। ਜਾਪਾਨ 2010 ਤੱਕ ਦੂਜਾ ਸਭ ਤੋਂ ਵੱਡਾ ਅਰਥਚਾਰਾ ਸੀ ਪਰ ਫਿਰ ਚੀਨ ਉਸ ਤੋਂ ਅੱਗੇ ਲੰਘ ਗਿਆ ਸੀ। ਜਾਪਾਨ ਦੀ ਜੀ.ਡੀ.ਪੀ. ਪਿਛਲੇ ਸਾਲ ਤੱਕ 4200 ਅਰਬ ਅਮਰੀਕੀ ਡਾਲਰ ਸੀ ਜਦਕਿ ਜਰਮਨੀ ਦੀ ਜੀ.ਡੀ.ਪੀ. 4400 ਅਰਬ ਅਮਰੀਕੀ ਡਾਲਰ ਦਰਜ ਹੋਈ। ਜਪਾਨ ਦੀ ਉਮਰਦਰਾਜ ਆਬਾਦੀ ਅਤੇ ਘਟਦੀ ਬਾਲ ਜਨਮ ਦਰ ਕਾਰਨ ਨੌਜਵਾਨਾਂ ਦੀ ਗਿਣਤੀ ਬਹੁਤ ਘੱਟ ਗਈ ਹੈ। ਜਾਪਾਨ ਅਤੇ ਜਰਮਨੀ ਦੋਹਾਂ ਨੇ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਰਾਹੀਂ ਆਪਣੇ ਅਰਥਚਾਰੇ ਦਾ ਨਿਰਮਾਣ ਕੀਤਾ ਹੈ।

## ਗਾਜ਼ਾ ਵਿਚ ਇਜ਼ਰਾਈਲੀ ਹਮਲੇ 'ਚ 18 ਹਲਾਕ

**ਰਫ਼ਾਹ:** ਇਜ਼ਰਾਈਲ ਵੱਲੋਂ ਗਾਜ਼ਾ ਉਤੇ ਕੀਤੇ ਗਏ ਤਾਜ਼ਾ ਹਮਲਿਆਂ 'ਚ 18 ਵਿਅਕਤੀ ਮਾਰੇ ਗਏ। ਉਂਜ ਗਾਜ਼ਾ ਦੇ ਸਿਹਤ ਮੰਤਰਾਲੇ ਨੇ ਪਿਛਲੇ 24 ਘੰਟਿਆਂ ਦੌਰਾਨ 127 ਵਿਅਕਤੀਆਂ ਦੀ ਮੌਤ ਹੋਣ ਦਾ ਦਾਅਵਾ ਕੀਤਾ ਹੈ। ਇਸ ਦੌਰਾਨ ਅਮਰੀਕਾ ਨੇ ਕਿਹਾ ਕਿ ਸੰਯੁਕਤ ਰਾਸ਼ਟਰ 'ਚ ਗੋਲੀਬੰਦੀ ਦਾ ਮਤਾ ਪੇਸ਼ ਹੋਣ ਉਤੇ ਉਹ ਮੁੜ ਤੋਂ ਵੀਟੋ ਦੀ ਵਰਤੋਂ ਕਰੇਗਾ। ਅਲਜੀਰੀਆ ਨੇ ਗਾਜ਼ਾ 'ਚ ਫੌਰੀ ਗੋਲੀਬੰਦੀ ਅਤੇ ਮਾਨਵੀ ਸਹਾਇਤਾ ਦੀ ਮੰਗ ਵਾਲੇ ਮਤੇ ਦਾ ਖਰੜਾ



ਸਲਾਮਤੀ ਕੌਂਸਲ 'ਚ ਨਸ਼ਰ ਕੀਤਾ ਹੈ। ਰਫ਼ਾਹ 'ਚ ਰਾਤ ਭਰ ਹੋਏ ਹਵਾਈ ਹਮਲਿਆਂ 'ਚ ਇਕ ਮਹਿਲਾ ਤੇ ਤਿੰਨ ਬੱਚਿਆਂ ਸਮੇਤ ਛੇ ਵਿਅਕਤੀ ਮਾਰੇ ਗਏ ਜਦਕਿ ਦੱਖਣੀ ਸ਼ਹਿਰ ਖਾਨ ਯੂਨਿਸ 'ਚ ਹੋਏ ਹਮਲਿਆਂ ਦੌਰਾਨ ਪੰਜ ਵਿਅਕਤੀਆਂ ਦੀ ਮੌਤ ਹੋ ਗਈ।

ਇਸ ਤੋਂ ਇਲਾਵਾ ਇਜ਼ਰਾਈਲੀ ਹਮਲੇ ਦੀ ਮਾਰ ਹੇਠ ਆਉਣ ਕਾਰਨ ਗਾਜ਼ਾ ਸ਼ਹਿਰ ਦੇ ਇਕ ਘਰ 'ਚ ਰਹਿਣ ਵਾਲੇ ਸੱਤ ਵਿਅਕਤੀ ਮਾਰੇ ਗਏ। ਉਧਰ, ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਦੇ ਮੁਖੀ ਨੇ ਕਿਹਾ ਕਿ ਦੱਖਣੀ ਗਾਜ਼ਾ 'ਚ ਸੇਵਾਵਾਂ ਦੇਣ ਵਾਲਾ ਮੁੱਖ ਨਾਸਿਰ ਹਸਪਤਾਲ ਇਜ਼ਰਾਈਲੀ ਫ਼ੌਜ ਦੇ ਛਾਪੇ ਮਗਰੋਂ ਚੱਲ ਨਹੀਂ ਰਿਹਾ ਹੈ। ਡਬਲਿਊ.ਐਚ.ਓ. ਦੀ ਇਕ ਟੀਮ ਨੂੰ ਹਸਪਤਾਲ 'ਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਡਬਲਿਊ.ਐਚ.ਓ. ਮੁਖੀ ਟੈਡਰੋਸ ਅਧਾਨੋਮ ਗੈਬ੍ਰਿਸਿਸ ਨੇ 'ਐਕਸ' ਉਤੇ ਪੋਸਟ 'ਚ ਕਿਹਾ ਕਿ ਹਸਪਤਾਲ 'ਚ ਅਜੇ ਵੀ ਕਰੀਬ 200 ਮਰੀਜ਼ ਹਨ ਜਿਨ੍ਹਾਂ ਵਿਚੋਂ 20 ਨੂੰ ਹੋਰ ਹਸਪਤਾਲਾਂ 'ਚ ਫੌਰੀ ਰੈਫ਼ਰ ਕਰਨ ਦੀ ਲੋੜ ਹੈ।

## ਡੋਨਲਡ ਟਰੰਪ ਦੇ ਮੁਕਾਬਲੇ ਜੋਅ ਬਾਇਡਨ ਵਧੇਰੇ ਤਜਰਬੇਕਾਰ: ਪੂਤਿਨ

**ਮਾਸਕੋ:** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਡੋਨਲਡ ਟਰੰਪ ਤੋਂ ਵਧੇਰੇ ਤਜਰਬੇਕਾਰ ਦੱਸਦਿਆਂ ਕਿਹਾ ਕਿ ਉਹ ਬਾਇਡਨ ਨੂੰ ਦੂਜਾ ਕਾਰਜਕਾਲ ਜਿੱਤਦਾ ਦੇਖਣਾ ਪਸੰਦ ਕਰਨਗੇ। ਰੂਸ ਦੇ ਸਰਕਾਰੀ ਟੀ.ਵੀ. ਨਾਲ ਇੰਟਰਵਿਊ 'ਚ ਪੂਤਿਨ ਨੇ ਕਿਹਾ ਕਿ ਉਹ ਅਮਰੀਕਾ 'ਚ ਚੁਣੇ ਜਾਣ ਵਾਲੇ ਕਿਸੇ ਵੀ ਰਾਸ਼ਟਰਪਤੀ ਨਾਲ ਕੰਮ ਕਰਨਗੇ ਪਰ ਜਦੋਂ ਪੁੱਛਿਆ ਗਿਆ ਕਿ ਬਿਹਤਰ ਬਦਲ ਕੌਣ ਹੋਵੇਗਾ ਤਾਂ ਉਨ੍ਹਾਂ ਕਿਹਾ ਕਿ ਉਹ ਚਾਹੁਣਗੇ ਕਿ ਬਾਇਡਨ ਜਿੱਤਣ। ਬਾਇਡਨ ਵਧੇਰੇ ਤਜਰਬੇਕਾਰ ਹਨ ਅਤੇ ਉਨ੍ਹਾਂ ਦੇ ਫ਼ੈਸਲਿਆਂ ਨੂੰ ਲੈ ਕੇ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਪੁਰਾਣੇ ਜ਼ਮਾਨੇ ਦੇ ਹੰਢੇ ਹੋਏ ਆਗੂ ਹਨ ਪਰ ਅਸੀਂ ਕਿਸੇ ਵੀ ਅਮਰੀਕੀ ਆਗੂ ਨਾਲ ਕੰਮ ਕਰਾਂਗੇ ਅਜਿਹਾ ਆਗੂ ਜਿਸ ਉਤੇ ਅਮਰੀਕੀ ਲੋਕ ਭਰੋਸਾ ਕਰਦੇ ਹੋਣ। ਬਾਇਡਨ ਦੀ ਸਿਹਤ ਨਾਲ ਸਬੰਧਤ ਮੁੱਦਿਆਂ ਬਾਰੇ ਉਨ੍ਹਾਂ ਜਵਾਬ ਦਿੱਤਾ, "ਮੈਂ ਡਾਕਟਰ ਨਹੀਂ ਹਾਂ ਅਤੇ ਮੈਂ ਇਸ ਉਤੇ ਟਿੱਪਣੀ ਕਰਨਾ ਠੀਕ ਨਹੀਂ ਸਮਝਦਾ ਹਾਂ।" ਯੂਕਰੇਨ ਜੰਗ ਬਾਰੇ ਪੂਤਿਨ ਨੇ ਕਿਹਾ ਕਿ ਵੱਖ ਹੋਏ ਇਲਾਕਿਆਂ ਨੂੰ ਵਧੇਰੇ ਤਾਕਤਾਂ ਦੇਣ ਸਬੰਧੀ 2015 ਦਾ ਸਮਝੌਤਾ ਲਾਗੂ ਕਰਨ ਤੋਂ ਇਨਕਾਰ ਕਰਨ ਉਤੇ ਉਨ੍ਹਾਂ ਨੂੰ ਕਾਰਵਾਈ ਕਰਨ ਲਈ ਮਜਬੂਰ ਹੋਣਾ ਪਿਆ ਹੈ ਅਤੇ ਉਹ ਜੰਗ ਨਹੀਂ ਛੇੜਨਾ ਚਾਹੁੰਦੇ ਸਨ।

# ਨਾਂਦੇੜ: ਸ਼੍ਰੋਮਣੀ ਕਮੇਟੀ ਨੂੰ ਅਜੇ ਵੀ ਸਰਕਾਰ ਦੀ ਨੀਅਤ 'ਤੇ ਸ਼ੱਕ

**ਅੰਮ੍ਰਿਤਸਰ:** ਮਹਾਰਾਸ਼ਟਰ ਸਰਕਾਰ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਨਾਲ ਸਬੰਧਤ ਐਕਟ ਵਿਚ ਕੀਤੀ ਸੋਧ ਦਾ ਮਾਮਲਾ ਹਾਲ ਦੀ ਘੜੀ ਰੋਕ ਦਿੱਤਾ ਗਿਆ ਹੈ। ਮਹਾਰਾਸ਼ਟਰ ਸਰਕਾਰ ਦੇ ਉਪ ਮੁੱਖ ਮੰਤਰੀ ਦੇਵਿੰਦਰ ਫੜਨਵੀਸ ਨੇ ਇਸ ਦਾ ਖੁਲਾਸਾ ਕੀਤਾ ਹੈ।

ਫੈਸਲਾ ਕੀਤਾ ਗਿਆ ਹੈ ਕਿ ਇਸ ਮਾਮਲੇ ਸਬੰਧੀ ਪਹਿਲਾਂ ਇਕ ਸਬ-ਕਮੇਟੀ ਬਣਾਈ ਜਾਵੇਗੀ ਜੋ ਵੱਖ-ਵੱਖ ਸਬੰਧਤ ਧਿਰਾਂ ਨਾਲ ਵਿਚਾਰ-ਚਰਚਾ ਕਰੇਗੀ। ਫਿਰ ਫੈਸਲਾ ਲਿਆ ਜਾਵੇਗਾ। ਇਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਮੂਲ ਐਕਟ 1956 ਅਨੁਸਾਰ ਚੋਣ ਕਰਵਾ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦਾ ਬੋਰਡ ਕਾਇਮ ਕਰੇ। ਸਰਕਾਰ ਦੇ ਇਸ ਫੈਸਲੇ ਉਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰੀ ਧਾਮੀ ਨੇ ਕਿਹਾ ਕਿ ਭਾਵੇਂ ਮਹਾਰਾਸ਼ਟਰ ਸਰਕਾਰ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਗੁਰਦੁਆਰਾ ਐਕਟ 1956 ਵਿਚ ਸਾਲ 2024 ਦੀ ਸੋਧ ਕਰਨ ਦੀ ਤਜਵੀਜ਼ ਦੇ ਆਪਣੇ ਫੈਸਲੇ ਨੂੰ ਰੋਕਣ ਦਾ ਫੈਸਲਾ ਕੀਤਾ ਹੈ ਪਰ ਇਸ ਨਾਲ



ਸਰਕਾਰੀ ਦਖ਼ਲਅੰਦਾਜ਼ੀ ਖ਼ਤਮ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਸਰਕਾਰ ਹੁਣ ਕਹਿ ਰਹੀ ਹੈ ਕਿ ਸਾਰੇ ਸਬੰਧਤ ਵਿਅਕਤੀਆਂ ਨਾਲ ਇਸ ਮੁੱਦੇ ਉਤੇ ਵਿਚਾਰ ਵਟਾਂਦਰਾ ਕਰਨ ਲਈ ਅਤੇ ਉਚਿਤ ਫ਼ੈਸਲਾ ਲੈਣ ਲਈ ਕੈਬਨਿਟ ਸਬ-ਕਮੇਟੀ ਬਣਾਈ ਜਾਵੇਗੀ। ਉਨ੍ਹਾਂ ਸਰਕਾਰ ਨੂੰ ਸਵਾਲ ਉਠਾਇਆ ਕਿ ਉਹ ਅਜਿਹੀ ਦਖ਼ਲਅੰਦਾਜ਼ੀ ਕਿਉਂ ਕਰਨਾ ਚਾਹੁੰਦੀ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਦੀ ਚੋਣ ਬੋਰਡ ਦੇ ਮੈਂਬਰਾਂ ਵੱਲੋਂ ਪਾਰਦਰਸ਼ੀ ਢੰਗ ਨਾਲ ਮੈਂਬਰਾਂ ਵਿਚੋਂ ਹੀ ਕੀਤੀ ਜਾਂਦੀ ਹੈ ਅਤੇ ਮੂਲ ਨਾਂਦੇੜ ਗੁਰਦੁਆਰਾ ਐਕਟ 1956 ਦੇ ਅਨੁਸਾਰ ਹੀ ਚੋਣ ਕਰਵਾਈ ਜਾਵੇ। ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਸ ਸਬੰਧੀ 2016 ਵਿਚ ਕੀਤੀ ਸੋਧ ਨੂੰ ਵੀ ਰੱਦ ਕੀਤਾ ਜਾਣਾ ਚਾਹੀਦਾ ਹੈ।

ਦੱਸਣਯੋਗ ਹੈ ਕਿ 5 ਫਰਵਰੀ ਨੂੰ ਮਹਾਰਾਸ਼ਟਰ ਸਰਕਾਰ ਵੱਲੋਂ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਬੋਰਡ ਐਕਟ 1956 ਵਿਚ ਸੋਧ ਕੀਤੀ ਗਈ ਸੀ। ਇਸ ਤਹਿਤ ਸੂਬਾ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣ ਵਾਲੇ ਬੋਰਡ ਦੇ ਮੈਂਬਰਾਂ ਦੀ ਗਿਣਤੀ ਵਧਾ ਕੇ 12 ਕਰ ਦਿੱਤੀ ਗਈ ਸੀ। ਇਸ ਬਿੱਲ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਵੀ ਚਾਰ ਤੋਂ ਘਟਾ ਕੇ ਦੋ ਕਰ ਦਿੱਤੀ ਸੀ। ਇਸੇ ਤਰ੍ਹਾਂ ਚੀਫ ਖਾਲਸਾ ਦੀਵਾਨ ਅਤੇ ਨਾਂਦੇੜ ਦੀ ਸਿੱਖ ਜਥੇਬੰਦੀ ਦੀ ਨਾਮਜ਼ਦਗੀ ਖਤਮ ਕਰ ਦਿੱਤੀ ਗਈ ਸੀ। ਸਰਕਾਰ ਦੇ ਇਸ ਫੈਸਲੇ ਦਾ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਸਿੰਘ ਸਾਹਿਬਾਨ, ਸੰਗਤ, ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ।

## ਗੁਰਦੁਆਰਾ ਐਕਟ ਤਰਮੀਮਾਂ ਦੀ ਵਾਪਸੀ ਦਾ ਸਵਾਗਤ

**ਫਤਹਿਗੜ੍ਹ ਸਾਹਿਬ:** ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ, ਨਾਂਦੇੜ ਦੇ ਐਕਟ ਸਬੰਧੀ ਕੀਤੀਆਂ ਸੋਧਾਂ ਵਾਪਸ ਲੈਣ ਦਾ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਮਹਾਰਾਸ਼ਟਰ ਦੀ ਸਰਕਾਰ ਨੇ ਇਹ ਫੈਸਲਾ ਲੈ ਕੇ ਚੰਗਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਐਕਟ ਵਿਚ ਨਵੀਂ ਤਰਮੀਮ ਵਾਪਸ ਲੈਣ ਨਾਲ ਮਹਾਰਾਸ਼ਟਰ ਸਰਕਾਰ ਦੀ ਫਰਾਖ਼ ਦਿਲੀ ਸਾਹਮਣੇ ਆਈ ਹੈ।

## ਦਿਲ ਦਾ ਦੌਰਾ ਪੈਣ ਕਾਰਨ ਅਦਾਕਾਰਾ ਕਵਿਤਾ ਚੌਧਰੀ ਦਾ ਦੇਹਾਂਤ

**ਅੰਮ੍ਰਿਤਸਰ:** ਦੂਰਦਰਸ਼ਨ ਦੇ ਲੜੀਵਾਰ ਉਡਾਨ 'ਚ ਆਈ.ਪੀ.ਐਸ. ਅਫਸਰ ਕਲਿਆਣੀ ਸਿੰਘ ਦਾ ਕਿਰਦਾਰ ਨਿਭਾਉਣ ਵਾਲੀ ਅਦਾਕਾਰਾ ਕਵਿਤਾ ਚੌਧਰੀ ਦਾ 67 ਸਾਲ ਦੀ ਉਮਰ 'ਚ ਅੰਮ੍ਰਿਤਸਰ ਵਿਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

ਇਸ ਮੌਕੇ ਉਨ੍ਹਾਂ ਦਾ ਭਰਾ ਕਪਿਲ ਚੌਧਰੀ, ਪਰਿਵਾਰਕ ਮੈਂਬਰ, ਦੋਸਤ ਤੇ ਰਿਸ਼ਤੇਦਾਰ ਹਾਜ਼ਰ ਸਨ। ਉਡਾਨ ਵਿਚ ਉਤਸ਼ਾਹੀ ਮਹਿਲਾ ਆਈ.ਪੀ.ਐਸ. ਅਧਿਕਾਰੀ ਦਾ ਕਿਰਦਾਰ ਨਿਭਾਉਣ ਵਾਲੀ ਕਵਿਤਾ ਚੌਧਰੀ ਦੀ ਇਹ ਭੂਮਿਕਾ ਉਸ ਦੀ ਆਪਣੀ ਵੱਡੀ ਭੈਣ ਕੰਚਨ ਚੌਧਰੀ ਭੱਟਾਚਾਰੀਆ ਤੋਂ ਪ੍ਰੇਰਿਤ ਸੀ। ਉਹ ਕਿਰਨ ਬੇਦੀ ਤੋਂ ਬਾਅਦ ਅਜਿਹੀ ਦੂਜੀ ਔਰਤ ਸੀ ਜੋ ਅੰਮ੍ਰਿਤਸਰ ਵਿਚ ਜੰਮੀ ਪਲੀ ਤੇ ਆਈ.ਪੀ.ਐਸ. ਬਣੀ। ਇਸ ਤੋਂ ਇਲਾਵਾ ਉਹ ਸਰਫ਼ ਦੇ ਇਸ਼ਤਿਹਾਰ ਨਾਲ ਵੀ ਮਕਬੂਲ ਹੋਈ। ਕਵਿਤਾ ਨੇ ਆਪਣੀ ਸਕੂਲੀ ਸਿੱਖਿਆ ਸ੍ਰੀ ਰਾਮ ਆਸ਼ਰਮ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਬਾਅਦ ਵਿਚ ਹਿੰਦੂ ਕਾਲਜ ਤੋਂ ਉੱਚ ਸਿੱਖਿਆ ਹਾਸਲ ਕੀਤੀ। ਅਮੀਰ ਕਾਰੋਬਾਰੀ ਪਰਿਵਾਰ ਤੋਂ ਹੋਣ ਦੇ ਬਾਵਜੂਦ ਦੋਵਾਂ ਨੇ ਆਪਣੀ ਵੱਖਰੀ ਪਛਾਣ ਬਣਾਉਣ ਲਈ ਸਖਤ ਮਿਹਨਤ ਕੀਤੀ।

# ਕੁਝ ਵਿਰੋਧੀ ਤਾਕਤਾਂ ਆਪਸੀ ਸਾਂਝ ਤੋੜਨ ਦੇ ਯਤਨ ਵਿਚ: ਭਗਵੰਤ ਮਾਨ

**ਲੁਧਿਆਣਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਹੈ ਕਿ ਸਾਡਾ ਦੇਸ਼ ਧਰਮ ਨਿਰਪੱਖ ਦੇਸ਼ ਹੈ ਜਿਥੇ ਹਰ ਧਰਮ ਦਾ ਸਨਮਾਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕੁਝ ਵਿਰੋਧੀ ਤਾਕਤਾਂ ਪੰਜਾਬ ਵਿਚ ਆਪਸੀ ਸਾਂਝ ਤੋੜਨ ਦਾ ਯਤਨ ਕਰ ਰਹੀਆਂ ਹਨ ਪਰ ਉਹ ਕਦੇ ਵੀ ਉਨ੍ਹਾਂ ਨੂੰ ਇਸ ਉਦੇਸ਼ ਵਿਚ ਸਫ਼ਲ ਨਹੀਂ ਹੋਣ ਦੇਣਗੇ।

ਉਨ੍ਹਾਂ ਕਿਹਾ ਕਿ ਇਸ ਧਰਤੀ ਉਤੇ ਨਫ਼ਰਤ ਦਾ ਬੀਜ ਨਹੀਂ ਬੀਜਿਆ ਜਾ ਸਕਦਾ। ਭਾਰਤ ਗੁਲਦਸਤਾ ਹੈ ਜਿਸ 'ਚ ਹਰ ਰੰਗ ਦੇ ਫੁੱਲ ਹਨ। ਇਹ ਦੇਸ਼ ਸ਼ਹਾਦਤਾਂ ਨਾਲ ਬਣਿਆ ਹੈ ਤੇ ਦੇਸ਼ ਨੂੰ ਤਰੱਕੀ ਕਰਦਿਆਂ ਦੇਖ ਕੇ ਖੁਸ਼ੀ ਹੁੰਦੀ ਹੈ। ਉਹ ਇੱਥੋਂ ਦੇ ਪੱਖੋਵਾਲ ਰੋਡ ਉਤੇ ਇਕ ਸਮਾਗਮ ਵਿਚ ਹਿੱਸਾ ਲੈਣ ਲਈ ਆਏ ਹੋਏ ਸਨ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬਚਪਨ 'ਚ ਉਨ੍ਹਾਂ ਰਾਮਲੀਲਾ ਖ਼ੂਬ ਦੇਖੀ ਹੈ। ਉਸ ਸਮੇਂ ਜਦੋਂ ਰਾਮਾਇਣ ਚੱਲਦੀ ਸੀ ਤਾਂ ਸੜਕਾਂ ਖਾਲੀ ਹੋ ਜਾਂਦੀਆਂ ਸਨ। ਹਿੰਦੂ, ਮੁਸਲਿਮ, ਸਿੱਖ ਅਤੇ ਈਸਾਈ ਸਾਰੇ ਇਕ ਦੂਸਰੇ ਦੇ ਧਰਮ ਨੂੰ ਪਿਆਰ ਕਰਦੇ ਹਨ। ਮੁੱਖ ਮੰਤਰੀ ਨੇ ਪੰਜਾਬ ਵਾਸੀਆਂ ਨੂੰ ਕਿਹਾ ਕਿ ਸਾਨੂੰ ਮਿਹਨਤ ਨਾਲ ਕੰਮ ਕਰਨਾ



ਪਵੇਗਾ ਕਿਉਂਕਿ ਜਦੋਂ ਸਮਾਜ ਤਰੱਕੀ ਕਰੇਗਾ ਉਦੋਂ ਹੀ ਪੰਜਾਬ ਤਰੱਕੀ ਕਰੇਗਾ। ਉਨ੍ਹਾਂ ਕਿਹਾ ਕਿ ਉਹ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਇਥੇ ਆਉਣ ਦਾ ਮੌਕਾ ਮਿਲਿਆ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦਾ ਮੁਖੀਆ ਹੋਣ ਨਾਤੇ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਸਮੇਂ-ਸਮੇਂ ਉਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ। ਇਸ ਮੌਕੇ ਉਨ੍ਹਾਂ ਰੱਬ ਅੱਗੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਸ੍ਰੀ ਮਾਨ ਨੇ ਕਿਹਾ ਕਿ ਉਨ੍ਹਾਂ ਹਮੇਸ਼ਾ ਪਰਮਾਤਮਾ ਅੱਗੇ ਇਹੀ ਅਰਦਾਸ ਰਹੀ ਹੈ ਕਿ ਉਨ੍ਹਾਂ ਦੀ ਕਲਮ ਨਾਲ ਲੋਕਾਂ ਦਾ ਭਲਾ ਹੋਵੇ।

# ਬੰਦੀ ਸਿੰਘਾਂ ਪ੍ਰਤੀ ਕੇਂਦਰ ਦੀ ਪਹੁੰਚ ਨਿਆਂਹੀਣ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਰਘਬੀਰ ਸਿੰਘ ਨੇ ਆਖਿਆ ਹੈ ਕਿ ਦੇਸ਼ ਦੀ ਕੇਂਦਰ ਸਰਕਾਰ ਬੰਦੀ ਸਿੰਘਾਂ ਪ੍ਰਤੀ ਨਿਆਂਹੀਣ ਪਹੁੰਚ ਅਪਣਾ ਰਹੀ ਜਿਸ ਕਾਰਨ ਸਿੱਖ ਕੌਮ ਵਿਚ ਆਪਣੇ ਹੀ ਦੇਸ਼ ਵਿਚ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਰਬ ਮੁਲਕ 'ਚ 8 ਭਾਰਤੀਆਂ ਨੂੰ ਹੋਈ ਫਾਂਸੀ ਦੀ ਸਜ਼ਾ ਮੁਆਫ਼ ਕਰਵਾਉਣ ਦੇ ਮਾਮਲੇ ਵਿਚ ਜੋ ਸ਼ਿੱਦਤ ਦਿਖਾਈ ਹੈ, ਉਹੀ ਸ਼ਿੱਦਤ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੰਘਾਂ ਪ੍ਰਤੀ ਵੀ ਦਿਖਾਉਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਤਿੰਨ ਦਹਾਕਿਆਂ ਨਾਲੋਂ ਵੱਧ ਸਮੇਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੱਖ ਦੇਸ਼ ਦੇ ਸਿਆਸੀ ਕੈਦੀ ਹਨ। ਉਨ੍ਹਾਂ ਕਿਹਾ ਕਿ ਚੰਗੀ ਗੱਲ ਹੈ ਕਿ ਪ੍ਰਧਾਨ ਮੰਤਰੀ ਨੇ 8 ਭਾਰਤੀਆਂ ਦੀ ਸਜ਼ਾ ਮੁਆਫ਼ੀ ਮਗਰੋਂ ਖ਼ੁਦ ਉਥੇ ਜਾ ਕੇ ਧੰਨਵਾਦ ਕੀਤਾ ਹੈ ਪਰ ਆਪਣੇ ਹੀ ਦੇਸ਼ ਦੀਆਂ ਜੇਲ੍ਹਾਂ ਵਿਚ



ਨਜ਼ਰਬੰਦ ਸਿੱਖ ਕੈਦੀਆਂ ਵੱਲ ਉਨ੍ਹਾਂ ਦਾ ਧਿਆਨ ਕਿਉਂ ਨਹੀਂ ਜਾ ਰਿਹਾ। ਜਥੇਦਾਰ ਨੇ ਆਖਿਆ ਕਿ ਬਲਵੰਤ ਸਿੰਘ ਰਾਜੋਆਣਾ ਪਿਛਲੇ 17 ਸਾਲਾਂ ਤੋਂ ਫਾਂਸੀ ਦੀ ਸਜ਼ਾ ਹੇਠ ਨਜ਼ਰਬੰਦ ਹੈ ਤੇ ਇਸ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਮਾਮਲਾ ਵੀ ਪਿਛਲੇ 12 ਸਾਲਾਂ ਤੋਂ ਲਟਕਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਭਾਰਤ ਸਰਕਾਰ ਨੂੰ ਸਿੱਖਾਂ ਪ੍ਰਤੀ ਦੋਹਰਾ ਵਿਹਾਰ ਛੱਡ ਕੇ ਤੁਰਤ ਭਾਈ ਰਾਜੋਆਣਾ ਸਮੇਤ ਬਾਕੀ ਬੰਦੀ ਸਿੰਘਾਂ ਨੂੰ ਰਿਹਾਅ ਕਰਨਾ ਚਾਹੀਦਾ ਹੈ।

# ਗੁਰੂ ਘਰਾਂ ਦੀਆਂ ਸਰਾਵਾਂ 'ਚ ਪੁਲਿਸ ਵੱਲੋਂ ਨਸ਼ਿਆਂ ਦੇ ਸੇਵਨ ਦਾ ਗੰਭੀਰ ਨੋਟਿਸ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਸਾਨਾਂ ਦੇ ਹੱਕਾਂ ਪ੍ਰਤੀ ਕੇਂਦਰ ਸਰਕਾਰ ਵੱਲੋਂ ਅਪਣਾਏ ਜਾ ਰਹੇ ਹਠੀ ਰਵੱਈਏ ਦੀ ਸਖ਼ਤ ਨਿਖੇਧੀ ਕਰਦਿਆਂ ਹਰਿਆਣਾ ਦੇ ਗੁਰਦੁਆਰਿਆਂ ਦੀਆਂ ਸਰਾਵਾਂ ਵਿਚ ਪੁਲਿਸ ਅਤੇ ਨੀਮ ਫੌਜੀ ਦਸਤਿਆਂ ਵੱਲੋਂ ਨਸ਼ਿਆਂ ਦਾ ਸੇਵਨ ਕਰਨ ਦੀਆਂ ਘਟਨਾਵਾਂ ਦਾ ਗੰਭੀਰ ਨੋਟਿਸ ਲਿਆ ਹੈ।

ਉਨ੍ਹਾਂ ਸਰਕਾਰ ਵੱਲੋਂ ਨਾਮਜ਼ਦ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਖ਼ਤ ਤਾੜਨਾ ਕੀਤੀ ਹੈ ਕਿ ਸੰਗਤ ਦੀ ਰਿਹਾਇਸ਼ ਲਈ ਬਣੀਆਂ ਗੁਰਦੁਆਰਿਆਂ ਦੀਆਂ ਸਰਾਵਾਂ ਵਿਚੋਂ ਪੁਲਿਸ ਅਤੇ ਨੀਮ ਫੌਜੀ ਬਲਾਂ ਨੂੰ ਤੁਰਤ ਬਾਹਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਦਿੱਲੀ ਨੂੰ ਰਵਾਨਾ ਹੋਏ ਪੰਜਾਬ ਦੇ ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਪੁਲਿਸ ਵੱਲੋਂ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਅਤੇ ਗੁਰਦੁਆਰਾ ਪੰਜੋਖਰਾ ਸਾਹਿਬ ਦੀਆਂ ਸਰਾਵਾਂ ਦੇ ਕਮਰਿਆਂ ਵਿਚ ਡੇਰੇ ਜਮਾਉਣ ਅਤੇ ਉੱਥੇ



ਨਸ਼ਿਆਂ ਦਾ ਸੇਵਨ ਕਰਨ ਦੀਆਂ ਨਾ-ਬਰਦਾਸ਼ਤਯੋਗ ਘਟਨਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨੇ ਸਿੱਖ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਅਜਿਹੀ ਕੁਤਾਹੀ ਨੂੰ ਕਦੇ ਵੀ ਮਾਫ਼ ਨਹੀਂ ਕੀਤਾ ਜਾਵੇਗਾ, ਗੁਰਦੁਆਰਿਆਂ ਦੀ ਮਰਿਆਦਾ ਭੰਗ ਕਰਨ ਦੇ ਜ਼ਿੰਮੇਵਾਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਹਰਿਆਣਾ ਦੇ ਗੁਰਦੁਆਰਿਆਂ ਵਿਚ ਪੁਲਿਸ ਨੂੰ ਦਾਖਲ ਕਰਨ ਅਤੇ ਮਰਿਆਦਾ ਦੀ ਉਲੰਘਣਾ ਕਰਨ ਨੂੰ ਗੰਭੀਰ ਮਾਮਲਾ ਦੱਸਦਿਆਂ ਇਸ ਦੀ ਸਖਤ ਨਿੰਦਾ ਕੀਤੀ ਹੈ।

# ਪੰਜਾਬੀ ਸਾਹਿਤ ਅਕਾਦਮੀ ਚੋਣਾਂ: ਡਾ. ਜੌਹਲ ਤੇ ਸਾਥੀਆਂ ਵੱਲੋਂ ਚੋਣ ਮਨੋਰਥ ਪੱਤਰ ਜਾਰੀ

**ਲੁਧਿਆਣਾ:** ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀਆਂ ਆ ਰਹੀਆਂ ਚੋਣਾਂ ਸਬੰਧੀ ਡਾ. ਲਖਵਿੰਦਰ ਸਿੰਘ ਜੌਹਲ ਦੀ ਅਗਵਾਈ ਵਾਲੇ ਸਰਬ ਸਾਂਝੇ ਉਮੀਦਵਾਰਾਂ ਦਾ ਮਨੋਰਥ ਪੱਤਰ ਜਾਰੀ ਕੀਤਾ ਗਿਆ ਜਿਸ ਨੂੰ ਜਨਰਲ ਸਕੱਤਰ ਦੇ ਅਹੁਦੇ ਲਈ ਉਮੀਦਵਾਰ ਡਾ. ਗੁਰਇਕਬਾਲ ਸਿੰਘ ਨੇ ਜਾਰੀ ਕੀਤਾ।

ਚੋਣ ਮਨੋਰਥ ਤਿਆਰ ਕਰਨ ਵਾਲੀ ਕਮੇਟੀ ਵਿਚ ਪ੍ਰਧਾਨ ਦੇ ਅਹੁਦੇ ਲਈ ਉਮੀਦਵਾਰ ਡਾ. ਲਖਵਿੰਦਰ ਸਿੰਘ ਜੌਹਲ, ਸੀਨੀਅਰ ਮੀਤ ਪ੍ਰਧਾਨਗੀ ਲਈ ਉਮੀਦਵਾਰ ਡਾ. ਸ਼ਿੰਦਰਪਾਲ ਸਿੰਘ, ਜਨਰਲ ਸਕੱਤਰ ਲਈ ਡਾ. ਗੁਰਇਕਬਾਲ ਸਿੰਘ, ਮੀਤ ਪ੍ਰਧਾਨਗੀ ਲਈ ਡਾ. ਭਗਵੰਤ ਸਿੰਘ, ਡਾ. ਗੁਰਚਰਨ ਕੌਰ ਕੋਚਰ, ਤ੍ਰੈਲੋਚਨ ਲੋਚੀ, ਮਦਨ ਵੀਰਾ ਤੇ ਡਾ.




ਇਕਬਾਲ ਸਿੰਘ ਗੋਦਾਰਾ ਸ਼ਾਮਲ ਸਨ। ਡਾ. ਗੁਰਇਕਬਾਲ ਨੇ ਦੱਸਿਆ ਕਿ 3 ਮਾਰਚ ਨੂੰ ਸਾਲ 2024-26 ਲਈ ਹੋ ਰਹੀ ਚੋਣ ਲਈ ਇਸ ਮਨੋਰਥ ਪੱਤਰ ਵਿਚ ਪੰਜਾਬੀ ਸਾਹਿਤ ਅਕਾਦਮੀ ਦੇ ਸੰਵਿਧਾਨ 'ਚ ਸੋਧ ਲਈ ਵਿਸ਼ੇਸ਼ ਸੁਝਾਅ ਕਮੇਟੀ ਦੀ ਸਥਾਪਨਾ ਕੀਤੀ ਜਾਵੇਗੀ।

ਵਿਦੇਸ਼ਾਂ ਵਿਚ ਰਹਿੰਦੇ ਸਰਪ੍ਰਸਤਾਂ ਤੇ ਮੈਂਬਰਾਂ ਨੂੰ ਅਕਾਦਮੀ ਦੇ ਪ੍ਰਬੰਧ ਵਿਚ ਸੁਚਾਰੂ ਹਿੱਸਾ ਲੈਣ ਲਈ ਭਵਿੱਖ ਮੁਖੀ ਨੇਮ ਬਣਾਏ ਜਾਣਗੇ। ਬਲਰਾਜ ਸਾਹਨੀ ਓਪਨ ਏਅਰ ਥੀਏਟਰ ਦੀ ਮੁਰੰਮਤ ਲਈ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਤੋਂ ਇਲਾਵਾ ਦਾਨੀਆਂ ਦੀ ਮਦਦ ਨਾਲ ਇਹ ਕਾਰਜ ਸੰਪੂਰਨ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਨਾਟਕ ਟੋਲੀਆਂ ਨੂੰ ਇਥੇ ਪੇਸ਼ਕਾਰੀ ਕਰਨ ਲਈ ਸੰਪਰਕ ਕੀਤਾ ਜਾਵੇਗਾ। ਪੰਜਾਬੀ ਭਵਨ ਦੀ ਇਮਾਰਤ ਦੀ ਦਿੱਖ ਨੂੰ ਰੰਗ-ਰੋਗਨ ਕਰਵਾ ਕੇ ਨਵਿਆਇਆ ਜਾਵੇਗਾ। ਪੰਜਾਬੀ ਭਵਨ ਰੈਫਰੈਂਸ ਲਾਇਬਰੇਰੀ ਦੀਆਂ ਕਿਤਾਬਾਂ ਨੂੰ ਵੈੱਬਸਾਈਟ ਉੱਤੇ ਪਾਉਣ ਦੇ ਯਤਨ ਆਰੰਭੇ ਜਾਣਗੇ ਅਤੇ ਗੂਗਲ ਵੱਲੋਂ ਡਿਜੀਟਲ ਡਾਟਾ ਦਾ ਬਹਾਨਾ ਬਣਾ ਕੇ ਪੰਜਾਬੀ ਭਾਸ਼ਾ ਨਾਲ ਕੀਤੇ ਜਾ ਰਹੇ ਵਿਤਕਰੇ ਨੂੰ ਦੂਰ ਕਰਨ ਲਈ ਵੱਖ-ਵੱਖ ਸੰਸਥਾਵਾਂ ਅਤੇ ਸਰਕਾਰੀ ਅਦਾਰਿਆਂ ਨਾਲ ਮਿਲ ਕੇ ਯੂਨੀਕੋਡ ਫੌਂਟ ਵਿਚ ਡਾਟਾ ਉਪਲੱਬਧ ਕਰਵਾਉਣ ਲਈ ਯਤਨ ਕੀਤੇ ਜਾਣਗੇ। ਡਾ. ਗੁਰਇਕਬਾਲ ਸਿੰਘ ਨੇ ਦੱਸਿਆ ਕਿ ਇੱਥੇ ਖੋਜ ਕੇਂਦਰ ਵੀ ਵਿਕਸਿਤ ਕੀਤਾ ਜਾਵੇਗਾ। ਪੰਜਾਬ ਲਾਇਬਰੇਰੀ ਐਕਟ ਬਣਾਉਣ ਲਈ ਅਕੈਡਮੀ ਵੱਲੋਂ 2010 ਵਿਚ ਆਰੰਭੇ ਕਾਰਜ ਨੂੰ ਮੁੜ ਸੁਰਜੀਤ ਕਰਨ ਲਈ ਪੰਜਾਬ ਸਰਕਾਰ ਨਾਲ ਸੰਪਰਕ ਕੀਤਾ ਜਾਵੇਗਾ।

## ਗੁਲਜ਼ਾਰ ਤੇ ਰਾਮਭਦਰਾਚਾਰੀਆ ਨੂੰ ਗਿਆਨਪੀਠ ਪੁਰਸਕਾਰ

**ਨਵੀਂ ਦਿੱਲੀ:** ਪ੍ਰਸਿੱਧ ਉਰਦੂ ਕਵੀ ਗੁਲਜ਼ਾਰ ਅਤੇ ਸੰਸਕ੍ਰਿਤ ਵਿਦਵਾਨ ਜਗਦਗੁਰੂ ਰਾਮਭਦਰਾਚਾਰੀਆ ਨੂੰ 2023 ਦੇ 58ਵੇਂ ਗਿਆਨਪੀਠ ਪੁਰਸਕਾਰ ਲਈ ਚੁਣਿਆ ਗਿਆ ਹੈ। ਗੁਲਜ਼ਾਰ ਨੂੰ ਹਿੰਦੀ ਸਿਨੇਮਾ ਵਿਚ ਆਪਣੀਆਂ ਰਚਨਾਵਾਂ ਲਈ ਜਾਣਿਆ ਜਾਂਦਾ ਹੈ ਅਤੇ ਇਸ ਯੁੱਗ ਦੇ ਉੱਤਮ ਉਰਦੂ ਕਵੀਆਂ ਵਿਚੋਂ ਇਕ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਪਹਿਲਾਂ 2002 ਵਿਚ ਉਰਦੂ ਲਈ ਸਾਹਿਤ ਅਕਾਦਮੀ ਅਵਾਰਡ, 2013 ਵਿਚ ਦਾਦਾ ਸਾਹਿਬ ਫਾਲਕੇ ਅਵਾਰਡ, 2004 ਵਿਚ ਪਦਮ ਭੂਸ਼ਣ ਮਿਲ ਚੁੱਕਿਆ ਹੈ। ਇਸ ਤੋਂ ਇਲਾਵਾ ਪੰਜ ਰਾਸ਼ਟਰੀ ਫਿਲਮ ਪੁਰਸਕਾਰ ਮਿਲ ਚੁੱਕੇ ਹਨ।

# ਇੰਦਰਬੀਰ ਸਿੰਘ ਨਿੱਝਰ ਚੀਫ ਖਾਲਸਾ ਦੀਵਾਨ ਦੇ ਮੁੜ ਪ੍ਰਧਾਨ ਬਣੇ

**ਅੰਮ੍ਰਿਤਸਰ:** ਸਦੀ ਪੁਰਾਣੀ ਸਿੱਖ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸਣੇ ਹੋਰ ਅਹੁਦੇਦਾਰਾਂ ਦੀ ਚੋਣ ਲਈ ਪਈਆਂ ਵੋਟਾਂ ਦੌਰਾਨ ਡਾ. ਇੰਦਰਬੀਰ ਸਿੰਘ ਨਿੱਝਰ ਧੜੇ ਨੇ ਪੰਜ ਅਹੁਦਿਆਂ ਉਤੇ ਜਿੱਤ ਪ੍ਰਾਪਤ ਕੀਤੀ। ਸ੍ਰੀ ਨਿੱਝਰ 247 ਵੋਟਾਂ ਲੈ ਕੇ ਦੂਜੀ ਵਾਰ ਸੰਸਥਾ ਦੇ ਪ੍ਰਧਾਨ ਬਣੇ ਹਨ। ਉਨ੍ਹਾਂ ਆਪਣੇ ਵਿਰੋਧੀ ਉਮੀਦਵਾਰ ਸੁਰਿੰਦਰ ਸਿੰਘ ਪਾਲ ਨੂੰ 97 ਵੋਟਾਂ ਦੇ ਫਰਕ ਨਾਲ ਹਰਾਇਆ।

ਡਾ. ਨਿੱਝਰ ਇਸ ਵੇਲੇ ਆਮ ਆਦਮੀ ਪਾਰਟੀ ਦੇ ਵਿਧਾਇਕ ਵੀ ਹਨ। ਉਹ ਚੀਫ਼ ਖਾਲਸਾ ਦੀਵਾਨ ਦੇ ਦੋ ਸਾਲ ਪ੍ਰਧਾਨ ਰਹੇ ਹਨ। ਕੁੱਲ 491 ਵਿਚੋਂ 399 ਵੋਟਰਾਂ ਨੇ ਵੋਟਾਂ ਪਾਈਆਂ। ਨਿੱਝਰ ਧੜੇ ਵੱਲੋਂ ਜਿੱਤਣ ਵਾਲੇ ਉਮੀਦਵਾਰਾਂ ਵਿਚ ਮੀਤ ਪ੍ਰਧਾਨ ਦੇ ਦੋ ਅਹੁਦਿਆਂ ਲਈ ਸੰਤੋਖ ਸਿੰਘ ਸੇਠੀ




ਅਤੇ ਜਗਜੀਤ ਸਿੰਘ ਬੰਟੀ ਚੋਣ ਜਿੱਤੇ ਹਨ। ਉਨ੍ਹਾਂ ਨੂੰ ਕ੍ਰਮਵਾਰ 242 ਅਤੇ 212 ਵੋਟਾਂ ਮਿਲੀਆਂ। ਇਸੇ ਤਰ੍ਹਾਂ ਸਥਾਨਕ ਪ੍ਰਧਾਨ ਲਈ ਕੁਲਜੀਤ ਸਿੰਘ ਸਾਹਨੀ 226 ਵੋਟਾਂ ਲੈ ਕੇ ਜੇਤੂ ਰਹੇ ਹਨ ਅਤੇ ਸਵਿੰਦਰ ਸਿੰਘ ਕੱਥੂਨੰਗਲ ਆਨਰੇਰੀ ਸਕੱਤਰ ਲਈ 221 ਵੋਟਾਂ ਲੈ ਕੇ ਜੇਤੂ ਰਹੇ। ਦੀਵਾਨ ਬਚਾਓ ਫਰੰਟ ਧੜੇ ਵੱਲੋਂ ਸਿਰਫ ਇਕ ਉਮੀਦਵਾਰ ਰਮਨੀਕ ਸਿੰਘ ਨੇ ਆਨਰੇਰੀ ਸਕੱਤਰ ਦੇ ਅਹੁਦੇ ਲਈ 217 ਵੋਟਾਂ ਲੈ ਕੇ ਜਿੱਤ ਪ੍ਰਾਪਤ ਕੀਤੀ।

ਉਧਰ, ਇੰਦਰਬੀਰ ਸਿੰਘ ਨਿੱਝਰ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਇਕ ਹੋਰ ਸਿਆਸੀ ਪਾਰਟੀ ਦੇ ਆਗੂਆਂ ਵੱਲੋਂ ਉਨ੍ਹਾਂ ਨੂੰ ਹਰਾਉਣ ਦਾ ਯਤਨ ਕੀਤਾ ਗਿਆ ਹੈ ਪਰ ਉਹ ਸਫਲ ਨਹੀਂ ਹੋ ਸਕੇ। ਚੋਣ ਜਿੱਤਣ ਤੋਂ ਬਾਅਦ ਉਨ੍ਹਾਂ ਨੇ ਸ਼ੁਕਰਾਨੇ ਵਜੋਂ ਚੀਫ ਖਾਲਸਾ ਦੀਵਾਨ ਦੇ ਗੁਰਦੁਆਰਾ ਸ੍ਰੀ ਕਲਗੀਧਰ ਵਿਖੇ ਨਤਮਸਤਕ ਹੋ ਕੇ ਗੁਰੂ ਦਾ ਸ਼ੁਕਰਾਨਾ ਕੀਤਾ। ਉਨ੍ਹਾਂ ਕਿਹਾ ਕਿ ਧਾਰਮਿਕ ਜਥੇਬੰਦੀਆਂ ਵਿਚ ਸਿਆਸੀ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ। ਚੀਫ਼ ਖਾਲਸਾ ਦੀਵਾਨ ਇਕ ਧਾਰਮਿਕ ਤੇ ਸਮਾਜਿਕ ਜਥੇਬੰਦੀ ਹੈ, ਜਿਸ ਦਾ ਮੁੱਖ ਟੀਚਾ ਸਿੱਖੀ ਅਤੇ ਸਿੱਖਿਆ ਦਾ ਪਸਾਰ ਕਰਨਾ ਹੈ।

ਚੀਫ ਖਾਲਸਾ ਦੀਵਾਨ ਦੇ ਕੱਢੇ ਹੋਏ ਛੇ ਮੈਂਬਰਾਂ ਨੇ ਉਨ੍ਹਾਂ ਨੂੰ ਵੋਟ ਨਾ ਪਾਉਣ ਉਤੇ ਪ੍ਰਬੰਧਕਾਂ ਖ਼ਿਲਾਫ਼ ਰੋਸ ਪ੍ਰਗਟਾਇਆ। ਇਹ ਮੈਂਬਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਵੋਟ ਪਾਉਣ ਸਬੰਧੀ ਹੱਕ ਦੇਣ ਬਾਰੇ ਇਕ ਪੱਤਰ ਲੈ ਕੇ ਪੁੱਜੇ ਸਨ। ਇਸ ਵਿਚ ਚੋਣ ਅਬਜ਼ਰਵਰ ਅਤੇ ਐਸ.ਡੀ.ਐਮ. ਨੂੰ ਆਖਿਆ ਗਿਆ ਸੀ ਕਿ ਇਨ੍ਹਾਂ ਛੇ ਮੈਂਬਰਾਂ ਨੂੰ ਘੱਟੋ ਘੱਟ ਆਪਣੀ ਟੈਂਡਰ ਵੋਟ ਪਾਉਣ ਦਾ ਅਧਿਕਾਰ ਦਿੱਤਾ ਜਾਵੇ। ਉਨ੍ਹਾਂ ਇਹ ਪੱਤਰ ਚੋਣ ਅਧਿਕਾਰੀਆਂ ਨੂੰ ਭੇਜਿਆ ਪਰ ਚੋਣ ਅਧਿਕਾਰੀਆਂ ਵੱਲੋਂ ਇਸ ਪੱਤਰ ਨੂੰ ਮੈਂਬਰਸ਼ਿਪ ਬਹਾਲ ਕਰਨ ਅਤੇ ਵੋਟ ਦਾ ਹੱਕ ਹੋਣ ਸਬੰਧੀ ਮੰਨਣ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਮੈਂਬਰਾਂ ਵਿਚ ਅਮਰਜੀਤ ਸਿੰਘ, ਪ੍ਰੋਫੈਸਰ ਹਰੀ ਸਿੰਘ, ਪ੍ਰੋਫੈਸਰ ਬਲਜਿੰਦਰ ਸਿੰਘ, ਇੰਜੀਨੀਅਰ ਨਵਦੀਪ ਸਿੰਘ, ਹਰਕੰਵਲ ਪਾਲ ਸਿੰਘ ਕੋਹਲੀ ਅਤੇ ਅਵਤਾਰ ਸਿੰਘ ਸ਼ਾਮਲ ਹਨ।

## ਵਿਦੇਸ਼ ਭੇਜਣ ਦੇ ਨਾਮ ਉਤੇ 18.6 ਲੱਖ ਦੀ ਠੱਗੀ

**ਸ੍ਰੀ ਮੁਕਤਸਰ ਸਾਹਿਬ:** ਪਿੰਡ ਕਾਉਣੀ ਦੇ ਇਕ ਨੌਜਵਾਨ ਨੂੰ ਵਿਦੇਸ਼ ਭੇਜਣ ਦੇ ਨਾਂ ਉਤੇ ਕੁਝ ਵਿਅਕਤੀਆਂ ਵੱਲੋਂ 18 ਲੱਖ 65 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਪੁਲਿਸ ਨੇ ਥਾਣਾ ਕੋਟਭਾਈ ਵਿਚ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਰੇਸ਼ਮ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਕਾਉਣੀ ਨੇ ਪੁਲਿਸ ਨੂੰ ਸ਼ਿਕਾਇਤ ਦਿੱਤੀ ਕਿ ਲਖਵਿੰਦਰ ਸਿੰਘ, ਗੁਰਦਿੱਤਾ ਸਿੰਘ ਉਰਫ ਗੁਰਾ, ਗੁਰਮੇਲ ਸਿੰਘ ਵਾਸੀ ਕਾਉਣੀ, ਲਖਵੀਰ ਸਿੰਘ ਪੁੱਤਰ ਸੁਖਮੰਦਰ ਸਿੰਘ ਵਾਸੀ ਕਾਉਣੀ ਤੇ ਲਖਵੀਰ ਸਿੰਘ ਬਰੀਵਾਲਾ ਨੇ ਉਸ ਦੇ ਲੜਕੇ ਮਨਜੀਤ ਸਿੰਘ ਨੂੰ ਪੁਰਤਗਾਲ ਭੇਜਣ ਲਈ ਉਨ੍ਹਾਂ ਕੋਲੋਂ 18 ਲੱਖ 65 ਹਜ਼ਾਰ ਰੁਪਏ ਲੈ ਲਏ। ਇਸ ਮਗਰੋਂ ਉਨ੍ਹਾਂ ਨੇ ਨਾ ਤਾਂ ਉਸ ਦੇ ਬੇਟੇ ਨੂੰ ਬਾਹਰ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਪੁਲਿਸ ਨੇ ਇਸ ਸਬੰਧੀ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## 'ਆਪ' ਅਤੇ ਕਾਂਗਰਸ ਵਿਚਾਲੇ ਪੰਜਾਬ 'ਚ ਇਕੱਲਿਆਂ ਚੋਣਾਂ ਲੜਨ ਲਈ ਸਹਿਮਤੀ ਬਣਨ ਦਾ ਦਾਅਵਾ

**ਨਵੀਂ ਦਿੱਲੀ:** ਇੰਡੀਆ ਗੱਠਜੋੜ 'ਚ ਸਭ ਕੁਝ ਠੀਕ ਨਾ ਹੋਣ ਦੀਆਂ ਅਫਵਾਹਾਂ ਨੂੰ ਨਕਾਰਦਿਆਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਖਿਆ ਕਿ 'ਆਪ' ਅਤੇ ਕਾਂਗਰਸ ਨੇ ਪੰਜਾਬ ਵਿਚ ਲੋਕ ਸਭਾ ਚੋਣਾਂ ਇਕੱਲਿਆਂ ਲੜਨ ਦਾ ਫੈਸਲਾ 'ਆਪਸੀ ਸਹਿਮਤੀ' ਨਾਲ ਲਿਆ ਹੈ ਅਤੇ ਉਨ੍ਹਾਂ ਵਿਚਾਲੇ ਕੋਈ ਮਤਭੇਦ ਨਹੀਂ ਹਨ।

ਕੇਜਰੀਵਾਲ ਨੇ ਦੁਪਹਿਰ ਦੇ ਖਾਣੇ ਉਤੇ ਕਾਂਗਰਸੀ ਨੇਤਾ ਅਭਿਸ਼ੇਕ ਮਨੂ ਸਿੰਘਵੀ ਨਾਲ ਮੁਲਾਕਾਤ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ 'ਆਪ' ਵੱਲੋਂ ਪੰਜਾਬ ਵਿਚ ਲੋਕ ਸਭਾ ਚੋਣਾਂ ਇਕੱਲਿਆਂ ਲੜਨ ਦੇ ਫ਼ੈਸਲੇ ਸਬੰਧੀ ਸਵਾਲ ਬਾਰੇ ਅਰਵਿੰਦ ਕੇਜਰੀਵਾਲ ਨੇ ਆਖਿਆ ਕਿ ਇਹ ਫ਼ੈਸਲਾ ਆਪਸੀ ਸਹਿਮਤੀ ਨਾਲ ਲਿਆ



ਗਿਆ ਹੈ। ਮੁੱਖ ਮੰਤਰੀ ਨੇ ਆਖਿਆ ਕਿ 'ਆਪ' ਵੱਲੋਂ ਦਿੱਲੀ 'ਚ ਕਾਂਗਰਸ ਨਾਲ ਸੀਟਾਂ ਦੀ ਵੰਡ ਬਾਰੇ ਗੱਲਬਾਤ ਚੱਲ ਰਹੀ ਹੈ ਕਿਉਂਕਿ ਅਜਿਹਾ ਨਾ ਹੋਣ ਨਾਲ ਭਾਜਪਾ ਲਈ ਰਾਹ ਸੁਖਾਲਾ ਹੋ ਜਾਵੇਗਾ। ਪਿਛਲੇ ਦਹਾਕੇ ਤੋਂ ਭਾਜਪਾ ਦਿੱਲੀ 'ਚ ਸਾਰੀਆਂ ਲੋਕ ਸਭਾ ਸੀਟਾਂ ਉਤੇ ਜਿੱਤਦੀ ਆ ਰਹੀ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਜਦੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 'ਆਪ' ਵੱਲੋਂ ਪੰਜਾਬ 'ਚ 13 ਲੋਕ ਸਭਾ ਸੀਟਾਂ ਉਤੇ ਇਕੱਲੇ ਚੋਣ ਲੜਨ ਦਾ ਐਲਾਨ ਕੀਤਾ ਸੀ ਤਾਂ ਪੰਜਾਬ ਕਾਂਗਰਸ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਸੀ ਕਿ ਕਾਂਗਰਸ ਪਾਰਟੀ ਵੀ ਬਿਲਕੁਲ ਇਹੀ (ਇਕੱਲੇ ਚੋਣਾਂ ਲੜਨਾ) ਚਾਹੁੰਦੀ ਹੈ।

## ਸਰਹੱਦੀ ਖੇਤਰ 'ਚੋਂ ਸ਼ੱਕੀ ਹਾਲਤ 'ਚ ਬੰਗਲਾਦੇਸ਼ੀ ਕਾਬੂ

**ਤਰਨ ਤਾਰਨ:** ਥਾਣਾ ਖਾਲੜਾ ਦੇ ਏ.ਐਸ.ਆਈ. ਹਰੀ ਸਿੰਘ ਦੀ ਅਗਵਾਈ ਵਾਲੀ ਪੁਲਿਸ ਨੇ ਸਰਹੱਦੀ ਖੇਤਰ ਦੇ ਮਨਾਹੀ ਵਾਲੇ ਖੇਤਰ ਵਿਚੋਂ ਸ਼ੱਕੀ ਹਾਲਤ ਵਿਚ ਘੁੰਮਦੇ ਬੰਗਲਾਦੇਸ਼ੀ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਦੀ ਪਛਾਣ ਮੁਹੰਮਦ ਮੁਸਤਫਾ ਕਮਲ ਪੁੱਤਰ ਮੁਹੰਮਦ ਅਲੀ ਪਿੰਡ ਗਾਜੀ ਡਾਕਖਾਨਾ, ਤਹਿਸੀਲ ਪੁਰਤਾਪੁਰ ਜ਼ਿਲ੍ਹਾ ਕੇਸਬਪੁਰ (ਬੰਗਲਾਦੇਸ਼) ਵਜੋਂ ਹੋਈ ਹੈ। ਮੁਲਜ਼ਮ ਨੂੰ ਸਰਹੱਦੀ ਖੇਤਰ ਦੇ ਮਨਾਹੀ ਵਾਲੇ ਖੇਤਰ ਦੇ ਪਿੰਡ ਡੱਲ ਨੇੜਿਓਂ ਕਾਬੂ ਕੀਤਾ ਗਿਆ। ਉਸ ਕੋਲ ਕੋਈ ਭਾਰਤੀ ਪਾਸਪੋਰਟ ਨਹੀਂ ਮਿਲਿਆ। ਉਸ ਕੋਲੋਂ ਮੋਬਾਈਲ ਫੋਨ ਅਤੇ 700 ਰੁਪਏ ਭਾਰਤੀ ਕਰੰਸੀ ਬਰਾਮਦ ਕੀਤੀ ਗਈ ਹੈ। ਇਸ ਸਬੰਧੀ ਖਾਲੜਾ ਪੁਲਿਸ ਨੇ ਕੇਸ ਦਰਜ ਲਿਆ ਹੈ।

## ਸਰਪੰਚ ਤੇ ਸਕੱਤਰ ਖਿਲਾਫ ਗਬਨ ਦਾ ਕੇਸ

**ਤਰਨ ਤਾਰਨ:** ਇੱਥੇ ਸਰਹੱਦੀ ਖੇਤਰ ਦੇ ਪਿੰਡ ਜੰਡ ਦੀ ਪੰਚਾਇਤ ਵੱਲੋਂ ਫੰਡਾਂ ਵਿਚ ਲੱਖਾਂ ਰੁਪਏ ਦਾ ਗਬਨ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।

ਵਲਟੋਹਾ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ (ਬੀ.ਡੀ.ਪੀ.ਓ.) ਪਲਵਿੰਦਰ ਸਿੰਘ ਵੱਲੋਂ ਕੀਤੀ ਜਾਂਚ ਮਗਰੋਂ ਪਿੰਡ ਦੀ ਸਰਪੰਚ ਸੁਖਵਿੰਦਰ ਕੌਰ ਅਤੇ ਸਕੱਤਰ ਲਖਵੀਰ ਸਿੰਘ ਨੂੰ ਦੋਸ਼ੀ ਪਾਇਆ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਸਰਪੰਚ ਅਤੇ ਸਕੱਤਰ ਨੇ ਪੰਚਾਇਤ ਦੀ ਜ਼ਮੀਨ ਠੇਕੇ ਉਤੇ ਦੇਣ ਲਈ ਕੀਤੀ ਬੋਲੀ ਦੀ 4.95 ਰੁਪਏ ਪੰਚਾਇਤ ਦੇ ਖਾਤੇ ਵਿਚ ਜਮ੍ਹਾਂ ਨਹੀਂ ਕਰਵਾਏ। ਇਹ ਰਕਮ ਉਨ੍ਹਾਂ ਖੁਦ ਹੀ ਹੜੱਪ ਕਰ ਲਈ। ਵਲਟੋਹਾ ਪੁਲਿਸ ਨੇ ਸਰਪੰਚ ਅਤੇ ਸਕੱਤਰ ਖ਼ਿਲਾਫ਼ ਕੇਸ ਦਰਜ ਕੀਤਾ ਹੈ।

## ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਲਈ ਕੇਂਦਰ ਆਰਡੀਨੈਂਸ ਲਿਆਵੇ: ਪੰਧੇਰ

**ਚੰਡੀਗੜ੍ਹ:** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾਈ ਆਗੂ ਸਰਵਣ ਸਿੰਘ ਪੰਧੇਰ ਨੇ ਕੇਂਦਰ ਸਰਕਾਰ ਤੋਂ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਉਤੇ ਕਾਨੂੰਨੀ ਗਾਰੰਟੀ ਲਈ ਆਰਡੀਨੈਂਸ ਲਿਆਉਣ ਦੀ ਮੰਗ ਕੀਤੀ। ਪੰਧੇਰ ਨੇ ਕਿਹਾ ਕਿ ਕੇਂਦਰ ਕੋਲ 'ਸਿਆਸੀ' ਫੈਸਲੇ ਲੈਣ ਦਾ ਅਧਿਕਾਰ ਹੈ।

ਉਨ੍ਹਾਂ ਹਰਿਆਣਾ ਦੀ ਹੱਦ ਉਤੇ ਕਿਹਾ, ''ਜੇਕਰ ਕੇਂਦਰ ਸਰਕਾਰ ਚਾਹੇ ਤਾਂ ਉਹ ਰਾਤੋ-ਰਾਤ ਆਰਡੀਨੈਂਸ ਲਿਆ ਸਕਦੀ ਹੈ। ਜੇਕਰ ਸਰਕਾਰ ਕਿਸਾਨਾਂ ਦੇ ਅੰਦੋਲਨ ਦਾ ਕੋਈ ਹੱਲ ਚਾਹੁੰਦੀ ਹੈ ਤਾਂ ਉਸ ਨੂੰ ਇਹ ਆਰਡੀਨੈਂਸ ਲਿਆਉਣਾ ਚਾਹੀਦਾ ਹੈ ਕਿ ਉਹ ਐਮ.ਐਸ.ਪੀ. ਉਤੇ ਕਾਨੂੰਨ ਲਾਗੂ ਕਰੇਗੀ, ਤਾਂ ਹੀ ਗੱਲਬਾਤ ਅੱਗੇ ਵਧ ਸਕਦੀ ਹੈ।'' ਪੰਧੇਰ ਨੇ ਕਿਹਾ ਕਿ ਜਿੱਥੋਂ ਤੱਕ ਢੰਗ-ਤਰੀਕਿਆਂ ਦੀ ਗੱਲ ਹੈ ਤਾਂ ਕੋਈ ਵੀ ਆਰਡੀਨੈਂਸ ਛੇ ਮਹੀਨੇ ਤੱਕ ਵੈਧ ਹੁੰਦਾ ਹੈ। ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਸਰਕਾਰ



ਨੂੰ ਦੇਸ਼ ਦੇ ਲੋਕਾਂ ਨੂੰ ਕੁੱਝ ਦੇਣ ਲਈ ਆਰਡੀਨੈਂਸ ਲਿਆਉਣਾ ਚਾਹੀਦਾ ਹੈ। ਡੱਲੇਵਾਲ ਵੀ ਪੰਧੇਰ ਨਾਲ ਮਿਲ ਕੇ ਕਿਸਾਨਾਂ ਦੇ 'ਦਿੱਲੀ ਚੱਲੋ' ਮਾਰਚ ਦੀ ਅਗਵਾਈ ਕਰ ਰਹੇ ਹਨ। ਇਨ੍ਹਾਂ ਦਾਅਵਿਆਂ ਬਾਰੇ ਪੁੱਛਣ ਉਤੇ ਕਿ ਸਾਰੀਆਂ 23 ਫਸਲਾਂ ਉਤੇ ਐਮ.ਐਸ.ਪੀ. ਦੇਣ ਲਈ ਕਾਫ਼ੀ ਰਕਮ ਦੀ ਲੋੜ ਹੋਵੇਗੀ ਤਾਂ ਡੱਲੇਵਾਲ ਨੇ ਕਿਹਾ ਕਿ ਇਕ ਅਧਿਐਨ ਵਿਚ ਸਾਹਮਣੇ ਆਇਆ ਹੈ ਕਿ ਇਸ ਲਈ 2.50 ਲੱਖ ਕਰੋੜ ਦੀ ਲੋੜ ਹੈ। ਇਕ ਹੋਰ ਅਧਿਐਨ ਵਿਚ ਇਹ ਰਕਮ ਕੇਵਲ 36,000 ਕਰੋੜ ਰੁਪਏ ਦੱਸੀ ਗਈ ਹੈ। ਡੱਲੇਵਾਲ ਨੇ ਕਿਹਾ ਕਿ ਖੇਤੀ ਖੇਤਰ 50 ਫੀਸਦੀ ਰੁਜ਼ਗਾਰ ਪੈਦਾ ਕਰ ਰਿਹਾ ਹੈ।

## 'ਸ਼ੇਰ-ਏ-ਪੰਜਾਬ ਅਕਾਲੀ ਦਲ' ਨਾਂ ਦੀ ਨਵੀਂ ਪਾਰਟੀ ਬਣਾਈ

**ਜਲੰਧਰ:** ਪੰਜਾਬ ਵਿਚ ਚਾਰ ਸਿਆਸੀ ਧਿਰਾਂ ਨੇ ਇਕੱਠੇ ਹੋ ਕੇ ਨਵਾਂ ਅਕਾਲੀ ਦਲ ਬਣਾਉਣ ਦਾ ਐਲਾਨ ਕਰਦਿਆਂ 'ਸ਼ੇਰ-ਏ-ਪੰਜਾਬ ਅਕਾਲੀ ਦਲ' ਨਾਂ ਦੀ ਪਾਰਟੀ ਦਾ ਗਠਨ ਕੀਤਾ। ਇਸ ਪਾਰਟੀ ਦਾ ਪਹਿਲਾ ਪ੍ਰਧਾਨ ਭਾਈ ਗੁਰਦੀਪ ਸਿੰਘ ਬਠਿੰਡਾ ਨੂੰ ਐਲਾਨਿਆ ਗਿਆ। ਪ੍ਰਧਾਨ ਦੀ ਇਹ ਚੋਣ 3 ਸਾਲਾਂ ਲਈ ਹੋਵੇਗੀ। ਗੁਰਦੀਪ ਸਿੰਘ ਬਠਿੰਡਾ ਨੇ ਦੱਸਿਆ ਕਿ ਪਾਰਟੀ ਪ੍ਰਧਾਨ ਰਹਿੰਦਿਆਂ ਪ੍ਰਧਾਨ ਨਾ ਖੁਦ ਚੋਣ ਲੜੇਗਾ ਨਾ ਪਰਿਵਾਰਿਕ ਮੈਂਬਰ, ਕੋਈ ਵਿਧਾਨਕ ਚੋਣ ਲੜੇਗਾ। ਪਾਰਟੀ ਦੀ ਅਗਲੀ ਮੀਟਿੰਗ 26 ਫਰਵਰੀ ਨੂੰ ਹੋਵੇਗੀ।

# ਗੈਂਗਸਟਰ ਕਾਲਾ ਧਨੌਲਾ ਪੁਲਿਸ ਮੁਕਾਬਲੇ ਵਿਚ ਹਲਾਕ

**ਬਰਨਾਲਾ:** ਪਿੰਡ ਬਡਬਰ ਲਾਗੇ ਪੁਲਿਸ ਨੂੰ ਲੋੜੀਂਦਾ ਗੈਂਗਸਟਰ ਕਾਲਾ ਮਾਨ ਧਨੌਲਾ ਐਂਟੀ ਗੈਂਗਸਟਰ ਟਾਸਕ ਫੋਰਸ ਨਾਲ ਮੁਕਾਬਲੇ 'ਚ ਹਲਾਕ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਬਡਬਰ ਲਾਗੇ ਖੇਤਾਂ ਵਿਚ ਬਣੀ ਲਾਲ ਕੋਠੀ ਨੂੰ ਜਦੋਂ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਘੇਰਿਆ ਤਾਂ ਕੋਠੀ ਦੇ ਅੰਦਰੋਂ ਕਾਲਾ ਮਾਨ ਧਨੌਲਾ ਨੇ ਪੁਲਿਸ ਉਤੇ ਹਮਲਾ ਕਰ ਦਿੱਤਾ। ਪੁਲਿਸ ਦੀ ਜਵਾਬੀ ਕਾਰਵਾਈ ਵਿਚ ਕਾਲਾ ਮਾਨ ਧਨੌਲਾ ਦੀ ਮੌਤ ਹੋ ਗਈ। ਪਿਛਲੇ ਦਿਨੀਂ ਧਨੌਲਾ ਦੇ ਕਾਂਗਰਸੀ ਬਲਾਕ ਪ੍ਰਧਾਨ ਸੁਰਿੰਦਰਪਾਲ ਬਾਲਾ ਉਤੇ ਜਾਨਲੇਵਾ ਹਮਲਾ ਕਰਕੇ ਗੈਂਗਸਟਰ ਕਾਲਾ ਧਨੌਲਾ ਫਰਾਰ ਹੋ ਗਿਆ ਸੀ।

ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਮਲਿਕ ਅਤੇ ਐਂਟੀ ਗੈਂਗਸਟਰ ਟਾਸਕ ਫੋਰਸ ਦੇ ਏ.ਆਈ.ਜੀ. ਸੰਦੀਪ ਗੋਇਲ ਨੇ ਦੱਸਿਆ ਕਿ ਪੁਲਿਸ ਵੱਲੋਂ ਕਾਲੇ ਧਨੌਲੇ ਦੀ ਭਾਲ ਲਈ ਲਗਾਤਾਰ ਛਾਪੇ



ਮਾਰੇ ਜਾ ਰਹੇ ਸਨ। ਗੁਪਤ ਸੂਚਨਾ ਦੇ ਆਧਾਰ ਉਤੇ ਐਂਟੀ ਗੈਂਗਸਟਰ ਟਾਸਕ ਫੋਰਸ ਦੇ ਏ.ਆਈ.ਜੀ. ਸੰਦੀਪ ਗੋਇਲ ਅਤੇ ਡੀ.ਐਸ.ਪੀ. ਬਿਕਰਮ ਸਿੰਘ ਬਰਾੜ ਦੀ ਅਗਵਾਈ ਹੇਠ ਪੁਲਿਸ ਨੇ ਬਡਬਰ ਲਾਗੇ ਖੇਤਾਂ 'ਚ ਬਣੀ ਲਾਲ ਕੋਠੀ ਨੂੰ ਘੇਰਾ ਪਾ ਲਿਆ। ਪੁਲਿਸ ਵੱਲੋਂ ਕਾਲੇ ਧਨੌਲੇ ਨੂੰ ਆਤਮ ਸਮਰਪਣ ਲਈ ਕਿਹਾ ਗਿਆ ਪਰ ਉਸ ਨੇ ਪੁਲਿਸ ਉਤੇ ਹਮਲਾ ਕਰ ਦਿੱਤਾ।

ਉਨ੍ਹਾਂ ਦੱਸਿਆ ਕਿ ਗੈਂਗਸਟਰ ਕਾਲੇ ਧਨੌਲੇ ਵੱਲੋਂ ਕੀਤੇ ਹਮਲੇ 'ਚ ਜ਼ਖ਼ਮੀ ਹੋਏ ਇੰਸਪੈਕਟਰ ਪ੍ਰਸ਼ਿਵੰਦਰ ਸਿੰਘ ਅਤੇ ਸਬ-ਇੰਸਪੈਕਟਰ ਜਸਪ੍ਰੀਤ ਸਿੰਘ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਦੀ ਜਵਾਬੀ ਕਾਰਵਾਈ 'ਚ ਗੈਂਗਸਟਰ ਕਾਲਾ ਮਾਨ ਧਨੌਲਾ ਮਾਰਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਗੈਂਗਸਟਰ ਕਾਲੇ ਧਨੌਲੇ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕਾਲੇ ਧਨੌਲੇ ਉਤੇ ਵੱਖ-ਵੱਖ ਥਾਣਿਆਂ 'ਚ ਕਈ ਕੇਸ ਦਰਜ ਸਨ।

## ਹੁਸ਼ਿਆਰਪੁਰ ਨੇੜੇ ਪੁਲਿਸ ਮੁਕਾਬਲੇ 'ਚ ਦੋ ਲੁਟੇਰੇ ਜ਼ਖ਼ਮੀ

**ਹੁਸ਼ਿਆਰਪੁਰ:** ਪਿੰਡ ਤਾਰਾਗੜ੍ਹ ਨੇੜੇ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਲੁੱਟਾਂ ਖੋਹਾਂ ਕਰਨ ਵਾਲੇ ਦੋ ਮੁਲਜ਼ਮ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹੋ ਗਏ। ਪੁਲਿਸ ਅਧਿਕਾਰੀਆਂ ਅਨੁਸਾਰ ਇਸ ਸਬੰਧੀ ਗੁਪਤ ਸੂਚਨਾ ਮਿਲਣ ਉਤੇ ਦੋਵਾਂ ਮੁਲਜ਼ਮਾਂ ਦਾ ਪਿੱਛਾ ਕੀਤਾ ਜਾ ਰਿਹਾ ਸੀ। ਇਸ ਦੌਰਾਨ ਇਨ੍ਹਾਂ ਨੇ ਪੁਲਿਸ ਮੁਲਾਜ਼ਮਾਂ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਜਵਾਬੀ ਫਾਇਰਿੰਗ ਵਿਚ ਦੋਹਾਂ ਨੂੰ ਗੋਲੀਆਂ ਲੱਗੀਆਂ ਤੇ ਉਹ ਡਿੱਗ ਗਏ। ਮੁਲਜ਼ਮਾਂ ਦੀ ਪਛਾਣ ਅਕਾਸ਼ ਤੇ ਮਨਦੀਪ ਵਜੋਂ ਹੋਈ ਹੈ। ਦੋਵੇਂ ਜਲੰਧਰ ਦੇ ਵਾਸੀ ਹਨ।

# ਪਰਾਲੀ ਪ੍ਰਦੂਸ਼ਣ: ਕਿਸਾਨਾਂ 'ਤੇ ਕਾਰਵਾਈ ਤੋਂ ਟਾਲਾ ਵੱਟਣ ਲੱਗੀ ਸਰਕਾਰ



## ਅੰਕੜਿਆਂ ਉਤੇ ਝਾਤ

**ਚੰਡੀਗੜ੍ਹ:** ਅੰਕੜਿਆਂ ਉਤੇ ਨਜ਼ਰ ਮਾਰੀਏ ਤਾਂ 2023 ਦੇ ਝੋਨੇ ਦੇ ਸੀਜ਼ਨ ਦੌਰਾਨ ਸੂਬੇ ਵਿਚ ਪਰਾਲੀ ਸਾੜਨ ਦੀਆਂ 36,663 ਘਟਨਾਵਾਂ ਸਾਹਮਣੇ ਆਈਆਂ ਸਨ ਜਿਨ੍ਹਾਂ ਵਿਚੋਂ 10,008 ਮਾਮਲਿਆਂ ਵਿਚ 2,57,90,000 ਰੁਪਏ ਦਾ ਵਾਤਾਵਰਨ ਮੁਆਵਜ਼ਾ ਲਗਾਇਆ ਗਿਆ ਸੀ ਅਤੇ ਇਸ ਵਿਚੋਂ 1,88,60500 ਰੁਪਏ ਦੀ ਵਸੂਲੀ ਹੋ ਚੁੱਕੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਤੀਜੇ ਗੇੜ ਦੀ ਮੀਟਿੰਗ ਵਿਚ ਵੀ ਕਿਸਾਨ ਆਗੂਆਂ ਅੱਗੇ ਆਪਣੇ ਮਨਸ਼ਾ ਜ਼ਾਹਿਰ ਕਰ ਦਿੱਤੀ ਸੀ ਕਿ ਖੁਦ ਸੂਬਾ ਸਰਕਾਰ ਕਿਸੇ ਕਿਸਾਨ ਖ਼ਿਲਾਫ਼ ਪਰਾਲੀ ਦੇ ਮਾਮਲੇ ਉਤੇ ਕਾਰਵਾਈ ਨਹੀਂ ਕਰਨਾ ਚਾਹੁੰਦੀ।

**ਚੰਡੀਗੜ੍ਹ:** ਪੰਜਾਬ ਸਰਕਾਰ ਹੁਣ ਪਰਾਲੀ ਸਾੜਨ ਵਾਲੇ ਕਿਸਾਨਾਂ ਖ਼ਿਲਾਫ਼ ਕੋਈ ਕਾਰਵਾਈ ਕਰਨ ਦੇ ਰੌਂਅ ਵਿਚ ਨਹੀਂ ਹੈ ਅਤੇ ਸੁਪਰੀਮ ਕੋਰਟ ਦੀ ਅਗਲੀ ਸੁਣਵਾਈ ਤੋਂ ਸੂਬਾ ਸਰਕਾਰ ਕਸੂਤੀ ਸਥਿਤੀ ਵਿਚ ਫਸ ਗਈ ਹੈ। ਸੂਬਾ ਸਰਕਾਰ ਇਸ ਘੜੀ ਕੋਈ ਐਕਸ਼ਨ ਲੈਣ ਦੇ ਰੌਂਅ ਵਿਚ ਨਹੀਂ ਹੈ। ਉਪਰੋਂ ਲੋਕ ਸਭਾ ਚੋਣਾਂ ਵੀ ਸਿਰ 'ਤੇ ਹਨ। ਸੁਪਰੀਮ ਕੋਰਟ ਵਿਚ ਪਰਾਲੀ ਪ੍ਰਦੂਸ਼ਣ ਦੇ ਮੁੱਦੇ ਉਤੇ 27 ਫਰਵਰੀ ਨੂੰ ਸੁਣਵਾਈ ਹੋਣੀ ਹੈ ਅਤੇ 13 ਦਸੰਬਰ ਦੀ ਪਿਛਲੀ ਪੇਸ਼ੀ 'ਤੇ ਸੁਪਰੀਮ ਕੋਰਟ ਨੇ ਪਰਾਲੀ ਸਾੜਨ ਵਾਲੇ ਕਿਸਾਨਾਂ ਉਤੇ ਕਾਰਵਾਈ ਕਰਨ ਲਈ ਕਿਹਾ ਸੀ ਅਤੇ ਇਸ ਕਾਰਵਾਈ ਦੀ ਰਿਪੋਰਟ 27 ਫਰਵਰੀ ਨੂੰ ਅਦਾਲਤ ਦੇ ਸਾਹਮਣੇ ਰੱਖਣ ਵਾਸਤੇ ਹੁਕਮ ਕੀਤੇ ਸਨ।

ਪੰਜਾਬ ਸਰਕਾਰ ਪਿਛਲੇ ਦਿਨਾਂ ਤੋਂ ਇਸ ਮਾਮਲੇ ਉਤੇ ਵਿਚਾਰ ਚਰਚਾ ਕਰ ਰਹੀ ਹੈ ਅਤੇ ਅਧਿਕਾਰੀਆਂ ਨੇ ਮੁੱਖ ਮੰਤਰੀ ਦੇ ਧਿਆਨ ਵਿਚ ਇਹ ਮਾਮਲਾ ਲਿਆਂਦਾ ਹੈ। ਸੂਤਰ ਦੱਸਦੇ ਹਨ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਪਸ਼ਟ ਰੂਪ ਵਿਚ ਆਖ ਦਿੱਤਾ ਹੈ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ ਖ਼ਿਲਾਫ਼ ਸੂਬਾ ਸਰਕਾਰ ਕੋਈ ਐਕਸ਼ਨ ਨਹੀਂ ਲਵੇਗੀ। ਸੁਪਰੀਮ ਕੋਰਟ ਨੇ ਸੂਬਾ ਸਰਕਾਰ ਨੂੰ ਕਿਹਾ ਸੀ ਕਿ ਪਰਾਲੀ ਸਾੜਨ ਵਾਲਿਆਂ ਖ਼ਿਲਾਫ਼ ਕਾਰਵਾਈ ਵਿਚ ਤੇਜ਼ੀ ਲਿਆਂਦੀ ਜਾਵੇ। ਅਧਿਕਾਰੀ ਦੱਸਦੇ ਹਨ ਕਿ ਸਿਖਰਲੀ ਅਦਾਲਤ ਵਿਚ ਸੂਬਾ ਸਰਕਾਰ ਹਲਫ਼ਨਾਮਾ ਦਾਇਰ ਕਰੇਗੀ। ਹਲਫ਼ਨਾਮੇ ਵਿਚ ਇਸ ਮਾਮਲੇ ਨੂੰ ਲੈ ਕੇ ਸੁਧਾਰਾਤਮਕ ਕਦਮਾਂ ਦਾ ਵੇਰਵਾ ਦਿੱਤਾ ਜਾਵੇਗਾ ਜੋ ਪਿਛਲੇ ਸੀਜ਼ਨ ਵਿਚ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਚੁੱਕੇ ਗਏ ਸਨ। ਪੰਜਾਬ ਸਰਕਾਰ ਵੱਲੋਂ ਹਵਾ ਪ੍ਰਦੂਸ਼ਣ ਨੂੰ ਰੋਕਣ ਵਾਸਤੇ ਕੀਤੇ ਕੰਮਾਂ ਦੇ ਵੇਰਵੇ ਵੀ ਦਿੱਤੇ ਜਾਣਗੇ। ਚੇਤੇ ਰਹੇ ਕਿ ਇਸ ਵੇਲੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਸ਼ੰਭੂ ਅਤੇ ਖਨੌਰੀ ਸਰਹੱਦਾਂ ਉਤੇ ਕੇਂਦਰ ਖ਼ਿਲਾਫ਼ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

# ਹੁਣ ਸਾਰੇ ਜ਼ਿਲ੍ਹਿਆਂ ਨੂੰ ਵਿਸ਼ੇਸ਼ ਐਂਬੂਲੈਂਸਾਂ ਮਿਲਣਗੀਆਂ




**ਰੂਪਨਗਰ:** ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਕਿ ਸੂਬੇ ਦੇ ਸਾਰੇ ਜ਼ਿਲ੍ਹਿਆਂ 'ਚ ਐਡਵਾਂਸ ਲਾਈਫ ਸਪੋਰਟ ਐਂਬੂਲੈਂਸਾਂ ਮੁਹੱਈਆ ਕਰਵਾਈਆਂ ਜਾਣਗੀਆਂ। ਸਿਹਤ ਮੰਤਰੀ ਨੇ ਜ਼ਿਲ੍ਹਾ ਹਸਪਤਾਲ ਰੂਪਨਗਰ ਦਾ ਅਚਨਚੇਤ ਦੌਰਾ ਕੀਤਾ।

ਉਨ੍ਹਾਂ ਹਸਪਤਾਲ ਵਿਚ ਮਿਲ ਰਹੀਆਂ ਮੁਫ਼ਤ ਦਵਾਈਆਂ ਦਾ ਜ਼ਮੀਨੀ ਪੱਧਰ ਉਤੇ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਹਸਪਤਾਲ ਵਿਚ ਇਲਾਜ ਕਰਵਾਉਣ ਆਏ ਮਰੀਜ਼ਾਂ ਨਾਲ ਗੱਲਬਾਤ ਕੀਤੀ, ਜਿਸ ਦੌਰਾਨ ਇਕ ਮਰੀਜ਼ ਨੇ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਕਿ ਹਸਪਤਾਲ ਦੀ ਲੈਬ-2 ਵਜੇ ਬੰਦ ਕਰ ਦਿੱਤੀ ਜਾਂਦੀ ਹੈ, ਜਿਸ ਕਾਰਨ ਮਰੀਜ਼ਾਂ ਨੂੰ ਟੈਸਟ ਕਰਵਾਉਣ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੰਤਰੀ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਲੈਬ ਨੂੰ 24 ਘੰਟੇ ਖੁੱਲ੍ਹਾ ਰੱਖਣ ਦੇ ਪ੍ਰਬੰਧ ਕੀਤੇ ਜਾਣ।

ਸਿਹਤ ਮੰਤਰੀ ਨੇ ਦੱਸਿਆ ਕਿ ਏਮਜ਼ ਵੱਲੋਂ ਕੀਤੇ ਸਰਵੇਖਣ ਅਨੁਸਾਰ ਕਈ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋਏ ਲੋਕਾਂ ਨੂੰ ਆਪਣਾ ਇਲਾਜ ਕਰਵਾਉਣ ਲਈ ਕਰਜ਼ੇ ਤੱਕ ਚੁੱਕਣੇ ਪੈਂਦੇ ਹਨ, ਜਿਸ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਸੂਚੀਬੱਧ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਦਵਾਈਆਂ ਅਤੇ 200 ਰੁਪਏ ਦੀ ਮਾਮੂਲੀ ਫੀਸ ਤੇ ਅਲਟਰਾਸਾਊਂਡ ਦੀ ਸੁਵਿਧਾ ਮੁਹੱਈਆ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਲੋੜਵੰਦ ਮਰੀਜ਼ਾਂ ਦੇ ਤੀਜੀ ਸ਼੍ਰੇਣੀ ਦੇ ਇਲਾਜ ਜਿਸ ਵਿਚ ਗੰਭੀਰ ਬਿਮਾਰੀਆਂ ਆਉਂਦੀਆਂ ਹਨ, ਦਾ ਇਲਾਜ ਬਿਲਕੁਲ ਮੁਫ਼ਤ ਕਰਵਾਇਆ ਜਾ ਰਿਹਾ ਹੈ।

# ਦੋਹਰੀ ਨਾਗਰਿਕਤਾ ਮਾਮਲੇ 'ਚ ਸਾਬਕਾ ਮੰਤਰੀ ਹੈਨਰੀ ਬਰੀ

**ਜਲੰਧਰ:** ਸਾਬਕਾ ਮੰਤਰੀ ਅਵਤਾਰ ਹੈਨਰੀ ਨੂੰ ਅਦਾਲਤ ਨੇ ਦੋਹਰੀ ਨਾਗਰਿਕਤਾ ਮਾਮਲੇ ਵਿਚ ਬਰੀ ਕਰ ਦਿੱਤਾ ਹੈ। ਉਸ ਖ਼ਿਲਾਫ਼ ਭਾਰਤੀ ਅਤੇ ਵਿਦੇਸ਼ੀ ਪਾਸਪੋਰਟ ਨਾਲ ਚੋਣ ਲੜਨ ਦਾ ਮਾਮਲਾ ਚੱਲ ਰਿਹਾ ਸੀ। ਸੀ.ਜੇ.ਐਮ. ਐਨ.ਆਰ.ਆਈ. ਗਗਨਦੀਪ ਸਿੰਘ ਗਰਗ ਦੀ ਅਦਾਲਤ ਵਿਚ ਹੈਨਰੀ ਖ਼ਿਲਾਫ਼ ਦੋਸ਼ ਸਾਬਤ ਨਹੀਂ ਹੋ ਸਕੇ। ਇਸ ਤੋਂ ਬਾਅਦ ਅਦਾਲਤ ਨੇ ਉਸ ਨੂੰ ਬਰੀ ਕਰਨ ਦਾ ਹੁਕਮ ਦਿੱਤਾ। ਜ਼ਿਕਰਯੋਗ ਹੈ ਕਿ ਗੁਰਜੀਤ ਸਿੰਘ ਸੰਘੇੜਾ ਨੇ ਅਦਾਲਤ ਵਿਚ ਬਿਆਨ ਦਰਜ ਕਰਵਾਇਆ ਸੀ ਕਿ ਉਸ ਦੇ ਪਿਤਾ ਅਵਤਾਰ ਹੈਨਰੀ ਨੇ ਉਸ ਦੀ ਮਾਂ ਨੂੰ ਤਲਾਕ ਦਿੱਤੇ ਬਿਨਾਂ ਹੀ ਦੂਜਾ ਵਿਆਹ ਕਰ ਲਿਆ ਸੀ। ਉਸ ਨੇ ਦੱਸਿਆ ਕਿ ਉਸ ਦੇ ਪਿਤਾ 1962 ਵਿਚ ਯੂਕੇ ਗਏ ਸਨ ਅਤੇ ਉਨ੍ਹਾਂ ਦਾ ਵਿਆਹ 1965 ਵਿਚ ਸੁਰਿੰਦਰ ਕੌਰ (ਹੁਣ ਮ੍ਰਿਤਕ) ਨਾਲ ਹੋਇਆ ਸੀ। ਉਸ ਦਾ ਜਨਮ 3 ਫਰਵਰੀ 1966 ਨੂੰ ਹੋਇਆ ਸੀ ਅਤੇ ਉਸ ਦੇ ਪਿਤਾ ਨੇ 10 ਜਨਵਰੀ 1968 ਨੂੰ ਬ੍ਰਿਟਿਸ਼ ਨਾਗਰਿਕਤਾ ਲੈ ਲਈ ਸੀ। ਇਸ ਤੋਂ ਬਾਅਦ ਉਥੇ



ਮੈਡੀਕਲ ਕਾਰਡ ਬਣਾਇਆ ਗਿਆ ਅਤੇ 1968 ਵਿਚ ਹੀ ਬ੍ਰਿਟਿਸ਼ ਪਾਸਪੋਰਟ ਬਣ ਗਿਆ। 1969 ਵਿਚ ਉਸ ਦੇ ਪਿਤਾ ਭਾਰਤ ਆਏ ਅਤੇ ਸੁਰਿੰਦਰ ਕੌਰ ਨੂੰ ਬਿਨਾਂ ਤਲਾਕ ਦਿੱਤੇ ਹਰਿੰਦਰ ਕੌਰ ਨਾਲ ਦੂਜਾ ਵਿਆਹ ਕਰਵਾ ਲਿਆ। 1997 ਵਿਚ ਉਹ ਵਿਧਾਇਕ ਸਨ ਅਤੇ ਆਪਣੇ ਮੈਡੀਕਲ ਕਾਰਡ ਨੂੰ ਨਵਿਆਉਣ ਲਈ ਯੂਕੇ ਗਏ ਸਨ। ਪਿਛਲੀਆਂ ਚੋਣਾਂ 'ਚ ਦੋਹਰੀ ਨਾਗਰਿਕਤਾ ਦੇ ਵਿਵਾਦ 'ਚ ਉਲਝ ਕੇ ਹੈਨਰੀ ਦਾ ਨਾਂ ਵੋਟਰ ਸੂਚੀ ਵਿਚੋਂ ਹਟਾ ਦਿੱਤਾ ਗਿਆ ਸੀ। ਇਸ ਕਾਰਨ ਉਨ੍ਹਾਂ ਦੇ ਪੁੱਤਰ ਬਾਵਾ ਹੈਨਰੀ ਨੇ ਚੋਣ ਲੜੀ।

# ਬਸਪਾ ਨੇ ਸ਼ੋ੍ਮਣੀ ਅਕਾਲੀ ਦਲ ਨਾਲੋਂ ਨਾਤਾ ਤੋੜਿਆ

**ਚੰਡੀਗੜ੍ਹ:** ਬਸਪਾ ਨੇ ਆਪਣੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨਾਲੋਂ ਨਾਤਾ ਤੋੜ ਲਿਆ ਹੈ। ਇਹ ਫੈਸਲਾ ਬਸਪਾ ਦੀ ਚੰਡੀਗੜ੍ਹ ਸਥਿਤ ਅੰਬੇਡਕਰ ਭਵਨ ਵਿਚ ਹੋਈ ਸੂਬਾ ਪੱਧਰੀ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਵਿਚ ਬਸਪਾ ਦੇ ਕੇਂਦਰੀ ਕੋਆਰਡੀਨੇਟਰ, ਪੰਜਾਬ, ਚੰਡੀਗੜ੍ਹ ਤੇ ਹਰਿਆਣਾ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਵਿਸ਼ੇਸ਼ ਤੌਰ ਉਤੇ ਸ਼ਾਮਲ ਹੋਏ। ਇਸ ਦੌਰਾਨ ਉਨ੍ਹਾਂ ਪਾਰਟੀ ਵਰਕਰਾਂ ਨਾਲ ਚਾਰ ਘੰਟੇ ਲੰਬੀ ਗੱਲਬਾਤ ਮਗਰੋਂ ਪੰਜਾਬ ਦੀਆਂ ਸਾਰੀਆਂ 13 ਸੀਟਾਂ ਉਤੇ ਇਕੱਲਿਆਂ ਲੋਕ ਸਭਾ ਚੋਣ ਲੜਨ ਦਾ ਐਲਾਨ ਕੀਤਾ। ਰਣਧੀਰ ਸਿੰਘ ਬੈਨੀਵਾਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਹੁਜਨ ਸਮਾਜ ਪਾਰਟੀ ਨੂੰ ਨਜ਼ਰਅੰਦਾਜ਼ ਕਰਨ ਨਾਲ ਪਾਰਟੀ ਵਰਕਰ ਨਿਰਾਸ਼ ਹਨ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਨਾਲ ਗੱਠਜੋੜ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਕਾਰਨ



ਇਹ ਫੈਸਲਾ ਲਿਆ ਹੈ। ਬੈਨੀਵਾਲ ਨੇ ਕਿਹਾ ਕਿ ਭਾਜਪਾ ਦਲਿਤਾਂ, ਪੱਛੜਿਆਂ, ਘੱਟ ਗਿਣਤੀਆਂ ਤੇ ਕਿਸਾਨਾਂ ਨੂੰ ਤਬਾਹ ਕਰਨ ਲਈ ਗੈਰ-ਸੰਵਿਧਾਨਕ ਨੀਤੀਆਂ ਬਣਾਉਂਦੇ ਹੋਏ ਭਾਰਤੀ ਸੰਵਿਧਾਨ ਨੂੰ ਬਦਲਣ ਲਈ ਕੰਮ ਕਰ ਰਹੀ ਹੈ, ਜਿਸ ਕਾਰਨ ਬਸਪਾ ਕਦੇ ਵੀ ਭਾਜਪਾ ਨਾਲ ਗੱਠਜੋੜ ਨਹੀਂ ਕਰ ਸਕਦੀ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਵੱਲੋਂ ਜਿੱਥੇ ਭਾਰਤ ਦੇ ਸੰਵਿਧਾਨ ਨੂੰ ਬਦਲਣ ਲਈ ਕੰਮ ਕੀਤਾ ਜਾ ਰਿਹਾ ਹੈ, ਉੱਥੇ ਹੀ ਪੰਜਾਬ ਦੇ ਪੰਥਕ, ਕਿਸਾਨੀ ਨਾਲ ਸਬੰਧਤ ਮੁੱਦਿਆਂ, ਬੰਦੀ ਸਿੰਘਾਂ ਦੇ ਮਾਮਲੇ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਬਸਪਾ ਪੰਜਾਬ ਵਿਚ ਸਾਰੀਆਂ ਸੀਟਾਂ ਉਤੇ ਇਕੱਲੇ ਚੋਣ ਲੜੇਗੀ।

ਬਸਪਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਤੋੜਨ ਉਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਬਸਪਾ ਦੀ ਲੀਡਰਸ਼ਿਪ ਕਿਸੇ ਗ਼ਲਤ-ਫਹਿਮੀ ਦਾ ਸ਼ਿਕਾਰ ਹੋ ਗਈ। ਚੰਦੂਮਾਜਰਾ ਨੇ ਕਿਹਾ ਕਿ ਅਕਾਲੀ ਦਲ ਵੱਲੋਂ ਬੈਠ ਕੇ ਬਸਪਾ ਦੀ ਸੀਨੀਅਰ ਲੀਡਰਸ਼ਿਪ ਦੇ ਨਾਲ ਇਸ ਬਾਰੇ ਗੱਲਬਾਤ ਕੀਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਭਵਿੱਖ ਵਿਚ ਕਿਸੇ ਗੱਠਜੋੜ ਵਿਚ ਸ਼ਾਮਲ ਹੋਣ ਬਾਰੇ ਉਨ੍ਹਾਂ ਕਿਹਾ ਕਿ ਰਾਜਨੀਤੀ ਵਿਚ ਸੰਭਾਵਨਾਵਾਂ ਤੋਂ ਕਦੇ ਇਨਕਾਰ ਨਹੀਂ ਕੀਤਾ ਜਾ ਸਕਦਾ।

## ਭਾਜਪਾ ਆਗੂ ਸਹਿਗਲ ਖਿਲਾਫ ਧੋਖਾਧੜੀ ਦਾ ਕੇਸ ਦਰਜ ਦਰਜ

**ਜਲੰਧਰ:** ਸਥਾਨਕ ਕੈਂਟ ਪੁਲਿਸ ਨੇ ਇਥੇ ਭਾਜਪਾ ਦੇ ਸੀਨੀਅਰ ਆਗੂ ਰਜਨੀਸ਼ ਸਹਿਗਲ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਸਹਿਗਲ ਉਤੇ ਨੌਕਰੀ ਦਿਵਾਉਣ ਬਹਾਨੇ ਲੱਖਾਂ ਰੁਪਏ ਠੱਗਣ ਦਾ ਦੋਸ਼ ਹੈ। ਕੈਂਟ ਪੁਲਿਸ ਨੇ ਸ਼ਿਕਾਇਤ ਮਗਰੋਂ ਕੀਤੀ ਜਾਂਚ ਤੋਂ ਬਾਅਦ ਕੇਸ ਦਰਜ ਕੀਤਾ ਹੈ। ਰਜਨੀਸ਼ ਸਹਿਗਲ ਭਾਜਪਾ ਜਲੰਧਰ ਦੇ ਜ਼ਿਲ੍ਹਾ ਕੋਆਰਡੀਨੇਟਰ ਆਈ.ਟੀ. ਸੈੱਲ ਨਾਲ ਜੁੜਿਆ ਆਗੂ ਹੈ ਜੋ ਸਾਬਕਾ ਕੇਂਦਰੀ ਮੰਤਰੀ ਵਿਜੈ ਸਾਂਪਲਾ ਦਾ ਕਰੀਬੀ ਵੀ ਦੱਸਿਆ ਜਾਂਦਾ ਹੈ। ਸ਼ਿਕਾਇਤਕਰਤਾ ਅਨੁਸਾਰ ਰਜਨੀਸ਼ ਸਹਿਗਲ ਨੇ ਉਸ ਨੂੰ ਭਰੋਸਾ ਦੇ ਕੇ ਵੱਡੀ ਰਕਮ ਵਸੂਲੀ ਹੈ। ਦੂਜੇ ਪਾਸੇ ਰਜਨੀਸ਼ ਸਹਿਗਲ ਦਾ ਕਹਿਣਾ ਹੈ ਕਿ ਉਸ ਉਤੇ ਲੱਗਿਆ ਇਹ ਦੋਸ਼ ਬਿਲਕੁਲ ਗਲਤ ਤੇ ਬੇਬੁਨਿਆਦ ਹੈ। ਦਿੱਲੀ ਰਹਿੰਦੇ ਉਸ ਦੇ ਕਿਸੇ ਜਾਣਕਾਰੀ ਨੇ ਨੌਜਵਾਨ ਤੋਂ ਪੈਸੇ ਲਏ ਹਨ ਪਰ ਉਸ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਕੇਸ ਸਿਆਸੀ ਦਬਾਅ ਹੇਠ ਦਰਜ ਕੀਤਾ ਗਿਆ ਹੈ।

# ਅਧਿਆਪਕ ਪਿਛਲੇ ਸਾਲ ਦੇ ਪੇਪਰ ਮਿਹਨਤਾਨੇ ਤੋਂ ਵਾਂਝੇ

**ਚੰਡੀਗੜ੍ਹ:** ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਾਲਾਨਾ ਪ੍ਰੀਖਿਆਵਾਂ ਸ਼ੁਰੂ ਹੋ ਗਈਆਂ ਹਨ, ਪਰ ਅਧਿਆਪਕਾਂ ਨੂੰ ਅਜੇ ਤੱਕ ਪਿਛਲੇ ਸਾਲ ਦੀਆਂ ਸਾਲਾਨਾ ਪ੍ਰੀਖਿਆਵਾਂ ਦੀਆਂ ਉਤਰ ਪੱਤਰੀਆਂ ਜਾਂਚਣ ਦਾ ਮਿਹਨਤਾਨਾ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਨਹੀਂ ਮਿਲਿਆ।

ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੇ ਦੱਸਿਆ ਕਿ ਸੂਬੇ ਦੇ ਅਧਿਆਪਕਾਂ ਨੂੰ ਅੱਠਵੀਂ ਦੇ ਪੇਪਰ ਜਾਂਚਣ ਦਾ ਪਹਿਲਾਂ ਹੀ ਕੋਈ ਮਿਹਨਤਾਨਾ ਨਹੀਂ ਦਿੱਤਾ ਜਾਂਦਾ ਅਤੇ ਦਸਵੀਂ ਤੇ ਬਾਰ੍ਹਵੀਂ ਦੇ ਪੇਪਰ ਚੈੱਕ ਕਰਨ ਦਾ ਜੋ ਨਿਗੂਣਾ ਮਿਹਨਤਾਨਾ ਦਿੱਤਾ ਜਾਂਦਾ ਹੈ, ਉਹ ਸਾਲ ਬੀਤਣ ਤੋਂ ਬਾਅਦ ਅਜੇ ਤੱਕ ਵੀ ਬੋਰਡ ਦੀਆਂ ਦਫਤਰੀ ਫਾਈਲਾਂ ਵਿਚ ਚੱਕਰ ਕੱਟ ਰਿਹਾ ਹੈ। ਉਧਰ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੁਹਾਲੀ ਦਫਤਰ ਵਿਖੇ ਸਬੰਧਤ ਅਧਿਕਾਰੀ ਲਖਵਿੰਦਰ ਸਿੰਘ ਨੇ ਦੱਸਿਆ ਕਿ ਪ੍ਰੀਖਿਆ ਸ਼ਾਖਾ ਵੱਲੋਂ ਸੂਬੇ ਭਰ ਦੇ ਅਧਿਆਪਕਾਂ ਦੇ ਕੇਸ ਕਲੀਅਰ ਕਰਕੇ ਅੱਗੇ ਭੇਜ ਦਿੱਤੇ ਗਏ ਹਨ ਅਤੇ ਜਲਦੀ ਹੀ ਇਨ੍ਹਾਂ ਅਧਿਆਪਕਾਂ ਨੂੰ ਅਦਾਇਗੀ ਦੇ ਚੈੱਕ ਮਿਲ ਜਾਣਗੇ। ਅਧਿਆਪਕਾਂ ਨੇ ਪੰਜਾਬ ਸਿੱਖਿਆ ਬੋਰਡ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮਿਹਨਤਾਨਾ ਜਾਰੀ ਕੀਤਾ ਜਾਵੇ।

# ਸੜਕ ਹਾਦਸੇ 'ਚ ਵਾਲ-ਵਾਲ ਬਚੇ ਵਿਧਾਇਕ ਘੁੰਮਣ

**ਦਸੂਹਾ:** ਇੱਥੇ ਹਾਜ਼ੀਪੁਰ ਰੋਡ ਦੇ ਕਸਬਾ ਘੋਗਰਾ ਨੇੜੇ ਵਾਪਰੇ ਇਕ ਸੜਕ ਹਾਦਸੇ ਵਿਚ ਵਿਧਾਨ ਸਭਾ ਹਲਕਾ ਦਸੂਹਾ ਦੇ ਵਿਧਾਇਕ ਐਡਵੋਕੇਟ ਕਰਮਵੀਰ ਸਿੰਘ ਘੁੰਮਣ ਦਾ ਵਾਲ-ਵਾਲ ਬਚਾਅ ਹੋ ਗਿਆ ਪਰ ਇਸ ਹਾਦਸੇ ਵਿਚ ਵਿਧਾਇਕ ਸਣੇ ਪੰਜ ਜਣੇ ਜ਼ਖ਼ਮੀ ਹੋ ਗਏ। ਇਸ ਦੌਰਾਨ ਇਨੋਵਾ ਕਾਰ ਦੇ ਏਅਰਬੈਗ ਖੁੱਲ੍ਹਣ ਕਾਰਨ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਹਾਦਸੇ ਵਿਚ ਇਨੋਵਾ ਗੱਡੀ ਬੁਰੀ ਤਰ੍ਹਾਂ ਨੁਕਸਾਨੀ ਗਈ ਹੈ।

ਜਾਣਕਾਰੀ ਅਨੁਸਾਰ ਇਸ ਗੱਡੀ ਵਿਧਾਇਕ ਸਮੇਤ ਕੁਲ ਪੰਜ ਜਣੇ ਸਵਾਰ ਸਨ। ਸਾਰੇ ਜ਼ਖ਼ਮੀਆਂ ਨੂੰ ਦਸੂਹਾ ਦੇ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ। ਹਸਪਤਾਲ ਵਿਚ ਮੌਜੂਦ ਹਲਕਾ ਟਾਂਡਾ ਦੇ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਦੱਸਿਆ ਕਿ ਸਵੇਰੇ ਵਿਧਾਇਕ ਕਰਮਵੀਰ ਸਿੰਘ ਘੁੰਮਣ ਤਲਵਾੜਾ ਵਿਚ ਲਾਏ ਜਾ ਰਹੇ ਕੈਂਪਾਂ ਵਿਚ ਸ਼ਮੂਲੀਅਤ ਕਰਨ ਲਈ ਜਾ ਰਹੇ ਸਨ। ਉਨ੍ਹਾਂ ਦੱਸਿਆ ਕਿ ਗੱਡੀ ਵਿਚ ਵਿਧਾਇਕ ਦੇ ਨਾਲ ਉਨ੍ਹਾਂ ਦਾ ਪੀਏ ਸ਼ੁਭਮ ਸ਼ਰਮਾ, ਗਨਮੈਨ ਅੰਮ੍ਰਿਤਦੀਪ ਸਿੰਘ, ਦਲਜੀਤ ਸਿੰਘ ਤੇ ਡਰਾਈਵਰ ਜੱਸਾ ਸਿੰਘ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਘੋਗਰਾ ਨੇੜੇ ਗੱਡੀ ਦਾ



ਸੰਤੁਲਨ ਵਿਗੜਨ ਕਾਰਨ ਗੱਡੀ ਸੜਕ ਨੇੜੇ ਲੱਗੇ ਖੰਭੇ ਵਿਚ ਜਾ ਵੱਜੀ। ਉਨ੍ਹਾਂ ਦੱਸਿਆ ਕਿ ਜ਼ੋਰਦਾਰ ਟੱਕਰ ਮਗਰੋਂ ਗੱਡੀ ਦੇ ਏਅਰਬੈਗ ਖੁੱਲ੍ਹ ਗਏ, ਜਿਸ ਨਾਲ ਵਿਧਾਇਕ ਕਰਮਵੀਰ ਸਿੰਘ ਘੁੰਮਣ ਤੇ ਹੋਰਨਾਂ ਸਾਰਿਆਂ ਦਾ ਬਚਾਅ ਹੋ ਗਿਆ।

ਮੁੱਖ ਮੰਤਰੀ ਭਗਵੰਤ ਮਾਨ ਦੇ ਮਾਤਾ ਬੀਬੀ ਹਰਪਾਲ ਕੌਰ ਦਸੂਹਾ ਵਿਖੇ ਵਿਧਾਇਕ ਐਡਵੋਕੇਟ ਕਰਮਵੀਰ ਘੁੰਮਣ ਦਾ ਹਾਲ-ਚਾਲ ਪੁੱਛਣ ਲਈ ਉਨ੍ਹਾਂ ਦੇ ਗ੍ਰਹਿ ਪਿੰਡ ਖੇੜਾ ਕੋਟਲੀ ਪੁੱਜੇ। ਉਨ੍ਹਾਂ ਪਰਿਵਾਰਕ ਮੈਂਬਰਾਂ ਨੂੰ ਹੌਂਸਲਾ ਦਿੰਦਿਆਂ ਵਿਧਾਇਕ ਅਤੇ ਉਨ੍ਹਾਂ ਦੇ ਸਾਥੀਆਂ ਦੀ ਸਿਹਤਯਾਬੀ ਦੀ ਕਾਮਨਾ ਕੀਤੀ।

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਚਰਨ ਸਿੰਘ ਦੀ ਪੁਸਤਕ ਰਿਲੀਜ਼

**ਸਰੀ**: ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ 10 ਫਰਵਰੀ ਨੂੰ ਹੋਈ ਮਾਸਿਕ ਮਿਲਣੀ ਵਿਚ ਖੋਜਾਰਥੀ ਮਨਿੰਦਰ ਸਿੰਘ ਦੀ ਚਰਨ ਸਿੰਘ ਦੀ ਕਵਿਤਾ "ਸਰੋਕਾਰ ਤੇ ਸੁਹਜ-ਸੰਚਾਰ" (ਖੋਜ - ਪ੍ਰਬੰਧ) ਪੁਸਤਕ ਲੋਕ ਅਰਪਣ ਕੀਤੀ ਗਈ। ਇਹ ਸਮਾਗਮ ਅੰਤਰਰਾਸ਼ਟਰੀ ਪੰਜਾਬੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਪ੍ਰਧਾਨ ਪ੍ਰਿਤਪਾਲ ਗਿੱਲ, ਸਕੱਤਰ ਪਲਵਿੰਦਰ ਸਿੰਘ ਰੰਧਾਵਾ, ਲੇਖਕ ਚਰਨ ਸਿੰਘ ਅਤੇ ਕੁਵਿੰਦਰ ਚਾਂਦ ਸਟੇਜ 'ਤੇ ਸੁਸ਼ੋਭਿਤ ਹੋਏ। ਸਮਾਗਮ ਦੀ ਪ੍ਰਧਾਨਗੀ ਪ੍ਰਿਤਪਾਲ ਗਿੱਲ ਨੇ ਕੀਤੀ। ਸਟੇਜ ਦੀ ਕਾਰਵਾਈ ਸਕੱਤਰ ਪਲਵਿੰਦਰ ਸਿੰਘ ਨੇ ਨਿਭਾਈ।

ਕੁਝ ਬੁਲਾਰਿਆਂ ਤੋਂ ਬਾਅਦ ਪੁਸਤਕ ਬਾਬਤ ਪ੍ਰਿਤਪਾਲ ਗਿੱਲ, ਡਾ. ਪ੍ਰਿਥੀਪਾਲ ਸੋਹੀ, ਪ੍ਰੋ. ਕਸ਼ਮੀਰਾ ਸਿੰਘ ਗਿੱਲ, ਇੰਦਰਜੀਤ ਸਿੰਘ ਧਾਮੀ, ਕੁਵਿੰਦਰ ਚਾਂਦ ਵੱਲੋਂ ਪਰਚੇ ਪੜ੍ਹੇ ਗਏ। ਲੇਖਕ ਚਰਨ ਸਿੰਘ ਨੇ ਆਪਣੀ ਪੁਸਤਕ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਅਤੇ ਡਾ. ਪ੍ਰਿਥੀਪਾਲ ਸੋਹੀ ਦੇ ਬੇ-ਮਿਸਾਲ ਪਰਚੇ ਅਤੇ ਇੰਦਰਜੀਤ ਧਾਮੀ ਦੀ ਸ਼ਬਦਾਵਲੀ ਦੀ ਸ਼ਲਾਘਾ ਕੀਤੀ।

ਉਪਰੰਤ ਪ੍ਰਧਾਨਗੀ ਮੰਡਲ, ਲੇਖਕ, ਬੋਰਡ ਮੈਂਬਰ ਅਤੇ ਜਿਨ੍ਹਾਂ ਨੇ ਪਰਚੇ ਪੜ੍ਹੇ ਅਤੇ ਸਰੋਤਿਆਂ ਦੀ ਭਰਪੂਰ ਹਾਜ਼ਰੀ ਵਿਚ ਤਾੜੀਆਂ ਦੀ ਗੂੰਜ ਨਾਲ ਖੋਜਾਰਥੀ ਮਨਿੰਦਰ ਸਿੰਘ ਦੀ ਪੁਸਤਕ- ਲੇਖਕ ਚਰਨ ਸਿੰਘ ਦੀ ਕਵਿਤਾ "ਸਰੋਕਾਰ ਤੇ ਸੁਹਜ-ਸੰਚਾਰ" ਰਿਲੀਜ਼ ਕੀਤੀ ਗਈ। ਪ੍ਰਧਾਨ ਪ੍ਰਿਤਪਾਲ ਗਿੱਲ ਬਲਦੇਵ ਸਿੰਘ ਬਾਠ (ਬਸੰਤ ਮੋਟਰਜ਼) ਵੱਲੋਂ ਭੇਜਿਆ ਖਾਸ ਸੰਦੇਸ਼ ਪੜ੍ਹ ਕੇ ਸੁਣਾਇਆ। ਸਭਾ ਵੱਲੋਂ ਲੇਖਕ ਚਰਨ ਸਿੰਘ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ।

ਇਸ ਮੌਕੇ ਹਰਚੰਦ ਸਿੰਘ ਗਿੱਲ, ਇੰਦਰ ਪਾਲ ਸਿੰਘ ਸੰਧੂ, ਦਰਸ਼ਨ ਸੰਘਾ, ਮਾਸਟਰ ਅਮਰੀਕ ਸਿੰਘ ਲੇਲ੍ਹ, ਹਰਪਾਲ ਸਿੰਘ ਬਰਾੜ, ਇੰਦਰਜੀਤ ਸਿੰਘ ਧਾਮੀ, ਕੁਵਿੰਦਰ ਚਾਂਦ, ਚਰਨ ਸਿੰਘ, ਨਰਿੰਦਰ ਸਿੰਘ ਪੰਨੂੰ, ਦਵਿੰਦਰ ਕੌਰ ਜੌਹਲ, ਡਾ. ਲਖਵਿੰਦਰ ਸਿੰਘ, ਮਨਜੀਤ ਸਿੰਘ ਮੱਲ੍ਹਾ, ਗੁਰਮੀਤ ਸਿੰਘ ਕਾਲਕਟ, ਕਮਲਜੀਤ ਸਿੰਘ ਜੌਹਲ, ਆਦਿ ਸ਼ਾਮਿਲ ਹੋਏ ਅਤੇ ਕਵੀ ਦਰਬਾਰ ਵਿਚ ਸਭ ਸਾਹਿਤ ਪ੍ਰੇਮੀਆਂ ਅਤੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਨਾਲ 'ਅੰਤਰਰਾਸ਼ਟਰੀ ਮਾਂ ਬੋਲੀ ਦਿਵਸ' ਨੂੰ ਸਾਰਥਕ ਬਣਾਇਆ।

ਅੰਤ ਵਿਚ ਸਮਾਗਮ ਨੂੰ ਸਮੇਟਦਿਆਂ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭ ਦਾ ਧੰਨਵਾਦ ਕੀਤਾ ਅਤੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ।

*- ਰੁਪਿੰਦਰ ਖਹਿਰਾ ਰੂਪੀ*




# ਮਾਂ-ਬੋਲੀ ਦਿਵਸ ਅਤੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਮੀਟਿੰਗ

**ਕੈਲਗਰੀ:** ਲੰਘੀ 17 ਫਰਵਰੀ ਨੂੰ ਕੈਲਗਰੀ ਵੁਮੈਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਜੈਨੇਸਜ਼ ਸੈਂਟਰ ਵਿਚ ਹੋਈ। ਇਹ ਇਸ ਸਾਲ ਦੀ ਦੂਸਰੀ ਮੀਟਿੰਗ ਸੀ। ਮੀਟਿੰਗ ਦਾ ਆਗਾਜ਼ ਸਭਾ ਦੀ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਨੇ ਸਭ ਦਾ ਨਿੱਘਾ ਸਵਾਗਤ ਕਰਦਿਆਂ ਜੀ ਆਇਆਂ ਆਖ ਕੇ ਕੀਤਾ। ਉਨ੍ਹਾਂ ਸਭਾ ਦੇ ਉਦੇਸ਼ਾਂ ਅਤੇ ਕਾਰਜਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਮਾਂ-ਬੋਲੀ ਦਿਵਸ ਬਾਰੇ ਵਿਚਾਰ ਸਾਂਝੇ ਕੀਤੇ ਅਤੇ 'ਸਾਕਾ ਨਨਕਾਣਾ ਸਾਹਿਬ' ਦੇ ਸ਼ਹੀਦਾਂ ਦੀ ਯਾਦ ਤਾਜ਼ਾ ਕੀਤੀ ਅਤੇ 14 ਫਰਵਰੀ ਵਾਲੇ ਦਿਨ ਪੁਲਵਾਮਾ ਵਿਖੇ ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਭਾ ਦੇ ਪ੍ਰਧਾਨ ਬਲਵਿੰਦਰ ਕੌਰ ਬਰਾੜ ਨੇ ਦੱਸਿਆ ਕਿ ਇਹ ਸਭਾ ਉਸ ਮੋਢੇ ਵਾਂਗ ਧਰਵਾਸ ਦਿੰਦੀ ਹੈ ਜਿਸ 'ਤੇ ਸਿਰ ਰੱਖ ਕੇ ਆਪਣਾ ਅੰਦਰ ਫਰੋਲਿਆ ਜਾ ਸਕਦਾ ਹੈ। ਕਈ ਭੈਣਾਂ ਨੇ ਇਸ ਗੱਲ ਦੀ ਹਾਮੀ ਭਰੀ ਕਿ ਉਨ੍ਹਾਂ ਨੇ ਇਸ ਸਭਾ ਦੇ ਮੈਂਬਰਾਂ ਨਾਲ ਦੁੱਖ ਸਾਂਝੇ ਕਰ ਕੇ ਹੌਲੇ ਫੁੱਲ ਹੋ ਕੇ ਕਈ ਮਾਨਸਿਕ ਉਲਝਣਾਂ ਤੋਂ ਛੁਟਕਾਰਾ ਪਾਇਆ ਹੈ।

ਨਵੇਂ ਸਾਲ ਵਿਚ ਕਈ ਨਵੀਆਂ ਭੈਣਾਂ ਮੈਂਬਰ ਬਣੀਆਂ ਜਿਨ੍ਹਾਂ ਵਿਚ ਹਰਪ੍ਰੀਤ ਕੌਰ, ਸੋਨੀ ਮਾਂਗਟ, ਜਤਿੰਦਰ ਕੌਰ ਬੇਦੀ, ਹਰਜੀਤ ਕੌਰ ਵਿਰਦੀ, ਕੁਲਦੀਪ ਕੌਰ ਗਿੱਲ, ਗੁਰਨਾਮ ਕੌਰ, ਬਲਵੀਰ ਕੌਰ ਗਰੇਵਾਲ ਅਤੇ ਗਿਆਨ ਕੌਰ ਸ਼ਾਮਲ ਹਨ। ਸਭ ਤੋਂ ਪਹਿਲਾਂ ਨਵੀਂ ਬਣੀ ਮੈਂਬਰ ਬਲਵੀਰ ਕੌਰ ਗਰੇਵਾਲ ਨੇ ਅੱਜ ਤੋਂ 44 ਸਾਲ ਪਹਿਲਾਂ ਕੈਨੇਡਾ ਵਿਚ ਪੈਰ ਧਰਨ ਅਤੇ ਇਮੀਗ੍ਰਾਂਟ ਵਿਭਾਗ ਨਾਲ ਹੋਏ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਲੋਕ ਗੀਤ ਸੁਣਾਇਆ। ਅਮਰਪਾਲ ਕੌਰ ਨੇ ਆਪਣੀ ਜਾਣ-ਪਛਾਣ ਕਰਵਾਈ।

ਕੁਲਦੀਪ ਕੌਰ ਘਟੌੜਾ ਨੇ ਬਲਵਿੰਦਰ ਬਰਾੜ ਅਤੇ ਗੁਰਚਰਨ ਥਿੰਦ ਦੀ ਲੇਖਣੀ ਬਾਰੇ ਸਾਂਝ ਪਾਈ ਅਤੇ ਚੰਗੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਗੁਰਚਰਨ ਥਿੰਦ ਦੀਆਂ ਕੁੱਝ ਭਾਵਪੂਰਤ ਕਹਾਣੀਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਫੁਲਕਾਰੀ ਅਤੇ ਪਰਸ ਦੇ ਕੇ ਸਨਮਾਨਿਤ ਕੀਤਾ। ਰਿਮੀ ਸੇਖੋਂ ਵਲੋਂ 'ਦਾ ਈਸੈਂਸ ਆਫ ਇੰਡੀਆ' ਨਾਂ ਦੇ ਪ੍ਰੋਗਰਾਮ ਹੇਠ ਭਾਰਤ ਭਰ ਦੇ ਵਿਰਾਸਤੀ ਸਭਿਆਚਰਕ ਗੀਤਾਂ ਨੂੰ ਸੰਭਾਲਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਵਿਚ ਸਭਾ ਦੀਆਂ ਮੈਂਬਰਾਂ, ਸੁਰਿੰਦਰ ਸੰਧੂ, ਅਮਰਜੀਤ ਸੱਗੂ, ਅਮਰਜੀਤ ਗਰੇਵਾਲ, ਜੋਗਿੰਦਰ ਪੁਰਬਾ ਅਤੇ ਅਮਰਜੀਤ ਵਿਰਦੀ ਨੇ ਭਾਗ ਲਿਆ ਸੀ। ਰਿਮੀ ਸੇਖੋਂ ਅਤੇ ਸਭਾ ਵਲੋਂ ਉਨ੍ਹਾਂ ਨੂੰ ਸਰਟੀਫਿਕੇਟ ਦਿੱਤੇ ਗਏ।

ਸੁਰਿੰਦਰ ਸੰਧੂ, ਅਮਰਜੀਤ ਵਿਰਦੀ ਤੇ ਸਰਬਜੀਤ ਉਪਲ ਨੇ ਲੋਕ ਗੀਤ ਸੁਣਾ ਕੇ ਚੰਗਾ ਰੰਗ ਬੰਨ੍ਹਿਆ। ਸ਼ਰਨਜੀਤ ਕੌਰ ਅਤੇ ਗਿਆਨ ਕੌਰ ਨੇ ਬੋਲੀਆਂ ਪਾ ਕੇ ਮਹਿਫਲ ਸਜਾਈ। ਗੁਰਦੀਸ਼ ਕੌਰ ਗਰੇਵਾਲ ਨੇ ਬਸੰਤ ਰੁੱਤ ਅਤੇ ਵੈਲੇਨਟਾਈਨ ਡੇਅ ਬਾਰੇ ਆਪਣੀਆਂ ਦੋ ਕਵਿਤਾਵਾਂ ਸਾਂਝੀਆਂ ਕੀਤੀਆਂ। ਜੋਗਿੰਦਰ ਪੁਰਬਾ ਨੇ ਆਪ ਬੀਤੀ ਦੱਸੀ ਕਿ ਕਈ ਨੀਮ-ਹਕੀਮ ਬਿਨਾ ਡਾਇਗਨੋਜ਼ ਕੀਤੇ ਦਵਾਈ ਦੇ ਦਿੰਦੇ ਹਨ, ਜਿਸਦਾ ਖਮਿਆਜ਼ਾ ਮਰੀਜ਼ ਨੂੰ ਭੁਗਤਣਾ ਪੈਂਦਾ ਹੈ। ਅੰਤ ਵਿਚ ਗੁਰਚਰਨ ਥਿੰਦ ਨੇ ਜਾਣਕਾਰੀ ਸਾਂਝੀ ਕੀਤੀ ਕਿ ਕੈਲਗਰੀ ਵੁਮੈਨ ਕਲਚਰਲ ਐਸੋਸੀਏਸ਼ਨ ਨੌਜੁਆਨ ਵਰਗ ਨੂੰ ਆਪਣੀ ਸਭਾ ਰਾਹੀਂ ਆਪਣੀ ਕਮਿਊਨਿਟੀ ਨਾਲ ਜੋੜਨ ਹਿਤ 'ਯੂਥ ਸਪੀਕਸ' ਨਾਂ ਦਾ ਗਰੁੱਪ ਸਥਾਪਤ ਕਰ ਰਹੀ ਹੈ। ਉਨ੍ਹਾਂ ਸਭ ਨੂੰ ਆਪਣੇ ਪਰਿਵਾਰ ਦੇ ਨੌਜੁਆਨ ਬੱਚਿਆਂ ਨੂੰ ਇਸ ਗਰੁੱਪ ਵਿਚ ਸ਼ਾਮਲ ਕਰਾਉਣ ਦੀ ਤਾਕੀਦ ਕੀਤੀ। ਮੀਟਿੰਗ ਦੌਰਾਨ ਚਾਹ ਤੇ ਸਨੈਕਸ ਦਾ ਪ੍ਰਬੰਧ ਜੋਗਿੰਦਰ ਪੁਰਬਾ ਵਲੋਂ ਕੀਤਾ ਗਿਆ ਸੀ।

*-ਰਿਪੋਰਟ: ਗੁਰਚਰਨ ਕੌਰ ਥਿੰਦ*

# 'ਤੀਜੀ ਧਿਰ' ਨੇ ਸਾਹਿਤ ਅਕਾਦਮੀ ਲੁਧਿਆਣਾ ਦੀਆਂ ਚੋਣਾਂ ਦਾ 'ਬਿਗਲ' ਵਜਾਇਆ

**ਲੁਧਿਆਣਾ:** ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀਆਂ 3 ਮਾਰਚ 2024 ਨੂੰ ਹੋਣ ਵਾਲੀਆਂ ਚੋਣਾਂ ਲਈ ਪੂਰੇ ਜਲੌਅ ਅਤੇ ਉਤਸ਼ਾਹ ਨਾਲ ਅਕਾਦਮੀ 'ਤੇ ਕਾਬਜ਼ ਵੱਡੇ ਧੜਿਆਂ ਦੀਆਂ "ਉੱਤਰ ਕਾਟੋ ਮੈਂ ਚੜ੍ਹਾਂ" ਦੀਆਂ ਚਾਲਬਾਜ਼ੀਆਂ ਤੋਂ ਤੰਗ ਆ ਕੇ ਸਾਹਿਤਕਾਰਾਂ ਦੀ 'ਤੀਜੀ ਧਿਰ' ਨੇ ਪਹਿਲ ਕਦਮੀ ਕਰਦਿਆਂ ਪਹਿਲੇ ਦਿਨ ਹੀ 'ਆਜ਼ਾਦ ਉਮੀਦਵਾਰਾਂ' ਦੇ ਰੂਪ ਵਿਚ ਫਾਰਮ ਭਰ ਕੇ ਚੋਣਾਂ ਵਿਚ ਹਿੱਸਾ ਲੈਣ ਦਾ 'ਬਿਗਲ' ਵਜਾ ਦਿੱਤਾ। ਫਾਰਮ ਭਰਨ ਵਾਲਿਆਂ ਵਿਚ ਪ੍ਰਧਾਨ ਦੇ ਅਹੁਦੇ ਲਈ ਸ੍ਰੀਮਤੀ ਬੇਅੰਤ ਕੌਰ ਗਿੱਲ (ਮੋਗਾ), ਪ੍ਰਬੰਧਕੀ ਬੋਰਡ ਦੇ ਮੈਂਬਰ ਲਈ ਕਰਮ ਸਿੰਘ ਜ਼ਖ਼ਮੀ, ਸੁਖਵਿੰਦਰ ਸਿੰਘ ਲੋਟੇ, ਅਮਰਜੀਤ ਕੌਰ ਅਮਰ ਅਤੇ ਬਲਰਾਜ ਉਬਰਾਏ ਬਾਜ਼ੀ ਸ਼ਾਮਲ ਹਨ। ਫਾਰਮ ਭਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਪਰੋਕਤ ਉਮੀਦਵਾਰਾਂ ਨੇ ਕਿਹਾ ਕਿ ਸਾਹਿਤ ਅਕਾਦਮੀ ਲੁਧਿਆਣਾ ਸਮੇਤ ਸਮੂਹ ਸੰਸਥਾਵਾਂ 'ਤੇ ਕੁੱਲ ਵੀਹ-ਪੱਚੀ ਵਿਅਕਤੀ 'ਕਾਬਜ਼' ਹਨ, ਜਿਨ੍ਹਾਂ ਦੀ 'ਅਜ਼ਾਰੇਦਾਰੀ' ਨੂੰ ਤੋੜਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਉਹ ਅਕਾਦਮੀ ਦੀਆਂ ਗਤੀਵਿਧੀਆਂ ਨੂੰ ਪੰਜਾਬੀ ਭਵਨ ਦੀ ਇਮਾਰਤ ਵਿਚੋਂ ਕੱਢ ਕੇ ਛੋਟੇ ਤੋਂ ਛੋਟੇ ਸ਼ਹਿਰ ਅਤੇ ਪਿੰਡ ਤੱਕ ਲਿਜਾਣ ਲਈ ਵਚਨਬੱਧ ਹਨ। ਵਿਦੇਸ਼ੀ ਮੈਂਬਰਾਂ ਨੂੰ ਵੋਟ ਪਾਉਣ ਅਤੇ ਅਹੁਦੇਦਾਰ ਚੁਣੇ ਜਾਣ ਦਾ ਅਧਿਕਾਰ ਦੇਣ ਲਈ ਅਕਾਦਮੀ ਦੇ ਸੰਵਿਧਾਨ ਵਿਚ ਸੋਧ ਕਰਵਾਉਣੀ ਯਕੀਨੀ ਬਣਾਉਣਗੇ।

ਅਕਾਦਮੀ ਦੀ ਸਥਾਪਨਾ 1954 ਦੇ ਲਗਭਗ ਹੋਈ ਸੀ। ਉਸੇ ਸਾਲ ਇਸ ਦਾ ਸੰਵਿਧਾਨ ਲਿਖਿਆ ਗਿਆ ਸੀ। ਇਹ ਸੰਵਿਧਾਨ ਕਰੀਬ 70 ਸਾਲ ਪੁਰਾਣਾ ਹੋਣ ਕਾਰਨ ਹੁਣ ਇਹ ਸਮਾਂ ਵਿਹਾਅ ਚੁੱਕਾ ਹੈ ਅਤੇ ਇਸ ਨੂੰ ਨਵੇਂ ਸਿਰੇ ਤੋਂ ਲਿਖੇ ਜਾਣ ਦੀ ਲੋੜ ਹੈ। ਜੇ ਇਹ ਨਵੇਂ ਸਿਰੇ ਤੋਂ ਨਹੀਂ ਲਿਖਿਆ ਜਾ ਸਕਦਾ, ਤਾਂ ਇਸ ਵਿਚ ਵੱਡੇ ਪੱਧਰ 'ਤੇ ਸੋਧਾਂ ਹੋਣੀਆਂ ਚਾਹੀਦੀਆਂ ਹਨ। ਸੱਤਰ ਸਾਲਾਂ ਤੋਂ ਵਿਦੇਸ਼ੀ ਮੈਂਬਰਾਂ ਨਾਲ ਹੋ ਰਿਹਾ ਪੱਖਪਾਤ ਹੁਣ ਦੂਰ ਕੀਤਾ ਜਾਵੇਗਾ। ਵਿਦੇਸ਼ੀ ਸਾਹਿਤਕਾਰ ਵੱਡੀ ਗਿਣਤੀ ਵਿਚ ਅਕਾਦਮੀ ਦੇ ਮੈਂਬਰ ਹਨ, ਪਰ ਇਨ੍ਹਾਂ ਮੈਂਬਰਾਂ ਨੂੰ ਨਾ ਚੋਣ ਪ੍ਰਕਿਰਿਆ ਵਿਚ ਹਿੱਸਾ ਲੈਣ ਦਾ ਅਧਿਕਾਰ ਹੈ, ਅਤੇ ਨਾ ਪ੍ਰਬੰਧਕੀ ਟੀਮ ਦੇ ਕਿਸੇ ਅਹੁਦੇ ਲਈ ਚੁਣੇ ਜਾਣ ਦਾ। ਉਨ੍ਹਾਂ ਨੇ ਸਮੂਹ ਲੇਖਕ ਭਾਈਚਾਰੇ ਨੂੰ ਹਰ ਤਰ੍ਹਾਂ ਦੀ 'ਗੁੱਟਬੰਦੀ' ਤੋਂ ਬਾਹਰ ਨਿਕਲ ਕੇ ਵੋਟਾਂ ਪਾਉਣ ਦਾ ਸੱਦਾ ਦਿੱਤਾ। ਇਸ ਮੌਕੇ ਫਾਰਮ ਭਰਨ ਵਾਲਿਆਂ ਨਾਲ ਵੱਡੀ ਗਿਣਤੀ ਵਿਚ ਸਾਹਿਤਕਾਰ ਵੀ ਦੇਖੇ ਗਏ। ਉਨ੍ਹਾਂ ਵਿਚੋਂ ਕੁਝ ਇਹ ਕਹਿੰਦੇ ਵੀ ਸੁਣੇ ਗਏ ਕਿ ਜਿਵੇਂ ਸਿਆਸਤ ਵਿਚ ਭਾਈ-ਭਤੀਜਾਵਾਦ ਭਾਰੂ ਹੈ, ਉਸੇ ਤਰ੍ਹਾਂ ਇਸ ਖੇਤਰ ਵਿਚ ਵੀ 'ਜੱਫੇਮਾਰ' ਲੋਕ ਅਹੁਦਿਆਂ ਨੂੰ ਨਾਗਵਲ ਪਾਈ ਬੈਠੇ ਹਨ, ਜਿਨ੍ਹਾਂ ਦਾ ਜੱਫਾ ਅਤੇ ਨਾਗਵਲ ਤੋੜਨ ਦਾ ਹੁਣ ਸਮਾਂ ਆ ਗਿਆ ਹੈ।

*-ਮਨਦੀਪ ਖੁਰਮੀ ਹਿੰਮਤਪੁਰਾ*



# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਪੰਜਾਬੀ ਮਾਂ-ਬੋਲੀ ਨੂੰ ਸਮਰਪਿਤ ਸਮਾਗਮ

**ਬਰੈਂਪਟਨ:** ਲੰਘੇ ਐਤਵਾਰ ਕੈਨੇਡੀਆਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਇਸ ਮਹੀਨੇ ਦਾ ਸਮਾਗਮ ਜ਼ੂਮ ਮਾਧਿਅਮ 'ਤੇ ਮਾਂ-ਬੋਲੀ ਪੰਜਾਬੀ ਨੂੰ ਸਮਰਪਿਤ ਕੀਤਾ ਗਿਆ। ਕੈਨੇਡਾ ਦੇ ਕਈ ਸ਼ਹਿਰਾਂ ਤੋਂ ਇਲਾਵਾ ਭਾਰਤ, ਪਾਕਿਸਤਾਨ ਤੇ ਅਮਰੀਕਾ ਤੋਂ ਪੰਜਾਬੀ-ਪ੍ਰੇਮੀਆਂ ਵੱਲੋਂ ਇਸ ਵਿਚ ਭਰਪੂਰ ਸ਼ਮੂਲੀਅਤ ਕੀਤੀ ਗਈ। ਸਭਾ ਦੇ ਸੀਨੀਅਰ ਮੈਂਬਰ ਮਲੂਕ ਸਿੰਘ ਕਾਹਲੋਂ ਵੱਲੋਂ ਪੰਜਾਬ ਦੇ ਸਨਅਤੀ ਸ਼ਹਿਰ ਬਟਾਲਾ ਤੋਂ ਸਮਾਗਮ ਦੇ ਮੁੱਖ-ਬੁਲਾਰੇ ਡਾ. ਅਨੂਪ ਸਿੰਘ ਅਤੇ ਹਾਜ਼ਰ ਮੈਂਬਰਾਂ ਤੇ ਮਹਿਮਾਨਾਂ ਨੂੰ 'ਜੀ-ਆਇਆਂ' ਕਹਿਣ ਤੋਂ ਬਾਅਦ ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਨੇ ਡਾ. ਅਨੂਪ ਸਿੰਘ ਨੂੰ ਪੰਜਾਬੀ ਮਾਂ-ਬੋਲੀ ਦੀ ਅਜੋਕੀ ਸਥਿਤੀ ਬਾਰੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ।

ਡਾ. ਅਨੂਪ ਸਿੰਘ ਨੇ ਕਿਹਾ ਕਿ ਹਰੇਕ ਮਨੁੱਖ ਦੀਆਂ ਤਿੰਨ ਮਾਵਾਂ ਹਨ, ਮਾਂ-ਜਣਨੀ, ਮਾਂ-ਧਰਤੀ ਅਤੇ ਮਾਂ-ਬੋਲੀ। ਜਿਹੜਾ ਵੀ ਮਨੁੱਖ ਇਨ੍ਹਾਂ ਨਾਲੋਂ ਟੁੱਟ ਜਾਂਦਾ ਹੈ, ਉਹ ਆਪਣੀ ਹਸਤੀ ਗੁਆ ਬੈਠਦਾ ਹੈ। ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਵਿਚ ਆਈਸੀਐੱਸਈ ਤੇ ਸੀਬੀਐੱਸਈ ਸਕੂਲਾਂ ਵਿਚ ਪੰਜਾਬੀ ਬੋਲਣ 'ਤੇ ਵਿਦਿਆਰਥੀਆਂ ਨੂੰ ਜੁਰਮਾਨੇ ਕੀਤੇ ਜਾਂਦੇ ਹਨ। ਪੰਜਾਬੀ ਮਾਂ-ਬੋਲੀ ਦੇ ਪਸਾਰ ਲਈ ਸਰਕਾਰੀ ਸਰਪ੍ਰਸਤੀ ਦੀ ਜ਼ਰੂਰਤ ਹੈ ਅਤੇ ਅਗਲੀਆਂ ਪੀੜ੍ਹੀਆਂ ਨੂੰ ਪੰਜਾਬੀ ਸਿਖਾਉਣੀ ਜ਼ਰੂਰੀ ਹੈ, ਵਰਨਾ ਉਹ ਮਨੁੱਖਤਾ ਦੇ ਮਹਾਨ-ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਨੂੰ ਕਿਵੇਂ ਪੜ੍ਹ ਤੇ ਸਮਝ ਸਕਣਗੇ?

ਉਨ੍ਹਾਂ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ ਖਾਲਸਾ ਕਾਲਜ ਫ਼ਾਰ ਵਿਮੈੱਨ ਜਲੰਧਰ ਦੀ ਪ੍ਰਿੰਸੀਪਲ ਡਾ. ਨਵਜੋਤ ਕੌਰ ਨੇ ਪੰਜਾਬੀ ਬੋਲੀ ਦੀ ਅਮੀਰੀ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬੀ ਗੁਰੂਆਂ, ਪੀਰਾਂ ਤੇ ਫ਼ਕੀਰਾਂ ਦੀ ਬੋਲੀ ਹੈ ਪਰ ਦੁੱਖ ਦੀ ਗੱਲ ਹੈ ਕਿ ਅਜੋਕੀ ਪੀੜ੍ਹੀ ਮਾਤ-ਭਾਸ਼ਾ ਪੰਜਾਬੀ ਤੋਂ ਉਪਰਾਮ ਹੋ ਕੇ ਵਿਦੇਸ਼ਾਂ ਵੱਲ ਦੌੜ ਰਹੀ ਹੈ। ਉਨ੍ਹਾਂ ਪੰਜਾਬ ਵਿਚ ਇਸ ਸਮੇਂ ਚੱਲ ਰਹੇ ਅਜੋਕੇ ਕਿਸਾਨ ਅੰਦੋਲਨ ਨੂੰ ਇਤਿਹਾਸਕ 'ਪੱਗੜੀ ਸੰਭਾਲ ਜੱਟਾ' ਅੰਦੋਲਨ ਨਾਲ ਜੋੜ ਕੇ ਆਪਣੀ ਗੱਲ ਬਾਖ਼ੂਬੀ ਕੀਤੀ। ਬਟਾਲਾ ਤੋਂ ਸਤਿੰਦਰ ਕੌਰ ਕਾਹਲੋਂ ਨੇ ਕਿਹਾ ਕਿ ਜਿਵੇਂ ਅਸੀਂ ਆਪਣੀਆਂ ਮਾਂਵਾਂ ਨੂੰ ਕਦੇ ਨਹੀਂ ਭੁੱਲ ਸਕਦੇ, ਸਾਨੂੰ ਆਪਣੀ ਮਾਂ-ਬੋਲੀ ਨੂੰ ਵੀ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਚੰਡੀਗੜ੍ਹ ਤੋਂ ਡਾ. ਮਨਜੀਤ ਸਿੰਘ ਬੱਲ ਨੇ ਕਿਹਾ ਕਿ ਪੰਜਾਬੀ ਚੜ੍ਹਦੇ ਤੇ ਲਹਿੰਦੇ ਦੋਹਾਂ ਪੰਜਾਬਾਂ, ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਿਚ ਤਾਂ ਪੰਜਾਬੀਆਂ ਵੱਲੋਂ ਬੋਲੀ ਜਾਂਦੀ ਹੈ ਪਰ ਪੰਜਾਬ ਦੇ ਪ੍ਰਾਈਵੇਟ ਸਕੂਲਾਂ ਵਿਚ ਇਸ ਦੇ ਬੋਲਣ 'ਤੇ ਮਨਾਹੀ ਹੈ। ਵੱਖ-ਵੱਖ ਬੁਲਾਰਿਆਂ ਵੱਲੋਂ ਉਠਾਏ ਗਏ ਕਈ ਨੁਕਤਿਆਂ ਦਾ ਜੁਆਬ ਦਿੰਦਿਆਂ ਡਾ. ਅਨੂਪ ਸਿੰਘ ਨੇ ਕਿਹਾ ਕਿ ਸਰਕਾਰੀ ਸਰਪ੍ਰਸਤੀ ਤੋਂ ਬਿਨਾਂ ਕਿਸੇ ਭਾਸ਼ਾ ਦਾ ਵੱਧਣਾ ਫੁੱਲਣਾ ਏਨਾ ਆਸਾਨ ਨਹੀਂ ਹੈ।




ਸਮਾਗਮ ਦੇ ਦੂਸਰੇ ਭਾਗ ਵਿਚ ਹੋਏ ਕਵੀ-ਦਰਬਾਰ ਦੀ ਸ਼ੁਰੂਆਤ ਸਭਾ ਦੇ ਰਸੀਲੇ ਗਾਇਕ ਇਕਬਾਲ ਬਰਾੜ ਦੇ ਗਾਏ ਗੀਤ 'ਦੀਵਾ ਬਲੇ ਸਾਰੀ ਰਾਤ' ਨਾਲ ਕੀਤੀ ਗਈ। ਫਿਰ ਵਾਰੋ-ਵਾਰੀ ਡਾ. ਨਵਜੋਤ ਕੌਰ, ਡਾ. ਰਵਿੰਦਰ ਕੌਰ ਭਾਟੀਆ, ਸਤਿੰਦਰ ਕੌਰ ਕਾਹਲੋਂ, ਬਲਵੰਤ ਰਾਏ ਗੱਖੜ, ਸੁਰਜੀਤ ਸਿੰਘ, ਰਣਜੀਤ ਬਾਜਵਾ, ਰਾਜ ਕੁਮਾਰ ਓਸ਼ੋਰਾਜ, ਸੁਖਦੇਵ ਸਿੰਘ ਝੰਡ ਤੇ ਹਰਦਿਆਲ ਝੀਤਾ ਨੇ ਮਾਂ-ਬੋਲੀ ਪੰਜਾਬੀ ਨਾਲ ਜੁੜੀਆਂ ਕਵਿਤਾਵਾਂ ਪੇਸ਼ ਕੀਤੀਆਂ। ਬਠਿੰਡਾ ਤੋਂ ਅਮਰਜੀਤ ਸਿੰਘ ਜੀਤ ਨੇ ਕਵਿਤਾ ਸੁਣਾਈ, ਡਾ. ਮਨਜੀਤ ਸਿੰਘ ਬੱਲ ਵੱਲੋਂ ਸੁਰਿੰਦਰ ਕੌਰ ਦਾ ਗੀਤ 'ਮਹਿਰਮ ਦਿਲਾਂ ਦੇ ਜਾਨੀ ਮੋੜੇਂਗਾ ਕਦ ਮੁਹਾਰਾਂ' ਪੂਰੇ ਸੁਰਤਾਲ ਵਿਚ ਗਾਇਆ। ਔਟਵਾ ਤੋਂ ਜੁੜੇ ਲਖਬੀਰ ਸਿੰਘ ਕਾਹਲੋਂ ਨੇ ਕਵਿਤਾ ਸੁਣਾਈ। ਰਮਿੰਦਰ ਵਾਲੀਆ ਵੱਲੋਂ 'ਸ਼ਬਦ' ਦੀ ਮਹਾਨਤਾ ਬਾਰੇ ਕਵਿਤਾ ਪੇਸ਼ ਕੀਤੀ ਗਈ। ਕੁਲਵਿੰਦਰ ਕੰਵਲ ਅਤੇ ਮਲੂਕ ਸਿੰਘ ਕਾਹਲੋਂ ਨੇ ਅਜੋਕੇ ਕਿਸਾਨ ਅੰਦੋਲਨ ਨਾਲ ਸਬੰਧਿਤ ਕਵਿਤਾਵਾਂ ਸੁਣਾਈਆਂ। ਭਾਰਤ ਤੇ ਪਾਕਿਸਤਾਨ ਤੋਂ ਜੁੜੇ ਪੰਜਾਬੀ-ਪ੍ਰੇਮੀਆਂ ਦਾ ਸੁਆਗਤ ਕਰਦਿਆਂ ਮਕਸੂਦ ਚੌਧਰੀ ਨੇ ਆਪਣੀ ਕਵਿਤਾ ਪੇਸ਼ ਕੀਤੀ ਅਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਕੋਆਰਡੀਨੇਟਰ ਪ੍ਰੋ. ਤਲਵਿੰਦਰ ਮੰਡ ਦੀਆਂ ਦਰਦ ਭਿੰਜੀਆਂ ਕਵਿਤਾਵਾਂ ਨੇ ਮਾਹੌਲ ਨੂੰ ਭਾਵਨਾਤਮਿਕ ਬਣਾ ਦਿੱਤਾ।

ਸਮਾਗਮ ਦੇ ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਸਮੂਹ ਬੁਲਾਰਿਆਂ, ਕਵੀਜਨਾਂ ਤੇ ਗਾਇਕਾਂ ਦਾ ਧੰਨਵਾਦ ਕੀਤਾ। ਲਾਹੌਰ (ਪਾਕਿਸਤਾਨ) ਤੋਂ ਪੰਜਾਬੀ ਬੋਲੀ ਨੂੰ ਪੰਜਾਬ ਵਿਚ ਸਰਕਾਰੀ ਪੱਧਰ 'ਤੇ ਲਾਗੂ ਕਰਨ ਅਤੇ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਲਈ ਸੰਘਰਸ਼ਸ਼ੀਲ ਅਹਿਮਦ ਰਜ਼ਾ ਪੰਜਾਬੀ ਨੇ ਵੀ ਕੁਝ ਸਮੇਂ ਲਈ ਸਮਾਗਮ ਵਿਚ ਸ਼ਿਰਕਤ ਕੀਤੀ। ਉਨ੍ਹਾਂ ਤੋਂ ਇਲਾਵਾ ਚੰਡੀਗੜ੍ਹ ਤੋਂ ਡਾ. ਜਗਮੋਹਨ ਸਿੰਘ, ਪ੍ਰੋ. ਜਗੀਰ ਸਿੰਘ ਕਾਹਲੋਂ, ਸੁਖਵੰਤ ਸਿੱਧੂ, ਅਤੇ ਨਛੱਤਰ ਸਿੰਘ ਬਦੇਸ਼ਾ ਵੀ ਇਸ ਜ਼ੂਮ-ਸਮਾਗਮ ਵਿਚ ਸ਼ਾਮਲ ਹੋਏ। **-ਡਾ. ਝੰਡ**

ਪੰਜਾਬ ਟਾਈਮਜ਼

ਸ਼ਨਿਚਰਵਾਰ, 24 ਫਰਵਰੀ, 2024

## ਪਹੁੰਚ ਦਾ ਮਸਲਾ

ਇਹ ਭਾਵੇਂ ਚੰਡੀਗੜ੍ਹ ਵਿਚ ਮੇਅਰ ਦੀ ਚੋਣ ਦਾ ਮਸਲਾ ਸੀ ਜਾਂ ਕਿਸਾਨਾਂ ਦੀਆਂ ਮੰਗਾਂ ਦਾ, ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਪਹੁੰਚ ਦਰਸਾ ਰਹੀ ਹੈ ਕਿ ਇਹ ਕਿਸ ਤਰ੍ਹਾਂ ਦੀ ਸਿਆਸਤ ਲੋਕਾਂ ਉਤੇ ਲੱਦਣਾ ਚਾਹੁੰਦੀ ਹੈ। ਚੰਡੀਗੜ੍ਹ ਵਿਚ ਮੇਅਰ ਦੀ ਚੋਣ ਜਿੱਤਣ ਲਈ ਭਾਰਤੀ ਜਨਤਾ ਪਾਰਟੀ ਕੋਲ ਲੋੜੀਂਦੀਆਂ ਵੋਟਾਂ ਨਹੀਂ ਸਨ। ਅਸਲ ਵਿਚ ਇਸ ਚੋਣ ਲਈ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਕਾਰ ਗੱਠਜੋੜ ਬਣਨ ਨਾਲ ਭਾਰਤੀ ਜਨਤਾ ਪਾਰਟੀ ਦੀਆਂ ਸਭ ਯੋਜਨਾਵਾਂ ਧਰੀਆਂ ਧਰਾਈਆਂ ਰਹਿ ਗਈਆਂ ਸਨ। ਪਹਿਲਾਂ ਤਾਂ ਇਸ ਨੇ ਆਪਣੀ ਮਰਜ਼ੀ ਨਾਲ ਚੋਣਾਂ ਮੁਲਤਵੀ ਕਰਵਾਈਆਂ; ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਦਖਲ ਤੋਂ ਬਾਅਦ ਹੀ ਚੋਣ ਹੋ ਸਕੀ। ਇਸ ਚੋਣ ਦੀਆਂ ਵੋਟਾਂ ਦੀ ਗਿਣਤੀ ਦੌਰਾਨ ਰਿਟਰਨਿੰਗ ਅਫਸਰ ਜੋ ਭਾਰਤੀ ਜਨਤਾ ਪਾਰਟੀ ਦਾ ਹੀ ਨਾਮਜ਼ਦ ਕੌਂਸਲਰ ਸੀ, ਨੇ ਉਹ ਕੁਝ ਕਰ ਦਿਖਾਇਆ ਜੋ ਕਿਸੇ ਵੀ ਸੂਰਤ ਵਿਚ ਸੰਭਵ ਨਹੀਂ ਸੀ ਜਾਪਦਾ। ਰਿਟਰਨਿੰਗ ਅਫਸਰ ਨੇ ਕਾਂਗਰਸ ਤੇ ਆਮ ਆਦਮੀ ਪਾਰਟੀ ਗੱਠਜੋੜ ਨਾਲ ਸਬੰਧਿਤ 8 ਕੌਂਸਲਰਾਂ ਦੀਆਂ ਵੋਟਾਂ ਰੱਦ ਕਰ ਕੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਦਾ ਰਾਹ ਖੋਲ੍ਹ ਦਿੱਤਾ। ਇਸ ਵਧੀਕੀ ਖ਼ਿਲਾਫ ਹਾਈ ਕੋਰਟ ਵਿਚ ਪਹੁੰਚ ਕੀਤੀ ਗਈ ਤਾਂ ਅਦਾਲਤ ਨੇ ਇਸ ਮਸਲੇ ਨੂੰ ਬਹੁਤੀ ਅਹਿਮੀਅਤ ਹੀ ਨਹੀਂ ਦਿੱਤੀ। ਇਉਂ ਮਸਲਾ ਆਖਰਕਾਰ ਸੁਪਰੀਮ ਕੋਰਟ ਪੁੱਜ ਗਿਆ ਅਤੇ ਸੁਪਰੀਮ ਕੋਰਟ ਵਿਚ ਜੋ ਕੁਝ ਹੋਇਆ, ਉਹ ਹੁਣ ਇਤਿਹਾਸ ਵਿਚ ਦਰਜ ਹੋ ਗਿਆ ਹੈ। ਸੁਪਰੀਮ ਕੋਰਟ ਦੇ ਇਸ ਫੈਸਲੇ ਨੇ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਦੇ ਪਰਦੇ ਚਾਕ ਕਰ ਦਿੱਤੇ ਹਨ। ਸੁਪਰੀਮ ਕੋਰਟ ਦੀ ਸੁਣਵਾਈ ਤੋਂ ਐਨ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਵਿਰੋਧੀ ਧਿਰ ਦੇ ਤਿੰਨ ਕੌਂਸਲਰ ਵੀ ਆਪਣੇ ਨਾਲ ਰਲਾ ਲਏ। ਸੁਪਰੀਮ ਕੋਰਟ ਨੇ ਇਸ ਖਰੀਦੋ-ਫਰੋਖਤ ਦਾ ਬਾਕਾਇਦਾ ਨੋਟਿਸ ਲਿਆ ਅਤੇ ਆਪਣੀ ਟਿੱਪਣੀ ਵਿਚ ਇਸ ਦਾ ਜ਼ਿਕਰ ਵੀ ਕੀਤਾ। ਇਸ ਦੇ ਨਾਲ ਹੀ ਬੈਲਟ ਪੇਪਰ ਮੰਗਵਾ ਕੇ ਘੋਖਿਆ ਅਤੇ ਫੈਸਲਾ ਸੁਣਾਇਆ ਕਿ ਰਿਟਰਨਿੰਗ ਅਫਸਰ ਨੇ ਵੋਟਾਂ ਜਾਣ-ਬੁੱਝ ਕੇ ਰੱਦ ਕੀਤੀਆਂ। ਅਦਾਲਤ ਨੇ ਰਿਟਰਨਿੰਗ ਅਫਸਰ ਖ਼ਿਲਾਫ ਅਦਾਲਤੀ ਮਾਣਹਾਨੀ ਦਾ ਨੋਟਿਸ ਜਾਰੀ ਕਰਨ ਦਾ ਹੁਕਮ ਵੀ ਦਿੱਤਾ।

ਕਿਸਾਨਾਂ ਦਾ ਮਸਲਾ ਵੀ ਕੋਈ ਘੱਟ ਦਿਲਚਸਪ ਨਹੀਂ। ਦਿੱਲੀ ਦੀਆਂ ਹੱਦਾਂ ਉਤੇ ਇਕ ਸਾਲ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਬਾਰੇ ਹੋਏ ਸਮਝੌਤੇ ਮੌਕੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਫਸਲਾਂ ‘ਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਗਾਰੰਟੀ ਬਾਰੇ ਕਾਨੂੰਨ ਬਣਾਉਣ ਬਾਰੇ ਹਾਮੀ ਭਰੀ ਸੀ ਅਤੇ ਇਸ ਮਸਲੇ ਦੇ ਹੱਲ ਤੱਕ ਪੁੱਜਣ ਲਈ ਕਮੇਟੀ ਬਣਾਉਣ ਬਾਰੇ ਕਿਹਾ ਸੀ ਪਰ ਦੋ ਸਾਲ ਲੰਘਣ ਦੇ ਬਾਵਜੂਦ ਸਰਕਾਰ ਨੇ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ। ਇਸ ਦੌਰਾਨ 2022 ਵਿਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਿਲ ਜਥੇਬੰਦੀਆਂ ਵਿਚਕਾਰ ਟਕਰਾਅ ਵੀ ਪੈਦਾ ਹੋ ਗਿਆ ਸੀ। ਇਸ ਟਕਰਾਅ ਵਿਚੋਂ ਹੀ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਨਿਕਲਿਆ। ਇਹੀ ਉਹ ਮੋਰਚਾ ਹੈ ਜਿਹੜਾ ਹੁਣ ਸੰਘਰਸ਼ ਚਲਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਿਲ ਬਹੁਤੀਆਂ ਕਿਸਾਨ ਜਥੇਬੰਦੀਆਂ ਫਿਲਹਾਲ ਇਸ ਸੰਘਰਸ਼ ਵਿਚ ਸ਼ਾਮਿਲ ਨਹੀਂ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੀ ਇਸ ਪੱਖ ਤੋਂ ਤਿੱਖੀ ਨੁਕਤਾਚੀਨੀ ਹੋ ਰਹੀ ਹੈ ਕਿ ਸਾਰੀਆਂ ਜਥੇਬੰਦੀਆਂ ਨੂੰ ਨਾਲ ਲਏ ਬਗੈਰ ਸੰਘਰਸ਼ ਵਿੱਢ ਲਿਆ ਗਿਆ ਹੈ। ਇਸ ਸੰਘਰਸ਼ ਵਿਚ ਉਹ ਜਥੇਬੰਦੀਆਂ ਸ਼ਾਮਿਲ ਹਨ ਜਿਹੜੀਆਂ ਕਿਸਾਨ ਅੰਦੋਲਨ ਵੇਲੇ 26 ਜਨਵਰੀ 2021 ਨੂੰ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਦੇ ਉਲਟ ਲਾਲ ਕਿਲ੍ਹੇ ਵੱਲ ਕੂਚ ਕਰ ਗਈਆਂ ਸਨ। ਕਿਸਾਨ ਅੰਦੋਲਨ ਦੀ ਸਫਲਤਾ ਦਾ ਇਕ ਕਾਰਨ ਸਾਰੀਆਂ ਕਿਸਾਨ ਜਥੇਬੰਦੀਆਂ ਦਾ ਏਕਾ ਸੀ। ਜ਼ਾਹਿਰ ਹੈ ਕਿ ਮੋਦੀ ਹਕੂਮਤ ਖ਼ਿਲਾਫ ਭਰਪੂਰ ਲੜਾਈ ਸਾਰੀਆਂ ਧਿਰਾਂ ਦੇ ਏਕੇ ਨਾਲ ਹੀ ਸੰਭਵ ਹੋ ਸਕਣੀ ਸੀ ਪਰ ਕੁਝ ਜਥੇਬੰਦੀਆਂ ਨੇ ਆਪਣੀ ਪੈਂਠ ਬਣਾਉਣ ਲਈ ਏਕੇ ਦੀ ਜ਼ਰੂਰਤ ਹੀ ਨਹੀਂ ਸਮਝੀ। ਇਨ੍ਹਾਂ ਕੁਝ ਕੁ ਜਥੇਬੰਦੀਆਂ ਦੀ ਸਮਝ ਸੀ ਕਿ ਇਕ ਵਾਰ ਸੰਘਰਸ਼ ਸ਼ੁਰੂ ਹੋ ਗਿਆ ਤਾਂ ਬਾਕੀ ਜਥੇਬੰਦੀਆਂ ਨੂੰ ਨਾਲ ਆਉਣਾ ਹੀ ਪੈਣਾ ਹੈ।

ਚੰਡੀਗੜ੍ਹ ਮੇਅਰ ਦੀ ਚੋਣ ਵਿਚ ਸੁਪਰੀਮ ਕੋਰਟ ਦੇ ਤੁਰੰਤ ਦਖਲ ਕਾਰਨ ਭਾਰਤੀ ਜਨਤਾ ਪਾਰਟੀ ਭਾਵੇਂ ਛਿੱਥੀ ਪੈ ਗਈ ਹੈ ਪਰ ਕਿਸਾਨ ਮੰਗਾਂ ਦੇ ਮਾਮਲੇ ਵਿਚ ਸਰਕਾਰ ਦਾ ਰਵੱਈਆ ਜਿਉਂ ਦਾ ਤਿਉਂ ਹੈ। ਪਹਿਲਾਂ ਤਾਂ ਸਰਕਾਰ ਨੇ ਗੱਲਬਾਤ ਦੇ ਬਹਾਨੇ ਮਾਮਲੇ ਨੂੰ ਬਹੁਤ ਲਟਕਾ ਦਿੱਤਾ, ਫਿਰ ਕਿਸਾਨ ਆਗੂਆਂ ਨੂੰ ਅਜਿਹੀਆਂ ਤਜਵੀਜ਼ਾਂ ਵਿਚ ਉਲਝਾ ਲਿਆ ਜੋ ਸੰਭਵ ਹੀ ਨਹੀਂ ਹਨ। ਮਿਸਾਲ ਵਜੋਂ ਪੰਜ ਫਸਲਾਂ ‘ਤੇ ਐਮ.ਐਸ.ਪੀ. ਦੇਣ ਵਾਲੀ ਤਜਵੀਜ਼ ਹੈ। ਇਹ ਲਾਭ ਉਨ੍ਹਾਂ ਕਿਸਾਨਾਂ ਨੂੰ ਹੀ ਮਿਲ ਸਕੇਗਾ ਜੋ ਕਣਕ ਅਤੇ ਝੋਨਾ ਨਹੀਂ ਲਾਉਣਗੇ। ਇਉਂ ਵੱਖ-ਵੱਖ ਸ਼ਰਤਾਂ ਲਾ ਕੇ ਮਸਲੇ ਨੂੰ ਲਮਕਾਇਆ ਜਾ ਰਿਹਾ ਹੈ। ਕਿਸਾਨਾਂ ਨੂੰ ਆਪਣੀਆਂ ਮੰਗਾਂ ਲਈ ਅਦਾਲਤ ਤੋਂ ਕੋਈ ਰਾਹਤ ਨਹੀਂ ਮਿਲਣੀ। ਹਾਈ ਕੋਰਟ ਨੇ ਤਾਂ ਸਗੋਂ ਕਿਸਾਨਾਂ ਦੇ ਟਰੈਕਟਰਾਂ ਉਤੇ ਦਿੱਲੀ ਜਾਣ ‘ਤੇ ਹੀ ਇਤਰਾਜ਼ ਜ਼ਾਹਿਰ ਕਰ ਦਿੱਤਾ ਹੈ। ਸਪਸ਼ਟ ਹੈ ਕਿ ਸਰਕਾਰ ਕਿਸਾਨਾਂ ਨੂੰ ਡੱਕਣ ਲਈ ਹਰ ਹੀਲਾ-ਵਸੀਲਾ ਵਰਤ ਰਹੀ ਹੈ। ਇਸ ਲਈ ਕਿਸਾਨਾਂ ਨੂੰ ਵੀ ਆਪਣੇ ਸਾਰੇ ਮੱਤਭੇਦ ਭੁਲਾ ਕੇ ਇਕ ਮੰਚ ਉਤੇ ਇਕੱਠੇ ਹੋਣਾ ਚਾਹੀਦਾ ਹੈ। ਇਉਂ ਸਰਕਾਰ ਨੂੰ ਕਿਸਾਨਾਂ ਦੀ ਸਮੁੱਚੀ ਤਾਕਤ ਦਾ ਅਹਿਸਾਸ ਵੀ ਹੋਵੇਗਾ ਅਤੇ ਮੰਗਾਂ ਵਧੇਰੇ ਤਾਕਤ ਨਾਲ ਉਭਾਰੀਆਂ ਜਾ ਸਕਣਗੀਆਂ। 2024 ਵਾਲੀਆਂ ਲੋਕ ਸਭਾ ਚੋਣਾਂ ਸਿਰ ਉਤੇ ਹਨ। ਹੋਰ ਕੁਝ ਸਮੇਂ ਨੂੰ ਚੋਣ ਜ਼ਾਬਤਾ ਲਾਗੂ ਹੋ ਜਾਣਾ ਹੈ। ਇਸ ਸੂਰਤ ਵਿਚ ਸਰਕਾਰ ਨੂੰ ਵਕਤ ਲੰਘਾਉਣ ਲਈ ਇਕ ਹੋਰ ਬਹਾਨਾ ਮਿਲ ਜਾਣਾ ਹੈ। ਇਹ ਮਾਹੌਲ ਬਣਨ ਤੋਂ ਪਹਿਲਾਂ-ਪਹਿਲਾਂ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਸਿਰ ਜੋੜਨੇ ਚਾਹੀਦੇ ਹਨ ਅਤੇ ਸੰਘਰਸ਼ ਨੂੰ ਅੱਗੇ ਵਧਾਉਣਾ ਚਾਹੀਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਜਿੱਤ ਦੀ ਮਾਂ ਏਕਤਾ

ਧਨੀ ਅਕਲ ਦਾ ਆਗੂ ਹੀ ਸਫਲ ਹੋਵੇ ਹੂੜ੍ਹਮੱਤੀਆ ‘ਜਾ.ਲ’ ਵਿੱਚ ਫਸਦਾ ਏ।
ਕਦਮ ਵੱਖ ਅਗਵਾਈ ਤੋਂ ਚੁੱਕਦਾ ਜੋ ਜਾਣੋ ਮਿਸ਼ਨ ਦੇ ਨਮਦੇ ਹੀ ਕੱਸਦਾ ਏ।
ਪਾਟੋ-ਧਾੜ ਹੋਈ ਦੇਖ ਜੁਝਾਰੂਆਂ ਦੀ ਹਾਕਮ ਹਾਸੀ ਹੰਕਾਰ ਦੀ ਹੱਸਦਾ ਏ।
ਕਾਮਯਾਬੀ ਤੋਂ ਸਦਾ ਉਹ ਦੂਰ ਰਹਿੰਦੇ ਫਿਕਰ ਜਿਨ੍ਹਾਂ ਨੂੰ ‘ਆਪਣੇ’ ਜੱਸ ਦਾ ਏ।
ਰਣ ਵਿੱਚ ਜੂਝਦੇ ਭਾਈਆਂ ਤੋਂ ਦੂਰ ਬੈਠਾ ਸਮਝੋ ਆਪਣੇ ਫਰਜ਼ਾਂ ਤੋਂ ਨੱਸਦਾ ਏ।
ਬਿਨਾ ਏਕਤਾ ਕਦੇ ਨਹੀਂ ਜਿੱਤ ਮਿ.ਲਦੀ ਇਹ ਇਤਹਾਸ ਸੰਘਰਸ਼ਾਂ ਦਾ ਦੱਸਦਾ ਏ!

# ਕਿਸਾਨਾਂ ’ਤੇ ਤਸ਼ੱਦਦ ਅਤੇ ਭਾਜਪਾ ਸਰਕਾਰ

**ਸ਼ੰਭੂ ਅਤੇ ਖਨੌਰੀ ਬਾਰਡਰ ‘ਤੇ ਚੱਲ ਰਹੇ ਕਿਸਾਨ ਅੰਦੋਲਨ ਦਾ ਇਕ ਅਹਿਮ ਪਹਿਲੂ ਇਹ ਹੈ ਕਿ ਜਬਰ ਦੇ ਬਾਵਜੂਦ ਕਿਸਾਨਾਂ ਨੇ ਜਿਸ ਸ਼ਿੱਦਤ, ਹਲੀਮੀ ਨਾਲ ਬਗੈਰ ਕਿਸੇ ਭੜਕਾਹਟ ਦੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ, ਉਹ ਆਪਣੇ ਆਪ ਵਿਚ ਮਿਸਾਲ ਬਣ ਗਈ ਹੈ। ਨੌਜਵਾਨਾਂ ਨੇ ਅੱਥਰੂ ਗੈਸ ਦੇ ਗੋਲਿਆਂ ਦਾ ਤੋੜ ਪਾਣੀ ਨਾਲ ਬੋਰੀ ਗਿੱਲੀ ਕਰ ਕੇ ਲੱਭਿਆ ਤੇ ਡਰੋਨ ਨੂੰ ਪਤੰਗ ਉਡਾ ਕੇ ਰੋਕਣ ਦੀ ਕੋਸ਼ਿਸ਼ ਕੀਤੀ। ਨੌਜਵਾਨਾਂ ਵੱਲੋਂ ਅੱਥਰੂ ਗੈਸ ਦੇ ਗੋਲੇ, ਪਾਣੀ ਦੀਆਂ ਬੁਛਾੜਾਂ ਅਤੇ ਰਬੜ ਦੀਆਂ ਗੋਲੀਆਂ ਵੱਜਣ ਦੇ ਬਾਵਜੂਦ ਜਬਰ ਦਾ ਟਾਕਰਾ ਕਰਨਾ ਪੰਜਾਬ ਦੇ ਦਹਾਕਿਆਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਦੀ ਪ੍ਰਤੀਬੱਧਤਾ ਦਰਸਾਉਂਦਾ ਹੈ।**

ਆਪਣੀਆਂ ਹੱਕੀ ਮੰਗਾਂ ਲਈ ਦੇਸ਼ ਦੀ ਰਾਜਧਾਨੀ ਦਿੱਲੀ ਵੱਲ ਕੂਚ ਕਰ ਰਹੇ ਕਿਸਾਨਾਂ ‘ਤੇ ਸ਼ੰਭੂ ਅਤੇ ਖਨੌਰੀ ਬਾਰਡਰਾਂ ਉੱਪਰ ਹਰਿਆਣਾ ਪੁਲਿਸ ਵੱਲੋਂ ਕੀਤੇ ਬੇਤਹਾਸ਼ਾ ਜਬਰ ਨੇ ਭਾਜਪਾ ਦੀ ਸੂਬਾ ਤੇ ਕੇਂਦਰੀ ਹਕੂਮਤ ਦਾ ਚਿਹਰਾ ਨੰਗਾ ਕੀਤਾ ਹੈ। ਕਿਸਾਨਾਂ ‘ਤੇ ਹਕੂਮਤੀ ਜਬਰ ਇਸ ਕਦਰ ਤਿੱਖਾ ਸੀ ਕਿ ਹਰਿਆਣਾ ਪੁਲਿਸ ਵੱਲੋਂ ਸ਼ੰਭੂ ਅਤੇ ਖਨੌਰੀ ਸਰਹੱਦ ‘ਤੇ ਕਿਸਾਨਾਂ ਉੱਪਰ ਅੱਥਰੂ ਗੈਸ ਦੇ ਗੋਲੇ ਚਲਾਉਣ ਲਈ ਡਰੋਨ ਦੀ ਵਰਤੋਂ ਕੀਤੀ ਗਈ, ਇਹ ਪਹਿਲੀ ਵਾਰ ਹੈ ਕਿ ਕਿਸੇ ਸੂਬੇ ਦੀ ਪੁਲਿਸ ਵੱਲੋਂ ਆਪਣੇ ਹੀ ਮੁਲਕ ਦੇ ਧਰਨਾਕਾਰੀਆਂ ਖਿਲਾਫ ਡਰੋਨ (ਯੂ.ਏ.ਵੀ.) ਦੀ ਵਰਤੋਂ ਕੀਤੀ ਹੈ।

ਉਂਝ, ਕਿਸਾਨ ਪਹਿਲੀ ਵਾਰ ਧਰਨਾ ਦੇਣ ਨਹੀਂ ਜਾ ਰਹੇ ਬਲਕਿ ਪਿਛਲੇ ਕਈ ਦਹਾਕਿਆਂ ਤੋਂ ਰਾਜਧਾਨੀ ਹੋਣ ਕਾਰਨ ਦਿੱਲੀ ਕਿਸਾਨ ਧਰਨਿਆਂ ਦਾ ਕੇਂਦਰ ਬਣਦੀ ਰਹੀ ਹੈ। ਅਸਲ ਵਿਚ ਭਾਰਤੀ ਹਾਕਮ ਜਮਾਤ ਵੱਲੋਂ ਪਿਛਲੇ ਸਮੇਂ ਤੋਂ ਦੇਸ਼ ਦੇ ਨਾਗਰਿਕਾਂ ਨੂੰ ਕੇਂਦਰੀ ਤੇ ਸੂਬਾਈ ਰਾਜਧਾਨੀਆਂ ਵਿਚ ਧਰਨੇ ਦੇਣ ਤੋਂ ਰੋਕਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਅੱਜ ਦਿੱਲੀ ਜਾਣ ਤੋਂ ਕਿਸਾਨਾਂ ਨੂੰ ਰੋਕੇ ਜਾਣ ਦੇ ਮਾਮਲੇ ‘ਤੇ ਕਾਂਗਰਸ, ਅਕਾਲੀ ਦਲ, ਆਮ ਆਦਮੀ ਪਾਰਟੀ ਦੇ ਲੀਡਰ ਕਿਸਾਨ ਪੱਖੀ ਹੋਣ ਦਾ ਡਰਾਮਾ ਕਰ ਰਹੇ ਹਨ ਪਰ ਇਹ ਖੁਦ ਵੀ ਇਹੋ ਕੁਝ ਕਰਦੇ ਹਨ ਜਦ ਪੰਜਾਬੀ ਕਿਸਾਨ, ਮਜ਼ਦੂਰ, ਮੁਲਾਜ਼ਮ ਚੰਡੀਗੜ੍ਹ ਵਿਚ ਧਰਨਾ ਦੇਣ ਜਾਂਦੇ ਹਨ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਸਰਕਾਰਾਂ ਵੱਲੋਂ ਦੇਸ਼ ਦੇ ਹੱਕ ਮੰਗਦੇ ਧਰਨਾਕਾਰੀਆਂ ਨੂੰ ਰੋਕਣ ਲਈ ਪੁਲਿਸ ਨੂੰ ਬਕਾਇਦਾ ਟਰੇਨਿੰਗ ਦਿੱਤੀ ਜਾਂਦੀ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਧਰਨਾਕਾਰੀਆਂ ਨੂੰ ਨਿਯੰਤਰਿਤ ਕਰਨ ਲਈ ਡਰੋਨ ਅਧਾਰਤ ਅੱਥਰੂ ਸਮੋਕ ਲਾਂਚਰ ਨੂੰ 2022 ਵਿਚ ਬੀ.ਐਸ.ਐਫ. ਦੀ ਅੱਥਰੂ ਸਮੋਕ ਯੂਨਿਟ (ਟੀ.ਐਸ.ਯੂ.) ਦੁਆਰਾ ਵਿਕਸਤ ਕੀਤਾ ਗਿਆ। ਸ਼ੰਭੂ ਅਤੇ ਖਨੌਰੀ ਬਾਰਡਰ ‘ਤੇ ਕਿਸਾਨਾਂ ਉੱਪਰ ਅੱਥਰੂ ਗੈਸ ਦੇ ਗੋਲੇ ਸੁੱਟਣ ਤੋਂ ਇਲਾਵਾ ਰਬੜ ਦੀਆਂ ਗੋਲੀਆਂ ਮਾਰੀਆਂ ਗਈਆ, ਪਾਣੀ ਦੀਆਂ ਤਿੱਖੀਆਂ ਬੁਛਾੜਾਂ ਮਾਰੀਆਂ ਗਈਆਂ।

ਸ਼ੰਭੂ ਬਾਰਡਰ ਉੱਤੇ ਚੱਲ ਰਹੇ ਕਿਸਾਨ ਅੰਦੋਲਨ ਵਿਚ ਹਿੱਸਾ ਲੈਣ ਲਈ ਗਏ ਪਟਿਆਲਾ ਜ਼ਿਲ੍ਹੇ ਦੇ ਪਿੰਡ ਸ਼ੇਖੂਪੁਰਾ ਦੇ ਵਸਨੀਕ 22 ਸਾਲਾ ਦਵਿੰਦਰ ਸਿੰਘ ਦੀ 13 ਫਰਵਰੀ ਨੂੰ ਚਿਹਰੇ ‘ਤੇ ਪਲਾਸਟਿਕ ਦੀ ਗੋਲੀ ਅਤੇ ਅੱਥਰੂ ਗੈਸ ਦੇ ਗੋਲੇ ਲੱਗਣ ਕਾਰਨ ਖੱਬੀ ਅੱਖ ਦੀ ਰੋਸ਼ਨੀ ਚਲੀ ਗਈ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਚਾਚੋਕੇ ਨਾਲ ਸਬੰਧਤ 63 ਸਾਲਾ ਬਜ਼ੁਰਗ ਕਿਸਾਨ ਗਿਆਨ ਸਿੰਘ ਦਾ ਦੇਹਾਂਤ ਹੋ ਗਿਆ ਹੈ। ਸੈਂਕੜੇ ਕਿਸਾਨਾਂ ਦੇ ਗੰਭੀਰ ਸੱਟਾਂ ਵੱਜੀਆਂ ਹਨ ਜਿਨ੍ਹਾਂ ਵਿਚੋਂ ਜ਼ਿਆਦਾਤਰ ਹਸਪਤਾਲਾਂ ਵਿਚ ਇਲਾਜ ਅਧੀਨ ਹਨ।

ਇਹ ਨਹੀਂ ਸੀ ਕਿ ਕਿਸਾਨਾਂ ਵੱਲੋਂ ਦਿੱਲੀ ਕੂਚ ਦਾ ਐਲਾਨ ਐਨ ਮੌਕੇ ‘ਤੇ ਕੀਤਾ ਗਿਆ ਬਲਕਿ ਦਿੱਲੀ ਕੂਚ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਦੀਆਂ ਤਿੰਨ ਕੇਂਦਰੀ ਮੰਤਰੀਆਂ ਨਾਲ ਪੰਜਾਬ ਦੇ ਮੁੱਖ ਮੰਤਰੀ ਦੀ ਹਾਜ਼ਰੀ ਵਿਚ ਦੋ ਮੀਟਿੰਗਾਂ ਹੋ ਚੁੱਕੀਆਂ ਸਨ ਅਤੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੁੱਖ ਮੰਗਾਂ ’ਤੇ ਕੋਈ ਹਾਮੀ ਨਾ ਭਰਨ ਕਾਰਨ ਹੀ ਕਿਸਾਨਾਂ ਵੱਲੋਂ ਦਿੱਲੀ



ਕੂਚ ਕੀਤਾ ਗਿਆ। ਹਕੀਕਤ ਇਹ ਹੈ ਕਿ ਭਾਜਪਾ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਦੇਣ ਦੀ ਬਜਾਇ ਲੋਕਾਂ ਵਿਚ ਬੇਲੋੜੀ ਦਹਿਸ਼ਤ ਪੈਦਾ ਕੀਤੀ ਗਈ। ਬਗੈਰ ਕਿਸੇ ਠੋਸ ਕਾਰਨ ਦੇ ਦੇਸ਼ ਦੀ ਰਾਜਧਾਨੀ ਵਿਚ ਦਫ਼ਾ 144 ਲਾਗੂ ਕਰ ਦਿੱਤੀ ਗਈ, ਦਿੱਲੀ ਪੁਲਿਸ ਨੇ ਐਲਾਨ ਕਰ ਦਿੱਤਾ ਕਿ ਕੌਮੀ ਰਾਜਧਾਨੀ ਵਿਚ 12 ਮਾਰਚ ਤੱਕ ਪੰਜ ਜਾਂ ਇਸ ਤੋਂ ਜ਼ਿਆਦਾ ਲੋਕਾਂ ਦੇ ਇਕੱਠੇ ਹੋਣ ਦੀ ਮਨਾਹੀ ਹੋਵੇਗੀ। ਹਰਿਆਣਾ ਤੇ ਦਿੱਲੀ ਪੁਲਿਸ ਵੱਲੋਂ ਪੰਜਾਬ ਤੋਂ ਆਉਣ ਵਾਲੇ ਰਸਤਿਆਂ ‘ਤੇ ਸੀਮੇਂਟ-ਬਜਰੀ ਦੀਆਂ ਠੋਸ ਕੰਧਾਂ ਕੱਢ ਦਿੱਤੀਆਂ ਗਈਆ। ਭਾਰੇ ਪੱਥਰਾਂ ਨੂੰ ਕਰੇਨਾਂ ਰਾਹੀਂ ਚੁੱਕ ਕੇ ਸੜਕਾਂ ‘ਤੇ ਖਿਲਾਰ ਦਿੱਤਾ ਗਿਆ। ਸੜਕਾਂ ‘ਤੇ ਕੰਢਿਆਲੀਆਂ ਤਾਰਾਂ ਲਗਾ ਦਿੱਤੀਆਂ ਗਈਆ ਤੇ ਕਈ ਪਰਤੀ ਸੁਰੱਖਿਆ ਘੇਰਾ ਤਾਇਨਾਤ ਕਰ ਦਿੱਤਾ ਗਿਆ। ਸਰਕਾਰ ਵੱਲੋਂ ਇਸ ਤਰ੍ਹਾਂ ਦਾ ਪ੍ਰਭਾਵ ਦਿੱਤਾ ਗਿਆ ਜਿਵੇਂ ਇਹ ਦੋ ਸੂਬਿਆਂ ਦੀ ਹੱਦ ਦੀ ਬਜਾਇ ਦੋ ਮੁਲਕਾਂ ਦੀ ਸਰਹੱਦ ਹੋਵੇ। ਤੱਥ ਇਹ ਹੈ ਕਿ ਲੋਕਾਂ ਖਿਲਾਫ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਕਾਨੂੰਨ ਬਣਾਉਣ ਵਾਲੀ ਸਰਕਾਰ ਨੇ ਖੁਦ ਕੌਮੀ ਮਾਰਗ ਬੰਦ ਕੀਤੇ, ਸਰਕਾਰ ਨੇ ਕੌਮੀ ਹਾਈਵੇ ਅਥਾਰਿਟੀ ਦੀ ਇਜਾਜ਼ਤ ਤੋਂ ਬਗੈਰ ਹੀ ਸੜਕਾਂ ਬੰਦ ਕਰਕੇ ਅਰਾਜਕਤਾ ਪੈਦਾ ਕੀਤੀ।

ਹਰ ਰੋਜ਼ ਹਜ਼ਾਰਾਂ ਪੰਜਾਬੀ ਦਿੱਲੀ ਤੋਂ ਕੌਮਾਂਤਰੀ ਫਲਾਈਟਾਂ ਰਾਹੀਂ ਆਉਂਦੇ-ਜਾਂਦੇ ਹਨ ਤੇ ਉਹਨਾਂ ਦਾ ਪੰਜਾਬ ਵਿਚ ਲਾਂਘਾ ਸ਼ੰਭੂ ਤੇ ਖਨੌਰੀ ਬਾਰਡਰ ਹਨ ਪਰ ਸਰਕਾਰ ਨੇ ਇਹ ਬਾਰਡਰ ਖੁਦ ਬੰਦ ਕਰ ਕੇ ਉਹਨਾਂ ਪਰਵਾਸੀ ਪੰਜਾਬੀਆਂ ਨਾਲ ਵੀ ਧੱਕੇਸ਼ਾਹੀ ਕੀਤੀ ਹੈ।

ਕਿਸਾਨਾਂ ਦੀਆਂ ਜ਼ਿਆਦਾਤਰ ਜਾਂ ਮੁੱਖ ਮੰਗਾਂ ਉਹ ਹਨ ਜੋ ਸਰਕਾਰ ਨੇ ਇਤਿਹਾਸਕ ਦਿੱਲੀ ਅੰਦੋਲਨ ਸਮੇਂ ਮੰਨੀਆਂ ਹੋਈਆਂ ਹਨ; ਭਾਵ ਕਿਸਾਨਾਂ ਦੀ ਲੜਾਈ ਦਾ ਮੁੱਖ ਮੁੱਦਾ ਮੰਗਾ ਮਨਵਾਉਣਾ ਨਹੀਂ ਹੈ ਬਲਕਿ ਮੰਨੀਆਂ ਮੰਗਾਂ ਨੂੰ ਹਕੀਕੀ ਰੂਪ ਵਿਚ ਲਾਗੂ ਕਰਵਾਉਣਾ ਹੈ। ਉਦਹਾਰਨ ਵਜੋਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਗਾਰੰਟੀ ਯਕੀਨੀ ਬਣਾਉਣ ਲਈ ਕਾਨੂੰਨ ਬਣਾਏ ਜਾਣ ਦੀ ਮੰਗ ‘ਤੇ ਸਰਕਾਰ ਨੇ ਕਮੇਟੀ ਬਣਾਉਣ ਦਾ ਐਲਾਨ ਕੀਤਾ ਸੀ ਜੋ ਅਜੇ ਤੱਕ ਨਹੀਂ ਬਣੀ ਹੈ। ਦਿੱਲੀ ਅੰਦੋਲਨ ਸਮੇਂ ਦੇ ਪੁਲੀਸ ਕੇਸ ਵਾਪਸ ਲਏ ਜਾਣ ਦੀ ਮੰਗ ਸਰਕਾਰ ਵੱਲੋਂ ਸਵੀਕਾਰੀ ਗਈ ਸੀ ਪਰ ਅਜੇ ਵੀ ਕਿਸਾਨਾਂ ਨੂੰ ਅਦਾਲਤੀ ਨੋਟਿਸ ਮਿਲ ਰਹੇ ਹਨ। ਲਖੀਮਪੁਰ ਖੀਰੀ ਹਿੰਸਾ ਦੇ ਪੀੜਤਾਂ ਨੂੰ ਨਿਆਂ ਦਿੱਤੇ ਜਾਣ ਦੀ ਮੰਗ ਵੀ ਸਰਕਾਰ ਨੇ ਮੰਨੀ ਸੀ ਪਰ ਅਜੇ ਤੱਕ ਇਨਸਾਫ ਨਹੀਂ ਮਿਲਿਆ ਹੈ।

ਵੈਸੇ ਵੀ ਕਿਸੇ ਲੋਕਤੰਤਰੀ ਦੇਸ਼ ਵਿਚ ਹਰ ਨਾਗਰਿਕ ਜਾਂ ਜਥੇਬੰਦੀ ਨੂੰ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਦਾ ਸੰਵਿਧਾਨਕ ਹੱਕ ਹੁੰਦਾ ਹੈ ਤੇ ਇਸੇ ਹੱਕ ਦੀ ਵਰਤੋਂ ਕਰ ਕੇ ਕਿਸਾਨ ਦਿੱਲੀ ਕੂਚ ਕਰ ਰਹੇ ਹਨ ਪਰ ਸਰਕਾਰ ਜਬਰ ਕਰਕੇ ਕਿਸਾਨਾਂ ਤੋਂ ਇਹ ਹੱਕ ਖੋਹ ਰਹੀ ਹੈ ਜਿਸ ਦੀ ਨਿੰਦਾ ਹੋਣੀ ਚਾਹੀਦੀ ਹੈ।

ਸ਼ੰਭੂ ਅਤੇ ਖਨੌਰੀ ਬਾਰਡਰ ‘ਤੇ ਚੱਲ ਰਹੇ ਕਿਸਾਨ ਅੰਦੋਲਨ ਦਾ ਇਕ ਅਹਿਮ ਪਹਿਲੂ ਇਹ ਹੈ ਕਿ ਜਬਰ ਦੇ ਬਾਵਜੂਦ ਕਿਸਾਨਾਂ ਨੇ ਜਿਸ ਸ਼ਿੱਦਤ, ਹਲੀਮੀ ਨਾਲ ਬਗੈਰ ਕਿਸੇ ਭੜਕਾਹਟ ਦੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ, ਉਹ ਆਪਣੇ ਆਪ ਵਿਚ ਮਿਸਾਲ ਬਣ ਗਈ ਹੈ। ਨੌਜਵਾਨਾਂ ਵੱਲੋਂ ਅੱਥਰੂ ਗੈਸ ਦੇ ਗੋਲਿਆਂ ਦਾ ਤੋੜ ਪਾਣੀ ਨਾਲ ਬੋਰੀ ਗਿੱਲੀ ਕਰ ਕੇ ਲੱਭਿਆ ਤੇ ਬਸੰਤ ਪੰਚਮੀ ਦੇ ਦਿਨ ਡਰੋਨ ਨੂੰ ਪਤੰਗ ਉਡਾ ਕੇ ਰੋਕਣ ਦੀ ਕੋਸ਼ਿਸ਼ ਕੀਤੀ। ਨੌਜਵਾਨਾਂ ਵੱਲੋਂ ਅੱਥਰੂ ਗੈਸ ਦੇ ਗੋਲੇ, ਪਾਣੀ ਦੀਆਂ ਬੁਛਾੜਾਂ ਅਤੇ ਰਬੜ ਦੀਆਂ ਗੋਲੀਆਂ ਵੱਜਣ ਦੇ ਬਾਵਜੂਦ ਜਬਰ ਦਾ ਟਾਕਰਾ ਕਰਨਾ ਪੰਜਾਬ ਦੇ ਦਹਾਕਿਆਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਦੀ ਪ੍ਰਤੀਬੱਧਤਾ ਦਰਸਾਉਂਦਾ ਹੈ। ਅੰਦੋਲਨ ਵਿਚ ਪਹੁੰਚੀ ਇਕ ਨੌਜਵਾਨ ਲੜਕੀ ਨੇ ਦੱਸਿਆ ਕਿ ਪੁਲਿਸ ਵੱਲੋਂ ਉਸ ਦੇ ਭਰਾ ਦੀ ਬਾਂਹ ਵਿਚ ਰਬੜ ਦੀ ਗੋਲੀ ਮਾਰ ਕੇ ਉਸ ਨੂੰ ਜ਼ਖਮੀ ਕਰ ਦਿੱਤਾ ਅਤੇ ਉਹ ਹਸਪਤਾਲ ਵਿਚ ਹੈ ਪਰ ਉਹ ਅਜੇ ਵੀ ਬਾਰਡਰ ਉੱਪਰ ਡਟੀ ਹੋਈ ਹੈ।

ਵੈਸੇ ਜੰਮੂ ਕਸ਼ਮੀਰ ਤੇ ਉੱਤਰ ਪੂਰਬੀ ਸੂਬੇ ਸਾਡੀ ਕੇਂਦਰੀ ਸੱਤਾ ਦਾ ਇਹ ਰੂਪ ਕਈ ਦਹਾਕਿਆਂ ਤੋਂ ਝੱਲ ਰਹੇ ਹਨ। ਜੰਮੂ ਕਸ਼ਮੀਰ ਵਿਚ ਕਿਸੇ ਜਨਤਕ ਸੰਘਰਸ਼ ‘ਤੇ ਇਸ ਤਰ੍ਹਾਂ ਅੱਥਰੂ ਗੈਸ ਦੇ ਗੋਲੇ ਸੁੱਟਣੇ ਅਤੇ ਰਬੜ ਦੀਆਂ ਗੋਲੀਆਂ ਦੀ ਵਰਤੋਂ ਕਰਨੀ ਆਮ ਵਰਤਾਰਾ ਹੈ ਪਰ ਉਸ ਸਮੇਂ ਸਾਡੇ ਪੰਜਾਬ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਦਾ ਇਕ ਹਿੱਸਾ ਬੋਲਣ ਤੋਂ ਦੜ ਵੱਟ ਜਾਂਦਾ ਹੈ। ਇਸੇ ਸਮੇਂ ਮਨੀਪੁਰ ਵਰਗੇ ਸੂਬਿਆਂ ਵਿਚ ਜਿਸ ਤਰ੍ਹਾਂ ਲੋਕਾਂ ਨਾਲ ਵਿਹਾਰ ਕੀਤਾ ਜਾ ਰਿਹਾ ਹੈ, ਉਹ ਵੀ ਇਸੇ ਦਾਇਰੇ ਵਿਚ ਆਉਂਦਾ ਹੈ।

15 ਫਰਵਰੀ ਨੂੰ ਦੇਰ ਰਾਤ ਤੱਕ ਕੇਂਦਰ ਸਰਕਾਰ ਅਤੇ ਕਿਸਾਨਾਂ ਦਰਮਿਆਨ ਮੀਟਿੰਗ ਚੱਲੀ ਜਿਸ ਵਿਚ ਐਤਵਾਰ ਸ਼ਾਮ ਨੂੰ ਚੌਥੇ ਗੇੜ ਦੀ ਮੀਟਿੰਗ ਤੈਅ ਹੋਣ ਕਰ ਕੇ ਉਦੋਂ ਤੱਕ ਦੋਵਾਂ ਧਿਰਾਂ ਨੇ ਸ਼ਾਂਤੀ ਬਣਾਈ ਰੱਖਣ ਦਾ ਫੈਸਲਾ ਕੀਤਾ ਸੀ ਪਰ ਇਸ ਦੇ ਬਾਵਜੂਦ ਹਰਿਆਣਾ ਪੁਲਿਸ ਵੱਲੋਂ 16 ਫਰਵਰੀ ਨੂੰ ਫੇਰ ਸ਼ੰਭੂ ਬਾਰਡਰ ਪਾਰੋਂ ਅੱਥਰੂ ਗੈਸ ਦੇ ਗੋਲੇ ਤੇ ਰਬੜ ਦੀਆਂ ਗੋਲੀਆਂ ਦਾਗੀਆਂ ਗਈਆਂ।

ਕੇਂਦਰ ਸਰਕਾਰ ਵੱਲੋਂ ਭੇਜੇ ਗਏ ਤਿੰਨ ਮੰਤਰੀਆਂ ਵੱਲੋਂ ਕਿਸਾਨਾਂ ਨਾਲ ਲੰਮੀਆਂ-ਲੰਮੀਆਂ ਮੀਟਿੰਗਾਂ ਕਰਨਾ ਵੀ ਮਾਮਲੇ ਨੂੰ ਲਟਕਾਉਣਾ ਤੇ ਟਾਈਮ ਲੰਘਾਉਣਾ ਹੈ। ਸਾਨੂੰ ਪਤਾ ਹੈ ਕਿ ਕੇਂਦਰ ਸਰਕਾਰ ਵਿਚ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੀ ਜੋੜੀ ਤੋਂ ਬਗੈਰ ਕੋਈ ਵੀ ਫੈਸਲੇ ਲੈਣ ਦੀ ਹੈਸੀਅਤ ਵਿਚ ਨਹੀਂ ਤਾਂ ਤਿੰਨ ਮੰਤਰੀ ਭੇਜ ਕੇ ਡੰਗ ਟਪਾਈ ਕਿਉਂ ਕੀਤੀ ਜਾ ਰਹੀ ਹੈ? ਐਤਵਾਰ ਦੀ ਮੀਟਿੰਗ ਵਿਚ ਨਵੀਂ ਤਜਵੀਜ਼ ਰੱਖ ਕੇ ਮਾਮਲੇ ਨੂੰ ਫਿਰ ਦੋ ਦਿਨ ਲਈ ਲਟਕਾ ਦਿੱਤਾ ਗਿਆ।

ਇਸ ਸੂਰਤ ਵਿਚ ਹਰਿਆਣਾ ਦੇ ਬਾਰਡਰਾਂ ਉੱਪਰ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਸਮੂਹ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਮੋਦੀ ਸਰਕਾਰ ਖਿਲਾਫ ਇਕਮੁੱਠਤਾ ਨਾਲ ਸਾਂਝਾ ਸੰਘਰਸ਼ ਵਿੱਢਿਆ ਜਾਵੇ।

# ਕਿਸਾਨ ਅੰਦੋਲਨ-2: ਸੰਭਾਵਨਾਵਾਂ ਅਤੇ ਸਮੱਸਿਆਵਾਂ

**ਸੰਯੁਕਤ ਕਿਸਾਨ ਮੋਰਚੇ ਤੋਂ ਵੱਖ ਹੋ ਕੇ ਕੁਝ ਕਿਸਾਨ ਜਥੇਬੰਦੀਆਂ 'ਤੇ ਆਧਾਰਿਤ 'ਗ਼ੈਰ-ਰਾਜਨੀਤਕ ਸੰਯੁਕਤ ਕਿਸਾਨ ਮੋਰਚਾ' ਨੇ 13 ਫਰਵਰੀ ਨੂੰ ਵੱਖਰੇ ਤੌਰ 'ਤੇ ਦਿੱਲੀ ਵੱਲ ਕੂਚ ਕਰਨ ਦਾ ਯਤਨ ਕੀਤਾ ਸੀ। ਇਸ ਤੋਂ ਬਾਅਦ ਪੈਦਾ ਹੋਏ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਵਿਸਥਾਰ ਨਾਲ ਕੀਤੀ ਹੈ।**

ਕਿਸਾਨ ਅੰਦੋਲਨ ਇਕ ਵਾਰ ਫਿਰ ਸੁਰਖ਼ੀਆਂ 'ਚ ਹੈ ਅਤੇ ਸਰਕਾਰ ਨਾਲ ਗੱਲਬਾਤ ਅਸਫ਼ਲ ਰਹੀ ਹੈ। ਇਸ ਦੌਰਾਨ ਬੇਕਿਰਕ ਜਬਰ ਨਾਲ ਸੈਂਕੜੇ ਕਿਸਾਨ ਜ਼ਖ਼ਮੀ ਹੋ ਗਏ ਜਿਨ੍ਹਾਂ ਵਿਚੋਂ ਤਿੰਨ ਕਿਸਾਨਾਂ ਦੀਆਂ ਅੱਖਾਂ ਦੀ ਜੋਤ ਜ਼ਹਿਰੀਲੀ ਅੱਥਰੂ ਗੈਸ ਅਤੇ ਧਮਾਕਿਆਂ ਨਾਲ ਖ਼ਤਮ ਹੋ ਗਈ ਹੈ। ਕਿਸਾਨਾਂ ਦੇ ਹੌਸਲੇ ਪਸਤ ਕਰਨ ਲਈ ਉਸਾਰੇ ਕੰਕਰੀਟ ਦੇ ਬੈਰੀਕੇਡਾਂ, ਹਾਈਵੇਅ ਉੱਪਰ ਗੱਡੇ ਕਿੱਲਾਂ, ਕੰਡਿਆਲੀ ਤਾਰ ਅਤੇ ਸ਼ਾਂਤਮਈ ਕਿਸਾਨਾਂ ਉੱਪਰ ਡਰੋਨਾਂ ਨਾਲ ਗੋਲਾਬਾਰੀ ਤੇ ਪੈਲੇਟ ਗੰਨਾਂ ਦੇ ਦ੍ਰਿਸ਼ਾਂ ਨੇ ਉਲਟਾ ਜਾਬਰ ਹਕੂਮਤ ਨਾਲ ਕਿਸਾਨਾਂ ਦੀ ਜ਼ੋਰ-ਆਜ਼ਮਾਈ ਦਾ ਸੰਦੇਸ਼ ਦੁਨੀਆ ਭਰ 'ਚ ਪਹੁੰਚਾ ਦਿੱਤਾ ਹੈ।

ਐੱਸ.ਕੇ.ਐੱਮ. (ਸੰਯੁਕਤ ਕਿਸਾਨ ਮੋਰਚਾ) ਤੋਂ ਵੱਖ ਹੋ ਕੇ ਕੁਝ ਕਿਸਾਨ ਜਥੇਬੰਦੀਆਂ 'ਤੇ ਆਧਾਰਿਤ 'ਗ਼ੈਰ-ਰਾਜਨੀਤਕ ਸੰਯੁਕਤ ਕਿਸਾਨ ਮੋਰਚਾ' ਨੇ 13 ਫਰਵਰੀ ਨੂੰ ਵੱਖਰੇ ਤੌਰ 'ਤੇ ਦਿੱਲੀ ਵੱਲ ਕੂਚ ਕਰਨ ਦਾ ਯਤਨ ਕੀਤਾ ਸੀ। ਇਸ ਐਕਸ਼ਨ ਨਾਲ, ਐੱਸ.ਕੇ.ਐੱਮ. ਦੇ ਸਮਾਂਤਰ, ਕਿਸਾਨਾਂ ਨਾਲ ਸੱਤਾ ਦੇ ਟਕਰਾਅ ਦਾ ਉੱਭਰਵਾਂ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਮੁਹਾਜ਼ ਪੰਜਾਬ-ਹਰਿਆਣਾ ਦੇ ਸ਼ੰਭੂ ਅਤੇ ਖਨੌਰੀ ਬਾਰਡਰ ਬਣ ਗਏ। ਅਗਾਮੀ ਲੋਕ ਸਭਾ ਚੋਣਾਂ ਕਾਰਨ ਅਵਾਮ ਨੂੰ ਟਿੱਚ ਸਮਝਣ ਵਾਲੀ ਭਗਵਾ ਹਕੂਮਤ ਕਸੂਤੀ ਹਾਲਤ 'ਚ ਘਿਰ ਗਈ। ਇਹ ਸ਼ੰਭੂ-ਖਨੌਰੀ ਇਕੱਠਾਂ ਨੂੰ ਨਜ਼ਰਅੰਦਾਜ਼ ਵੀ ਨਹੀਂ ਕਰ ਸਕਦੀ ਕਿਉਂਕਿ ਇਨ੍ਹਾਂ ਤੋਂ ਪ੍ਰੇਰਤ ਅਤੇ ਉਤਸ਼ਾਹਤ ਹੋ ਕੇ ਹੋਰ ਪੱਕੇ ਕਿਸਾਨ ਮੋਰਚੇ ਲੱਗਣ ਦਾ ਡਰ ਵੀ ਇਸ ਨੂੰ ਸਤਾ ਰਿਹਾ ਹੈ। ਪਿਛਲੇ ਕਿਸਾਨ ਅੰਦੋਲਨ ਦੀ ਤਾਕਤ ਤੋਂ ਭੈਭੀਤ ਆਰ.ਐੱਸ.ਐੱਸ.-ਭਾਜਪਾ ਨੇ ਆਪਣੇ ਹਰਿਆਣੇ ਦੇ ਸੂਬੇਦਾਰ ਮਨੋਹਰ ਲਾਲ ਖੱਟਰ ਨੂੰ ਅੱਗੇ ਲਾ ਕੇ ਕਿਸਾਨਾਂ ਦੇ ਕੂਚ ਨੂੰ ਅਗਾਊਂ ਮਜ਼ਬੂਤ ਪੇਸ਼ਬੰਦੀ ਰਾਹੀਂ ਸ਼ੰਭੂ ਅਤੇ ਖਨੌਰੀ ਬਾਰਡਰਾਂ ਉੱਪਰ ਰੋਕ ਰੱਖਿਆ ਹੈ। ਆਰ.ਐੱਸ.ਐੱਸ.-ਭਾਜਪਾ ਨੂੰ ਇਸ ਦੀ ਵੀ ਕੋਈ ਪ੍ਰਵਾਹ ਨਹੀਂ ਹੈ ਕਿ ਭਾਰਤ ਦਾ ਸੰਵਿਧਾਨ ਨਾਗਰਿਕਾਂ ਨੂੰ ਆਪਣੇ ਮੰਗਾਂ-ਮਸਲਿਆਂ ਲਈ ਅੰਦੋਲਨ ਕਰਨ ਦਾ ਹੱਕ ਦਿੰਦਾ ਹੈ। ਪੁਰਅਮਨ ਅੰਦੋਲਨਾਂ ਪ੍ਰਤੀ ਦੁਸ਼ਮਣਾਂ ਵਾਲਾ ਵਤੀਰਾ ਦੱਸਦਾ ਹੈ ਕਿ ਭਗਵਾ ਹਕੂਮਤ ਮੁਲਕ ਦੇ ਲੋਕਾਂ ਨੂੰ ਅਧਿਕਾਰ ਵਿਹੂਣੇ ਬੇਜ਼ੁਬਾਨ ਗ਼ੁਲਾਮ ਬਣਾ ਕੇ ਰੱਖਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ।

2024 ਦੀਆਂ ਚੋਣਾਂ ਸਿਰ 'ਤੇ ਹੋਣ ਕਾਰਨ ਲਗਾਤਾਰ ਬੇਤਹਾਸ਼ਾ ਜਬਰ ਢਾਹੁਣਾ ਵੀ ਸਰਕਾਰ ਨੂੰ ਮਹਿੰਗਾ ਪੈ ਸਕਦਾ ਸੀ ਅਤੇ ਪੂਰੇ ਮੁਲਕ 'ਚ ਕਿਸਾਨ ਮੋਰਚੇ ਦੇ ਹੱਕ 'ਚ ਹਮਦਰਦੀ ਦੀ ਲਹਿਰ ਉੱਠਣੀ ਸ਼ੁਰੂ ਹੋ ਜਾਣ ਕਾਰਨ ਜਬਰ ਦੀ ਚਾਲ ਸਰਕਾਰ ਨੂੰ ਪੁੱਠੀ ਪੈ ਸਕਦੀ ਸੀ। ਇਸ ਕਰ ਕੇ ਬੇਤਹਾਸ਼ਾ ਜਬਰ ਦੇ ਹੱਲੇ ਨੂੰ ਮੱਠਾ ਪਾ ਕੇ ਗੱਲਬਾਤ ਦੇ ਗੇੜਾਂ ਦੌਰਾਨ ਤਿਲਕਾਊ ਪੇਸ਼ਕਸ਼ਾਂ ਰਾਹੀਂ ਅੰਦੋਲਨ ਦੇ ਫੈਲਾਅ ਨੂੰ ਰੋਕਣ ਦੀ ਚਾਲ ਖੇਡੀ ਗਈ। 8 ਫਰਵਰੀ ਤੋਂ ਸ਼ੁਰੂ ਹੋ ਕੇ ਹੁਣ ਤੱਕ ਗੱਲਬਾਤ ਦੇ ਚਾਰ ਗੇੜ ਬੇਨਤੀਜਾ ਰਹੇ ਹਨ। 'ਆਮ ਆਦਮੀ ਸਰਕਾਰ' ਦਾ ਮੁੱਖ ਮੰਤਰੀ ਭਗਵੰਤ ਮਾਨ ਗੱਲਬਾਤ 'ਚ ਵਿਚੋਲਗੀ ਕਰ ਰਿਹਾ ਹੈ। ਵਿਚੋਲਗੀ ਦੀ ਇਸ ਕਵਾਇਦ ਜ਼ਰੀਏ ਉਹ ਆਪਣੀਆਂ ਨਾਕਾਮੀਆਂ ਤੋਂ ਧਿਆਨ ਲਾਂਭੇ ਕਰਨ ਲਈ ਯਤਨਸ਼ੀਲ ਹੈ ਜਿਸ ਦੀ ਸਰਕਾਰ ਨੇ ਅਜੇ ਤੱਕ ਕਿਸਾਨ ਤੇ ਹੋਰ ਜਥੇਬੰਦੀਆਂ ਨਾਲ ਕੀਤਾ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ।

ਦੂਜੇ ਪਾਸੇ, ਪਹਿਲਾਂ ਵਾਲੇ ਅੰਦੋਲਨ ਦੇ ਮੁਕਾਬਲੇ ਕਿਸਾਨ ਜਥੇਬੰਦੀਆਂ ਦੇ ਆਪਸੀ ਮੱਤਭੇਦਾਂ, ਆਪਮੁਹਾਰਾਪਣ ਤੇ ਸੰਕੀਰਨ ਰੁਝਾਨਾਂ ਦੇ ਲਿਹਾਜ਼ ਨਾਲ ਹੁਣ ਸਥਿਤੀ ਪਹਿਲਾਂ ਨਾਲੋਂ ਜ਼ਿਆਦਾ ਚੁਣੌਤੀ ਭਰੀ ਹੈ। ਇਕ ਹਿੱਸਾ 'ਗ਼ੈਰ-ਰਾਜਨੀਤਕ' ਦੇ ਨਾਂ ਹੇਠ ਅੱਡ ਰਹਿ ਕੇ ਐੱਸ.ਕੇ.ਐੱਮ. ਉੱਪਰ ਆਪਣੀ ਸੰਕੀਰਨ ਸਿਆਸਤ ਥੋਪਣ ਅਤੇ ਆਪਹੁਦਰੇ ਤੌਰ 'ਤੇ ਅੰਦੋਲਨ ਚਲਾਉਣ ਲਈ ਬਜ਼ਿੱਦ ਹੈ। ਪਿਛਲੇ ਕਿਸਾਨ ਅੰਦੋਲਨ ਸਮੇਂ ਇਕ ਹੀ ਅਗਵਾਈ ਕੇਂਦਰ ਨੇ ਅੰਦੋਲਨ ਨੂੰ ਇਕਜੁੱਟ ਬਣਾਈ ਰੱਖਿਆ ਸੀ ਅਤੇ ਕੁਝ ਤਾਕਤਾਂ ਵੱਲੋਂ ਆਪਣੇ ਸੰਕੀਰਨ ਰਾਜਨੀਤਕ ਏਜੰਡਿਆਂ ਲਈ ਅੰਦੋਲਨ ਨੂੰ ਲੀਹੋਂ ਲਾਹੁਣ ਦੀਆਂ ਕੋਸ਼ਿਸ਼ਾਂ ਨਾਕਾਮ ਰਹੀਆਂ ਸਨ। ਬਾਕੀ ਮੋਰਚੇ ਤੋਂ ਅਲਹਿਦਾ ਪੰਨੂ-ਪੰਧੇਰ ਗਰੁੱਪ ਉਦੋਂ 26 ਜਨਵਰੀ ਦੇ ਟਰੈਕਟਰ ਮਾਰਚ ਦਾ ਰੂਟ ਬਦਲਣ ਤੋਂ ਸਿਵਾਇ ਹੋਰ ਕਾਰਗਰ ਦਖ਼ਲਅੰਦਾਜ਼ੀ ਨਹੀਂ ਸੀ ਕਰ ਸਕਿਆ। ਓੜਕ ਅੰਦੋਲਨ ਦੀ ਮੁੱਖ ਮੰਗ-ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣਾ - ਮੰਨੀ ਗਈ ਸੀ।

ਇਸ ਇਤਿਹਾਸਕ ਹਾਸਲ ਦੇ ਬਾਵਜੂਦ ਕੁਝ ਆਗੂਆਂ ਦੀ ਚੋਣਾਂ 'ਚ ਕੁੱਦਣ ਅਤੇ ਐੱਸ.ਕੇ.ਐੱਮ. ਦੀ ਪ੍ਰਾਪਤੀ ਨੂੰ ਵੋਟਾਂ 'ਚ ਬਦਲਣ ਦੀ ਲਾਲਸਾ ਮੋਰਚੇ ਨੂੰ ਖਿੰਡਾਉਣ ਦਾ ਕਾਰਨ ਬਣੀ ਸੀ। ਬਾਅਦ ਵਿਚ, ਕੁਝ ਸੁਹਿਰਦ ਜਥੇਬੰਦੀਆਂ ਦੇ ਮੋਰਚੇ ਨੂੰ ਇਕਜੁੱਟ ਕਰਨ ਦੇ ਲਗਾਤਾਰ ਯਤਨਾਂ ਨਾਲ ਰਾਜੇਵਾਲ ਦੀ ਅਗਵਾਈ ਹੇਠਲਾ ਧੜਾ ਆਪਣੀ ਗ਼ਲਤੀ ਮੰਨ ਕੇ ਮੁੜ ਐੱਸ.ਕੇ.ਐੱਮ. ਦਾ ਹਿੱਸਾ ਬਣ ਗਿਆ ਪਰ 'ਗ਼ੈਰ-ਰਾਜਨੀਤਕ' ਧੜੇ ਨੇ ਐੱਸ.ਕੇ.ਐੱਮ. ਆਗੂਆਂ ਦੇ ਏਕਤਾ ਦੇ ਯਤਨਾਂ ਨੂੰ ਹੁੰਗਾਰਾ ਦੇਣ ਦੀ ਬਜਾਇ ਆਪਣਾ ਵੱਖਰਾ 'ਗ਼ੈਰ-ਰਾਜਨੀਤਕ ਮੋਰਚਾ' ਚਲਾਉਣਾ ਜਾਰੀ ਰੱਖਿਆ ਅਤੇ ਇਸੇ ਵਿਚੋਂ ਐੱਸ.ਕੇ.ਐੱਮ. ਦੇ ਭਾਰਤ ਬੰਦ ਦੇ ਸਮਾਂਤਰ 13 ਫਰਵਰੀ ਦੇ ਦਿੱਲੀ ਕੂਚ ਦਾ ਪ੍ਰੋਗਰਾਮ ਦਿੱਤਾ ਗਿਆ। ਮੌਕਾ ਤਾੜ ਕੇ ਹੁਣ ਕੱਟੜ ਤਾਕਤਾਂ ਵੀ ਪੰਜਾਬ ਦੀ ਲੋਕ ਬੇਚੈਨੀ ਅੰਦਰ 'ਸਿੱਖ ਬਨਾਮ ਕਾਮਰੇਡ' ਦਾ ਬਿਰਤਾਂਤ ਘੁਸੇੜ ਕੇ ਆਪਣੀ ਰਾਜਨੀਤਕ ਪ੍ਰਸੰਗਿਕਤਾ ਬਣਾਉਣ ਅਤੇ ਪੰਜਾਬ ਦੇ ਲੋਕਾਂ 'ਚ ਘਚੋਲਾ ਖੜ੍ਹਾ ਕਰਨ ਲਈ ਮੁੜ ਸਰਗਰਮ ਹੁੰਦੀਆਂ ਨਜ਼ਰ ਆ ਰਹੀਆਂ ਹਨ।



ਇਹ ਕਥਿਤ ਗ਼ੈਰ-ਰਾਜਨੀਤਕ, ਜ਼ਿਆਦਾਤਰ ਉਹੀ ਕਿਸਾਨ ਜਥੇਬੰਦੀਆਂ ਹਨ ਜਿਨ੍ਹਾਂ ਨੇ ਕਿਸਾਨ ਅੰਦੋਲਨ ਉੱਪਰ ਸਿੱਖ ਰਾਜ ਦਾ ਏਜੰਡਾ ਥੋਪਣ ਲਈ ਤਾਹੂ ਤਾਕਤਾਂ ਨਾਲ ਮਿਲ ਕੇ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਤੈਅ ਕੀਤੇ ਰੂਟ ਉੱਪਰ ਨਾ ਜਾ ਕੇ 26 ਜਨਵਰੀ 2021 ਦੇ ਟਰੈਕਟਰ ਮਾਰਚ 'ਚ ਖ਼ਲਲ ਪਾਇਆ ਸੀ। ਹੁਣ ਦੇਖਣਾ ਇਹ ਹੈ ਕਿ ਐੱਸ.ਕੇ.ਐੱਮ. ਦੇ ਆਗੂਆਂ ਨੂੰ ਕਮਜ਼ੋਰ ਦੱਸਣ ਵਾਲੇ ਆਗੂ ਹੁਣ ਮੰਗਾਂ ਮੰਨਵਾਉਣ ਲਈ ਆਪਣੇ ਕੂਚ ਨੂੰ ਦਿੱਲੀ ਤੱਕ ਲੈ ਕੇ ਜਾਂਦੇ ਹਨ ਜਾਂ ਹੋਰ ਕੋਈ ਵਿਚਕਾਰਲਾ ਰਾਹ ਅਖ਼ਤਿਆਰ ਕਰਦੇ ਹਨ। ਆਰ.ਐੱਸ.ਐੱਸ. ਦੇ ਸ਼ਿਵ ਕੱਕਾ ਦੀ ਅਗਵਾਈ ਵਾਲੇ 'ਭਾਰਤੀ ਕਿਸਾਨ ਸੰਘ' ਦੇ ਕੌਮੀ ਆਗੂਆਂ 'ਚ ਸ਼ੁਮਾਰ ਹੋਣ ਕਾਰਨ ਜਗਜੀਤ ਸਿੰਘ ਡੱਲੇਵਾਲ ਦਾ ਸੰਘ ਨਾਲ ਰਿਸ਼ਤਾ ਤਾਂ ਹੈ ਹੀ, ਕਿਸਾਨ ਅੰਦੋਲਨ 'ਚ ਉਸ ਦਾ ਵਿਹਾਰ ਵੀ ਸਵਾਲਾਂ ਦੇ ਘੇਰੇ 'ਚ ਰਿਹਾ ਹੈ। ਪਹਿਲਾਂ ਵੀ ਉਹ 'ਸਵਾਮੀਨਾਥਨ ਰਿਪੋਰਟ ਲਾਗੂ ਕਰੋ' ਦੀ ਮੰਗ ਉੱਪਰ ਮਰਨ ਵਰਤ ਰੱਖ ਕੇ ਸਰਕਾਰੀ ਵਾਅਦੇ ਉੱਪਰ ਮਰਨ ਵਰਤ ਵਾਪਸ ਲੈਂਦਾ ਰਿਹਾ ਹੈ। ਪੰਨੂ-ਪੰਧੇਰ ਗਰੁੱਪ ਤਾਂ ਦਿੱਲੀ ਅੰਦੋਲਨ ਸਮੇਂ ਵੀ ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਨਹੀਂ ਸੀ ਬਣਿਆ। ਇਸ ਲਿਹਾਜ਼ ਨਾਲ ਇਹ ਦੇਖਣਾ ਦਿਲਚਸਪ ਹੈ ਕਿ ਡੱਲੇਵਾਲ-ਪੰਧੇਰ ਅਤੇ ਇਨ੍ਹਾਂ ਨਾਲ ਜੁੜੇ ਕੁਝ ਸਾਬਕਾ ਐੱਸ.ਕੇ.ਐੱਮ. ਵਾਲੇ ਆਗੂ ਇਸ ਮੋਰਚੇ ਨੂੰ ਕਿਸ ਮੁਕਾਮ 'ਤੇ ਲੈ ਕੇ ਜਾਂਦੇ ਹਨ।

ਦਸੰਬਰ 2021 'ਚ ਮੋਦੀ ਵਜ਼ਾਰਤ ਵੱਲੋਂ ਕੀਤੇ ਵਾਅਦਿਆਂ ਉੱਪਰ ਭਰੋਸਾ ਕਰ ਕੇ ਇਤਿਹਾਸਕ ਕਿਸਾਨ ਅੰਦੋਲਨ ਮੁਲਤਵੀ ਕਰ ਦਿੱਤਾ ਗਿਆ ਸੀ। ਬੇਸ਼ੱਕ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦੀ ਮੁੱਖ ਮੰਗ ਮੰਨੀ ਗਈ ਸੀ ਪਰ ਬਾਕੀ ਮੰਗਾਂ ਸਬੰਧੀ ਕੀਤੇ ਵਾਅਦਿਆਂ 'ਚੋਂ ਮੋਦੀ ਵਜ਼ਾਰਤ ਨੇ ਇਕ ਵੀ ਵਾਅਦਾ ਲਾਗੂ ਨਹੀਂ ਕੀਤਾ। ਇੱਥੋਂ ਤੱਕ ਕਿ ਕਿਸਾਨਾਂ ਉੱਪਰ ਦਰਜ ਕੀਤੇ ਕੇਸ ਵੀ ਵਾਪਸ ਨਹੀਂ ਲਏ ਗਏ। ਐੱਮ.ਐੱਸ.ਪੀ. ਬਾਰੇ ਤੈਅ ਕਰਨ ਲਈ ਬਣਾਈ ਕਮੇਟੀ ਵਿਚ ਸਰਕਾਰ ਨੇ ਉਹ ਸ਼ਖ਼ਸ ਸ਼ਾਮਲ ਕੀਤੇ ਜੋ ਐੱਮ.ਐੱਸ.ਪੀ. ਦੇ ਘੋਰ ਵਿਰੋਧੀ ਅਤੇ ਉਨ੍ਹਾਂ ਤਿੰਨ ਖੇਤੀ ਕਾਨੂੰਨਾਂ ਦੇ ਹਮਾਇਤੀ ਹਨ ਜੋ ਸਰਕਾਰ ਨੂੰ ਕਿਸਾਨ ਅੰਦੋਲਨ ਦੇ ਦਬਾਅ ਹੇਠ ਵਾਪਸ ਲੈਣੇ ਪਏ। ਹੁਣ ਐੱਮ.ਐੱਸ.ਪੀ. ਦੀ ਗਾਰੰਟੀ ਦਿੰਦਾ ਕਾਨੂੰਨ ਬਣਾਉਣਾ, ਕਿਸਾਨਾਂ ਦੀ ਆਮਦਨ ਦੁੱਗਣੀ ਕਰਨਾ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨਾ, ਕਿਸਾਨਾਂ ਦੇ ਕਰਜ਼ੇ ਉੱਪਰ ਲੀਕ ਮਾਰਨਾ, ਡਬਲਿਊ.ਟੀ.ਓ. ਵਿਚੋਂ ਬਾਹਰ ਆਉਣਾ, ਬੁਢਾਪੇ 'ਚ ਮਜ਼ਦੂਰਾਂ-ਕਿਸਾਨਾਂ ਨੂੰ ਪੈਨਸ਼ਨ ਆਦਿ ਕਿਸਾਨ ਅੰਦੋਲਨ ਦੀਆਂ ਵੱਡੀਆਂ ਮੰਗਾਂ ਹਨ। ਇਨ੍ਹਾਂ ਤੋਂ ਇਲਾਵਾ, ਕਾਲੇ ਕਾਨੂੰਨ, ਮਜ਼ਦੂਰਾਂ, ਟਰੇਡ ਯੂਨੀਅਨਾਂ ਤੇ ਛੋਟੇ ਕਾਰੋਬਾਰੀਆਂ ਦੇ ਮੰਗਾਂ-ਮਸਲੇ ਹਨ। ਇਨ੍ਹਾਂ ਮੰਗਾਂ ਰਾਹੀਂ ਆਰ.ਐੱਸ.ਐੱਸ.-ਭਾਜਪਾ ਦੇ ਲੋਕ ਵਿਰੋਧੀ ਅਤੇ ਕਾਰਪੋਰੇਟ ਹਿਤੈਸ਼ੀ ਚਿਹਰੇ ਨੂੰ ਬੇਪਰਦ ਕਰਦਿਆਂ ਦੂਰਅੰਦੇਸ਼ੀ ਵਾਲਾ ਅੰਦੋਲਨ ਖੜ੍ਹਾ ਕਰਨਾ ਸਮੇਂ ਦਾ ਤਕਾਜ਼ਾ ਹੈ।

ਉਂਝ, 'ਗ਼ੈਰ-ਰਾਜਨੀਤਕ ਮੋਰਚੇ' ਦੇ ਵਫ਼ਦ ਦੀ ਸਰਕਾਰ ਨਾਲ ਚਾਰ ਗੇੜਾਂ ਦੀ ਗੱਲਬਾਤ 'ਚ ਕਿਸਾਨੀ ਦੀਆਂ ਮੁੱਖ ਮੰਗਾਂ ਫੋਕਸ ਹੁੰਦੀਆਂ ਨਜ਼ਰ ਨਹੀਂ ਆਈਆਂ। ਗੱਲਬਾਤ 'ਚ ਕੇਂਦਰੀ ਮੰਤਰੀ ਪੂਰੇ ਮੁਲਕ ਦੇ ਕਿਸਾਨਾਂ ਲਈ ਐੱਮ.ਐੱਸ.ਪੀ. ਦੀ ਮੰਗ ਨੂੰ ਪੂਰੇ ਮੁਲਕ ਦੀ ਬਜਾਇ ਪੰਜਾਬ ਉੱਪਰ ਕੇਂਦਰਤ ਕਰਨ 'ਚ ਕਾਮਯਾਬ ਹੋ ਗਏ। ਸਵਾਮੀਨਾਥਨ ਦੇ ਸੀ2+50% ਫਾਰਮੂਲੇ ਉੱਪਰ ਕੋਈ ਚਰਚਾ ਹੀ ਨਹੀਂ ਹੋਈ। ਸਰਕਾਰ ਨੇ ਇਨ੍ਹਾਂ ਆਗੂਆਂ ਨੂੰ ਐੱਸ.ਕੇ.ਐੱਮ. ਦੀ 23 ਫ਼ਸਲਾਂ ਲਈ ਐੱਮ.ਐੱਸ.ਪੀ. ਦੀ ਜ਼ਾਮਨੀ ਦਿੰਦਾ ਕਾਨੂੰਨ ਬਣਾਉਣ ਦੀ ਮੁੱਖ ਮੰਗ ਤੋਂ ਤਿਲਕਾ ਕੇ ਪੰਜ ਫ਼ਸਲਾਂ ਉੱਪਰ ਐੱਮ.ਐੱਸ.ਪੀ. ਅਤੇ ਇਸ ਵਾਸਤੇ ਸਰਕਾਰੀ ਏਜੰਸੀਆਂ ਨਾਲ ਪੰਜ ਸਾਲ ਲਈ ਠੇਕਾ ਕਰਨ ਦੀ ਪੇਸ਼ਕਸ਼ ਅਤੇ ਫ਼ਸਲੀ ਚੱਕਰ ਬਦਲਣ ਦੇ ਸ਼ਾਤਰ ਫਾਰਮੂਲੇ 'ਚ ਉਲਝਾ ਲਿਆ। ਪੰਜ ਫ਼ਸਲਾਂ ਉੱਪਰ ਐੱਮ.ਐੱਸ.ਪੀ. ਦਾ ਇਹ ਫਾਰਮੂਲਾ ਬਦਲਵੇਂ ਰੂਪ 'ਚ ਉਹੀ 'ਠੇਕਾ ਖੇਤੀ' ਹੈ ਜੋ ਕਿਸਾਨ ਜਥੇਬੰਦੀਆਂ ਪਹਿਲਾਂ ਹੀ ਰੱਦ ਕਰ ਚੁੱਕੀਆਂ ਹਨ। ਇਹ ਵੀ ਸਭ ਨੂੰ ਪਤਾ ਹੈ ਕਿ ਸਵਾਲ ਫ਼ਸਲੀ ਵੰਨ-ਸਵੰਨਤਾ ਦਾ ਨਹੀਂ ਹੈ ਸਗੋਂ ਮੁੱਖ ਸਵਾਲ ਘੱਟੋਘੱਟ ਸਮਰਥਨ ਮੁੱਲ ਉੱਪਰ ਕਿਸਾਨਾਂ ਦੀ ਸਾਰੀ ਫ਼ਸਲ ਸਰਕਾਰ ਵੱਲੋਂ ਖ਼ਰੀਦਣ ਦੀ ਜ਼ਾਮਨੀ ਦਾ ਹੈ ਜਦਕਿ ਸਰਕਾਰ ਸਰਕਾਰੀ ਏਜੰਸੀਆਂ ਰਾਹੀਂ ਖ਼ਰੀਦ ਦੀ ਵਿਵਸਥਾ/ਮੰਡੀਕਰਨ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਚਾਹੁੰਦੀ ਹੈ। ਕਿਸਾਨ ਫਿਰ ਹੀ ਹੋਰ ਫ਼ਸਲਾਂ ਬੀਜਣੀਆਂ ਸ਼ੁਰੂ ਕਰਨਗੇ ਜੇ ਸਰਕਾਰ ਐੱਮ.ਐੱਸ.ਪੀ. ਉੱਪਰ ਖ਼ਰੀਦੇ ਜਾ ਰਹੇ ਕਣਕ-ਝੋਨੇ ਦੇ ਚੱਕਰ ਜਿੰਨੀ ਜਾਂ ਇਸ ਤੋਂ ਵੱਧ ਕਮਾਈ ਬਾਕੀ ਫ਼ਸਲਾਂ ਦੀ ਸਰਕਾਰੀ ਖ਼ਰੀਦ ਰਾਹੀਂ ਯਕੀਨੀ ਬਣਾਉਂਦੀ ਹੈ। ਸਵਾਲ ਘਾਟੇ ਵਾਲੇ ਖੇਤੀ ਕਿੱਤੇ ਨੂੰ ਟਿਕਾਊ ਕਿੱਤੇ 'ਚ ਬਦਲਣ ਦਾ ਹੈ। ਇਸ ਬਾਰੇ ਹਕੂਮਤ ਚੁੱਪ ਹੈ। ਆਖ਼ਿਰਕਾਰ ਇਨ੍ਹਾਂ ਆਗੂਆਂ ਨੇ ਵਿਚਾਰ ਕਰ ਕੇ ਉਪਰੋਕਤ ਸਰਕਾਰੀ ਪੇਸ਼ਕਸ਼ ਠੁਕਰਾ ਦਿੱਤੀ ਹੈ ਅਤੇ 'ਦਿੱਲੀ ਕੂਚ' ਦੀ ਰਣਨੀਤੀ ਘੜਨ ਦਾ ਐਲਾਨ ਕੀਤਾ ਹੈ।

ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਵਾਅਦਾਖ਼ਿਲਾਫ਼ੀ ਕਰਨ ਵਾਲੀ ਸਰਕਾਰ ਨੂੰ ਘੇਰਨਾ ਅਤੇ ਦਬਾਅ ਪਾ ਕੇ ਮੰਗਾਂ ਮੰਨਵਾਉਣ ਦੇ ਯਤਨ ਕਰਨਾ ਬਿਲਕੁਲ ਦਰੁਸਤ ਹੈ ਪਰ ਲੀਡਰਸ਼ਿਪ ਦੀ ਪਹੁੰਚ ਅਤੇ ਅੰਦੋਲਨ ਦਾ ਤਰੀਕਾ ਵੱਧ ਤੋਂ ਵੱਧ ਜਥੇਬੰਦੀਆਂ ਨੂੰ ਨਾਲ ਲੈ ਕੇ ਮਜ਼ਬੂਤ ਲੋਕ ਤਾਕਤ ਉਸਾਰਨ ਦਾ ਹੋਣਾ ਚਾਹੀਦਾ ਹੈ। ਬੇਸ਼ੱਕ, 'ਗ਼ੈਰ-ਰਾਜਨੀਤਕ' ਧੜੇ ਨੇ ਕਿਸਾਨ ਅੰਦੋਲਨ ਦੀਆਂ ਉਹੀ ਮੰਗਾਂ ਚੁੱਕੀਆਂ ਹਨ ਜੋ ਪੂਰੀਆਂ ਹੋਣੀਆਂ ਬਾਕੀ ਹਨ ਪਰ ਉਨ੍ਹਾਂ ਦੀ ਪਹੁੰਚ ਅਤੇ ਅੰਦੋਲਨ ਦਾ ਤਰੀਕਾ ਸੰਯੁਕਤ ਕਿਸਾਨ ਮੋਰਚੇ ਨੂੰ ਉਸ ਦੀ ਪਹਿਲਾਂ ਵਾਲੀ ਵਿਸ਼ਾਲਤਾ 'ਚ ਮੁੜ-ਸੁਰਜੀਤ ਕਰਨ ਵਾਲਾ ਨਹੀਂ ਸਗੋਂ ਅੰਦੋਲਨ ਦੇ ਘੇਰੇ ਨੂੰ ਸੁੰਗੇੜਨ ਵਾਲਾ ਹੈ। ਇਸ ਦੇ ਪ੍ਰਮੁੱਖ ਆਗੂ ਵਾਰ-ਵਾਰ ਇਹ ਕਹਿੰਦੇ ਸੁਣੇ ਜਾ ਸਕਦੇ ਹਨ ਕਿ ਦੇਖ ਲੈਣਾ, ਹੁਣ ਬਾਕੀ ਜਥੇਬੰਦੀਆਂ ਵੀ ਸਾਡੇ ਮੋਰਚੇ 'ਚ ਆਉਣ ਲਈ ਮਜਬੂਰ ਹੋ ਜਾਣਗੀਆਂ। ਇਸ ਪਿੱਛੇ ਭਾਵਨਾ ਬਾਕੀ ਕਿਸਾਨ ਜਥੇਬੰਦੀਆਂ ਨੂੰ ਇਕਜੁੱਟ ਕਰਨ ਵਾਲੀ ਨਹੀਂ ਸਗੋਂ ਖ਼ੁਦ ਨੂੰ ਜ਼ਿਆਦਾ ਲੜਾਕੂ ਦਿਖਾਉਣ ਦੀ ਰਹੀ ਹੈ। ਅਜੇ ਤੱਕ ਅਜਿਹਾ ਕੋਈ ਸੰਕੇਤ ਨਹੀਂ ਕਿ ਇਹ ਆਗੂ ਆਪਣੇ ਅੰਦੋਲਨ ਦਾ ਦਾਇਰਾ ਵਿਸ਼ਾਲ ਕਰਨ ਦੇ ਨਜ਼ਰੀਏ ਤੋਂ ਐੱਸ.ਕੇ.ਐੱਮ. ਨੂੰ ਨਾਲ ਲੈਣ ਲਈ ਆਪਣੇ ਪਹਿਲੇ ਰਵੱਈਏ 'ਚ ਕੋਈ ਤਬਦੀਲੀ ਕਰਨਾ ਚਾਹੁੰਦੇ ਹਨ ਜਾਂ ਨਹੀਂ।

ਇਸ ਧੜੇ ਦੀ ਸਾਂਝੇ ਅੰਦੋਲਨ ਦੀ ਜ਼ਰੂਰਤ ਨਾਲ ਬੇਮੇਲ ਬਿਆਨਬਾਜ਼ੀ ਦੇ ਬਾਵਜੂਦ ਸੰਯੁਕਤ ਕਿਸਾਨ ਮੋਰਚੇ ਨੇ ਸੰਤੁਲਤ ਪਹੁੰਚ ਅਖ਼ਤਿਆਰ ਕਰ ਕੇ ਹਕੂਮਤ ਵੱਲੋਂ ਦਿੱਲੀ ਕੂਚ ਨੂੰ ਰੋਕਣ ਲਈ ਵਿੱਢੇ ਜਬਰ ਦਾ ਪੂਰੀ ਸੰਜੀਦਗੀ ਨਾਲ ਵਿਰੋਧ ਕੀਤਾ ਹੈ। ਭਾਵੇਂ ਐੱਸ.ਕੇ.ਐੱਮ. ਦੀਆਂ ਵਿਰੋਧੀ ਤਾਕਤਾਂ ਗ਼ਲਤ ਤੇ ਬੇਬੁਨਿਆਦ ਪ੍ਰਚਾਰ ਕਰ ਕੇ ਪੰਜਾਬ ਦੇ ਲੋਕਾਂ ਦੇ ਇਕ ਹਿੱਸੇ 'ਚ ਐੱਸ.ਕੇ.ਐੱਮ. ਵਿਰੁੱਧ ਸ਼ੰਕੇ ਖੜ੍ਹੇ ਕਰ ਰਹੀਆਂ ਹਨ ਪਰ ਮੋਰਚੇ ਦੀ ਲੀਡਰਸ਼ਿਪ ਨੇ ਬੇਲੋੜੇ ਵਾਦ-ਵਿਵਾਦ ਤੋਂ ਗੁਰੇਜ਼ ਕਰਦਿਆਂ ਜਬਰ ਦੇ ਸਵਾਲ ਉੱਪਰ ਦਰੁਸਤ ਸਟੈਂਡ ਲੈ ਕੇ ਅਤੇ ਸਾਂਝੇ ਕਿਸਾਨ ਅੰਦੋਲਨ ਦੀ ਜ਼ਰੂਰਤ ਨੂੰ ਫੋਕਸ ਕਰ ਕੇ ਖੁੱਲ੍ਹਦਿਲੀ, ਸੂਝ-ਬੂਝ ਤੇ ਪ੍ਰਪੱਕਤਾ ਦਾ ਸਬੂਤ ਦਿੱਤਾ ਹੈ। ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਪੰਜਾਬ) ਨੇ ਜਬਰ ਵਿਰੁੱਧ 14 ਫਰਵਰੀ ਨੂੰ ਵਿਰੋਧ ਪ੍ਰਦਰਸ਼ਨ ਕੀਤੇ। ਐੱਸ.ਕੇ.ਐੱਮ. ਵੱਲੋਂ ਜਬਰ ਦਾ ਗੰਭੀਰ ਨੋਟਿਸ ਲੈਂਦਿਆਂ ਹੰਗਾਮੀ ਮੀਟਿੰਗ ਕਰ ਕੇ ਤਿੰਨ ਘੰਟੇ ਲਈ ਟੌਲ ਪਲਾਜ਼ੇ ਪਰਚੀ-ਮੁਕਤ ਕੀਤੇ ਗਏ। ਬੀ.ਕੇ.ਯੂ. (ਏਕਤਾ)-ਉਗਰਾਹਾਂ ਵੱਲੋਂ ਆਪਣਾ 24 ਫਰਵਰੀ ਦਾ ਪ੍ਰੋਗਰਾਮ ਰੱਦ ਕਰ ਕੇ ਰੇਲਾਂ ਰੋਕੀਆਂ ਗਈਆਂ ਅਤੇ ਪੰਜਾਬ ਦੇ ਤਿੰਨ ਮੁੱਖ ਭਾਜਪਾ ਆਗੂਆਂ ਦੇ ਘਰਾਂ ਅੱਗੇ ਦਿਨ-ਰਾਤ ਧਰਨੇ ਲਗਾਏ। 18 ਫਰਵਰੀ ਦੀ ਮੀਟਿੰਗ ਵਿਚ ਐੱਸ.ਕੇ.ਐੱਮ. (ਪੰਜਾਬ ਚੈਪਟਰ) ਨੇ ਕੇਂਦਰ ਦੇ ਜਾਬਰ ਰਵੱਈਏ ਵਿਰੁੱਧ 20 ਤੋਂ 22 ਫਰਵਰੀ ਤੱਕ ਪੂਰੇ ਪੰਜਾਬ ਵਿਚ ਟੋਲ ਪਲਾਜ਼ੇ 'ਪਰਚੀ ਮੁਕਤ' ਕੀਤੇ ਅਤੇ ਭਾਜਪਾ ਦੇ ਆਗੂਆਂ ਦੇ ਘਿਰਾਓ ਕੀਤੇ (ਐੱਸ.ਕੇ.ਐੱਮ.ਭਾਰਤ ਪੱਧਰ 'ਤੇ ਵੀ ਅੰਦੋਲਨ ਦੇ ਅਗਲੇ ਪੜਾਅ ਦੀ ਤਿਆਰੀ ਕਰ ਰਿਹਾ ਹੈ)।

ਦਰਅਸਲ, ਅੰਦੋਲਨ ਦਾ ਜਮਹੂਰੀ ਹੱਕ ਹੀ ਹੰਕਾਰੀ ਹੋਈ ਹਕੂਮਤ ਦੇ ਹਮਲੇ ਦੀ ਮਾਰ ਹੇਠ ਹੈ। ਇਤਿਹਾਸਕ ਕਿਸਾਨ ਅੰਦੋਲਨ ਨੇ ਰਾਜਾਂ ਦੇ ਅਧਿਕਾਰ-ਖੇਤਰ ਦਾ ਸਵਾਲ ਉਠਾਉਂਦਿਆਂ ਕੇਂਦਰ ਦੇ ਖੇਤੀ ਸਬੰਧੀ ਕਾਨੂੰਨ ਬਣਾਉਣ ਦੇ ਗ਼ੈਰ-ਸੰਵਿਧਾਨਕ ਅਮਲ ਨੂੰ ਚੁਣੌਤੀ ਦਿੱਤੀ ਸੀ। ਉਸ ਮੁੱਦੇ ਨੂੰ ਗੰਭੀਰਤਾ ਨਾਲ ਉਠਾਉਣਾ ਹੁਣ ਹੋਰ ਵੀ ਜ਼ਿਆਦਾ ਜ਼ਰੂਰੀ ਹੋ ਗਿਆ ਹੈ। ਪੰਜਾਬ ਦੀਆਂ ਹੱਦਾਂ ਦੇ ਅੰਦਰ ਬੈਰੀਕੇਡ ਲਗਾਉਣਾ ਆਰ.ਐੱਸ.ਐੱਸ.-ਭਾਜਪਾ ਦੀ ਕੇਂਦਰੀਕਰਨ ਦੀ ਉਸੇ ਨੀਤੀ ਦਾ ਹਿੱਸਾ ਹੈ ਜਿਸ ਦੇ ਤਹਿਤ ਇਸ ਸਰਕਾਰ ਨੇ 50 ਕਿਲੋਮੀਟਰ ਤੱਕ ਸਰਹੱਦੀ ਖੇਤਰ ਨੂੰ ਬੀ.ਐੱਸ.ਐੱਫ. ਦੇ ਅਧਿਕਾਰ ਹੇਠ ਲਿਆਉਣ, ਭਾਖੜਾ-ਬਿਆਸ ਇੰਤਜ਼ਾਮੀਆ ਬੋਰਡ ਵਿਚੋਂ ਪੰਜਾਬ ਦੀ ਮੈਂਬਰੀ ਖ਼ਤਮ ਕਰਨ, ਚੰਡੀਗੜ੍ਹ ਵਿਚ ਕੇਂਦਰ ਦੇ ਸਰਵਿਸ ਰੂਲ ਲਾਗੂ ਕਰਨ, ਪੰਜਾਬ ਵਿਚ ਕੌਮੀ ਜਾਂਚ ਏਜੰਸੀ ਦਾ ਦਫ਼ਤਰ ਖੋਲ੍ਹਣ ਵਰਗੀਆਂ ਉਪਰੋਥਲੀ ਮਨਮਾਨੀਆਂ ਕਰਕੇ ਰਾਜਾਂ ਦੇ ਨਾਮਨਿਹਾਦ ਅਧਿਕਾਰਾਂ ਪੱਖੋਂ ਪੰਜਾਬ ਦੇ ਗਲੇ ਨੂੰ ਹੱਥ ਪਾਇਆ ਹੈ। ਪੰਜਾਬ ਨੂੰ ਇਸ ਕਰ ਕੇ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦੀ ਨਮੋਸ਼ੀ ਅਤੇ ਇਸ ਵਿਚ ਪੰਜਾਬ ਦੇ ਕਿਸਾਨਾਂ ਵੱਲੋਂ ਨਿਭਾਈ ਭੂਮਿਕਾ ਭਗਵਾ ਹਕੂਮਤ ਨੂੰ ਬਹੁਤ ਚੁਭਦੀ ਹੈ।

ਇਸ ਦੇ ਮੱਦੇਨਜ਼ਰ ਸਵਾਲ ਇਹ ਵੀ ਹੈ ਕਿ ਇਸ ਸਮੇਂ ਮੁਲਕ ਨੂੰ ਜਿਸ ਤਰ੍ਹਾਂ ਦਾ ਫਾਸ਼ੀਵਾਦ ਦਾ ਖ਼ਤਰਾ ਦਰਪੇਸ਼ ਹੈ, ਕੀ ਇਨ੍ਹਾਂ ਹਾਲਾਤ ਵਿਚ ਕੁਝ ਜਥੇਬੰਦੀਆਂ ਵੱਲੋਂ ਕੋਈ ਵੱਖਰਾ, ਸੀਮਤ ਅੰਦੋਲਨ ਵਿੱਢ ਕੇ ਕਿਸੇ ਮੰਗ ਉੱਪਰ ਸਰਕਾਰ ਤੋਂ ਵਾਅਦਾ ਕਰਵਾ ਲੈਣਾ ਮਹੱਤਵਪੂਰਨ ਹੈ ਜਾਂ ਫਿਰਕੂ ਨਫ਼ਰਤ ਦੇ ਬਿਰਤਾਂਤ ਨੂੰ ਟੱਕਰ ਦੇਣ ਲਈ ਮੁਲਕ ਪੱਧਰ ਦੇ ਅੰਦੋਲਨ ਰਾਹੀਂ ਲੋਕਾਂ ਦੇ ਅਸਲ ਮੁੱਦਿਆਂ ਨੂੰ ਉਭਾਰਨਾ ਅਤੇ ਹਕੂਮਤ ਦੇ ਫਾਸ਼ੀਵਾਦੀ ਏਜੰਡੇ ਨੂੰ ਪਿੱਛੇ ਧੱਕਣ ਲਈ ਸਮਾਜ ਦੇ ਵੱਧ ਤੋਂ ਵੱਧ ਵਰਗਾਂ ਨੂੰ ਨਾਲ ਲੈ ਕੇ ਵਿਸ਼ਾਲ ਲੋਕ ਲਾਮਬੰਦੀ ਵਾਲਾ ਟਿਕਾਊ ਅੰਦੋਲਨ ਉਸਾਰਨਾ ਜ਼ਰੂਰੀ ਹੈ? ਪਾਰਲੀਮੈਂਟਰੀ ਵਿਰੋਧੀ-ਧਿਰ ਆਪਣੇ ਮੌਕਾਪ੍ਰਸਤ ਜਮਾਤੀ ਕਿਰਦਾਰ ਕਾਰਨ ਹਿੰਦੂਤਵ ਫਾਸ਼ੀਵਾਦ ਦੇ ਏਜੰਡੇ ਦਾ ਬਦਲ ਪੇਸ਼ ਕਰਨ ਦੇ ਮੂਲੋਂ ਹੀ ਨਾਕਾਬਿਲ ਹੈ। ਇਨ੍ਹਾਂ ਹਾਲਾਤ 'ਚ ਐੱਸ.ਕੇ.ਐੱਮ. ਵਰਗੇ ਲੋਕ ਅੰਦੋਲਨਾਂ ਦੀ ਭੂਮਿਕਾ ਹੋਰ ਵੀ ਜ਼ਿਆਦਾ ਮਹੱਤਵਪੂਰਨ ਬਣ ਜਾਂਦੀ ਹੈ। ਜੋ ਅਵਾਮ 'ਚ ਮੁੱਢਲੀ ਜਮਹੂਰੀ ਰਾਜਨੀਤਕ ਚੇਤਨਾ ਜਗਾਉਣ ਦਾ ਸਾਧਨ ਬਣਦੇ ਹਨ ਅਤੇ ਉਨ੍ਹਾਂ 'ਚ ਹਕੂਮਤ ਦੀਆਂ ਮਨਮਾਨੀਆਂ ਵਿਰੁੱਧ ਲੜਨ ਲਈ ਉਤਸ਼ਾਹ ਪੈਦਾ ਹੁੰਦਾ ਹੈ।

ਆਰ.ਐੱਸ.ਐੱਸ.-ਭਾਜਪਾ ਦੇ ਘਾਤਕ ਹਮਲੇ ਨੂੰ ਵਿਸ਼ਾਲ, ਸਾਂਝੇ ਅਤੇ ਤਹੱਮਲ ਵਾਲੇ ਅੰਦੋਲਨ ਨਾਲ ਹੀ ਠੱਲ੍ਹ ਪਾਈ ਜਾ ਸਕਦੀ ਹੈ। ਪਿਛਲੇ ਦਿਨੀਂ ਐੱਸ.ਕੇ.ਐੱਮ. ਅਤੇ ਟਰੇਡ ਯੂਨੀਅਨਾਂ ਵੱਲੋਂ ਸਾਂਝਾ ਸੰਘਰਸ਼ ਇਸ ਦਿਸ਼ਾ 'ਚ ਪੂਰੇ ਮੁਲਕ ਲਈ ਇਕ ਆਸ ਦੀ ਕਿਰਨ ਹੈ। 16 ਫਰਵਰੀ ਨੂੰ ਐੱਸ.ਕੇ.ਐੱਮ. ਦੇ 'ਗ੍ਰਾਮੀਣ ਭਾਰਤ ਬੰਦ' ਅਤੇ ਟਰੇਡ ਯੂਨੀਅਨਾਂ ਦੇ 'ਭਾਰਤ ਬੰਦ' ਦੇ ਸਾਂਝੇ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਇਹ ਹੁੰਗਾਰਾ ਇਸ ਦਾ ਸਬੂਤ ਹੈ ਕਿ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਵਿਰੁੱਧ ਮੁਲਕ ਦੇ ਲੋਕਾਂ 'ਚ ਕਾਫ਼ੀ ਅਸੰਤੁਸ਼ਟੀ ਅਤੇ ਬੇਚੈਨੀ ਹੈ। ਜੇ ਇਸ ਬੇਚੈਨੀ ਨੂੰ ਕੋਈ ਢੁਕਵਾਂ ਮੰਚ ਮਿਲੇ ਤਾਂ ਦੇਸ਼ ਪੱਧਰ ਦੀ ਇਹ ਸਾਂਝੀ ਲਾਮਬੰਦੀ ਜਾਬਰ ਹਕੂਮਤ ਵਿਰੁੱਧ ਰਾਜਨੀਤਕ ਲਹਿਰ ਦਾ ਮੁੱਢ ਬੰਨ੍ਹਣ 'ਚ ਸਾਰਥਕ ਭੂਮਿਕਾ ਨਿਭਾ ਸਕਦੀ ਹੈ।

ਜੇ ਕਿਸਾਨਾਂ ਤੇ ਹੋਰ ਮਿਹਨਤਕਸ਼ ਲੋਕਾਂ ਦੇ ਅਸਲ ਮੁੱਦਿਆਂ ਉੱਪਰ ਲਾਮਬੰਦੀ ਦਾ ਇਹ ਵੇਗ ਬਰਕਰਾਰ ਰਹਿੰਦਾ ਹੈ ਤਾਂ ਇਹ ਧਾਰਮਿਕ ਮੁੱਦਿਆਂ 'ਤੇ ਆਧਾਰਿਤ ਫਿਰਕੂ ਪਾਲਾਬੰਦੀ ਦੇ ਅਸਰ ਨੂੰ ਕਾਫ਼ੀ ਖੋਰਾ ਲਾ ਸਕਦਾ ਹੈ ਜੋ ਵੋਟ ਸਿਆਸਤ ਅੰਦਰ ਆਰ.ਐੱਸ.ਐੱਸ.-ਭਾਜਪਾ ਦਾ 'ਬ੍ਰਹਮਅਸਤਰ' ਹੈ।

# ਪੰਜਾਬੀ ਬੋਲੀ ਨੂੰ ਕਿਸ ਕਿਸ ਤੋਂ ਖਤਰਾ?

**ਜਾਣਕਾਰੀ**

ਧਰਤੀ ਸਮੇਤ ਇਹ ਬ੍ਰਹਿਮੰਡ ਚੀਜ਼ਾਂ, ਭਾਵ ਵਸਤੂਆਂ, ਤੇ ਵਰਤਾਰਿਆਂ ਤੋਂ ਬਣਿਆ ਹੈ। ਵਰਤਾਰੇ ਚੀਜ਼ਾਂ ਦੀ ਆਪਸੀ ਅੰਤਰ-ਕਿਰਿਆ ਜਾਂ ਅੰਤਰ-ਕਿਰਿਆਵਾਂ, ਤੋਂ ਬਣੇ ਹੋਏ ਹੁੰਦੇ ਨੇ। ਮਿਸਾਲ ਵਜੋਂ, ਆਟਾ, ਪਾਣੀ, ਤੇ ਹੱਥਾਂ ਦੀਆਂ ਮੁੱਕੀਆਂ ਚੀਜ਼ਾਂ ਹਨ, ਅਤੇ ਆਟੇ ਨੂੰ ਪਾਣੀ ਵਿਚ ਗੁੰਨ੍ਹਣਾ ਇਕ ਵਰਤਾਰਾ ਹੈ, ਜਿਸ ਦੌਰਾਨ ਆਟੇ, ਪਾਣੀ, ਤੇ ਹੱਥਾਂ ਦੀਆਂ ਮੁੱਕੀਆਂ ਵਿਚਕਾਰ ਅੰਤਰ-ਕਿਰਿਆਵਾਂ ਵਾਪਰਦੀਆਂ ਨੇ। ਆਟਾ ਗੁੰਨ੍ਹਣ ਦਾ ਵਰਤਾਰਾ ਆਟੇ ਨੂੰ ਲਚਕਦਾਰ ਬਣਾ ਦਿੰਦਾ ਹੈ, ਜਿਸ ਤੋਂ ਹੁਣ ਇਕ ਹੋਰ ਵਰਤਾਰੇ ਦੁਆਰਾ ਪੇੜੇ ਬਣਾਏ ਜਾ ਸਕਦੇ ਨੇ। ਇਸੇ ਤਰ੍ਹਾਂ ਪੇੜੇ, ਪਰੇਥਨ, ਚਕਲੇ, ਤੇ ਵੇਲਣੇ ਆਦਿ ਚੀਜ਼ਾਂ ਵਰਤ ਕੇ ਪੇੜੇ ਤੋਂ 'ਵੇਲਣ' ਦੇ ਵਰਤਾਰੇ ਜ਼ਰੀਏ ਕੱਚੀ ਰੋਟੀ ਬਣਦੀ

**ਡਾ. ਸੁਖਪਾਲ ਸੰਘੇੜਾ**

ਹੈ, ਅਤੇ 'ਸੇਕਣ' ਵਰਤਾਰੇ ਜ਼ਰੀਏ, ਯਾਨਿ ਕੱਚੀ ਰੋਟੀ, ਅੱਗ, ਤੇ ਤਵੀ ਵਿਚਕਾਰ ਅੰਤਰ-ਕਿਰਿਆਵਾਂ ਦੁਆਰਾ, 'ਕੱਚੀ ਰੋਟੀ' 'ਪੱਕੀ ਰੋਟੀ' ਵਿਚ ਬਦਲ ਜਾਂਦੀ ਹੈ। ਜਿਸ ਤਰ੍ਹਾਂ ਇਸ ਸਾਦੀ ਮਿਸਾਲ ਵਿਚ, ਉਸੇ ਤਰ੍ਹਾਂ ਪੂਰੇ ਬ੍ਰਹਿਮੰਡ ਵਿਚ, ਚੀਜ਼ ਇਕ ਦੂਜੇ ਨਾਲ ਅੰਤਰ-ਕਿਰਿਆਵਾਂ ਰਾਹੀਂ ਬੱਝੀਆਂ ਹੋਈਆਂ ਨੇ, ਤੇ ਇਹ ਅੰਤਰ-ਕਿਰਿਆਵਾਂ ਅਕਸਰ ਪੁਰਾਣੀਆਂ ਚੀਜ਼ਾਂ ਤੋਂ ਨਵੀਆਂ ਚੀਜ਼ਾਂ ਜਾਂ ਰੂਪ ਪੈਦਾ ਕਰਦੀਆਂ ਨੇ।

ਇਸ ਤਰ੍ਹਾਂ, ਸਿਰਫ਼ ਨਿਰਜਿੰਦ ਹੀ ਨਹੀਂ, ਬਲਕਿ ਜਿਉਂਦੀਆਂ ਚੀਜ਼ਾਂ ਵੀ ਅੰਤਰ-ਕਿਰਿਆਵਾਂ ਰਾਹੀਂ ਇਕ ਦੂਜੇ ਨਾਲ ਸਬੰਧਿਤ ਹੁੰਦੀਆਂ ਹਨ। ਜਿਉਂਦੀਆਂ ਚੀਜ਼ਾਂ ਵਿਚਕਾਰ ਇੱਕ ਅੰਤਰ-ਕਿਰਿਆ ਹੁੰਦੀ ਹੈ: ਆਪਸੀ ਸੰਚਾਰ, ਜੋ ਕਈ ਸਾਧਨਾਂ ਤੇ ਮਾਧਿਅਮਾਂ ਦੁਆਰਾ ਵਾਪਰਦਾ ਹੈ। ਮਿਸਾਲ ਦੇ ਤੌਰ 'ਤੇ, ਧਰਤੀ ਉੱਪਰ ਮਨੁੱਖ ਦੇ ਵਿਕਾਸ ਦੌਰਾਨ ਬੋਲੀ ਦਾ ਆਵਿਸ਼ਕਾਰ ਮਨੁੱਖੀ ਇਤਿਹਾਸ ਵਿਚ ਇਕ ਮਹੱਤਵਪੂਰਨ ਘਟਨਾ ਸੀ। ਮਨੁੱਖੀ ਬੋਲੀਆਂ ਨੇ ਸਮੂਹਿਕ ਤੌਰ 'ਤੇ ਗਿਆਨ ਲੱਭਣ, ਸਿਰਜਣ, ਤੇ ਸਾਂਝਿਆਂ ਕਰਨ ਨੂੰ ਸੰਭਵ ਕਰ ਕੇ ਮਨੁੱਖੀ ਦੁਨੀਆਂ ਦੀ ਉਸਾਰੀ ਵਿਚ ਹਿੱਸਾ ਪਾਉਂਦੇ ਹੋਏ, ਮਨੁੱਖਤਾ ਦਾ ਇਤਿਹਾਸ ਸਿਰਜਣ ਵਿਚ ਅਹਿਮ ਰੋਲ ਅਦਾ ਕੀਤਾ ਹੈ। ਉਦਾਹਰਣ ਵਜੋਂ, ਮੱਧਯੁੱਗੀ ਯੂਰਪ ਵਿਚ ਦੋ ਲਹਿਰਾਂ ਚੱਲੀਆਂ: 'ਤਰਕ' ਤੇ 'ਮਾਨਵਵਾਦ' 'ਤੇ ਆਧਾਰਿਤ ਰੇਨਾਸਾਂਸ ਲਹਿਰ ਤੇ ਉਸ ਤੋਂ ਉਪਜੀ ਪ੍ਰਬੋਧਨ (ਇਨਲਾਈਟਨਮੈਂਟ) ਲਹਿਰ, ਜੋ ਸਾਰਥਿਕ ਤੌਰ 'ਤੇ 'ਤਰਕ', ਮਾਨਵਵਾਦ, ਤੇ ਵਿਗਿਆਨ 'ਤੇ ਆਧਾਰਿਤ ਸੀ। ਇਨ੍ਹਾਂ, ਬੁਨਿਆਦੀ ਤੌਰ 'ਤੇ, ਬੌਧਿਕ ਲਹਿਰਾਂ ਨੇ ਯੂਰਪ ਨੂੰ ਮੱਧਯੁੱਗ ਵਿਚੋਂ ਕੱਢ ਕੇ ਆਧੁਨਿਕ ਯੁੱਗ ਸੰਗ ਜੋੜ ਦਿੱਤਾ। ਇਸ ਤਰ੍ਹਾਂ, ਜਮਹੂਰੀ ਅਦਾਰਿਆਂ ਸਮੇਤ ਜਮਹੂਰੀਅਤ ਤੇ ਆਧੁਨਿਕਤਾ ਇਨ੍ਹਾਂ ਲਹਿਰਾਂ ਦੇ ਤਿੰਨ ਕੇਂਦਰੀ ਆਦਰਸ਼ਾਂ ਤਰਕ, ਮਾਨਵਵਾਦ, ਤੇ ਵਿਗਿਆਨ ਦੇ ਧਰਾਤਲ ਉਪਰ ਖੜ੍ਹੇ ਨੇ। ਇਹ ਸਭ ਕੁਝ ਬੋਲੀ ਤੋਂ ਬਿਨਾਂ ਅਸੰਭਵ ਹੁੰਦਾ। ਐਨਾ ਅਹਿਮ ਹੁੰਦਾ ਹੈ ਬੋਲੀ ਦਾ ਰੋਲ, ਤੇ ਉਲਟਾ ਐਨਾ ਦੀ ਸੰਭਾਵੀ ਨੁਕਸਾਨਦੇਹ ਹੋ ਸਕਦਾ ਹੈ ਕਿਸੇ ਬੋਲੀ ਨੂੰ ਖਤਰਾ।

**ਪੰਜਾਬੀ ਬੋਲੀ ਨੂੰ ਖਤਰਾ?**

ਕਿਉਂਕਿ ਪਹਿਲਾਂ ਪਹਿਲਾਂ ਮਨੁੱਖੀ ਵਿਕਾਸ ਧਰਤੀ ਦੇ ਵੱਖ ਵੱਖ ਹਿੱਸਿਆਂ ਚ ਹੋਇਆ ਅਲੱਗ ਅਲੱਗ ਸੱਭਿਅਤਾਵਾਂ ਵਿਚ, ਜੋ ਇੱਕ ਦੂਜੀ ਤੋਂ ਨਿਖੜੀਆਂ ਹੋਈਆਂ ਸਨ। ਇੱਥੋਂ ਤਕ ਕਿ ਇਕੋ ਸੱਭਿਅਤਾ ਜਾਂ ਦੇਸ਼ ਵਿਚ ਵੀ ਵੱਖ-ਵੱਖ ਭਾਗ ਇਕ ਦੂਸਰੇ ਤੋਂ ਜ਼ਿਆਦਾਤਰ ਨਿਖੜੇ ਹੋਏ ਹੀ ਹੁੰਦੇ ਸਨ। ਇਸ ਤਰ੍ਹਾਂ ਮਨੁੱਖੀ ਵਿਕਾਸ ਸਥਾਨਕ ਸੁਭਾਅ ਵਾਲਾ ਤੇ ਅਸਾਵਾਂ ਸੀ। ਇਸ ਮਾਹੌਲ ਵਿਚ ਸਥਾਨਕ ਬੋਲੀਆਂ ਤੇ ਉਪ-ਬੋਲੀਆਂ ਦਾ ਜਨਮ ਤੇ ਵਰਤੋਂ/ਵਿਕਾਸ ਸ਼ੁਰੂ ਹੋਇਆ। ਜਿਉਂ ਜਿਉਂ ਆਵਾਜਾਈ ਤੇ ਹੋਰ ਦੂਰੀ-ਸੰਚਾਰ ਸਾਧਨ ਵਧਦੇ ਗਏ, ਕੁਝ ਬੋਲੀਆਂ ਦੀ, ਕੁਝ ਹੋਰਾਂ ਦੇ ਮੁਕਾਬਲੇ, ਵਰਤੋਂ ਵੀ ਵਧਦੀ ਗਈ, ਜਿਵੇਂ ਅੰਗਰੇਜ਼ੀ, ਸਪੈਨਿਸ਼, ਤੇ ਫ਼ਰੈਂਚ। ਲਗਭਗ ਬਿਲਕੁਲ ਸਥਾਨਿਕਤਾ ਤੋਂ ਸ਼ੁਰੂ ਹੋਈ ਗੱਲ ਹੁਣ ਵਿਸ਼ਵੀਕਰਨ ਵੱਲ ਵਧ ਰਹੀ ਹੈ; ਇੰਟਰਨੈੱਟ/ਵੈੱਬ, ਯਾਨਿ ਸੂਚਨਾ ਯੁੱਗ, ਦੀ ਆਮਦ ਨੇ ਵਿਸ਼ਵੀਕਰਨ ਦੀ ਰਫ਼ਤਾਰ ਗੁਣਾਂ ਵਧਾ ਦਿੱਤੀ ਹੈ।

ਇਸ ਮਾਹੌਲ ਵਿੱਚ ਵਿਸ਼ਵ ਦੀਆਂ ਸਾਰੀਆਂ ਸਥਾਨਿਕ, ਯਾਨਿ ਖੇਤਰੀ, ਬੋਲੀਆਂ ਦੀ ਹੋਂਦ ਨੂੰ ਖ਼ਤਰੇ ਪਏ ਹੋਏ ਨੇ, ਕਿਉਂਕਿ ਉਨ੍ਹਾਂ ਦਾ ਮੁਕਾਬਲਾ ਸਿੱਧਾ ਰਾਸ਼ਟਰੀ ਜਾਂ/ਅੰਤਰ-ਰਾਸ਼ਟਰੀ ਬੋਲੀਆਂ ਨਾਲ ਪੈ ਰਿਹਾ ਹੈ। ਇਨ੍ਹਾਂ ਦੀ ਹੋਂਦ ਕਾਇਮ ਤੇ ਪਛਾਣ ਬਣਾਈ ਰੱਖਣ ਲਈ ਸਥਾਨਕ ਬੋਲੀਆਂ ਵਾਲਿਆਂ ਨੂੰ ਵਿਸ਼ੇਸ਼ ਯਤਨ ਕਰਨੇ ਪੈ ਰਹੇ ਨੇ।

'ਪੰਜਾਬੀ' ਵੀ ਇਨ੍ਹਾਂ ਬੋਲੀਆਂ ਵਿਚੋਂ ਇਕ ਹੈ। ਹਰ ਬੋਲੀ ਦੇ ਸਿਰ ਉੱਪਰ ਬੋਲੀ ਵਾਲਿਆਂ ਦੇ ਵਿਰਸੇ ਦੀ ਪੰਡ ਹੁੰਦੀ ਹੈ, ਜੋ ਬੋਲੀ ਦੇ ਵਿਕਾਸ ਵਿਚ ਅਹਿਮ ਰੋਲ ਨਿਭਾਉਂਦੀ ਹੈ।

**ਪੰਜਾਬੀ ਬੋਲੀ ਵਾਲਿਆਂ ਦਾ ਪੰਜਾਬੀ ਵਿਰਸੇ ਸੰਗ ਰਿਸ਼ਤਾ**

ਹੋਰਨਾਂ ਕਈ ਦੇਸ਼ਾਂ ਵਾਂਗ, ਭਾਰਤੀ ਲੋਕ ਵੀ ਆਪਣੇ ਸਮਰਾਟਾਂ ਦੇ ਗੁਲਾਮ ਰਹੇ: ਮੌਰਿਆ, ਭਾਰਤ, ਗੁਪਤ, ਹਰਸ਼ ਵਰਧਨ, ਰਾਜਪੂਤ ਆਦਿ ਸਾਮਰਾਜਾਂ ਤੋਂ ਮੁਸਲਿਮ/ਮੁਗ਼ਲ ਸਮਰਾਟਾਂ, ਤੇ ਦੇਸ਼ੀ ਰਾਜਿਆਂ ਦੇ ਰਾਜਾਂ ਦੇ ਗੁਲਾਮ। ਪੰਜਾਬ ਦੇ ਰਸਤਿਉਂ ਭਾਰਤ 'ਤੇ ਹੁੰਦੇ ਹਮਲਿਆਂ ਵਿਚ, ਧਾੜਵੀਆਂ ਦਾ ਪਹਿਲਾ ਸ਼ਿਕਾਰ ਪੰਜਾਬੀ ਹੀ ਬਣਦੇ ਰਹੇ। ਸਣੇ ਪੰਜਾਬ, ਭਾਰਤੀ ਲੋਕ ਉਪਰਕਤ ਸਮਰਾਟਾਂ ਦੇ, ਮੁਗ਼ਲ ਰਾਜ ਦੇ ਪਤਨ ਦੌਰਾਨ ਤੇ ਬਾਅਦ ਸਥਾਨਕ ਰਾਜਿਆਂ ਦੇ, ਤੇ ਫਿਰ ਉਨ੍ਹਾਂ ਰਾਜਿਆਂ ਨੂੰ ਹਰਾਉਣ ਵਾਲੇ ਅੰਗਰੇਜ਼ਾਂ ਦੇ ਗੁਲਾਮ ਰਹੇ। ਪੰਜਾਬ ਸਮੇਤ ਭਾਰਤ ਵਿਚ ਆਧੁਨਿਕ ਯੁੱਗ ਇੱਥੇ ਅਰਥਚਾਰੇ ਜਾਂ ਗਿਆਨ-ਵਿਗਿਆਨ ਕਾਰਨ ਹੋਈ ਤਰੱਕੀ ਕਰਕੇ ਨਹੀਂ ਸਗੋਂ ਅੰਗਰੇਜ਼ਾਂ ਦੀ ਗੁਲਾਮੀ ਦੇ ਬਸਤੀਵਾਦੀ ਰੂਪ ਵਿਚ ਆਇਆ ਹੈ। ਭਾਰਤ ਵਿਚ ਆਜ਼ਾਦੀ ਅੰਗਰੇਜ਼ਾਂ ਵਿਰੁੱਧ ਦੋ-ਟੁੱਕ ਸਿੱਧੀ ਲੜਾਈ ਵਿਚੋਂ ਨਹੀਂ ਆਈ, ਜਿਵੇਂ ਮਿਸਾਲ ਵਜੋਂ ਅਮਰੀਕਾ ਵਿਚ, ਬਲਕਿ ਦੂਸਰੇ ਮਹਾਂ-ਯੁੱਧ ਤੋਂ ਬਾਅਦ ਬਦਲੇ ਹੋਏ ਅੰਤਰਰਾਸ਼ਟਰੀ ਹਾਲਾਤਾਂ ਅਤੇ ਭਾਰਤ ਦੀ ਸਮੁੱਚੀ ਅੰਦਰੂਨੀ ਹਾਲਤ ਕਰਕੇ, ਅੰਗਰੇਜ਼ ਆਪਣੀਆਂ ਸ਼ਰਤਾਂ ਦੇ ਆਧਾਰ 'ਤੇ ਹੀ ਭਾਰਤ ਛੱਡ ਗਏ। ਅੰਗਰੇਜ਼ ਦੇ ਜਾਣ ਬਾਅਦ ਭਾਰਤ ਵਿਚ ਰਾਜਨੀਤਕ ਤੇ ਸਮਾਜਿਕ ਪ੍ਰਬੰਧ ਦੀਆਂ ਅਮਲੀ ਤੇ ਵਿਵਹਾਰਕ ਬਰੀਕੀਆਂ ਵਿਚ, ਜੇ ਬਿਲਕੁੱਲ ਨਹੀਂ, ਤਾਂ ਕਾਫ਼ੀ ਤਬਦੀਲੀ ਨਾ ਆਈ।

ਇਸ ਤਰ੍ਹਾਂ, ਬਾਕੀ ਭਾਰਤ ਵਾਂਗ, ਪੰਜਾਬ ਦੀ ਰੈਜ਼ਿਮੇ (resume) ਵੀ ਗੁਲਾਮੀ ਹੰਢਾਉਣ ਦੀ ਅਨੁਭੂਤੀ ਤੇ ਤਜਰਬੇ ਨਾਲ ਭਰੀ ਹੋਈ ਹੈ, ਗੁਲਾਮੀ ਦਾ ਜਥੇਬੰਦਕ ਲੋਕ-ਵਿਰੋਧ ਕਰ ਕੇ ਇਸ ਤੋਂ ਛੁਟਕਾਰਾ ਪਾਉਣ ਦੇ ਘੱਟੋ-ਘੱਟ, ਆਟੇ ਵਿਚ ਲੂਣ ਬਰਾਬਰ, ਤਜਰਬੇ ਸਮੇਤ। ਅਸੀਂ ਜੋ ਵਿਰਸੇ ਦੇ ਸੋਹਲੇ ਗਾਉਂਦੇ ਨਹੀਂ ਥੱਕਦੇ, ਸਾਨੂੰ ਵਿਰਸੇ ਵਿਚ ਮਿਲੀ ਤੇ ਮਿਲਦੀ ਸਭ ਤੋਂ ਵਿਆਪਕ ਤੇ ਅਸਰਦਾਇਕ ਸੌਗਾਤ ਹੈ: ਜਗੀਰੂ/ ਰਾਜਸ਼ਾਹੀ ਤੇ ਗੁਲਾਮੀ ਸੋਚ, ਸੰਖੇਪ ਵਿਚ 'ਗੁਲਾਮੀ ਸੋਚ', ਜਿਹਦਾ ਅਸੀਂ, ਸਾਰੇ ਨਹੀਂ ਤਾਂ, 'ਬਹੁਤ ਸਾਰੇ' ਅੰਦਰੋਂ ਅੰਦਰੀ ਸ਼ਿਕਾਰ ਹਾਂ। ਇਹ 'ਗੁਲਾਮੀ ਸੋਚ' ਆਮ ਤੌਰ 'ਤੇ ਪਛਾਣਨੀ ਮੁਸ਼ਕਲ ਹੋ ਜਾਂਦੀ ਹੈ ਕਿਉਂਕਿ ਇਹ ਸਾਡੇ ਸੱਭਿਆਚਾਰ ਵਿਚ ਸਾਧਾਰਨਤਾ ਤੇ ਚੱਜ/ਸਤਿਕਾਰ ਦਾ ਹਿੱਸਾ ਬਣ ਕੇ ਸਾਡੇ ਨਿੱਜੀ ਤੇ ਸਮਾਜਿਕ ਵਾਤਾਵਰਣ ਵਿਚ ਘੁਲੀ ਹੋਈ ਹੈ: ਇਸ ਲਈ, ਅਸੀਂ ਜਦੋਂ ਵਿਰਸੇ ਵਿਚ ਮਿਲੀ ਇਸ ਸੋਚ ਤੋਂ ਕਿਸੇ ਵਿਗਿਆਨਕ ਪ੍ਰਕਿਰਿਆ ਦੁਆਰਾ ਛੁਟਕਾਰਾ ਪਾਉਣ ਤੋਂ ਬਿਨਾਂ ਹੀ ਪ੍ਰਗਤੀਸ਼ੀਲ, ਜਾਂ ਮਾਨਵਵਾਦੀ/ਸਮਾਜਵਾਦੀ, ਵਿਚਾਰਧਾਰਾ ਨਾਲ ਜੁੜ ਜਾਂਦੇ ਹਾਂ, ਤਾਂ ਅਜੇਹਾ ਜੋੜ ਸਾਡੇ 'ਚੋਂ ਬਹੁਤਿਆਂ ਲਈ ਸਿਰਫ਼ ਭਾਵੁਕ ਪੱਧਰ ਦਾ ਹੀ ਹੁੰਦਾ ਹੈ, ਤੇ ਇਸ ਸਬੰਧੀ ਸਾਡੀ ਸੋਚ ਵਿਗਿਆਨਕ ਤਰਕ 'ਤੇ ਨਹੀਂ, ਬਲਕਿ ਤੁਕਵਾਦੀ ਗਿਆਨ/ਜਾਂ ਸੂਚਨਾ 'ਤੇ ਖੜ੍ਹੀ ਹੁੰਦੀ ਹੈ: ਰਸੂਲ ਹਮਜਾਤੋਵ, ਮਾਰਕਸ, ਲੈਨਿਨ, ਜਾਂ ਮਾਓ ਨੇ ਕਿਹਾ...ਆਦਿ। ਅਜੇਹੀ ਖ਼ੋਖਲੀ ਪ੍ਰਗਤੀਸ਼ੀਲ ਸੋਚ ਦੇਸੀ ਸੂਰਮਿਆਂ ਤੇ ਸ਼ਹੀਦਾਂ ਪ੍ਰਤੀ ਸ਼ਰਧਾ ਦੀਆਂ ਫਹੁੜੀਆਂ ਦੇ ਆਸਰੇ ਚੱਲਦੀ ਹੈ। ਭਾਵੇਂ ਕਿੰਨੇ ਵੀ ਆਧੁਨਿਕ ਜਾਂ ਪ੍ਰਗਤੀਸ਼ੀਲ ਹੋ ਹੋ ਬਹੀਏ, ਸਾਡੇ 'ਚੋਂ ਬਹੁਤ ਸਾਰਿਆਂ, ਜੇ ਸਾਰਿਆਂ ਨਹੀਂ, ਲਈ ਅਗੇਤ ਪਿਛੇਤ ਜਦ ਲਿਖਣ, ਅਮਲ, ਜਾਂ ਹੋਰ ਕਿਸੇ ਖੇਤਰ ਵਿਚ ਆਪਣਾ ਅਸਲਾ ਦਿਖਾਉਣ ਦੀ ਹਾਲਤ ਬਣਦੀ ਹੈ, ਤਾਂ ਮਿਲੇ ਪਦਮ ਸ੍ਰੀ ਤੇ ਹੋਰ ਐਵਾਰਡਾਂ ਦੇ ਪਰਦੇ ਪਾੜਦੀ, ਅਤੇ ਪੜ੍ਹੀਆਂ ਏਂਜਲਜ਼/ ਮਾਰਕਸ, ਲੈਨਿਨ, ਤੇ ਮਾਓ ਦੀਆਂ ਸਾਰੀਆਂ ਜਿਲਦਾਂ (ਵਾਲੀਅਮਜ਼) ਚੀਰਦੀ ਹੋਈ ਵੀ ਸਾਡੀ 'ਗੁਲਾਮੀ ਸੋਚ' ਪ੍ਰਿਜ਼ਮ 'ਚੋਂ ਲੰਘੀ ਧੁੱਪ ਵਾਂਗ ਪ੍ਰਗਟ ਹੋ ਜਾਂਦੀ ਹੈ। ਇਹ ਸਿਰਫ਼ ਪੰਜਾਬੀ ਕਵਿਤਾ ਦਾ ਹੀ ਨਹੀਂ, ਬਲਕਿ ਸਮੁੱਚੇ ਪੰਜਾਬੀ ਸਾਹਿਤ,




ਪੰਜਾਬੀਅਤ, ਤੇ ਪੰਜਾਬ ਦਾ ਦੁਖਾਂਤ ਹੈ। ਇਸ ਦੁਖਾਂਤ ਦੀ ਚੰਦਰੀ ਛਾਇਆ ਪੰਜਾਬੀ ਬੋਲੀ ਵਾਲਿਆਂ ਦੇ ਵਿਸ਼ੇਸ਼ ਤਬਕੇ ਉੱਪਰ ਵੀ ਪੈਂਦੀ ਹੈ, ਜੋ ਕਿਸੇ ਵੀ ਬੋਲੀ ਦਾ ਹਰਿਆਵਲ ਦਸਤਾ ਹੁੰਦਾ ਹੈ।

**ਪੰਜਾਬੀ ਬੋਲੀ ਦਾ ਹਰਿਆਵਲ ਦਸਤਾ ਭ੍ਰਿਸ਼ਟਾਚਾਰ ਦਾ ਸ਼ਿਕਾਰ**

ਜਿਵੇਂ ਲੇਖ ਦੇ ਸ਼ੁਰੂ ਵਿਚ ਦਰਸਾਇਆ ਗਿਆ ਹੈ, ਤੇ ਪੰਜਾਬੀ ਲੋਕਾਂ ਤੇ ਲੇਖਕਾਂ ਲਈ ਇਹ ਵਿਚਾਰਨ-ਹਿੱਤ ਬੜੀ ਮਹੱਤਵਪੂਰਨ ਗੱਲ ਹੈ, ਕਿ ਰੇਨਾਸਾਂਸ ਤੇ ਪ੍ਰਬੋਧਨ ਦੋਨੋਂ ਮੂਲ ਤੌਰ 'ਤੇ ਬੌਧਿਕ ਲਹਿਰਾਂ ਸਨ, ਕਵਿਤਾ ਅਤੇ ਹੋਰ ਸਾਹਿਤ ਤੇ ਕਲਾ ਰੂਪਾਂ ਸਮੇਤ; ਜਿਨ੍ਹਾਂ ਨੇ ਇਨਕਲਾਬ ਵੀ ਲਿਆਂਦੇ ਤੇ ਯੁੱਗ ਵੀ ਬਦਲੇ; ਅਤੇ ਬੋਲੀ, ਸੰਚਾਰ ਮਾਧਿਅਮ, ਕਿਸੇ ਵੀ ਬੌਧਿਕ ਲਹਿਰ ਦਾ ਅਹਿਮ ਅੰਗ ਹੁੰਦੀ ਹੈ। ਬੌਧਿਕ ਲਹਿਰ ਦੌਰਾਨ, ਕਲਮ ਤੇ ਸੋਚ ਦੀ ਪ੍ਰਬੰਧ ਵਿਰੁੱਧ ਲੜਾਈ ਵਿਚ ਹਰਿਆਵਲ ਦਸਤਾ ਹੁੰਦਾ ਹੈ: ਬੋਲੀ ਦਾ ਸਾਹਿਤ ਤੇ ਸਾਹਿਤਕਾਰ। ਰੇਨਾਸਾਂਸ ਬੌਧਿਕ ਲਹਿਰ ਦੀ ਸ਼ੁਰੂਆਤ ਯੂਰੋਪੀਅਨ ਕੈਥੋਲਿਕ ਚਰਚ ਵਿਚ ਪ੍ਰਬੰਧਕੀ ਭ੍ਰਿਸ਼ਟਾਚਾਰ ਦੇ ਵਿਰੋਧ ਤੋਂ ਹੋਈ ਸੀ; ਉਸ ਮੱਧਕਾਲੀ ਯੂਰਪ ਵਿਚ, ਚਰਚ-ਪ੍ਰਬੰਧ ਲਗਭਗ ਦੇਸ਼-ਪ੍ਰਬੰਧ ਹੀ ਹੁੰਦਾ ਸੀ। ਪਰ, ਪੰਜਾਬੀ ਬੋਲੀ ਦਾ ਤਾਂ ਹਰਿਆਵਲ ਦਸਤਾ ਹੀ ਬੀਮਾਰ ਹੈ ਆਪਣੇ ਅੰਦਰੂਨੀ ਭ੍ਰਿਸ਼ਟਾਚਾਰ ਨਾਲ, ਇਹਨੇ ਪ੍ਰਬੰਧ ਦੇ ਵਿਰੁੱਧ ਲਹਿਰ ਕੀ ਚਲਾਉਣੀ ਆਂ; ਕਾਬਲ ਹੀ ਨਹੀਂ ਕਿਸੇ ਵੀ ਤਰ੍ਹਾਂ ਦੀ ਲਹਿਰ ਚਲਾਉਣ ਦੇ, ਬੋਲੀ ਦੀ ਰਾਖੀ, ਭਾਵ ਵਿਕਾਸ ਲਈ ਵੀ ਨਹੀਂ।

ਜਿਵੇਂ ਮੈਂ ਪਹਿਲਾਂ ਹੀ ਇਸ਼ਾਰੇ ਕਰ ਚੁੱਕਿਆ ਹਾਂ, ਭਾਵੇਂ ਪੰਜਾਬ ਸਣੇ ਭਾਰਤ ਵਿਚ ਆਧੁਨਿਕ ਯੁੱਗ ਤਾਂ ਅੰਗਰੇਜ਼ਾਂ ਦੀ ਗੁਲਾਮੀ ਲੈ ਆਈ ਆਪਣੇ ਦਾਜ ਵਿਚ, ਪਰ ਸਾਡੀ ਸੋਚ ਉਹੀਓ ਰਹੀ: ਮੱਧਯੁੱਗੀ, ਯਾਨਿ ਰਾਜਸ਼ਾਹੀ/ਜਾਗੀਰੂ ਗੁਲਾਮ ਸੋਚ। ਮੈਂ ਇਹ ਵੀ ਦਿਖਾ ਚੁੱਕਿਆ ਹਾਂ ਕਿ ਪੰਜਾਬੀ ਬੋਲੀ ਦੇ ਹਰਿਆਵਲ ਦਸਤੇ ਵਿਚਲੇ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਕਿੰਝ ਇਸ ਗੁਲਾਮ ਸੋਚ ਤੱਕ ਪਹੁੰਚਦੀਆਂ ਹਨ। ਸੋ, ਇੱਥੇ ਵੀ ਇਹ ਕਹਿਣਾ ਬਣਦਾ ਹੈ ਕਿ ਰਾਜਸ਼ਾਹੀ/ਜਾਗੀਰੂ ਗੁਲਾਮ ਸੋਚ ਪੰਜਾਬੀਅਤ ਤੇ ਪੰਜਾਬ ਨੂੰ ਦੁਖਾਂਤ ਬਣ ਕੇ ਚੰਬੜੀ ਹੋਈ ਹੈ; ਕਦੀ ਵੀ ਖ਼ਤਮ ਨਾ ਹੋਣ ਵਾਂਗ ਲੱਗਣ ਵਾਲਾ ਇਹ ਸਹਿਜ ਤੇ ਲਮਕਵਾਂ ਦੁਖਾਂਤ ਪੰਜਾਬ ਸਣੇ ਕਿਸੇ ਹੱਦ ਤੀਕ ਸਾਰੇ ਭਾਰਤ ਨੂੰ ਹੰਢਾਉਣਾ ਪੈ ਰਿਹਾ ਹੈ, ਕਿਉਂਕਿ ਅਸੀਂ, ਪੱਛਮ ਵਾਂਗ, ਆਪਣੇ ਹਿੱਸੇ ਦਾ ਕਾਮਯਾਬ ਰੇਨਾਸਾਂਸ ਨਹੀਂ ਕੀਤਾ। ਦੂਸਰੇ ਸ਼ਬਦਾਂ ਵਿਚ ਇਹ ਦੁਖਾਂਤ ਸਾਡੇ ਅੱਜ ਨੂੰ ਮਨੁੱਖੀ ਇਤਿਹਾਸ ਵਲੋਂ ਮਿਲਿਆ ਸਰਾਪ ਹੈ। ਇਹ ਸਰਾਪ ਪੰਜਾਬੀ ਬੋਲੀ ਉੱਪਰ ਦੋ ਪ੍ਰਸਪਰ ਸੰਬੰਧਿਤ ਰੂਪਾਂ ਵਿਚ ਡਿੱਗਦਾ ਹੈ: 'ਜੜ੍ਹਤਾ' ਤੇ ਭੂਤਮੁਖੀ ਸੋਚ।

**ਪੰਜਾਬੀ ਬੋਲੀ ਦੇ ਦੋ ਵੱਡੇ ਦੁਸ਼ਮਣ: ਜੜ੍ਹਤਾ ਤੇ ਭੂਤਮੁਖੀ ਸੋਚ**

ਭੂਤਮੁਖੀ ਸੋਚ, ਜਿਹਨੂੰ ਅਪਣਾਉਣ ਵਾਲੇ ਲੋਕ ਬੀਤੇ ਸਮੇਂ ਦੇ ਮਸਲਿਆਂ ਉੱਪਰ ਲੜਦੇ ਰਹਿੰਦੇ ਹਨ, ਤੇ ਅੱਜ ਦੀਆਂ ਸਮੱਸਿਆਵਾਂ ਦੇ ਹੱਲ ਵੀ ਬੀਤੇ ਵਿਚੋਂ ਖੋਜਣ ਦੀ ਕੋਸ਼ਿਸ਼ ਕਰਦੇ ਨੇ। ਭੂਤਮੁਖੀ ਸੋਚ ਵਾਲੇ ਬੰਦੇ ਵਿਚ 'ਜੜ੍ਹਤਾ' ਬਹੁਤ ਜ਼ਿਆਦਾ ਹੁੰਦੀ ਹੈ। 'ਜੜ੍ਹਤਾ' ਫਿਜ਼ਿਕਸ ਦਾ ਇਕ ਸੰਕਲਪ ਹੈ: ਕਿਸੇ ਵੀ ਭੌਤਿਕ ਚੀਜ਼ ਵਿਚ ਜੜ੍ਹਤਾ ਦੀ ਮਾਤਰਾ ਜਿੰਨੀ ਵੀ ਜ਼ਿਆਦਾ ਹੋਵੇਗੀ, ਉਹ ਚੀਜ਼ ਤਬਦੀਲੀ ਦਾ ਉਤਨਾ ਹੀ ਜ਼ਿਆਦਾ ਵਿਰੋਧ ਕਰੇਗੀ। ਮਿਸਾਲ ਵਜੋਂ, ਮੰਨ ਲਓ, ਫ਼ਰਸ਼ ਉੱਪਰ ਖੜ੍ਹੀਆਂ ਦੋ ਗੇਂਦਾਂ ਵਿਚੋਂ ਪਹਿਲੀ ਗੇਂਦ ਦੀ ਜੜ੍ਹਤਾ ਦੂਜੀ ਗੇਂਦ ਨਾਲੋਂ ਦੁੱਗਣੀ ਹੈ। ਦੋਵੇਂ ਖੜ੍ਹੀਆਂ ਗੇਂਦਾਂ ਆਪਣੀ ਜੜ੍ਹਤਾ ਕਾਰਨ ਚੱਲਣ ਤੋਂ ਇਨਕਾਰੀ ਨੇ; ਇਸੇ ਲਈ ਇਨ੍ਹਾਂ ਨੂੰ ਚਲਦੀਆਂ ਕਰਨ ਲਈ ਧੱਕਾ ਮਾਰਨਾ ਪਏਗਾ। ਦੋਵਾਂ ਗੇਂਦਾਂ ਨੂੰ ਬਰਾਬਰ ਦੀ ਸਪੀਡ ਨਾਲ ਦੌੜਾਉਣ ਲਈ ਪਹਿਲੀ ਗੇਂਦ ਨੂੰ ਦੂਜੀ ਗੇਂਦ ਨਾਲੋਂ ਦੁੱਗਣੀ ਸ਼ਕਤੀ ਨਾਲ ਧੱਕਾ ਮਾਰਨਾ ਪਏਗਾ, ਕਿਉਂਕਿ ਪਹਿਲੀ ਗੇਂਦ ਚੱਲਣਾ ਸ਼ੁਰੂ ਕਰਨ ਦੀ ਦੂਜੀ ਗੇਂਦ ਨਾਲੋਂ ਦੁੱਗਣੀ ਵਿਰੋਧਤਾ ਕਰ ਰਹੀ ਹੈ, ਆਪਣੀ ਦੁੱਗਣੀ ਜੜ੍ਹਤਾ ਕਰਕੇ। ਆਪਾਂ ਪੰਜਾਬੀਆਂ ਦੀ, ਬਾਕੀ ਭਾਰਤੀਆਂ ਵਾਂਗ ਹੀ, ਜੜ੍ਹਤਾ ਯਾਨਿ ਤਬਦੀਲੀ ਦਾ ਵਿਰੋਧ ਕਰਨ ਦੀ ਸਮਰੱਥਾ, ਪੱਛਮੀ ਦੇਸ਼ਾਂ ਦੇ ਲੋਕਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਇਹਦੀ ਇੱਕ ਮੁੱਖ ਵਜ੍ਹਾ ਪੰਜਾਬੀਆਂ/ਭਾਰਤੀਆਂ ਵਧੇਰੇ ਭੂਤਮੁਖੀ ਹੋਣਾ ਹੈ, ਜਿਹਦੇ ਕਾਰਨ ਪ੍ਰਾਚੀਨ ਭਾਰਤ ਇਤਿਹਾਸ ਵਿਚ ਪਏ ਨੇ।

ਪ੍ਰਾਚੀਨ ਭਾਰਤੀ ਫ਼ਲਸਫ਼ੇ ਤੇ ਸੰਸਕ੍ਰਿਤੀ ਵਿਚੋਂ ਵਿਗਿਆਨ, ਏਸ ਲਈ ਵਿਗਿਆਨਕ ਪਹੁੰਚ ਤੇ ਵਿਗਿਆਨਕ ਸੋਚ ਵੀ, ਲੱਗਭੱਗ ਗ਼ਾਇਬ ਰਹੇ ਨੇ। ਇਸੇ ਕਰਕੇ ਕੋਈ ਵਿਗਿਆਨਕ, ਜਾਂ ਵਿਗਿਆਨ ਤੋਂ ਉਪਜੀ ਜਾਂ ਪ੍ਰਭਾਵਿਤ, ਕੋਈ ਅਸਰਦਾਇਕ ਲਹਿਰ ਨਹੀਂ ਚੱਲੀ; ਤੇ ਇਸੇ ਲਈ ਵਿਗਿਆਨਕ ਤਰਕ ਵਿਧੀ ਵੀ ਵਿਕਸਿਤ ਨਹੀਂ ਹੋ ਸਕੀ, ਜਿਸ ਤਰ੍ਹਾਂ ਪੱਛਮ ਵਿਚ ਹੋਈ ਸੀ। "ਪਹਿਲਾਂ ਯੁੱਗ ਸਤਯੁਗ ਸੀ ਅਤੇ ਤ੍ਰੇਤਾ ਤੇ ਦੁਆਪਰ ਤੋਂ ਬਾਅਦ ਹੁਣ ਦਾ ਯੁੱਗ ਕਲਯੁੱਗ ਹੈ"; ਇਸ ਸਮੇਤ ਹਿੰਦੂ ਧਾਰਮਿਕ ਫ਼ਲਸਫ਼ੇ ਤੇ ਇਸ ਵਿਚਲੀਆਂ ਅਜਿਹੀਆਂ ਹੋਰ ਪਿਛਲ-ਖੁਰੀ ਧਾਰਨਾਵਾਂ ਨੇ, ਵਿਗਿਆਨ ਤੇ ਵਿਗਿਆਨਕ ਸੋਚ ਦੀ ਗ਼ੈਰ-ਹਾਜ਼ਰੀ ਸਦਕਾ, ਭਾਰਤੀ ਲੋਕਾਂ ਦੀ ਮਾਨਸਿਕਤਾ ਤੇ ਚਿੰਤਨ ਵਿਚ ਭੂਤ-ਮੁਖੀ ਪਹੁੰਚ ਕੁੱਟ-ਕੁੱਟ ਕੇ ਭਰ ਦਿੱਤੀ ਜੋ ਅੱਜ ਤੱਕ ਅਮਰ ਹੈ। ਸਤਯੁੱਗ ਤਾਂ ਪਿੱਛੇ ਰਹਿ ਗਿਆ, ਅੱਜ ਕਲ੍ਹ (ਭੈੜਾ) ਯੁੱਗ ਹੈ; ਪਿਛਲ-ਝਾਕ ਤਾਂ ਲੱਗਣੀ ਹੀ ਹੋਈ "ਭਲੇ ਜ਼ਮਾਨਿਆਂ" ਵੱਲ ਨੂੰ। ਮਿਸਾਲ ਦੇ ਤੌਰ 'ਤੇ, ਸਾਡੇ ਵਿਚੋਂ ਕੁਝ ਪੰਜਾਬੀ ਅੱਜ ਵੀ ਰਣਜੀਤ ਸਿੰਘ ਦੇ ਰਾਜ ਦੇ ਸੁਪਨੇ ਦੇਖਦੇ ਹਨ, ਕੁਝ ਹੋਰ ਵਾਰਿਸਸ਼ਾਹ, ਬਾਬਾ ਨਾਨਕ, ਬੁੱਲ੍ਹੇ ਸ਼ਾਹ, ਤੇ ਸ਼ਿਵ ਆਦਿ ਨੂੰ ਹਾਕਾਂ ਮਾਰਦੇ, ਜਾਂ ਉਨ੍ਹਾਂ ਹਾਕਾਂ ਉਪਰ ਤਾੜੀਆਂ ਮਾਰਦੇ ਨਹੀਂ ਥੱਕਦੇ। ਇੱਥੋਂ ਤੱਕ ਕਿ ਬੁੱਲ੍ਹੇ ਸ਼ਾਹ ਖੁਦ ਵੀ, ਉਦਾਹਰਨ ਵਜੋਂ, ਆਪਣੀ ਕਵਿਤਾ "ਉਲਟੇ ਹੋਰ ਜ਼ਮਾਨੇ ਆਏ" ਵਿਚ ਭੂਤ-ਮੁਖੀ ਸੋਚ ਦੀ ਨੁਮਾਇਸ਼ ਲਾਉਂਦਾ ਹੈ। ਇਸ ਤੋਂ ਵੀ ਵੱਧ ਉਦਾਸ ਖ਼ਬਰ ਹੈ ਕਿ ਪੰਜਾਬੀ ਸਾਹਿਤ ਵਿਚ ਰਾਜਪਾਲ ਸਿੰਘ ਵਰਗੇ ਇੱਕਾ ਦੁੱਕਾ ਲੇਖਕਾਂ ਤੋਂ ਇਲਾਵਾ ਹੋਰ ਸਾਹਿਤਕਾਰਾਂ ਨੂੰ ਇਸ ਸਚਾਈ ਦੀ ਤੇ ਇਹਤੋਂ ਪੈਦਾ ਹੋ ਰਹੇ ਖ਼ਤਰਿਆਂ ਦੀ ਇਤਨੀ ਗਹਿਰਾਈ ਤੱਕ ਖ਼ਬਰ ਨਹੀਂ ਹੈ।

ਉਕਤ ਵਿਆਖਿਆ ਤੋਂ ਸਪੱਸ਼ਟ ਹੈ ਕਿ ਜੜ੍ਹਤਾ ਤੇ ਭੂਤਮੁਖੀ ਸੋਚ ਵੀ ਸਾਨੂੰ, 'ਗੁਲਾਮੀ ਸੋਚ' ਵਾਂਗ, ਵਿਰਸੇ ਵਿਚ ਮਿਲਦੀਆਂ ਨੇ। ਪੰਜਾਬੀ ਬੰਦੇ ਦੀ 'ਜੜ੍ਹਤਾ' ਤੇ ਭੂਤਮੁਖੀ ਸੋਚ ਕਿਸ ਤਰ੍ਹਾਂ ਪੰਜਾਬੀ ਬੋਲੀ ਦਾ ਨੁਕਸਾਨ ਕਰਦੀ ਹੈ? ਇਸ ਦੀਆਂ ਤਿੰਨ ਉਦਾਹਰਣਾਂ ਪੇਸ਼ ਨੇ: ਤਬਦੀਲੀ ਤੇ ਨਤੀਜਨ ਵਿਕਾਸ ਕੁਦਰਤ ਦਾ ਅਟੱਲ ਨਿਯਮ ਹੈ। ਇਸ ਤਰ੍ਹਾਂ ਸਮਾਜ ਤੇ ਉਸ ਦੀਆਂ ਸੰਚਾਰ ਲੋੜਾਂ ਦਾ ਵੀ ਵਿਕਾਸ ਹੁੰਦਾ ਰਹਿੰਦਾ ਹੈ। ਬਦਲਦੀਆਂ ਸੰਚਾਰ ਲੋੜਾਂ ਨੂੰ ਪੂਰਨ ਦੇ ਯੋਗ ਰਹਿਣ ਲਈ, ਬੋਲੀ ਦਾ ਵਿਕਾਸ ਹੁੰਦੇ ਰਹਿਣਾ ਵੀ ਜ਼ਰੂਰੀ ਹੁੰਦਾ ਹੈ। ਪਰ ਪੰਜਾਬੀ ਬੰਦੇ ਦੀ ਜੜ੍ਹਤਾ ਤੇ ਭੂਤਮੁਖੀ ਸੋਚ ਉਸ ਵਿਕਾਸ ਦੇ ਰਾਹ 'ਤੇ ਕੰਡੇ ਬਿਖੇਰਦੀ ਰਹਿੰਦੀ ਹੈ। ਮਿਸਾਲ ਵਜੋਂ ਜੇ ਲੋੜ ਪੂਰਨ ਲਈ ਕੋਈ ਹੋਰ ਭਾਸ਼ਾ 'ਚੋਂ ਸ਼ਬਦ ਲੈ ਲਵੇ, ਤਾਂ ਸਾਡੀ 'ਜੜ੍ਹਤਾ' ਦੁਹਾਈ ਪਾਉਣ ਲੱਗ ਪੈਂਦੀ ਹੈ ਸ਼ੁੱਧਤਾ ਤੇ ਠੇਠਤਾ ਦੀ। ਸਫ਼ਲ ਬੋਲੀਆਂ ਉਹ ਹੁੰਦੀਆਂ ਨੇ ਜੋ ਸੰਚਾਰ ਲੋੜਾਂ ਪੂਰਨ ਲਈ ਹੋਰਨਾਂ ਬੋਲੀਆਂ ਦੇ ਸ਼ਬਦ ਅਪਣਾਉਣੋਂ ਨਹੀਂ ਝਿਜਕਦੀਆਂ, ਜਿਵੇਂ ਅੰਗਰੇਜ਼ੀ।

ਪੰਜਾਬੀ ਕੋਲ, ਅੰਗਰੇਜ਼ੀ ਵਾਂਗ, 'a' ਤੇ 'the' ਜਿਹੇ 'ਆਰਟੀਕਲਜ਼' ਨਹੀਂ ਹਨ, ਤੇ ਇਨ੍ਹਾਂ ਦੀ ਅਣਹੋਂਦ ਅਕਸਰ ਅਨਿਸ਼ਚਿਤਤਾ ਦਾ ਸਰੋਤ ਬਣਦੀ ਹੈ। ਜੇ ਆਪਣੀਆਂ ਲਿਖਤਾਂ ਰਾਹੀਂ ਕੋਈ ਇਸ ਸਮੱਸਿਆ ਦਾ ਹੱਲ ਸੁਝਾਵੇ, ਤਾਂ ਇਸ 'ਵਿਕਾਸ' ਕੋਸ਼ਿਸ਼ ਦੀ ਸਰਾਹਨਾ ਕਰਨ ਦੀ ਬਜਾਏ, ਪੰਜਾਬੀ ਬੰਦਾ ਆਪਣੀ ਪੂਰੀ ਜੜ੍ਹਤਾ ਨਾਲ, ਕਿਸੇ ਸਥਾਪਿਤ, ਆਮ ਤੌਰ 'ਤੇ ਗੰਭੀਰ, ਲੇਖਕ ਦੇ ਰੂਪ ਵਿਚ ਇਸ ਕੋਸ਼ਿਸ਼ ਮਗਰ ਸ਼ੁੱਧਤਾ ਡਾਂਗ ਕੱਢ ਲੈਂਦਾ ਹੈ। 'ਜੜ੍ਹਤਾ' ਤੇ ਭੂਤਮੁਖੀ ਸੋਚ ਇਲਾਕਾਈ ਬੋਲੀ ਉੱਪਰ ਇਲਾਕਾਈ ਜੱਫ਼ਾ ਮਾਰੀ ਰੱਖਣਾ ਚਾਹੁੰਦੀ ਹੈ। ਮਿਸਾਲ ਵਜੋਂ, ਜਦੋਂ ਪੰਜਾਬ ਵਿਚ ਸਸਤੀ ਜਿਹੀ ਕਾਮੇਡੀ ਵਾਲਾ ਕੋਈ ਕਾਮੇਡੀਅਨ ਪੰਜਾਬੀ ਬੋਲ ਰਹੀਆਂ ਪੰਜਾਬੀ-ਕੈਨੇਡੀਅਨ ਕੁੜੀਆਂ ਦਾ ਮਖੌਲ ਉਡਾਉਂਦਾ ਹੈ, ਤਾਂ ਇਹ ਮਖੌਲ ਕੁੜੀਆਂ ਦਾ ਘੱਟ ਤੇ ਵਿਕਾਸ ਕਰ ਰਹੀ ਪੰਜਾਬੀ ਬੋਲੀ ਦਾ ਜ਼ਿਆਦਾ ਹੋ ਨਿੱਬੜਦਾ ਹੈ। ਸਫ਼ਲ ਬੋਲੀਆਂ ਉਹ ਹੁੰਦੀਆਂ ਨੇ ਜੋ ਬਦਲਦੀਆਂ ਸੰਚਾਰ ਲੋੜਾਂ ਪੂਰਨ ਲਈ ਇਲਾਕਾਈ ਜੱਫੇ ਤੋੜ ਨਿਕਲੀਆਂ ਨੇ, ਜਿਵੇਂ ਅੰਗਰੇਜ਼ੀ ਜੋ ਭਿੰਨ ਭਿੰਨ ਲਹਿਜ਼ਿਆਂ (accents) ਤੇ ਕੌਮੀ, ਇਲਾਕਾਈ ਰੂਪਾਂ ਵਿਚ ਮਿਲਦੀ ਹੈ।

ਇਸ ਤਰ੍ਹਾਂ ਪੰਜਾਬੀ ਬੰਦੇ ਦਾ ਆਪਣੇ ਵਿਰਸੇ ਸੰਗ ਰਿਸ਼ਤਾ, 'ਜੜ੍ਹਤਾ' ਤੇ ਭੂਤਮੁਖੀ ਸੋਚ ਦੇ ਰੂਪ ਵਿਚ, ਪੰਜਾਬੀ ਬੋਲੀ ਉੱਪਰ ਸਰਾਪ ਬਣ ਕੇ ਡਿਗਦਾ ਹੈ: "ਪੰਜਾਬੀਏ, ਜੇ ਤੂੰ ਮਰੇਂਗੀ ਤਾਂ ਆਪਣੇ 'ਪੰਜਾਬੀ ਬੰਦਿਆਂ' ਹੱਥੋਂ ਹੀ, 'ਜੜ੍ਹਤਾ' ਤੇ ਭੂਤਮੁਖੀ ਸੋਚ ਦੀ ਦੋਧਾਰੀ ਤਲਵਾਰ ਨਾਲ।"

ਜੇ ਭੂਤਮੁਖੀ ਸੋਚ ਪੰਜਾਬੀ ਦੀ ਦੁਸ਼ਮਣ ਹੈ, ਤਾਂ ਕਿਹੜੀ ਸੋਚ ਇਸਦੀ ਰਖਵਾਲੀ ਹੋਵੇਗੀ।

**ਪੰਜਾਬੀ ਦੀ ਰਖਵਾਲੀ: ਭਵਿੱਖਮੁਖੀ ਸੋਚ**

ਅਸੀਂ, ਜੀਅ ਸਦਕੇ, ਆਪਣੇ ਚੰਗੇ ਬੁਰੇ ਅਤੀਤ ਤੋਂ ਸਿੱਖ ਸਕਦੇ, ਪਰ ਸੇਧ ਨਹੀਂ ਲੈ ਸਕਦੇ। ਮੁੱਕਦੀ ਗੱਲ, ਆਮ ਤੌਰ 'ਤੇ, ਹੱਲ ਲੱਭਣ ਹਿੱਤ ਬਣਦਾ ਹੈ, ਦਰਪੇਸ਼ ਸਮੱਸਿਆਵਾਂ ਨੂੰ ਅੱਜ ਦੇ ਸਥਾਨਕ ਹਾਲਾਤਾਂ ਵਿਚ ਰੱਖ ਕੇ ਉਨ੍ਹਾਂ ਦਾ ਵਿਸ਼ਲੇਸ਼ਣ ਅੱਜ ਦੇ ਵਿਸ਼ਵ ਪ੍ਰਸੰਗ ਵਿਚ ਕਰੀਏ, ਅੱਜ ਦੀ ਵਿਗਿਆਨਕ ਸੋਚ ਤੋਂ ਸੇਧ ਲੈਂਦੇ ਹੋਏ, ਵਿਗਿਆਨਕ ਤੌਰ ਤਰੀਕੇ ਵਰਤ ਕੇ; ਤੇ ਇੰਝ ਭੂਤਮੁਖੀ ਪਹੁੰਚ ਦੀ ਥਾਂ ਭਵਿੱਖਮੁਖੀ ਪਹੁੰਚ ਅਪਣਾਉਂਦੇ ਹੋਏ। ਇਸ ਆਮ ਪਹੁੰਚ ਦਾ, 'ਪੰਜਾਬੀ ਨੂੰ ਖ਼ਤਰਾ' ਦੀ ਸਮੱਸਿਆ ਨਾਲ ਨਜਿੱਠਣ ਲਈ, ਉਲੇਖ ਕੁਝ ਇਸ ਤਰ੍ਹਾਂ ਹੁੰਦਾ ਹੈ:

1. ਸਥਾਨਕ ਹਾਲਾਤਾਂ: ਪੰਜਾਬ ਵਿਚ 'ਪੰਜਾਬੀ' ਲਾਗੂ ਦੀ ਸਥਿਤੀ (status) ਤੇ ਬਾਕੀ ਦੇ ਭਾਰਤ ਵਿਚ 'ਪੰਜਾਬੀ' ਦੀ ਲੋੜ। ਯਤਨ: ਪੰਜਾਬ ਰਾਜ ਵਿਚ ਪੰਜਾਬੀ ਲਾਗੂ ਕਰਨ ਵਿਚ ਆ ਰਹੀਆਂ ਮੁਸ਼ਕਲਾਂ ਪਛਾਣ ਕੇ ਉਨ੍ਹਾਂ ਦਾ ਹੱਲ ਕੱਢਣਾ, ਅਤੇ ਪੰਜਾਬ ਰਾਜ ਸਮੇਤ ਭਾਰਤ ਵਿਚ ਉਨ੍ਹਾਂ ਥਾਵਾਂ 'ਤੇ ਸੰਚਾਰ ਲੋੜਾਂ ਦੀ ਪਛਾਣ ਕਰਨਾ ਜਿੱਥੇ ਹਿੰਦੀ ਦੀ ਥਾਂ ਜਾਂ ਹਿੰਦੀ ਨਾਲ 'ਪੰਜਾਬੀ' ਵਰਤੀ ਜਾ ਸਕਦੀ ਹੈ; ਖ਼ਾਮੀ ਦਿਸੇ ਤਾਂ 'ਪੰਜਾਬੀ' ਨੂੰ ਇਸ ਵਰਤੋਂ ਦੇ ਯੋਗ ਬਣਾਉਣਾ।
2. ਵਿਸ਼ਵ ਪ੍ਰਸੰਗ: ਵਿਸ਼ਵੀਕਰਨ ਤੇ ਅੰਤਰ-ਰਾਸ਼ਟਰੀ ਬੋਲੀ, ਅੰਗਰੇਜ਼ੀ, ਆਦਿ। ਯਤਨ: ਪੰਜਾਬ ਰਾਜ ਤੇ ਇਹਤੋਂ ਬਾਹਰ ਉਨ੍ਹਾਂ ਥਾਵਾਂ ਤੇ ਸੰਚਾਰ ਲੋੜਾਂ ਦੀ ਪਛਾਣ ਕਰਨਾ ਜਿੱਥੇ ਅੰਗਰੇਜ਼ੀ ਦੀ ਥਾਂ ਜਾਂ ਅੰਗਰੇਜ਼ੀ ਨਾਲ 'ਪੰਜਾਬੀ' ਵਰਤੀ ਜਾ ਸਕਦੀ ਹੈ; ਖ਼ਾਮੀ ਦਿਸੇ ਤਾਂ 'ਪੰਜਾਬੀ' ਨੂੰ ਇਸ ਵਰਤੋਂ ਦੇ ਯੋਗ ਬਣਾਉਣਾ।

**ਪੰਜਾਬੀ ਬੋਲੀ ਜਿਊਂਦੀ ਕਿੰਝ ਰਹੇ?**

ਉਕਤ ਪ੍ਰਸ਼ਨ ਦੇ ਉੱਤਰ ਦੀ ਭਾਲ ਵਿਚ, ਹੇਠਲੇ ਤਿੰਨ ਨੁਕਤਿਆਂ ਨੂੰ ਧਿਆਨ-ਗੋਚਰੇ ਰੱਖਣਾ ਜ਼ਰੂਰੀ ਹੈ:

ਹਰ ਬੋਲੀ, ਖੇਤਰੀ ਜਾਂ ਅੰਤਰ-ਰਾਸ਼ਟਰੀ, ਸੰਚਾਰ ਲੋੜ ਵਿਚੋਂ ਪੈਦਾ ਹੋਈ। ਇਹ ਲੋੜ ਹੀ ਬੋਲੀ ਦੀ ਪਛਾਣ ਹੁੰਦੀ ਹੈ। ਲੋੜ ਦੇ ਵਿਕਾਸ ਨਾਲ ਤੇ ਨਵੀਆਂ ਲੋੜਾਂ ਦੇ ਪ੍ਰਗਟ ਹੋਣ ਨਾਲ ਬੋਲੀ ਦਾ ਵਿਕਾਸ ਹੋਣਾ ਵੀ ਬਣਦਾ ਹੈ। ਬੋਲੀ ਜਿੰਨਾ ਕੁ ਲੋੜਾਂ ਨੂੰ ਪੂਰਿਆਂ ਕਰਨ ਦੇ ਅਯੋਗ ਹੋ ਜਾਵੇ ਤੇ ਜਿਤਨੇ ਨਵੀਆਂ ਲੋੜਾਂ ਪੂਰਨ ਦੇ ਮੌਕੇ ਖੁੰਝਾਉਂਦੀ ਰਹੇ, ਉਤਨੀ ਹੀ ਮਰਦੀ ਰਹਿੰਦੀ ਹੈ।

(ਬਾਕੀ ਅਗਲੇ ਸਫੇ 'ਤੇ)

# ਧੁੱਪਾਂ, ਛਾਵਾਂ, ਸੜਕਾਂ ਤੇ ਪੰਚਕੂਲਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਹਰ ਵਰ੍ਹੇ ਕੁਤਬ ਦੀ ਲਾਠ (ਦਿੱਲੀ) ਦੇ ਨੇੜੇ ਨਵਯੁਗ ਫਾਰਮ ਉੱਤੇ ਸਰਦੀਆਂ ਦੇ ਅੰਤ ਅਤੇ ਗਰਮੀਆਂ ਦੀ ਆਮਦ ਸਮੇਂ ਹੋਣ ਵਾਲੀ 'ਧੁੱਪ ਵੀ ਮਹਿਫਿਲ' ਦੂਰ ਨੇੜੇ ਦੇ ਪੰਜਾਬੀ ਪ੍ਰੇਮੀਆਂ ਦੇ ਮੇਲ ਮਿਲਾਪ ਦਾ ਮੌਕਾ ਬਣਦੀ ਹੈ। ਇਸ ਵਰ੍ਹੇ ਦੀ ਮਹਿਫਿਲ 11 ਫਰਵਰੀ ਨੂੰ ਲੱਗੀ। ਹੋਰਨਾਂ ਗੱਲਾਂ ਤੋਂ ਬਿਨਾਂ ਇਸ ਵਿਚ ਮੁੰਬਈ ਦੇ ਫਿਲਮ ਜਗਤ ਨਾਲ ਜੁੜੇ ਅਮਰੀਕ ਗਿੱਲ ਤੇ ਬੀਬਾ ਕੁਲਬੀਰ ਬਡੇਸਰੋਂ ਤੇ ਪੱਟੀ (ਅੰਮ੍ਰਿਤਸਰ) ਦੇ ਬਜ਼ੁਰਗ ਸਾਹਿਤਕਾਰ ਨਿਰਮਲ ਅਰਪਨ ਦਾ ਸਨਮਾਨ ਕੀਤਾ ਗਿਆ। ਭਾਵੇਂ ਐਮਸਟਰਡਮ, ਨੀਦਰਲੈਂਡਜ਼ ਵਸੇਂਦੀ ਅਮਰ ਜਿਓਤੀ ਆਪਣਾ ਸਨਮਾਨ ਪ੍ਰਾਪਤ ਕਰਨ ਲਈ ਨਹੀਂ ਪਹੁੰਚ ਸਕੀ ਉਸਦੀ ਘਾਟ ਰਾਮ ਸਰੂਪ ਅਣਖੀ ਦੇ ਬੇਟੇ ਕ੍ਰਾਂਤੀਪਾਲ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਦਿੱਲੀ ਦਾ ਪੈਂਡਾ ਤੈਅ ਕਰ ਕੇ ਪੂਰੀ ਕੀਤੀ। ਸਦਾ ਵਾਂਗ ਇਸ ਮਹਿਫਿਲ ਵਿਚ ਨਵ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ ਵੀ ਲੋਕ ਅਰਪਣ ਕੀਤੀਆਂ ਗਈਆਂ ਏਸ ਵਾਰ ਜਿਨ੍ਹਾਂ ਦੀ ਗਿਣਤੀ ਡੇਢ ਦਰਜਨ ਸੀ। ਇਸ ਵਿਚ ਤਾਰਾ ਸਿੰਘ ਕਾਮਲ ਦੀ ਚੋਣਵੀਂ ਕਵਿਤਾ ਅਤੇ 'ਕਹਾਣੀ ਪੰਜਾਬ' ਦਾ 400 ਪੰਨੇ ਦਾ ਵਡਕਾਰੀ ਸਾਹਿਤਕ ਰਸਾਲਾ ਵੀ ਸ਼ਾਮਲ ਸੀ ਜਿਸਨੂੰ ਇਸਦਾ ਵਰਤਮਾਨ ਸੰਪਾਦਕ ਕ੍ਰਾਂਤੀਪਾਲ ਆਪਣੇ ਪਿਤਾ ਅਣਖੀ ਹੁਰਾਂ ਦੀ ਯਾਦ ਵਿਚ ਹਰ ਵਰ੍ਹੇ ਨਵੀਆਂ ਤੇ ਪ੍ਰਮੁੱਖ ਰਚਨਾਵਾਂ ਨਾਲ ਸ਼ਿੰਗਾਰ ਕੇ ਇਕ ਪਰਚੇ ਵਿਚ ਕਈ ਪੁਸਤਕਾਂ ਜਿੰਨੀ ਸਮੱਗਰੀ ਪੇਸ਼ ਕਰਦਾ ਹੈ।

ਇਸ ਮਹਿਫਿਲ ਵਿਚ ਪੰਜਾਬ ਤੋਂ ਸ਼ਿਰਕਤ ਕਰਨ ਵਾਲਿਆਂ ਲਈ ਦਿੱਲੀ ਤੋਂ ਵਾਪਸੀ ਦਾ ਨਵਾਂ ਰੂਟ ਸੀ ਜਿਹੜਾ ਕਿਸਾਨ ਅੰਦੋਲਨਕਾਰੀਆਂ ਤੋਂ



ਡਰਦਿਆਂ ਹਰਿਆਣਾ ਤੇ ਪੰਜਾਬ ਦੀਆਂ ਸਰਕਾਰਾਂ ਨੇ ਜਰਨੈਲੀ ਸੜਕਾਂ ਉੱਤੇ ਲੋਹੇ ਤੇ ਪੱਥਰਾਂ ਦੇ ਬੈਰੀਕੇਡ ਬਣਾ ਕੇ ਪੈਦਾ ਕਰ ਰੱਖਿਆ ਸੀ। ਕਿਸਾਨਾਂ ਦੇ ਦਿੱਲੀ ਦਾਖਲੇ ਨੂੰ ਰੋਕਣ ਦੇ ਮੰਤਵ ਅਧੀਨ ਦਿੱਲੀ ਦੀ ਸਰਕਾਰ ਨੇ ਦਫਾ 144 ਲਗਾ ਰੱਖੀ ਸੀ। ਉਂਝ ਵੀ ਹਰਿਆਣਾ ਪੁਲੀਸ ਨੇ ਇਹਤਿਆਤ ਵਜੋਂ ਸਾਨੂੰ ਕਰਨਾਲ ਤੋਂ ਨਿਕਲਣ ਉਪ੍ਰੰਤ ਕੁਰੂਕਸ਼ੇਤਰ, ਸ਼ਾਹਾਬਾਦ ਮਾਰਕੰਡਾ, ਸਾਹਾ, ਬਰਵਾਲਾ, ਲਾਡਵਾ ਤੇ ਪੰਚਕੂਲਾ ਰਾਹੀਂ ਆਉਣ ਦੀ ਆਗਿਆ ਦਿੱਤੀ। ਸਾਨੂੰ ਹੋਰਨਾਂ ਮੁਸਾਫਰਾਂ ਦਾ ਤਾਂ ਪਤਾ ਨਹੀਂ ਮੇਰੇ ਅਤੇ ਰਘਬੀਰ ਸਿੰਘ ਸਿਰਜਣਾ ਤੇ ਸਾਡੀਆਂ ਸਾਥਣਾਂ ਲਈ ਇਹ ਰਾਹ ਉੱਕਾ ਹੀ ਨਵਾਂ ਸੀ। ਸਾਨੂੰ ਤਿੰਨ-ਚੁਥਾਈ ਪੈਂਡਾ ਚੰਡੀਗੜ੍ਹ ਦੇ ਮੀਲ-ਪੱਥਰਾਂ ਤੋਂ ਬਿਨਾਂ ਤੈਅ ਕਰਨਾ ਪਿਆ। ਹਰਿਆਣਾ ਦੀ ਸਰਕਾਰ ਨੇ ਇਸ ਮਾਰਗ ਨੂੰ ਨਵਾਂ, ਚੌੜਾ ਤੇ ਵਧੀਆ ਰੂਪ ਦਿੰਦਿਆਂ ਹਰ ਥਾਂ ਪੰਚਕੂਲਾ ਦੀ ਦੂਰੀ ਤਾਂ ਲਿਖ ਰੱਖੀ ਸੀ ਪਰ ਚੰਡੀਗੜ੍ਹ ਜਾਂ ਸ਼ਿਮਲਾ ਦੀ ਦੂਰੀ ਨਹੀਂ। ਇਨ੍ਹਾਂ ਥਾਵਾਂ ਦਾ ਫੱਟਾ ਪੰਚਕੂਲਾ ਦੇ ਬਹੁਤ ਨੇੜੇ ਆ ਕੇ ਪੜ੍ਹਨ ਨੂੰ ਮਿਲਿਆ। ਜਿਵੇਂ ਹਰਿਆਣਾ ਦੀ ਸਰਕਾਰ ਏਸ ਮਾਰਗ 'ਤੇ ਸਫਰ ਕਰਨ ਵਾਲਿਆਂ ਨੂੰ ਆਪਣੀ ਨਵੀਂ ਸੜਕ ਦਿਖਾਉਣਾ ਚਾਹੁੰਦੀ ਹੋਵੇ।

ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਸਰਕਾਰ ਨੇ ਪਿਛਲੇ ਅੰਦੋਲਨ ਦੌਰਾਨ ਕਿਸਾਨਾਂ ਦੀਆਂ ਜੋ ਮੰਗਾਂ ਮੰਨੀਆਂ ਸਨ, ਉਨ੍ਹਾਂ ਨੂੰ ਅਜੇ ਤੱਕ ਪੂਰਾ ਨਹੀਂ ਕੀਤਾ। ਇਨ੍ਹਾਂ ਮੰਗਾਂ ਵਿਚ ਲਖੀਮਪੁਰ ਖੀਰੀ 'ਚ ਮਾਰੇ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣਾ, ਫਸਲਾਂ 'ਤੇ ਐਮ ਐਸ ਪੀ ਦੀ ਗਾਰੰਟੀ ਦਿੰਦਾ ਕਾਨੂੰਨ ਬਣਾਉਣਾ, ਅੰਦੋਲਨ ਦੌਰਾਨ ਕਿਸਾਨਾਂ 'ਤੇ ਕੀਤੇ ਗਏ ਪਰਚੇ ਖਾਰਜ ਕਰਨਾ, ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਦੇਣਾ, ਕਿਸਾਨੀ ਕਰਜ਼ਾ ਮੁਆਫ਼ ਕਰਨਾ ਆਦਿ ਸ਼ਾਮਲ ਹਨ। ਨਤੀਜਾ ਇਹ ਸ਼ੰਭੂ ਬਾਰਡਰ ਉੱਤੇ ਨੌਜਵਾਨ ਕਿਸਾਨਾਂ ਦੇ ਜੋਸ਼ ਨੂੰ ਹਰਿਆਣਾ ਦੀ ਪੁਲਿਸ ਅਤੇ ਫ਼ੌਜ ਦੇ ਜਵਾਨ ਠੱਲ੍ਹ ਨਾ ਪਾ ਸਕੇ। ਰਬੜ ਦੀਆਂ ਗੋਲੀਆਂ, ਅੱਥਰੂ ਗੈਸ ਦੇ ਗੋਲਿਆਂ ਦੀ ਗੈਸ ਵਿਚਕਾਰ ਕਿਸਾਨ ਡਟ ਕੇ ਮੁਕਾਬਲੇ ਕਰ ਰਹੇ ਹਨ। ਭਾਵੇਂ ਵੱਡੀ ਤਦਾਦ ਵਿਚ ਨੌਜਵਾਨ ਜ਼ਖ਼ਮੀ ਹੋਏ, ਜ਼ਿਆਦਾਤਰ ਗੋਲਿਆਂ ਨੂੰ ਨੌਜਵਾਨ ਆਪਣੀ ਜਾਨ ਜੋਖਮ ਵਿਚ ਪਾ ਕੇ ਬਚਦੇ ਰਹੇ। ਸਮੇਂ ਦੀਆਂ ਸਰਕਾਰਾਂ ਭੁੱਲ ਗਈਆਂ ਹਨ ਕਿ ਹਰਿਆਣਾ ਤੇ ਪੰਜਾਬ ਦੇ ਲੋਕਾਂ ਨੇ ਇਸ ਤਰ੍ਹਾਂ ਦੇ ਜ਼ੁਲਮ ਅਤੇ ਤਸ਼ੱਦਦ ਨੂੰ ਕਦੇ ਵੀ ਲੰਮੇ ਸਮੇਂ ਤਕ ਬਰਦਾਸ਼ਤ ਨਹੀਂ ਕੀਤਾ। ਸਰਕਾਰਾਂ ਅਤੇ ਪੁਲਿਸ ਦੇ ਅਜਿਹੇ ਹਥਕੰਡਿਆਂ ਵਿਰੁੱਧ ਲੋਕ ਵਾਰ-ਵਾਰ ਉੱਠੇ ਹਨ, ਅਤੇ ਉਨ੍ਹਾਂ ਨੇ ਸਰਕਾਰਾਂ ਨੂੰ ਆਪਣੇ ਦਮਨਕਾਰੀ ਢੰਗ-ਤਰੀਕੇ ਛੱਡਣ ਲਈ ਮਜਬੂਰ ਕੀਤਾ ਹੈ।

## ਪਿੰਡ ਪੱਤੜ ਕਲਾਂ ਦੇ ਅਨਮੋਲ ਪਾਤਰ

ਜਲੰਧਰ ਜ਼ਿਲ੍ਹੇ ਦੀ ਜਲੰਧਰ ਤਹਿਸੀਲ ਵਿਚ ਪੈਂਦਾ 570 ਹੈਕਟੇਅਰ ਜ਼ਮੀਨ ਤੇ ਤਿੰਨ ਹਜ਼ਾਰ ਵਸੋਂ ਵਾਲਾ ਪਿੰਡ ਪੱਤੜ ਕਲਾਂ ਅੱਜ ਦੇ ਦਿਨ ਪੂਰੇ ਪੰਜਾਬ ਵਿਚ ਛਾਇਆ ਹੋਇਆ ਹੈ। ਏਥੋਂ ਦੇ ਜੰਮ-ਪਲ ਸੁਰਜੀਤ ਪਾਤਰ ਨੂੰ ਪਦਮ ਸ੍ਰੀ ਸਨਮਾਨ ਦੇ ਨਾਲ ਨਾਲ ਭਾਸ਼ਾ ਵਿਭਾਗ ਪੰਜਾਬ ਨੇ ਸ਼੍ਰੋਮਣੀ ਪੰਜਾਬੀ ਕਵੀ ਵਜੋਂ ਨਿਵਾਜਿਆ ਹੈ। ਦੇਸ਼ ਵਿਦੇਸ਼ ਵਿਚ ਉਸਦੀ ਬੱਲੇ ਬੱਲੇ ਦਾ ਅੰਤ ਨਹੀਂ। ਉਸਦਾ ਬੇਟਾ ਮਨਰਾਜ ਪਾਤਰ ਭਾਵੇਂ ਕਵਿਤਾ ਨਹੀਂ ਰਚਦਾ ਪਰ ਉਸਦੀ ਆਵਾਜ਼ ਤੇ ਅਦਾਅ ਪਿਤਾ ਨੂੰ ਮਾਤ ਪਾਉਂਦੀ ਹੈ। ਅੱਜ ਵੱਡੀਆਂ ਵੱਡੀਆਂ ਸੰਸਥਾਵਾਂ ਪਿਤਾ ਪੁੱਤਰ ਨੂੰ ਸੱਦੇ ਦਿੰਦੀਆਂ ਤੇ ਨਿਵਾਜਦੀਆਂ ਹਨ। ਏਸ ਮਹੀਨੇ ਦੀ ਸੱਤ ਤਰੀਕ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਦਾ ਸਥਾਪਨਾ ਦਿਵਸ ਸੀ। ਉਨ੍ਹਾਂ ਦੋਹਾਂ ਨੇ ਆਪਣੇ ਸਾਜ਼ਿੰਦਿਆਂ ਦੀ ਸਹਾਇਤਾ ਨਾਲ ਦਸਮ ਪਾਤਸ਼ਾਹ ਦੀਆਂ ਮਿਹਰਾਂ, ਮੱਲਾਂ ਤੇ ਬਖਸ਼ੀਸ਼ਾਂ ਨਾਲ ਸਬੰਧਤ ਨੂਰ-ਏ-ਇਲਾਹੀ ਪ੍ਰੋਗ੍ਰਾਮ ਪੇਸ਼ ਕੀਤਾ ਤਾਂ ਖਚਾਖਚ ਭਰੇ ਨਲਵਾ ਹਾਲ ਦੇ ਸਰੋਤਿਆਂ ਨੇ ਮੰਤਰ ਮੁਗਦ ਹੋ ਕੇ ਮਾਣਿਆ। ਏਸ ਪ੍ਰੋਗ੍ਰਾਮ ਦਾ ਤਾਲ ਮੇਲ ਤੇ ਪੇਸ਼ਕਾਰੀ ਏਨੀ ਵਧੀਆ ਸੀ ਕਿ ਇਸਨੇ ਦਿਨੋਂ ਦਿਨ ਹਰਮਨ ਪਿਆਰਾ ਹੁੰਦੇ ਜਾਣਾ ਹੈ। ਪੱਤੜ ਕਲਾਂ ਦੇ ਪਾਤਰ ਜ਼ਿੰਦਾਬਾਦ!

**ਅੰਤਿਕਾ**

—ਗਾਲਿਬ—

ਮੰਜ਼ਰ ਇੱਕ ਬੁਲੰਦੀ ਪਰ, ਔਰ ਹਮ ਬਨਾ ਸਕਤੇ
ਅਰਸ਼ ਸੇ ਇਧਰ ਹੋਤਾ, ਕਾਸ਼ ਕਿ, ਮਨ ਅਪਨਾ।

# ਵਿਣੁ ਨਾਵੈ ਹੋਰੁ ਧਨੁ ਨਾਹੀ (2)



ਡਾ. ਆਸਮਾ ਕਾਦਰੀ

ਗੱਲ ''ਧਨ'' ਦੀ ਹੈ। ''ਧਨ'' ਜੋ ਬੱਝੀ ਹੋਈ ਸ਼ੈਅ ਵੇ, ਜਦੋਂ ਉਹਦੇ ਨਾਲ ਕੋਈ ਵਰਦਾ (ਵਿਆਹਿਆ) ਏ ਤਾਂ ਉਹਦਾ ਵੇਲਾ ਮਿਥਿਆ ਜਾਂਦਾ ਏ। ਫਰੀਦ ਧਨ ਨਾਲ ਨਹੀਂ ਵਰਿਆ ਸੋ ਫਰੀਦ ਜਿਉਂਦਾ ਏ ਪਿਆ। ਫਰੀਦ ਕੋਲ ਬਾਦਸ਼ਾਹਾਂ ਦੇ ਫੁਰਮਾਣ ਆਏ, ਪਿੰਡਾਂ ਦੀਆਂ ਮੁਆਫੀਆਂ (ਮੁਆਫੀਆਂ ਦਾ ਮਤਲਬ ਕਿਸੇ ਨੂੰ ਕੋਈ ਵਸਤ, ਜਾਗੀਰ ਬਖਸ਼ ਦੇਣਾ) ਦੇ ਫੁਰਮਾਣ ਆਏ ਪਰ ਫਰੀਦ ਨੇ ਮੋੜ ਦਿੱਤੇ, ਆਖਿਆ ਇਹ ਲੈ ਜਾਓ। ਇਨ੍ਹਾਂ ਦੇ ਚਾਹੁਣ ਵਾਲੇ ਹੋਰ ਬਹੁਤ ਨੇਂ, ਸਾਨੂੰ ਇਹ ਨਹੀਂ ਲੋੜੀਂਦਾ। ਸਾਡੀ ਲੋੜ ਤਾਂ ਜੀਅ ਜੀਅ ਦਾ ਸੰਗ ਏ, ਹਰ ਇੱਕ ਦੇ ਨਾਲ ਪਿਆਰ ਏ। ਜੀਅ ਦਾ ਜੀਅ ਨਾਲ ਸੰਗ ਤੁੱਟਾ ਧਨ ਦੇ ਮੱਲ ਬਣਨ ਪਾਰੋਂ, ਸੋ ਰਚਿਆ ਈ:

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥

ਜਿਸ ਦਿਨ ਹਸਤੀ ਧਨ ਦੇ ਨਾਲ ਬੱਝ ਗਈ, ਧਨ ਦੀ ਕੈਦੀ ਹੋਈ, ਯਾ ਧਨ ਦੇ ਨਾਲ ਵਿਆਹੀ ਗਈ (ਇੰਝ ਰਾਸਵਾਲ ਵਿਹਾਰ ਵਿਚ ਕੈਦ ਤੇ ਵਿਆਹ ਇਕੋ ਰੰਗ ਈ ਨੇਂ) ਸਮਝੋ ਮਰ ਗਈ। ਜਦੋਂ ਹੋਂਦ ਨੇ ਧਨ ਨੂੰ ਚੁਣ ਲਿਆ, ਹੋਂਦ ਦਾ ਵੇਲਾ ਮਿਥਿਆ ਗਿਆ ਤਾਂ ਹੋਂਦ ਮੁੱਕੀ ਸਮਝੋ। ਕੀ ਧਨ ਵਾਲਾ ਜਿਉਂਦਾ ਰਹਿ ਸਕਦਾ ਏ? ਜੇ ਧਨ ਦੇ ਵਿਚ ਇਤਨਾ ਜ਼ੋਰ ਏ ਤੇ ਫੇਰ ਧਨ ਨਵੀਂ ਹਯਾਤੀ ਜੰਮੇ ਵੀ ਤੇ ਜਿਹੜੀ ਜੰਮੀ ਏ ਉਹਨੂੰ ਮਰਨ ਵੀ ਨਾ ਦੇਵੇ ਤਾਂ ਤੇ ਮੰਨੀਏ ਧਨ ਦਾ ਜ਼ੋਰ ਏ। ਧਨ ਦੀ ਇਹ ਬੱਝੀ ਸ਼ਕਲ ਕਰਨਹਾਰਾਂ ਦੀ ਕਰਨੀ ਦਾ ਮੁੱਲ ਏ। ਆਮ ਕਾਮਿਆਂ, ਸੇਪੀਆਂ, ਰਾਹਕਾਂ, ਵਾਹਿਕਾਂ, ਕਸਬਿਆਂ ਦੀ ਕਰਨੀ ਏ। ਨਿਮਾਣਿਆਂ ਹੱਥਾਂ ਦੀ ਕੀਤੀ ਮਿਹਨਤ ਏ। ਮਿਹਨਤੀਆਂ ਦੀ ਮਿਹਨਤ ਖੋਹਣ ਦਾ ਤੇ ਮਿਹਨਤ ਦਾ ਰੂਪ ਬਦਲ ਕੇ ਆਪਣੇ ਕੋਲ ਸਾਂਭਣ ਕੀਤੇ ਈ ਟਕਸਾਲਾਂ ਲਾਈਆਂ ਗਈਆਂ। ਕੁਦਰਤ ਦਾ ਬਣਾਇਆ ਧਨ ਸੋਨਾ ਚਾਂਦੀ ਪਿੱਤਲ ਦਾ ਮੁੱਲ ਵੀ ਧਨਵਾਨਾਂ ਨੇ ਮਿਥਿਆ। ਕਿਹੜੀ ਧਾਤ ਮਹਿੰਗੀ ਤੇ ਕਿਹੜੀ ਸਸਤੀ ਹੋਸੀ। ਘੱਟ ਲੱਭਣ ਵਾਲੀ ਮਹਿੰਗੀ ਤੇ ਬਹੁਤੀ ਲੱਭਣ ਵਾਲੀ ਸਸਤੀ। ਇਨ੍ਹਾਂ ਧਾਤਾਂ ਦੇ ਟਕਸਾਲਾਂ ਵਿਚ ਜਾ ਕੇ ਟਕੇ ਤੇ ਸਿੱਕੇ ਬਣਦੇ ਨੇਂ ਜੋ ਕਰਨਹਾਰ ਦੀ ਕਰਨੀ ਦਾ ਮੁੱਲ ਘੱਟ ਪਾ ਕੇ ਵਾਧੂ ਲਾਹਾ ਧਨਵਾਨਾਂ ਦੇ ਖਾਤੇ ਚੜ੍ਹਦਾ ਏ। ਸ਼ਾਹੀ ਖਜ਼ਾਨੇ ਭਰਦੇ ਨੇਂ, ਇਸੇ ਧਨ ਦੇ ਜ਼ੋਰ 'ਤੇ ਮਹਿਲ ਬਣਦੇ ਨੇਂ, ਫੌਜ ਤੇ ਪੁਲਸ ਦੀ ਭਰਤੀ ਹੋਂਦੀ ਏ। ਜੇ ਜੀਅ ਦਾ ਜੀਅ ਦੇ ਨਾਲ ਸੰਗ ਹੈ, ਹਰ ਇੱਕ ਦਾ ਆਪਸ ਵਿਚ ਪ੍ਰੇਮ ਪਿਆਰ ਹੈ, ਕੋਈ ਲੜਾਈ ਨਹੀਂ ਏ ਤੇ ਫੌਜ ਪੁਲਸ ਦੀ ਲੋੜ ਕੀਹਨੂੰ ਏ? ਜੇ ਆਪਸ ਵਿਚ ਕੋਈ ਵੈਰ-ਵਿਰੋਧ, ਕ੍ਰੋਧ ਤੇ ਮੁਕਾਬਲੇਬਾਜ਼ੀ ਨਹੀਂ ਤਾਂ ਅਦਾਲਤਾਂ ਕਚਹਿਰੀਆਂ ਦੀ ਲੋੜ ਨਹੀਂ ਏ। ਜੇ ਕਿਸੇ ਦੀ ਕੋਈ ਮੱਲ ਹੀ ਨਹੀਂ, ਕੁੱਝ ਜੋੜਿਆ ਈ ਨਹੀਂ ਤਾਂ ਚੋਰੀ ਦਾ ਡਰ ਵੀ ਨਹੀਂ ਏ। ਜੇ ਰਾਸਵਾਲ ਵਿਹਾਰ ਚੋਰ ਨਾ ਹੋਵੇ ਤਾਂ ਪੁਲਸ ਦੀ ਲੋੜ ਵੀ ਨਹੀਂ ਏ। ਪੁਲਸਾਂ, ਫੌਜਾਂ, ਅਦਾਲਤਾਂ, ਕਚਹਿਰੀਆਂ ਸਭ ਰਾਸਵਾਲ ਵਿਹਾਰ ਦੀ ਚੋਰੀ ਕੱਜਣ ਕੀਤੇ ਨੇਂ। ਚੋਰੀ ਹੈ ਮਿਹਨਤ ਦੀ, ਕਸ਼ਟ ਦੀ, ਘਾਲ ਦੀ। ਕਰਨਹਾਰ ਦੀ ਕਰਨੀ ਖੋਹ ਕੇ ਉਸ ਕਰਨੀ ਦਾ ਰੂਪ ਵਟਾ ਕੇ, ਟਕਾ ਸਿੱਕਾ ਬਣਾ ਕੇ ਆਪਣੇ ਬੈਂਕ ਭਰਨ ਦੀ। ਐਸੇ ਜੋੜੇ ਧਨ ਨੇ ਮਿਲਾਂ, ਫੇਕਟਰੀਆਂ, ਕਾਰਖਾਨੇ ਲਵਾਏ ਤੇ ਲਾਹਾ, ਹੋਰ ਧਨ ਹੋ ਜੁੜਿਆ। ਜਿਤਨਾ ਲਾਹਾ ਵਧਿਆ ਉਤਨਾ ਧਨ ਜੁੜਦਾ ਗਿਆ ਤੇ ਰੱਜਣ ਵਾਲੇ ਦੀ ਭੁੱਖ ਉਤਨੀ ਵਧਦੀ ਗਈ। ਸੋ ਸਾਰਾ ਨਿਜ਼ਾਮ ਧਨ ਉੱਤੇ ਟੁਰਦਾ ਏ ਪਿਆ। ਧਨ ਨੇ ਦੱਸਿਆ ਕਿ ਕੌਣ ਉੱਚਾ ਏ ਤੇ ਕੌਣ ਨੀਵਾਂ ਏ? ਕੌਣ ਵੱਡਾ ਏ ਤੇ ਕੌਣ ਛੋਟਾ ਏ? ਧਨ ਨੇ ਬੋਲੀ ਬਦਲੀ, ਧਨ ਨੇ ਮੇਲ ਬੰਦੀ (ਕਲਾਸ ਸੁਸਾਇਟੀ) ਬਣਾਈ। ਧਨ ਨੇ ਜੀਅ ਨੂੰ ਜੀਅ ਕੁਨੋ ਵਿਜੋਗਿਆ ਤੇ ਧਨ ਦੇ ਨਾਲ ਜੋੜਿਆ। ਪਰ ਜੇ ਧਨ ਦੇ ਵਿਚੋਂ ਸਭ ਕੁੱਝ ਲੱਭ ਜਾਂਦਾ ਤਾਂ ਧਨਵਾਨ ਖੁਸ਼ ਹੁੰਦਾ, ਉਹ ਖੁਸ਼ ਕਿਉਂ ਨਹੀਂ? ਕਿਉਂਕਿ ਪਤਾ ਏ, ਕਿਨ੍ਹਾਂ ਕਿਨ੍ਹਾਂ ਤੋਂ ਖੋਹਿਆ ਏ, ਤੇ ਖੋਹ ਕੇ ਜੋੜਿਆ ਏ, ਔਰ ਜਿਹੜੇ ਜਿਹੜੇ ਢੰਗਾਂ ਨਾਲ ਜੋੜਿਆ ਏ ਉਸ ਦਾ ਧਨ ਜੋੜਨ ਵਾਲੇ ਨੂੰ ਆਪਣੇ ਅੰਦਰ ਪੂਰਾ ਪੂਰਾ ਚਾਨਣ ਵੀ ਏ। ਧਨ ਦੀ ਏਸ ਬੱਝੀ ਸ਼ਕਲ ਨੇ ਇੰਜ ਕਮਲਾ ਕੀਤਾ ਮਨੁੱਖ ਨੂੰ ਓਸ ਦੇ ਚਿੱਤ ਚੇਤੇ ਵਿਚੋਂ ਧਨ ਦਾ ਅਸਲ ਰੂਪ ਈ ਅਲੋਪ ਹੋ ਗਿਆ। ਨਜਮ ਜੀ "ਧਨ" ਬਾਰੇ ਲਿਖਦੇ ਨੇਂ:

"ਧਨ ਨੂੰ ਹੱਥ ਵੱਸ ਕਰਨ ਦੀ ਨਿੱਤ ਵੱਧਣਹਾਰ ਭੁੱਖ, ਧਨ ਨੂੰ ਅਪਣਾ ਅੰਗ ਬਣਾਉਣ ਦੀ, ਧਨ ਨਾਲ ਧਨ ਹੋ ਵੰਞਣ ਦੀ ਲੱਤ ਯਾ ਰੋਗ ਤਦ ਬਣੀ ਏ ਜਦ ਵਾਹੀ ਦੀ ਕਮਾਈ ਮਾਲਕੀ ਵਾਲੇ ਧਿਗਾਣ ਰਾਹੀਂ ਹਾਕਮਾਂ ਦੇ ਹੱਥ ਵਿਚ ਇਕੱਠੀ ਥਈ ਏ''। (ਆਹੀਆਂ ਵਿਚੋਂ ਨਾਹੀਆਂ। ਸ 184)

ਹੀਰ ਕਹਾਣੀ ਨਾਰ ਦੀ ਆਪ ਸਿਆਣ ਦੀ ਅਕਥ ਕਹਾਣੀ ਏ। ਆਪਣੀ ਹੋਂਦ ਨੂੰ ਧਨ ਬਣਨ ਤੋਂ ਇਨਕਾਰ ਦੀ ਕੱਥ। ਨਜਮ ਹੀਰ ਬਾਰੇ ਲਿਖਿਆ ਏ:

"ਹੀਰ ਦੀ ਪੂਰੀ ਕਹਾਣੀ ਵਿਚ ਅਸੀਂ ਵੇਖਣੇ ਆਂ ਹੀਰ ਕਿਵੇਂ ਆਪਣੇ ਸਰੀਰ ਨੂੰ ਰਾਠ ਧਨ ਨਹੀਂ ਬਣਨ ਦਿੰਦੀ ਤੇ ਮਿਹਨਤੀ ਜਣੇ ਜਣੀਆਂ ਦੇ ਸਾਂਝੇ ਉਪਜਾਏ ਰਿਜ਼ਕ ਨੂੰ ਰਮਜ਼ ਬਣੀਂਦੀ ਏ ਆਪਣੀ ਮਿਲਾਪ ਸਕਤ ਦੀ। (ਚਾਕ ਦੀ ਚੂਰੀਓਂ ਜੋਗੀ ਦੇ ਚੀਣੇ ਤਾਈਂ ਇਕ ਮਹੀਨ ਕੇਰਾ ਹੈ ਇਨ੍ਹਾਂ ਰਮਜ਼ਾਂ ਦਾ) ਪਰ ਇਹ ਏਸੇ ਪਾਰੋਂ ਹੈ ਜੋ ਹੀਰ ਦੀ ਕਹਾਣੀ ਹੈ ਈ ਉਪਜ ਨੂੰ ਧਨ ਬਣਨ ਤੋਂ ਵਰਜਣ ਦੀ ਕਹਾਣੀ। ਧਨ ਬਣੀ ਉਪਜ ਨੂੰ ਮੁੜ ਕਰਨਹਾਰ ਦਾ ਤੱਤ ਸੱਤ ਬਣਾਉਣ ਦੀ, ਲੋੜ ਨੂੰ ਲੋਭ ਦੀ ਢਾਲ ਵਿਚੋਂ ਗਾਲ ਨਿਤਾਰਨ ਦੀ, ਲੋੜ ਦੀ ਕੰਡ ਤੋਂ ਲੋਭ ਦਾ ਛਾਂਟਾ ਹਟਾਵਨ ਦੀ ਕਹਾਣੀ। ਪਰ ਇਹ ਕਹਾਣੀ ਉੱਸਰੀ ਏ ਵਾਰ ਦੀ ਓਸ ਪੜ੍ਹਤ ਸਿਰ ਜਿਹੜੀ ਮਿਹਨਤੀਆਂ ਤੇ ਮਾਲਕਾਂ ਦੇ ਅਸਲ ਕੁਸਾਕੋਂ ਅੱਖ ਨਹੀਂ ਚੁਰਾਂਦੀ, ਮਿਹਨਤ ਮਾਲਕੀ ਕਿਵੇਂ ਬਣਦੀ ਏ ਇਹ ਪੜ੍ਹਨੋਂ ਪੜ੍ਹਾਵਨੋ ਨਹੀਂ ਟਲਦੀ।'' (ਆਹੀਆਂ ਵਿਚੋਂ ਨਾਹੀਆਂ। ਸ 184)

ਹੀਰ ਦੀ ਗੱਲ ਟੁਰ ਈ ਪਈ ਏ ਤੇ ਚਲੋ ਇੱਕ ਵੰਨਗੀ ਖਿਆਲ ''ਅਲਫ਼ੂ ਪੇਰਨੀ ਦੀ ਵਾਰ'' ਵਿਚੋਂ ਵੀ ਵੇਖ ਲਈਏ। ਮੌਲਵੀ ਗ਼ੁਲਾਮ ਰਸੂਲ ਤੇ ਹਮਜ਼ਾ ਵਿਚਕਾਰ ਹੀਰ ਬਾਰੇ ਗੱਲ ਟੁਰਦੀ ਏ ਤੇ ਹਮਜ਼ਾ ਆਖਦਾ ਏ:

''ਹੀਰ ਲੱਛਮੀ ਏ। ਦੌਲਤ ਤੇ ਹੁਸਨ। ਪੇਕਾ ਧਨ। ਧਨ ਨੂੰ ਖਿੱਚਣ ਵਾਲਾ ਧਨ। ਖੋਜੇ ਖੱਤਰੀ ਕਤਲ ਬਜ਼ਾਰ ਵਿਚੋਂ। ਪਰ ਹੀਰ ਕਾਲੀ ਵੀ ਏ। ਉਹ ਧੀ ਦੇ ਅੰਦਰ ਮਾਂ ਦੀ ਹਾਰ ਦੀ ਕਾਵੜ ਏ ਜੁਗਾਂ ਪੁਰਾਣੀ। ਉਹਨੂੰ ਸਾਰ ਏ ਕਿਸ ਹਰਾਇਆ ਏ ਮਾਂ ਨੂੰ? ਧਨ ਨੇ। ਧਨ ਕੀ ਏ? ਮਾਵਾਂ ਦਾ ਦੁੱਧ, ਉਨ੍ਹਾਂ ਦਿਆਂ ਧੀਆਂ ਪੁੱਤਰਾਂ ਦੀ ਕਮਾਈ। ਜਿਹੜੀ ਸੁਗਾਤ ਹਈ ਇਕ ਜੀਅ ਨੂੰ ਦੂਜੇ ਜੀਅ ਵੱਲੋਂ ਪਰ ਸੁਗਾਤ ਨਾ ਬਣੀ। ਇਕੱਲੇ ਦੁਕੱਲੇ ਦੇ ਹੱਥ ਇਕੱਠੀ ਥੀ ਕੇ ਧਿਙਾਣ ਬਣ ਗਈ। ਪੇਕਿਆਂ ਭਾਣੇ ਹੀਰ ਲੱਛਮੀ ਏ। ਉਹ ਕੀ ਜਾਨਣ, ਲੱਛਮੀ ਤੇ ਵਿਚੋਂ ਕਾਲੀ ਏ। ਉਹ ਜਦ ਤਾਈਂ ਧਨ ਨੂੰ ਭੰਨ ਕੇ ਰਿਜ਼ਕ ਨਾ ਕਰ ਲਵੇ, ਰਿਜ਼ਕ ਨੂੰ ਇਸ਼ਕ ਨਾ ਕਰ ਲਵੇ ਉਹਦੀ ਸਰਦੀ ਨਹੀਂ।'' (ਅਲਫ਼ੂ ਪੇਰਨੀ ਦੀ ਵਾਰ। ਸ 27-28)

## ਪੰਜਾਬੀ ਬੋਲੀ ਨੂੰ ਕਿਸ ਕਿਸ ਤੋਂ ਖਤਰਾ?

(ਪਿਛਲੇ ਸਫੇ ਦੀ ਬਾਕੀ)

ਜਦ ਦੋ ਬੋਲੀਆਂ ਵਿਚਕਾਰ ਮੁਕਾਬਲਾ ਪੈ ਜਾਵੇ, ਇੱਕੋ ਹੀ ਸੰਚਾਰ ਲੋੜ ਪੂਰਨ ਲਈ, ਤਾਂ ਜਿਹੜੀ ਬੋਲੀ ਉਸ ਲੋੜ ਨੂੰ ਪੂਰਨ ਲਈ ਜ਼ਿਆਦਾ ਯੋਗ ਹੋਵੇ, ਉਹਦੀ ਜਿੱਤ ਦੀ ਸੰਭਾਵਨਾ ਮੁਕਾਬਲਤਨ ਜ਼ਿਆਦਾ ਹੁੰਦੀ ਹੈ। ਮਿਸਾਲ ਵਜੋਂ, ਜੇ ਲੋੜ ਵਿਗਿਆਨ ਦਾ ਕੋਈ ਵਿਸ਼ਾ ਪੜ੍ਹਾਉਣ ਦੀ ਹੈ, ਤਾਂ ਜਿਸ ਬੋਲੀ ਕੋਲ ਵਿਗਿਆਨ ਦੀ ਆਮ ਤੇ ਵਿਸ਼ੇ ਨਾਲ ਸਬੰਧਿਤ ਪਹਿਲਾਂ ਹੀ ਉੱਸਰੀ ਸ਼ਬਦਾਵਲੀ ਹੈ, ਉਹਦੇ ਵਿਸ਼ਾ-ਪੜ੍ਹਾਈ ਲਈ ਮਾਧਿਅਮ ਬਣਨ ਦੀ ਜ਼ਿਆਦਾ ਸੰਭਾਵਨਾ ਹੈ, ਉਸ ਬੋਲੀ ਦੇ ਮੁਕਾਬਲੇ ਜਿਹਦੇ ਕੋਲ ਵਿਗਿਆਨ ਸ਼ਬਦਾਵਲੀ ਨਹੀਂ ਹੈ।

ਕਿਸੇ ਬੋਲੀ ਦੇ ਸੰਚਾਰ ਮਾਧਿਅਮ ਬਣਨ ਦੀ ਸੰਭਾਵਨਾ ਨੂੰ ਹਕੀਕਤ ਵਿਚ ਬਦਲਣ ਲਈ ਕਿਸੇ ਪ੍ਰਾਈਵੇਟ ਜਾਂ ਸਰਕਾਰੀ ਅਦਾਰੇ ਵਲੋਂ ਬੋਲੀ ਨੂੰ ਮਾਧਿਅਮ ਵਜੋਂ ਲਾਗੂ ਕਰਨਾ ਹੁੰਦਾ ਹੈ। ਇੱਥੇ ਤੇ ਇਸ ਤਰ੍ਹਾਂ ਬੋਲੀ ਦੇ ਖ਼ੇਤਰ ਵਿਚ ਰਾਜਨੀਤੀ ਦਾ ਦਾਖ਼ਲਾ ਹੁੰਦਾ ਹੈ।

ਆਪਣੀ ਮਾਤ ਬੋਲੀ ਨੂੰ ਮਾਂ ਕਹਿ ਉਸਦੇ ਸੋਹਲੇ ਗਾਉਣਾ ਅੱਛੀ ਭਾਵਨਾ ਹੈ, ਪਰ ਭਾਵਨਾ ਕਿਸੇ ਬੋਲੀ ਵਿਚ ਸਾਹ ਨਹੀਂ ਫ਼ੂਕ ਸਕਦੀ, ਨਾ ਹੀ ਕਿਸੇ ਹੋਰ ਬੋਲੀ ਨੂੰ ਨੀਵਾਂ ਦਿਖਾ ਕੇ ਆਪਣੀ ਬੋਲੀ ਉੱਚਾ ਉੱਠ ਸਕਦੀ ਹੈ। ਕਿਸੇ ਬੋਲੀ ਵਿਚ ਉਸਦੀ ਵਰਤੋਂ ਹੀ ਸਾਹ ਫ਼ੂਕ ਸਕਦੀ ਹੈ, ਤੇ ਵਰਤੋਂ ਵਧਾਉਣ ਲਈ ਦੋਵੇਂ ਕਾਰਕ (ਅਚਟੋਰਸ) ਜ਼ਰੂਰੀ ਨੇ: 1) ਬੋਲੀ ਦਾ ਸੰਚਾਰ ਲੋੜਾਂ ਪੂਰਨ ਦੇ ਯੋਗ ਹੋਣਾ, ਤੇ 2) ਅਦਾਰਿਆਂ ਵਲੋਂ ਬੋਲੀ ਲਾਗੂ ਕਰਨਾ।

ਇਸ ਸਚਾਈ ਦੀ ਰੌਸ਼ਨੀ ਵਿਚ, ਪੰਜਾਬੀ ਬੋਲੀ ਦੇ ਪ੍ਰਸੰਗ ਤੇ ਹੱਕ ਵਿਚ ਕਹਿਣਾ ਬਣਦਾ ਹੈ ਕਿ 1) ਪੰਜਾਬ ਦੇ ਕੁਝ ਅਦਾਰੇ, ਜਿਵੇਂ ਭਾਸ਼ਾ ਵਿਭਾਗ ਪੰਜਾਬ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬੀ ਬੋਲੀ ਦੀ ਸੰਚਾਰ ਲੋੜਾਂ ਪੂਰਨ ਦੀ ਲੋੜੀਂਦੀ ਯੋਗਤਾ ਵਧਾਉਣ ਤੇ ਕੰਮ ਕਰਨ, ਤੇ 2) ਪੰਜਾਬੀ ਵੋਟਰ ਸਰਕਾਰੀ ਤੇ ਪ੍ਰਾਈਵੇਟ ਅਦਾਰਿਆਂ ਵਿਚ ਪੰਜਾਬੀ ਅਮਲੀ ਰੂਪ ਵਿਚ ਲਾਗੂ ਕਰਨ ਦੀਆਂ ਸਰਗਰਮ ਕੋਸ਼ਿਸ਼ਾਂ ਨਾ ਕਰਨ ਵਾਲੇ ਰਾਜਨੀਤਿਕ ਨੇਤਾਵਾਂ ਦੀਆਂ ਛੁੱਟੀਆਂ ਕਰਵਾ ਦੇਣ।

ਸੌ ਹੱਥ ਰੱਸਾ, ਸਿਰੇ 'ਤੇ ਗੰਢ

ਬੋਲੀ ਨੇ ਮਨੁੱਖੀ ਵਿਕਾਸ ਤੇ ਇਤਿਹਾਸ ਵਿਚ ਬੜਾ ਮਹੱਤਵਪੂਰਨ ਰੋਲ ਨਿਭਾਇਆ ਹੈ; ਸੋ ਕਿਸੇ ਵੀ ਬੋਲੀ ਦੀ ਹੋਂਦ ਨੂੰ ਖ਼ਤਰਾ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਮੁੱਢਲੇ ਰੂਪ ਵਿਚ, ਬੋਲੀ ਦੀ ਪਛਾਣ ਤੇ ਜਾਨ ਉਹਦੇ ਵਲੋਂ ਕੁਝ ਸੰਚਾਰ ਲੋੜਾਂ ਨੂੰ ਪੂਰਿਆਂ ਕਰਨ ਵਿਚ ਹੁੰਦੀ ਹੈ, ਨਾ ਕਿ ਉਹਦੇ ਬੋਲਣ ਵਾਲਿਆਂ ਦੀ ਉਸ ਪ੍ਰਤੀ ਸ਼ਰਧਾ, ਪੂਜਾ, ਜਾਂ ਹੋਰ ਭਾਵਨਾਵਾਂ ਵਿਚ। ਜਿੰਨੀ ਜਿੰਨੀ ਕੋਈ ਬੋਲੀ ਵਿਕਸਿਤ ਲੋੜਾਂ ਨੂੰ ਪੂਰਿਆਂ ਕਰਨ ਦੇ ਅਯੋਗ ਹੋ ਜਾਵੇ ਤੇ ਜਿਤਨੇ ਨਵੀਆਂ ਲੋੜਾਂ ਪੂਰਨ ਦੇ ਮੌਕੇ ਖੁੰਝਾਉਂਦੀ ਰਹੇ, ਉਤਨੀ ਹੀ ਮਰਦੀ ਰਹਿੰਦੀ ਹੈ। ਬੋਲੀ ਨੂੰ ਸਫ਼ਲ ਬਣਾਉਣ ਲਈ, ਯਾਨਿ ਉਹਦੀ ਵਰਤੋਂ ਵਧਾਉਣ ਲਈ ਦੋ ਕਾਰਕ ਜ਼ਰੂਰੀ ਨੇ: 1) ਬੋਲੀ ਦਾ ਸੰਚਾਰ ਲੋੜਾਂ ਪੂਰਨ ਦੇ ਯੋਗ ਰਹਿਣਾ, ਤੇ 2) ਅਦਾਰਿਆਂ ਵਲੋਂ ਬੋਲੀ ਲਾਗੂ ਕਰਨਾ।

ਸਮੱਸਿਆ ਨਿਰੀ ਪੰਜਾਬੀ ਦੀ ਨਹੀਂ, ਇਸ ਸੂਚਨਾ ਯੁੱਗ ਵਿਚ ਤੇਜ਼-ਰਫ਼ਤਾਰ ਵਿਸ਼ਵੀਕਰਨ ਨੇ ਵਿਸ਼ਵ ਦੀਆਂ ਕਰੀਬ ਸਾਰੀਆਂ ਸਥਾਨਕ, ਯਾਨਿ ਕਿ ਖੇਤਰੀ, ਬੋਲੀਆਂ ਨੂੰ ਹੱਥਾਂ ਪੈਰਾਂ ਦੀਆਂ ਪਾ ਦਿੱਤੀਆਂ ਨੇ, ਉਨ੍ਹਾਂ ਦਾ ਮੁਕਾਬਲਾ ਸਿੱਧਾ ਰਾਸ਼ਟਰੀ ਜਾਂ/ਤੇ ਅੰਤਰ-ਰਾਸ਼ਟਰੀ ਬੋਲੀਆਂ ਨਾਲ ਪੁਆ ਕੇ। ਸਾਨੂੰ ਵਿਰਸੇ ਵਿਚ ਮਿਲਦੀ ਹੈ 'ਗੁਲਾਮੀ ਸੋਚ' ਅਤੇ ਉਸ ਨਾਲ ਸਬੰਧਿਤ 'ਜੜ੍ਹਤਾ' ਤੇ ਭੂਤਮੁਖੀ ਪਹੁੰਚ। ਪੰਜਾਬੀ ਬੰਦੇ ਦਾ ਆਪਣੇ ਵਿਰਸੇ ਸੰਗ ਇਸ ਰਿਸ਼ਤਾ, 'ਜੜ੍ਹਤਾ' ਤੇ ਭੂਤਮੁਖੀ ਪਹੁੰਚ ਦੇ ਰੂਪ ਵਿਚ, ਪੰਜਾਬੀ ਬੋਲੀ ਉੱਪਰ ਸਰਾਪ ਬਣ ਕੇ ਡਿੱਗਦਾ ਹੈ: "ਪੰਜਾਬੀਏ, ਜੇ ਤੂੰ ਮਰੇਂਗੀ ਤਾਂ ਆਪਣੇ 'ਪੰਜਾਬੀ ਬੰਦਿਆਂ' ਹੱਥੋਂ ਹੀ, 'ਜੜ੍ਹਤਾ' ਤੇ ਭੂਤਮੁਖੀ ਪਹੁੰਚ ਦੀ ਦੋਧਾਰੀ ਤਲਵਾਰ ਨਾਲ।'' ਸੋ, ਪੰਜਾਬੀ ਬੋਲੀ ਦੀ ਮੌਜੂਦਾ ਸਮੱਸਿਆ ਨੂੰ ਅੱਜ ਦੇ ਸਥਾਨਕ ਹਾਲਾਤਾਂ ਵਿਚ ਰੱਖ ਕੇ ਉਸ ਦਾ ਵਿਸ਼ਲੇਸ਼ਣ ਅੱਜ ਦੇ ਵਿਸ਼ਵ ਪ੍ਰਸੰਗ ਵਿਚ ਕਰਦਿਆਂ, ਸਮੱਸਿਆ ਦਾ ਅਮਲੀ ਤੇ ਸਫ਼ਲ ਹੱਲ ਅੱਜ ਦੀ ਵਿਗਿਆਨਕ ਸੋਚ ਤੋਂ ਸੇਧ ਲੈਂਦੇ ਹੋਏ, ਵਿਗਿਆਨਕ ਤੌਰ ਤਰੀਕੇ ਵਰਤ ਕੇ ਹੀ ਲੱਭਿਆ ਤੇ ਲਾਗੂ ਕੀਤਾ ਜਾ ਸਕਦਾ ਹੈ; ਤੇ ਇੰਝ ਭੂਤਮੁਖੀ ਪਹੁੰਚ ਦੀ ਥਾਂ ਭਵਿੱਖਮੁਖੀ ਪਹੁੰਚ ਅਪਣਾਉਂਦੇ ਹੋਏ।

**ਹਵਾਲੇ**

ਡਾ. ਸੁਖਪਾਲ ਸੰਘੇੜਾ, 'ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ: ਯੂਰਪੀਅਨ ਰੇਨਾਸਾਂਸ ਦੇ ਪ੍ਰਸੰਗ ਵਿੱਚ', ਪੀਪਲਜ਼ ਫ਼ੋਰਮ, ਪੰਜਾਬ, ਨਵੰਬਰ 2020.

ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ: ਖੁੱਲ੍ਹੇ ਭੇਤ (ਆਲੋਚਨਾ)/ ਸੰਪਾਦਕ: ਸੁਖਿੰਦਰ, ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ, 2022ਸ.

# ਮਾਂ-ਬੋਲੀ ਪੰਜਾਬੀ ਦੀਆਂ ਬਾਤਾਂ

***ਪੰਜਾਬੀਆਂ ਦੀ ਮਾਤ-ਭਾਸ਼ਾ ਪੰਜਾਬੀ ਹੈ ਪਰ ਇਸ ਨਾਲ ਮੁੱਢ ਤੋਂ ਹੀ ਮਤਰੇਈ ਮਾਂ ਵਾਲਾ ਵਿਹਾਰ ਕੀਤਾ ਜਾਂਦਾ ਰਿਹਾ ਹੈ। ਇਸ ਨੂੰ ਕਦੇ ਵੀ ਰਾਜ ਦਰਬਾਰ ਦੀ ਭਾਸ਼ਾ ਬਣ ਕੇ ਤਖ਼ਤ ਉੱਤੇ ਬੈਠਣਾ ਨਸੀਬ ਨਹੀਂ ਹੋਇਆ। ਇਸ ਦੇ ਆਪਣੇ ਧੀਆਂ ਪੁੱਤਰ ਹੀ ਇਸ ਨੂੰ ਗੰਵਾਰਾਂ ਅਤੇ ਅਨਪੜ੍ਹਾਂ ਦੀ ਭਾਸ਼ਾ ਮੰਨ ਕੇ ਇਸ ਨੂੰ ਘ੍ਰਿਣਾ ਕਰਦੇ ਰਹੇ ਹਨ। ਪੰਜਾਬੀ ਭਾਸ਼ਾ ਦੀ ਅਜੋਕੀ ਨੁਹਾਰ ਕਿਸੇ ਰਾਜ ਦਰਬਾਰ ਵਿਚ ਨਹੀਂ ਬਣੀ ਸਗੋਂ ਜਨ ਸਾਧਾਰਨ ਦੇ ਬੁੱਲ੍ਹਾਂ ਉੱਤੇ ਨੱਚਦੀ, ਟੱਪਦੀ ਅਤੇ ਮਟਕਦੀ ਇੱਥੋਂ ਤੱਕ ਪਹੁੰਚੀ ਹੈ।***

**ਡਾ. ਇਕਬਾਲ ਸਿੰਘ ਸਕਰੌਦੀ**
ਫੋਨ: +91-84276-85020

ਵਰਤੋਂ ਦੇ ਲਿਹਾਜ਼ ਨਾਲ ਭਾਸ਼ਾ ਤਿੰਨ ਪ੍ਰਕਾਰ ਦੀ ਹੁੰਦੀ ਹੈ- ਵਿਹਾਰਕ, ਸਾਹਿਤਕ ਅਤੇ ਵਿਗਿਆਨਕ। ਵਿਹਾਰਕ ਭਾਸ਼ਾ ਹੀ ਅਸਲ ਵਿਚ ਮਾਤ-ਭਾਸ਼ਾ ਹੁੰਦੀ ਹੈ ਜਿਸ ਨੂੰ ਬੱਚਾ ਆਪਣੇ ਮਾਹੌਲ 'ਚੋਂ ਸਹਿਜ ਸੁਭਾਅ ਗ੍ਰਹਿਣ ਕਰਦਾ ਹੈ। ਆਪਣੇ ਆਲੇ-ਦੁਆਲੇ ਵਿਚ ਵਸਦੇ ਲੋਕਾਂ ਮੂੰਹੋਂ ਸੁਣੇ ਨੂੰ ਬੱਚਾ ਆਪਣੀ ਕੁਦਰਤੀ ਸਿੱਖਣ ਯੋਗਤਾ ਅਨੁਸਾਰ ਸਹਿਜੇ ਹੀ ਗ੍ਰਹਿਣ ਕਰਦਾ ਜਾਂਦਾ ਹੈ। ਬੱਚੇ ਦਾ ਪਹਿਲਾ, ਨੇੜਲਾ ਅਤੇ ਲੰਮਾ ਸੰਪਰਕ ਆਪਣੀ ਮਾਂ ਨਾਲ ਹੁੰਦਾ ਹੈ। ਇਸ ਲਈ ਗ੍ਰਹਿਣ ਕੀਤੀ ਭਾਸ਼ਾ ਨੂੰ ਮਾਤ-ਭਾਸ਼ਾ ਜਾਂ ਮਾਂ-ਬੋਲੀ ਵੀ ਕਹਿ ਲਿਆ ਜਾਂਦਾ ਹੈ। ਇਹ ਭਾਸ਼ਾ ਬੱਚਾ ਆਪਣੀ ਮਾਂ ਦੇ ਬੋਲਾਂ ਦੀ ਨਕਲ ਰਾਹੀਂ ਹੀ ਨਹੀਂ ਸਗੋਂ ਪਰਿਵਾਰ ਦੇ ਹੋਰ ਜੀਆਂ, ਆਂਢ-ਗੁਆਂਢ, ਹਾਣੀਆਂ, ਸਕੂਲ ਅਤੇ ਸੰਪਰਕ ਵਿਚ ਆਉਂਦੇ ਹੋਰ ਲੋਕਾਂ ਦੇ ਬੋਲਾਂ ਤੋਂ ਵੀ ਗ੍ਰਹਿਣ ਕਰਦਾ ਰਹਿੰਦਾ ਹੈ।

ਪੰਜਾਬੀਆਂ ਦੀ ਮਾਤ-ਭਾਸ਼ਾ ਪੰਜਾਬੀ ਹੈ ਪਰ ਇਸ ਨਾਲ ਮੁੱਢ ਤੋਂ ਹੀ ਮਤਰੇਈ ਮਾਂ ਵਾਲਾ ਵਿਹਾਰ ਕੀਤਾ ਜਾਂਦਾ ਰਿਹਾ ਹੈ। ਇਸ ਨੂੰ ਕਦੇ ਵੀ ਰਾਜ ਦਰਬਾਰ ਦੀ ਭਾਸ਼ਾ ਬਣ ਕੇ ਤਖ਼ਤ ਉੱਤੇ ਬੈਠਣਾ ਨਸੀਬ ਨਹੀਂ ਹੋਇਆ। ਇਸ ਦੇ ਆਪਣੇ ਧੀਆਂ ਪੁੱਤਰ ਹੀ ਇਸ ਨੂੰ ਗੰਵਾਰਾਂ ਅਤੇ ਅਨਪੜ੍ਹਾਂ ਦੀ ਭਾਸ਼ਾ ਮੰਨ ਕੇ ਇਸ ਨੂੰ ਘ੍ਰਿਣਾ ਕਰਦੇ ਰਹੇ ਹਨ। ਪੰਜਾਬੀ ਭਾਸ਼ਾ ਦੀ ਅਜੋਕੀ ਨੁਹਾਰ ਕਿਸੇ ਰਾਜ ਦਰਬਾਰ ਵਿਚ ਨਹੀਂ ਬਣੀ ਸਗੋਂ ਜਨ ਸਾਧਾਰਨ ਦੇ ਬੁੱਲ੍ਹਾਂ ਉੱਤੇ ਨੱਚਦੀ, ਟੱਪਦੀ ਅਤੇ ਮਟਕਦੀ ਇੱਥੋਂ ਤੱਕ ਪਹੁੰਚੀ ਹੈ।

ਮਾਤ-ਭਾਸ਼ਾ ਬੱਚੇ ਦੀਆਂ ਬੌਧਿਕ, ਮਾਨਸਿਕ, ਸਮਾਜਿਕ, ਧਾਰਮਿਕ ਅਤੇ ਸਭਿਆਚਾਰਕ ਵਿਕਾਸ ਦੀਆਂ ਲੋੜਾਂ ਪੂਰੀਆਂ ਕਰਦੀ ਹੈ। ਮੁੱਢਲੀਆਂ ਵਸਤਾਂ ਤੋਂ ਲੈ ਕੇ ਮਾਤ-ਭਾਸ਼ਾ ਦੇ ਵਿਕਸਤ ਪ੍ਰਯੋਗ ਤੱਕ ਬੱਚਾ ਸੁਤੇ-ਸਿੱਧ ਇਸ ਨਾਲ ਜੁੜਿਆ ਰਹਿੰਦਾ ਹੈ। ਸਵੈ-ਪ੍ਰਗਟਾਵੇ, ਸਾਹਿਤਕ ਤੇ ਮਾਨਸਿਕ ਆਨੰਦ ਦੀ ਪ੍ਰਾਪਤੀ ਅਤੇ ਕਿਸੇ ਸਭਿਆਚਾਰ ਦੀ ਸਮੁੱਚੀ ਜਾਣਕਾਰੀ ਗ੍ਰਹਿਣ ਕਰਨ ਲਈ ਮਾਤ-ਭਾਸ਼ਾ ਦੀ ਵਿਸ਼ੇਸ਼ ਮਹਾਨਤਾ ਹੈ। ਸੂਚਨਾ ਦੇਣ-ਲੈਣ, ਦੂਜੇ ਦੀ ਗੱਲ ਸਮਝਣ ਅਤੇ ਆਪਣੀ ਗੱਲ ਸਮਝਾਉਣ ਲਈ ਵੀ ਇਸ ਦੀ ਅਹਿਮ ਲੋੜ ਹੈ। ਮਨੁੱਖ ਮਾਤ-ਭਾਸ਼ਾ ਵਿਚ ਹੀ ਸੋਚਦਾ, ਸਮਝਦਾ, ਆਨੰਦ ਲੈਂਦਾ ਅਤੇ ਤ੍ਰਿਪਤ ਹੁੰਦਾ ਹੈ। ਆਪਣੀ ਮਾਤ-ਭਾਸ਼ਾ ਨਾਲ ਜੁੜ ਕੇ ਹੀ ਮਨੁੱਖ ਦੀ ਸ਼ਖ਼ਸੀਅਤ ਨਿੱਖਰ ਕੇ ਸਾਹਮਣੇ ਆਉਂਦੀ ਹੈ।

ਕੌਮਾਂਤਰੀ ਮਾਤ-ਭਾਸ਼ਾ ਦਿਵਸ ਇੱਕੀ ਫਰਵਰੀ ਨੂੰ ਸੰਸਾਰ ਭਰ ਵਿਚ ਮਨਾਇਆ ਜਾਂਦਾ ਹੈ। ਭਾਸ਼ਾ ਨੂੰ ਪਿਆਰ ਕਰਨ ਵਾਲੇ ਵੱਖ-ਵੱਖ ਅਦਾਰੇ, ਵਿੱਦਿਅਕ ਸੰਸਥਾਵਾਂ, ਸਾਹਿਤ ਸਭਾਵਾਂ ਅਤੇ ਭਾਸ਼ਾ ਨਾਲ ਸੁਹਿਰਦਤਾ ਸਹਿਤ ਜੁੜੇ ਹੋਏ ਹੋਰ ਵਿਅਕਤੀ ਵੱਖ-ਵੱਖ ਪ੍ਰੋਗਰਾਮ ਉਲੀਕਦੇ ਹਨ। ਪੰਦਰਾਂ ਅਗਸਤ 1947 ਨੂੰ ਭਾਰਤ ਦੀ ਵੰਡ ਹੋਈ। ਤਦ ਮੁਸਲਿਮ ਬਹੁਗਿਣਤੀ ਵਾਲਾ ਇਲਾਕਾ ਪੂਰਬੀ ਪਾਕਿਸਤਾਨ, ਪੱਛਮੀ ਪਾਕਿਸਤਾਨ ਅਤੇ ਹਿੰਦੋਸਤਾਨ ਬਣਿਆ। ਪੂਰਬੀ ਅਤੇ ਪੱਛਮੀ ਪਾਕਿਸਤਾਨ ਬਹੁਤ ਦੂਰ-ਦੂਰ ਸਨ। ਵਿਚਕਾਰ ਹਿੰਦੋਸਤਾਨ ਸੀ। ਪੂਰਬੀ ਪਾਕਿਸਤਾਨ ਵਿਚ ਬਹੁਗਿਣਤੀ ਬੰਗਲਾ ਭਾਸ਼ਾ ਬੋਲਣ ਵਾਲਿਆਂ ਦੀ ਸੀ। ਪੱਛਮੀ ਪਾਕਿਸਤਾਨ ਵਿਚ ਬਹੁਗਿਣਤੀ ਪੰਜਾਬੀ, ਬਲੋਚੀ ਅਤੇ ਪਸ਼ਤੋ ਭਾਸ਼ਾ ਬੋਲਣ ਵਾਲਿਆਂ ਦੀ ਸੀ। ਦੇਸ਼ ਵੰਡ ਉਪਰੰਤ 1948 ਵਿਚ ਪਾਕਿਸਤਾਨ ਵਿਚ ਕੌਮੀ ਭਾਸ਼ਾ ਉਰਦੂ ਲਾਗੂ ਕਰਨ ਦਾ ਫ਼ੈਸਲਾ ਕੀਤਾ ਗਿਆ ਪਰ ਬੰਗਲਾ ਭਾਸ਼ਾ ਬੋਲਣ ਵਾਲਿਆਂ ਨੂੰ ਇਹ ਗੱਲ ਪਸੰਦ ਨਹੀਂ ਆਈ। ਉਨ੍ਹਾਂ ਨੇ ਕਿਹਾ ਕਿ ਲੋਕਤੰਤਰ ਦਾ ਤਕਾਜ਼ਾ ਇਹ ਹੈ ਕਿ ਬਹੁਗਿਣਤੀ ਸਾਡੀ ਬੰਗਾਲੀਆਂ ਦੀ ਹੈ, ਇਸ ਲਈ ਰਾਸ਼ਟਰੀ ਭਾਸ਼ਾ ਉਰਦੂ ਅਤੇ ਬੰਗਾਲੀ ਦੋਵੇਂ ਰੱਖੀਆਂ ਜਾਣ ਜਾਂ ਫਿਰ ਬੰਗਲਾ ਭਾਸ਼ਾ ਨੂੰ ਵੀ ਬਰਾਬਰ ਦਾ ਦਰਜਾ ਅਤੇ ਸਤਿਕਾਰ ਦਿੱਤਾ ਜਾਵੇ। ਪਾਕਿਸਤਾਨ ਸਰਕਾਰ ਨੇ ਇਹ ਗੱਲ ਨਾ ਮੰਨੀ ਸਗੋਂ ਉਲਟਾ ਉਨ੍ਹਾਂ ਉਪਰ ਵੀ ਉਰਦੂ ਜ਼ਬਰਦਸਤੀ ਥੋਪੀ। ਵਿਰੋਧ ਵਿਚ ਢਾਕਾ ਯੂਨੀਵਰਸਿਟੀ ਦੇ ਮੈਡੀਕਲ ਦੇ ਵਿਦਿਆਰਥੀਆਂ ਨੇ 21 ਫਰਵਰੀ 1952 ਨੂੰ ਰੋਸ ਮਾਰਚ ਕੱਢਿਆ। ਉਹਦੇ ਉੱਤੇ ਪੁਲਿਸ ਨੇ ਗੋਲੀਆਂ ਚਲਾਈਆਂ ਤਾਂ ਛੇ ਵਿਦਿਆਰਥੀ ਮਾਰੇ ਗਏ। ਇਸ ਨਾਲ ਹਿੰਸਾ ਹੋਰ ਭੜਕ ਗਈ। ਉਦੋਂ ਤੋਂ ਹੀ ਪੂਰਬੀ ਪਾਕਿਸਤਾਨ ਵਿਚ ਇੱਕੀ ਫਰਵਰੀ ਨੂੰ ਉਨ੍ਹਾਂ ਸ਼ਹੀਦ ਵਿਦਿਆਰਥੀਆਂ ਦੀ ਯਾਦ ਵਿਚ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।

ਪੱਛਮੀ ਪਾਕਿਸਤਾਨ ਵੱਲੋਂ ਕੀਤੇ ਜਾਂਦੇ ਜ਼ੁਲਮਾਂ ਦੇ ਪ੍ਰਤੀਕਰਮ ਵਜੋਂ 1971 ਵਿਚ ਬੰਗਲਾਦੇਸ਼ ਹੋਂਦ ਵਿਚ ਆਇਆ। ਬੰਗਲਾਦੇਸ਼ ਦੇ ਲੋਕਾਂ ਦੇ ਦਿਲਾਂ ਵਿਚ ਆਪਣੀ ਬੰਗਲਾ ਭਾਸ਼ਾ ਲਈ ਪਿਆਰ ਸੀ। ਇਸ ਲਈ 1952 ਤੋਂ ਬਾਅਦ ਉੱਥੇ ਹਰ ਸਾਲ ਇੱਕੀ ਫਰਵਰੀ ਨੂੰ ਕੌਮੀ ਭਾਸ਼ਾ ਦਿਵਸ ਮਨਾਇਆ ਜਾਂਦਾ ਰਿਹਾ। ਰੁਜ਼ਗਾਰ ਅਤੇ ਰੋਜ਼ੀ-ਰੋਟੀ ਦੀ ਭਾਲ ਵਿਚ ਵਿਦੇਸ਼ੀਂ ਗਏ ਬੰਗਲਾਦੇਸ਼ੀਆਂ ਨੇ ਯੂ.ਐਨ.ਓ. ਨੂੰ ਚਿੱਠੀ ਲਿਖੀ ਕਿ ਦੁਨੀਆ ਵਿਚ ਹਰ ਵਿਅਕਤੀ ਆਪਣੀ ਮਾਤ-ਭਾਸ਼ਾ ਨੂੰ ਪਿਆਰ ਕਰਦਾ ਹੈ। ਮਾਤ-ਭਾਸ਼ਾ ਦੇ ਗੌਰਵ ਨੂੰ ਸਥਾਪਤ ਕਰਨ ਲਈ ਇੱਕੀ ਫਰਵਰੀ ਦਾ ਦਿਨ ਸਾਰੀ ਦੁਨੀਆ ਵਿਚ ਕੌਮਾਂਤਰੀ ਮਾਤ-ਭਾਸ਼ਾ ਦਿਵਸ ਵਜੋਂ ਮਨਾਇਆ ਜਾਣਾ ਚਾਹੀਦਾ ਹੈ। ਯੂ.ਐਨ.ਓ. ਨੇ 1999 ਨੂੰ ਇਹ ਮਤਾ ਪਾਸ ਕਰ ਦਿੱਤਾ। ਸਾਲ 2000 ਤੋਂ ਇੱਕੀ ਫਰਵਰੀ ਨੂੰ ਕੌਮਾਂਤਰੀ ਮਾਤ-ਭਾਸ਼ਾ ਦਿਵਸ ਮਨਾਇਆ ਜਾਣ ਲੱਗਿਆ।



ਲਗਪਗ ਸੋਲਾਂ ਕੁ ਸਾਲ ਪਹਿਲਾਂ ਦੀ ਯੂਨੈਸਕੋ ਦੀ ਰਿਪੋਰਟ ਬਹੁਤ ਚਰਚਾ ਵਿਚ ਹੈ। ਇਸ ਵਿਚ ਇਹ ਖਦਸ਼ਾ ਜ਼ਾਹਿਰ ਕੀਤਾ ਗਿਆ ਕਿ ਦੁਨੀਆ ਦੀਆਂ ਕੁਝ ਭਾਸ਼ਾਵਾਂ ਹੌਲੀ-ਹੌਲੀ ਮਰਨ ਕਿਨਾਰੇ ਵਧ ਰਹੀਆਂ ਹਨ; ਕੁਝ ਭਾਸ਼ਾਵਾਂ ਕੁਝ ਸਾਲਾਂ ਵਿਚ ਹੀ ਖ਼ਤਮ ਹੋ ਜਾਣਗੀਆਂ। ਸਾਰੇ ਪਾਸੇ ਇਹ ਰੌਲਾ ਪੈ ਗਿਆ ਕਿ ਪੰਜਾਬੀ ਵੀ ਉਨ੍ਹਾਂ ਭਾਸ਼ਾਵਾਂ ਵਿਚ ਸ਼ਾਮਲ ਹੈ ਜਿਹੜੀਆਂ ਭਾਸ਼ਾਵਾਂ ਨੇ ਖ਼ਤਮ ਹੋ ਜਾਣਾ ਹੈ। ਇਹ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਯੂਨੈਸਕੋ ਨੇ ਅਜਿਹੀ ਕੋਈ ਸੂਚੀ ਤਿਆਰ ਨਹੀਂ ਕੀਤੀ ਜਿਸ ਵਿਚ ਪੰਜਾਬੀ ਭਾਸ਼ਾ ਦੇ ਖ਼ਤਮ ਹੋ ਜਾਣ ਦੀ ਗੱਲ ਕੀਤੀ ਹੋਵੇ। ਹਾਂ, ਉਨ੍ਹਾਂ ਨੇ ਕੁਝ ਆਧਾਰ ਦਿੱਤੇ ਹਨ ਕਿ ਕਿਹੜੀ ਭਾਸ਼ਾ ਨੂੰ ਖ਼ਤਰਾ ਹੋ ਸਕਦਾ ਹੈ।

ਪਹਿਲੀ ਗੱਲ ਇਹ ਹੈ ਕਿ ਉਸ ਭਾਸ਼ਾ ਦੇ ਮਰ ਜਾਂ ਖ਼ਤਮ ਹੋ ਜਾਣ ਦਾ ਖ਼ਤਰਾ ਹੁੰਦਾ ਹੈ ਜਿਸ ਨੂੰ ਬੋਲਣ ਵਾਲਿਆਂ ਦੀ ਗਿਣਤੀ ਖ਼ਤਰਨਾਕ ਹੱਦ ਤੱਕ ਲਗਾਤਾਰ ਘਟ ਰਹੀ ਹੋਵੇ। ਅਜੋਕੇ ਸਮੇਂ ਪੰਜਾਬੀ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ ਚੌਦਾਂ ਕਰੋੜ ਦੇ ਲਗਪਗ ਹੈ। ਤਿੰਨ ਕਰੋੜ ਲੋਕ ਭਾਰਤੀ ਪੰਜਾਬ ਅਤੇ ਦਸ ਕਰੋੜ ਤੋਂ ਵੱਧ ਲੋਕ ਪਾਕਿਸਤਾਨ ਵਿਚ ਪੰਜਾਬੀ ਬੋਲਦੇ ਹਨ। ਆਸਟਰੇਲੀਆ, ਕੈਨੇਡਾ, ਅਮਰੀਕਾ, ਇੰਗਲੈਂਡ, ਨਿਊਜ਼ੀਲੈਂਡ, ਕੀਨੀਆ, ਥਾਈਲੈਂਡ ਆਦਿ ਬਹੁਤ ਸਾਰੇ ਦੇਸ਼ਾਂ ਵਿਚ ਰਹਿੰਦੇ ਪੰਜਾਬੀ ਲੋਕ ਵੀ ਪੰਜਾਬੀ ਭਾਸ਼ਾ ਬੋਲਦੇ ਹਨ। ਦੂਜੀ ਗੱਲ ਇਹ ਹੈ ਕਿ ਕੀ ਉਸ ਭਾਸ਼ਾ ਦੀ ਆਪਣੀ ਕੋਈ ਲਿੱਪੀ ਹੈ? ਪੰਜਾਬੀ ਭਾਸ਼ਾ ਚੜ੍ਹਦੇ (ਭਾਰਤੀ) ਪੰਜਾਬ ਵਿਚ ਗੁਰਮੁਖੀ ਲਿਪੀ ਵਿਚ ਲਿਖੀ ਜਾਂਦੀ ਹੈ। ਲਹਿੰਦੇ (ਪਾਕਿਸਤਾਨੀ) ਪੰਜਾਬ ਵਿਚ ਸ਼ਾਹਮੁਖੀ ਲਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਅੰਗਰੇਜ਼ਾਂ ਨੇ ਪੰਜਾਬ ਉੱਤੇ 1849 ਵਿਚ ਕਬਜ਼ਾ ਕਰਨ ਮਗਰੋਂ ਪੰਜਾਬੀ ਭਾਸ਼ਾ ਨੂੰ ਰੋਮਨ ਲਿੱਪੀ ਵਿਚ ਲਿਖ ਕੇ ਸਫ਼ਲ ਤਜਰਬੇ ਕੀਤੇ। ਕੁਝ ਲੋਕ ਪੰਜਾਬੀ ਭਾਸ਼ਾ ਨੂੰ ਦੇਵਨਾਗਰੀ ਲਿੱਪੀ ਵਿਚ ਵੀ ਲਿਖ ਲੈਂਦੇ ਹਨ। ਤੀਜੀ ਗੱਲ ਇਹ ਹੈ ਕਿ ਪੰਜਾਬੀ ਕੋਈ ਨਵੀਂ ਭਾਸ਼ਾ ਨਹੀਂ ਹੈ। ਜੇਕਰ ਅੰਗਰੇਜ਼ੀ ਭਾਸ਼ਾ ਦਾ ਆਰੰਭ ਚੌਦਵੀਂ ਸਦੀ ਵਿਚ ਚੌਸਰ ਨਾਂ ਦੇ ਕਵੀ ਤੋਂ ਹੁੰਦਾ ਹੈ ਤਾਂ ਪੰਜਾਬੀ ਭਾਸ਼ਾ ਨੂੰ ਅੱਠਵੀਂ-ਨੌਵੀਂ ਸਦੀ ਵਿਚ ਗੋਰਖ ਨਾਥ ਨੇ ਲਿਖਣਾ ਸ਼ੁਰੂ ਕਰ ਦਿੱਤਾ ਸੀ। ਬਾਰ੍ਹਵੀਂ ਸਦੀ ਵਿਚ ਤਾਂ ਪੰਜਾਬੀ ਨੂੰ ਇਸ ਦੇ ਸਿਰਮੌਰ ਕਵੀ ਸ਼ੇਖ਼ ਫ਼ਰੀਦ ਜੀ ਨੇ ਆਪਣੇ ਸਲੋਕਾਂ ਅਤੇ ਸ਼ਬਦਾਂ ਰਾਹੀਂ ਬੁਲੰਦੀਆਂ ਉੱਤੇ ਪਹੁੰਚਾ ਦਿੱਤਾ। ਪੰਜਾਬੀ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਿਸ ਦੀ ਹੀਰ, ਸੂਫ਼ੀਆਂ ਦੀ ਸ਼ਾਇਰੀ ਅਤੇ ਹੋਰ ਸ਼ਾਹਕਾਰ ਰਚਨਾਵਾਂ ਵੀ ਉਪਲਬਧ ਹਨ। ਹੁਣ ਤਾਂ ਚੜ੍ਹਦੇ ਪੰਜਾਬ ਵਿਚ ਇਹ ਰਾਜ ਭਾਸ਼ਾ ਦਾ ਦਰਜਾ ਵੀ ਗ੍ਰਹਿਣ ਕਰ ਚੁੱਕੀ ਹੈ। ਇਹ ਵਿੱਦਿਆ ਦਾ ਮਾਧਿਅਮ ਵੀ ਹੈ। ਇਸ ਦੇ ਬਾਵਜੂਦ ਜੇਕਰ ਪੰਜਾਬੀ ਭਾਸ਼ਾ ਦੇ ਮਰ ਮੁੱਕ ਜਾਣ ਦਾ ਖ਼ਦਸ਼ਾ ਪ੍ਰਗਟਾਇਆ ਗਿਆ ਹੈ ਤਾਂ ਫ਼ਿਕਰਮੰਦੀ ਵਾਲੀ ਗੱਲ ਹੈ।

ਪੰਜਾਬੀ ਭਾਸ਼ਾ ਨੂੰ ਬਾਹਰੋਂ ਅਜੇ ਕੋਈ ਖ਼ਤਰਾ ਨਹੀਂ ਭਾਸਦਾ। ਹਾਂ, ਇਹ ਜ਼ਰੂਰ ਹੈ ਕਿ ਪੰਜਾਬ ਵਿਚ ਪੰਜਾਬੀ ਬੋਲਣ ਵਾਲਿਆਂ ਅੰਦਰ ਹੀਣ ਭਾਵਨਾ ਘਰ ਕਰ ਰਹੀ ਹੈ। ਮਾਪੇ ਘਰਾਂ ਵਿਚ ਪੰਜਾਬੀ ਬੋਲਣ ਦੀ ਥਾਂ ਅੰਗਰੇਜ਼ੀ ਅਤੇ ਹਿੰਦੀ ਵੱਲ ਝੁਕਾਅ ਰੱਖਣ ਲੱਗੇ ਹਨ। ਇਸ ਦਾ ਵੱਡਾ ਕਾਰਨ ਰੁਜ਼ਗਾਰ ਪ੍ਰਾਪਤੀ ਹੈ। ਰੁਜ਼ਗਾਰ ਦੇ ਪ੍ਰਸੰਗ ਵਿਚ ਇਸ ਵੇਲੇ ਕੌਮਾਂਤਰੀ ਪੱਧਰ ਦੀਆਂ ਸਰਕਾਰਾਂ ਅਤੇ ਕਾਰਪੋਰੇਟਾਂ ਨੇ ਆਪਣੀ ਸਹੂਲਤ ਲਈ ਅੰਗਰੇਜ਼ੀ ਭਾਸ਼ਾ ਨੂੰ ਤਰਜੀਹ ਦਿੱਤੀ ਹੋਈ ਹੈ। ਇਸੇ ਲਈ ਪੰਜਾਬ ਰਹਿੰਦੇ ਮਾਪੇ ਆਪਣੇ ਬੱਚਿਆਂ ਨੂੰ ਪੰਜਾਬੀ ਦੀ ਥਾਂ ਅੰਗਰੇਜ਼ੀ ਸਿਖਾਉਣ ਲੱਗੇ ਹਨ। ਜੇਕਰ ਜੜ੍ਹ ਹੀ ਸੁੱਕ ਗਈ ਤਾਂ ਪੱਤਿਆਂ, ਟਾਹਣੀਆਂ, ਤਣੇ ਉੱਤੇ ਪਾਣੀ ਦਾ ਛਿੜਕਾਅ ਕਰਨ ਦਾ ਕੋਈ ਲਾਭ ਨਹੀਂ ਹੋਣਾ। ਇਹੋ ਇੱਕੋ ਇੱਕ ਹਕੀਕੀ ਖ਼ਤਰਾ ਹੈ। ਜੇਕਰ ਮਾਪਿਆਂ, ਬੱਚਿਆਂ, ਨਵੀਂ ਪੀੜ੍ਹੀ ਵਿਚ ਇਹੋ ਰੁਝਾਨ ਜਾਰੀ ਰਿਹਾ ਤਾਂ ਪੰਜਾਬੀ ਭਾਸ਼ਾ ਨੂੰ ਖ਼ਤਰਾ ਹੋ ਸਕਦਾ ਹੈ।

ਕੌਮਾਂਤਰੀ ਮਾਤ-ਭਾਸ਼ਾ ਦਿਵਸ ਮੌਕੇ ਇੱਕੀ ਫਰਵਰੀ ਨੂੰ ਬਹੁਤ ਸਾਰੇ ਪ੍ਰੋਗਰਾਮ ਕੀਤੇ ਜਾਂਦੇ ਹਨ। ਪੰਜਾਬੀ ਭਾਸ਼ਾ ਸਬੰਧੀ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਕੌਮਾਂਤਰੀ ਮਾਤ-ਭਾਸ਼ਾ ਦਿਵਸ ਸਿਰਫ਼ ਇੱਕ ਦਿਨ ਮਨਾ ਕੇ ਖ਼ਤਮ ਹੋਣ ਵਾਲਾ ਕਾਰਜ ਨਹੀਂ ਹੈ। ਇਸ ਨੂੰ ਮਹਿਜ਼ ਰਸਮ ਬਣਾ ਕੇ ਇੱਕੀ ਫਰਵਰੀ ਨੂੰ ਕੋਈ ਜਲੂਸ ਕੱਢ ਕੇ 'ਮਾਂ ਬੋਲੀ ਜੇ ਭੁੱਲ ਜਾਓਗੇ, ਕੱਖਾਂ ਵਾਂਗੂੰ ਰੁਲ ਜਾਓਗੇ' ਜਿਹੇ ਨਾਅਰੇ ਲਾ ਕੇ ਜਾਂ ਕਿਸੇ ਵਿਦਵਾਨ ਨੂੰ ਬੁਲਾ ਕੇ ਕੋਈ ਭਾਸ਼ਣ ਕਰਾ ਕੇ ਜਾਂ ਕਿਸੇ ਸਾਹਿਤਕਾਰ, ਕਵੀ ਨੂੰ ਸੱਦ ਕੇ ਉਸ ਦੀਆਂ ਕਹਾਣੀਆਂ, ਕਵਿਤਾਵਾਂ ਸੁਣ ਕੇ ਇਹ ਸੋਚਣ ਲੱਗ ਪਵੋ ਕਿ ਇਸ ਢੰਗ ਨਾਲ ਪੰਜਾਬੀ ਭਾਸ਼ਾ ਦਾ ਵਿਕਾਸ ਹੋ ਜਾਵੇਗਾ ਤਾਂ ਅਸੀਂ ਬਹੁਤ ਵੱਡੇ ਭੁਲੇਖੇ ਦਾ ਸ਼ਿਕਾਰ ਹੋ ਰਹੇ ਹੋਵਾਂਗੇ। ਇਹ ਸਭ ਕੁਝ ਕਰਨ ਨਾਲ ਪੰਜਾਬੀ ਭਾਸ਼ਾ ਦਾ ਵਿਕਾਸ ਨਹੀਂ ਹੋਵੇਗਾ।

***ਸਭ ਤੋਂ ਵੱਡੀ ਗੱਲ ਇਹ ਹੈ ਕਿ ਪੰਜਾਬੀ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਉਣ ਦੀ ਲੋੜ ਹੈ। ਜਿੱਥੋਂ ਤੱਕ ਪੰਜਾਬ ਵਿਚ ਰੁਜ਼ਗਾਰ ਹਾਸਲ ਕਰਨ ਦੀ ਗੱਲ ਹੈ, ਯੋਗਤਾ ਪ੍ਰਾਪਤ ਵਿਦਿਆਰਥੀਆਂ ਦੀ ਪਰਖ ਕਰਨ ਲਈ ਪੰਜਾਬੀ ਵਿਸ਼ੇ ਦਾ ਪੇਪਰ ਪਾਸ ਕਰਨਾ ਲਾਜ਼ਮੀ ਹੈ। ਇਸ ਦੇ ਨਾਲ ਹੀ ਵਿਦਿਆਰਥੀ ਦਾ ਬੌਧਿਕ ਮਿਆਰ ਪਰਖਣ ਲਈ ਪੰਜਾਬੀ ਮਾਧਿਅਮ ਵਿਚ ਪੰਜਾਬੀ ਸਾਹਿਤ, ਭਾਸ਼ਾ, ਕਲਾ, ਲੋਕ ਸਾਹਿਤ, ਸਭਿਆਚਾਰ ਸਬੰਧੀ ਵੀ ਪੰਜਾਬੀ ਦਾ ਪੇਪਰ ਪਾਸ ਕਰਨਾ ਲਾਜ਼ਮੀ ਹੋਣਾ ਚਾਹੀਦਾ ਹੈ।***

ਪੰਜਾਬੀ ਭਾਸ਼ਾ ਦਾ ਵਿਕਾਸ ਕਰਨ ਲਈ ਲੰਮੀ ਵਿਉਂਤਬੰਦੀ ਕਰਨ ਦੀ ਲੋੜ ਹੈ। ਪੰਜਾਬ ਵਿਚ ਚੱਲਦੇ ਸਾਰੇ ਸਰਕਾਰੀ, ਅਰਧ-ਸਰਕਾਰੀ, ਕੌਨਵੈਂਟ, ਮਾਡਲ, ਪਬਲਿਕ, ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਭਾਸ਼ਾ ਇੱਕ ਵਿਸ਼ੇ ਵਜੋਂ ਪੜ੍ਹਾਈ ਜਾਣੀ ਚਾਹੀਦੀ ਹੈ। ਬੇਸ਼ੱਕ 2008 ਦਾ ਭਾਸ਼ਾ ਐਕਟ ਇਹ ਕਹਿੰਦਾ ਹੈ ਕਿ ਪੰਜਾਬੀ ਭਾਸ਼ਾ ਪੰਜਾਬ ਦੇ ਸਾਰੇ ਸਕੂਲਾਂ ਵਿਚ ਲਾਜ਼ਮੀ ਤੌਰ ਉੱਤੇ ਪੜ੍ਹਾਈ ਜਾਵੇਗੀ ਪਰ ਅਸੀਂ ਜਾਣਦੇ ਹਾਂ ਕਿ ਬਹੁਤ ਸਾਰੀਆਂ ਚੋਰ-ਮੋਰੀਆਂ ਰਾਹੀਂ ਇਸ ਤੋਂ ਬਚਿਆ ਜਾ ਰਿਹਾ ਹੈ। ਇਸੇ ਕਰ ਕੇ ਪੰਜਾਬੀ ਕਵੀ ਸੁਰਜੀਤ ਪਾਤਰ ਜੀ ਨੂੰ ਲਿਖਣਾ ਪਿਆ:

ਸਭ ਚੀਂ ਚੀਂ ਕਰਦੀਆਂ ਚਿੜੀਆਂ ਦਾ
ਸਭ ਕਲ ਕਲ ਕਰਦੀਆਂ ਨਦੀਆਂ ਦਾ
ਸਭ ਸ਼ਾਂ ਸ਼ਾਂ ਕਰਦੇ ਬਿਰਖਾਂ ਦਾ
ਆਪਣਾ ਹੀ ਤਰਾਨਾ ਹੁੰਦਾ ਹੈ।
ਪਰ ਸੁਣਿਆ ਹੈ ਇਸ ਧਰਤੀ 'ਤੇ
ਇੱਕ ਐਸਾ ਦੇਸ ਵੀ ਹੈ
ਜਿਸ ਅੰਦਰ ਬੱਚੇ ਜੇ ਆਪਣੀ ਮਾਂ ਬੋਲੀ ਬੋਲਣ
ਜੁਰਮਾਨਾ ਹੁੰਦਾ ਹੈ।

ਇਹ ਜੁਰਮਾਨਿਆਂ ਵਾਲੀ ਗੱਲ ਸਖ਼ਤੀ ਨਾਲ ਬੰਦ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਪੰਜਾਬੀ ਸਿਰਫ਼ ਇੱਕ ਵਿਸ਼ੇ ਵਜੋਂ ਹੀ ਨਹੀਂ ਪੜ੍ਹਾਉਣੀ ਚਾਹੀਦੀ ਸਗੋਂ ਸਾਰੇ ਵਿਸ਼ੇ ਪੰਜਾਬੀ ਮਾਧਿਅਮ ਵਿਚ ਪੜ੍ਹਾਏ ਜਾਣੇ ਚਾਹੀਦੇ ਹਨ। ਸਿੱਖਿਆ ਦਾ ਮਾਧਿਅਮ ਪੰਜਾਬੀ ਹੋਣ ਨਾਲ ਹੀ ਪੰਜਾਬੀ ਭਾਸ਼ਾ ਦਾ ਵਿਕਾਸ ਹੋਵੇਗਾ। ਜਦੋਂ ਤੱਕ ਅਦਾਲਤੀ ਭਾਸ਼ਾ ਪੰਜਾਬੀ ਨਹੀਂ ਹੁੰਦੀ, ਉਦੋਂ ਤੱਕ ਪੰਜਾਬੀ ਭਾਸ਼ਾ ਦਾ ਵਿਕਾਸ ਨਹੀਂ ਹੋ ਸਕਦਾ।

ਪੰਜਾਬ ਵਿਚ ਭਰੀਆਂ ਜਾਂਦੀਆਂ ਅਸਾਮੀਆਂ ਲਈ ਸਿਰਫ਼ ਇਮਤਿਹਾਨ ਹੀ ਪੰਜਾਬੀ ਭਾਸ਼ਾ ਵਿਚ ਨਹੀਂ ਹੋਣਾ ਚਾਹੀਦਾ ਸਗੋਂ ਇਮਤਿਹਾਨ ਦਾ ਮਾਧਿਅਮ ਵੀ ਪੰਜਾਬੀ ਹੋਣਾ ਚਾਹੀਦਾ ਹੈ। ਉਸ ਦਾ ਵਿਸ਼ਾ ਵਸਤੂ, ਤੱਤ ਸਾਰ ਆਦਿ ਵੀ ਪੰਜਾਬੀ ਭਾਸ਼ਾ, ਕਲਾ, ਸਾਹਿਤ, ਲੋਕ ਸਾਹਿਤ, ਸਭਿਆਚਾਰ ਨਾਲ ਸਬੰਧਿਤ ਹੋਣਾ ਚਾਹੀਦਾ ਹੈ। ਸਰਕਾਰ ਵੱਲੋਂ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਪੰਜਾਬ ਸੂਬੇ ਵਿਚ ਕੋਈ ਵੀ ਅਦਾਰਾ ਓਨੀ ਦੇਰ ਤੱਕ ਆਪਣਾ ਕੰਮ-ਕਾਜ ਸ਼ੁਰੂ ਨਾ ਕਰ ਸਕੇ ਜਿੰਨੀ ਦੇਰ ਤੱਕ ਉਹ ਆਪਣੇ ਅਦਾਰੇ ਦਾ ਸਾਰਾ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਕਰਨਾ ਯਕੀਨੀ ਨਹੀਂ ਬਣਾਉਂਦਾ।

ਸਾਰੇ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਦਫਤਰਾਂ ਵਿਚ ਸਾਰਾ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਹੀ ਹੋਣਾ ਚਾਹੀਦਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਲਾਗੂ ਕਰਨ ਸਬੰਧੀ ਜਾਰੀ ਕੀਤੀਆਂ ਜਾਂਦੀਆਂ ਚਿੱਠੀਆਂ ਵੀ ਕਈ ਵਾਰ ਅੰਗਰੇਜ਼ੀ ਭਾਸ਼ਾ ਵਿਚ ਹੁੰਦੀਆਂ ਹਨ। ਇਸ ਪਾਸੇ ਵੀ ਬਹੁਤ ਗੰਭੀਰਤਾ ਅਤੇ ਸੁਹਿਰਦਤਾ ਨਾਲ ਕੰਮ ਕਰਨ ਦੀ ਲੋੜ ਹੈ।

ਪੰਜਾਬ ਸਰਕਾਰ ਨੇ ਚਿੱਠੀ ਜਾਰੀ ਕੀਤੀ ਕਿ ਇੱਕੀ ਫਰਵਰੀ ਤੱਕ ਪੰਜਾਬ ਵਿਚ ਚੱਲ ਰਹੇ ਸਾਰੇ ਅਦਾਰੇ, ਦਫ਼ਤਰ, ਬੋਰਡ, ਸਕੂਲਾਂ, ਕਾਲਜਾਂ, ਦੁਕਾਨਾਂ ਆਦਿ ਦੇ ਬੋਰਡ ਪੰਜਾਬੀ ਵਿਚ ਹੋਣੇ ਚਾਹੀਦੇ ਹਨ। ਪੰਜਾਬ ਸਰਕਾਰ ਦਾ ਇਹ ਫ਼ੈਸਲਾ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬਹੁਤ ਜ਼ਿਆਦਾ ਸਹਾਇਕ ਸਿੱਧ ਹੋ ਸਕਦਾ ਹੈ। ਅਜਿਹੇ ਫ਼ੈਸਲੇ ਅਮਲੀ ਰੂਪ ਵਿਚ ਲਾਗੂ ਹੋਣੇ ਚਾਹੀਦੇ ਹਨ। ਘਰਾਂ ਦੇ ਬਾਹਰ ਲੱਗੀਆਂ ਤਖ਼ਤੀਆਂ, ਸਾਈਨ ਬੋਰਡ, ਦੁਕਾਨਾਂ ਦੇ ਬਾਹਰ ਲਿਖੇ ਨਾਮ ਪੰਜਾਬੀ ਭਾਸ਼ਾ ਵਿਚ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕਰ ਕੇ ਹੀ ਇਸ ਪਾਸੇ ਲਾਇਆ ਜਾ ਸਕਦਾ ਹੈ। ਇਸ ਮਕਸਦ ਦੀ ਪੂਰਤੀ ਹਿੱਤ ਸਰਕਾਰ ਰੇਡੀਓ, ਟੈਲੀਵਿਜ਼ਨ, ਪ੍ਰਾਈਵੇਟ ਚੈਨਲਾਂ, ਸੋਸ਼ਲ ਮੀਡੀਆ, ਪ੍ਰਿੰਟ ਮੀਡੀਆ ਆਦਿ ਉੱਤੇ ਇਸ਼ਤਿਹਾਰ ਦੇ ਕੇ ਸੋਹਣਾ ਕਾਰਜ ਕਰ ਸਕਦੀ ਹੈ। ਦੂਜੀ ਗੱਲ ਇਹ ਹੈ ਕਿ ਪੰਜਾਬੀ ਪ੍ਰੇਮੀ ਅਤੇ ਸਾਹਿਤਕਾਰ ਆਪਣੇ ਘਰਾਂ, ਆਂਢ-ਗੁਆਂਢ, ਮੁਹੱਲੇ ਤੇ ਇਲਾਕੇ ਵਿਚ ਸਭ ਲੋਕਾਂ ਨੂੰ ਪ੍ਰੇਰ ਕੇ ਉਨ੍ਹਾਂ ਦੇ ਮਨਾਂ ਵਿਚ ਪੰਜਾਬੀ ਭਾਸ਼ਾ ਪ੍ਰਤੀ ਪਿਆਰ ਅਤੇ ਜਾਗਰੂਕਤਾ ਪੈਦਾ ਕਰਨ ਦੇ ਯਤਨ ਕਰਨ। ਇਹ ਸਹੀ ਹੈ ਕਿ ਰਾਜ ਸੱਤਾ 'ਤੇ ਕਾਬਜ਼ ਧਿਰ ਦੀ ਭਾਸ਼ਾ ਹੀ ਵਧਦੀ ਫੁਲਦੀ ਹੈ। ਇਤਿਹਾਸਕ ਤੱਥ ਹੈ ਕਿ ਮੁਗ਼ਲ ਹਕੂਮਤ ਸਮੇਂ ਸਾਡੇ ਮੁਲਕ ਵਿਚ ਫ਼ਾਰਸੀ ਪ੍ਰਧਾਨ ਹੋ ਗਈ ਸੀ। ਜਦੋਂ ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਕਰ ਲਿਆ ਤਾਂ ਅੰਗਰੇਜ਼ੀ ਭਾਸ਼ਾ ਦਾ ਬੋਲਬਾਲਾ ਹੋ ਗਿਆ। ਹੁਣ ਅੰਗਰੇਜ਼ਾਂ ਦੇ ਚਲੇ ਜਾਣ ਮਗਰੋਂ ਜੇਕਰ ਪੰਜਾਬ ਵਿਚ ਪੰਜਾਬੀਆਂ ਦਾ ਰਾਜ ਹੈ ਤਾਂ ਪੰਜਾਬੀ ਭਾਸ਼ਾ ਪੂਰੀ ਤਰ੍ਹਾਂ ਲਾਗੂ ਕਿਉਂ ਨਹੀਂ ਹੋਈ? ਸਭ ਤੋਂ ਵੱਡੀ ਗੱਲ ਇਹ ਹੈ ਕਿ ਪੰਜਾਬੀ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਉਣ ਦੀ ਲੋੜ ਹੈ। ਜਿੱਥੋਂ ਤੱਕ ਪੰਜਾਬ ਵਿਚ ਰੁਜ਼ਗਾਰ ਹਾਸਲ ਕਰਨ ਦੀ ਗੱਲ ਹੈ, ਯੋਗਤਾ ਪ੍ਰਾਪਤ ਵਿਦਿਆਰਥੀਆਂ ਦੀ ਪਰਖ ਕਰਨ ਲਈ ਪੰਜਾਬੀ ਵਿਸ਼ੇ ਦਾ ਪੇਪਰ ਪਾਸ ਕਰਨਾ ਲਾਜ਼ਮੀ ਹੈ। ਇਸ ਦੇ ਨਾਲ ਹੀ ਵਿਦਿਆਰਥੀ ਦਾ ਬੌਧਿਕ ਮਿਆਰ ਪਰਖਣ ਲਈ ਪੰਜਾਬੀ ਮਾਧਿਅਮ ਵਿਚ ਪੰਜਾਬੀ ਸਾਹਿਤ, ਭਾਸ਼ਾ, ਕਲਾ, ਲੋਕ ਸਾਹਿਤ, ਸਭਿਆਚਾਰ ਸਬੰਧੀ ਵੀ ਪੰਜਾਬੀ ਦਾ ਪੇਪਰ ਪਾਸ ਕਰਨਾ ਲਾਜ਼ਮੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਪੰਜਾਬੀ ਭਾਸ਼ਾ ਤਰੱਕੀ ਕਰੇਗੀ।

ਜਿਹੜਾ ਵੀ ਵਿਅਕਤੀ ਪੰਜਾਬ ਵਿਚ ਰੁਜ਼ਗਾਰ ਲਈ ਕੋਈ ਸਨਅਤੀ ਇਕਾਈ ਸਥਾਪਤ ਕਰਨਾ ਚਾਹੇ, ਉਸ ਦੀ ਸਾਰੀ ਇਸ਼ਤਿਹਾਰਬਾਜ਼ੀ ਅਤੇ ਉਸ ਦੇ ਦਫ਼ਤਰ ਦਾ ਸਾਰਾ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਹੀ ਹੋਵੇ। ਆਪਣੀ ਫਰਮ ਦਾ ਬਣਿਆ ਸਾਮਾਨ ਹੋਰ ਸੂਬਿਆਂ ਜਾਂ ਵਿਦੇਸ਼ਾਂ ਵਿਚ ਭੇਜਣਾ ਹੈ ਤਾਂ ਉਹਦੇ ਲਈ ਅਨੁਵਾਦ ਰੱਖੇ ਜਾ ਸਕਦੇ ਹਨ। ਉਨ੍ਹਾਂ ਨੂੰ ਚਿੱਠੀ ਪੱਤਰ ਦਾ ਅਨੁਵਾਦ ਭੇਜਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਪੰਜਾਬ ਵਿਚ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਹੋਣਗੇ।

ਮਾਤਾ ਭਾਸ਼ਾ ਸਬੰਧੀ ਵਿਚਾਰਾਂ ਕਰਨੀਆਂ ਭਾਵੁਕਤਾ ਨਹੀਂ ਸਗੋਂ ਬੌਧਿਕਤਾ ਹੈ। ਕਿਸੇ ਵੀ ਵਿਅਕਤੀ ਦਾ ਸੰਪੂਰਨ ਵਿਕਾਸ ਮਾਤ-ਭਾਸ਼ਾ ਰਾਹੀਂ ਹੀ ਸੰਭਵ ਹੋ ਸਕਦਾ ਹੈ। ਮਾਤ-ਭਾਸ਼ਾ ਰਾਹੀਂ ਹਾਸਲ ਕੀਤਾ ਗਿਆਨ ਮਨੁੱਖ ਦੀ ਸ਼ਖ਼ਸੀਅਤ ਅਤੇ ਬੌਧਿਕਤਾ ਨੂੰ ਪ੍ਰਫੁੱਲਿਤ ਕਰਦਾ ਹੈ।

ਸੰਸਾਰ ਭਰ ਦੇ ਸਿੱਖਿਆ ਸ਼ਾਸਤਰੀਆਂ ਅਤੇ ਮਨੋਵਿਗਿਆਨੀਆਂ ਨੇ ਇਹ ਸਿੱਟਾ ਕੱਢਿਆ ਹੈ ਕਿ ਮਨੁੱਖ ਆਪਣੀ ਮਾਤ-ਭਾਸ਼ਾ ਵਿਚ ਹੀ ਆਪਣੇ ਮਨ ਦੇ ਭਾਵ ਵਧੀਆ ਢੰਗ ਨਾਲ ਪ੍ਰਗਟਾਅ, ਉਚੇਰੀਆਂ ਬੌਧਿਕ ਪ੍ਰਾਪਤੀਆਂ, ਦੂਜਿਆਂ ਨਾਲ ਸੰਵਾਦ ਅਤੇ ਤਰਕ ਕਰ ਸਕਦਾ ਹੈ।

ਇਹ ਹੈਰਾਨੀਜਨਕ ਤੱਥ ਹੈ ਕਿ ਭਾਰਤ ਆਬਾਦੀ ਪੱਖੋਂ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ ਪਰ ਇਸ ਨੂੰ ਨੋਬੇਲ ਪੁਰਸਕਾਰ ਬਹੁਤ ਘੱਟ ਮਿਲੇ ਹਨ। ਦੂਜੇ ਪਾਸੇ ਜਪਾਨ, ਫਰਾਂਸ, ਸਵਿਟਜ਼ਰਲੈਂਡ ਆਦਿ ਬਹੁਤ ਛੋਟੇ ਦੇਸ਼ ਹਨ ਪਰ ਉਨ੍ਹਾਂ ਨੂੰ ਮਿਲੇ ਨੋਬੇਲ ਪੁਰਸਕਾਰਾਂ ਦੀ ਗਿਣਤੀ ਬਹੁਤ ਵੱਡੀ ਹੈ। ਇਸ ਦਾ ਕਾਰਨ ਇਹ ਹੈ ਕਿ ਉੱਥੋਂ ਦੇ ਲੋਕ ਆਪਣੇ ਬੱਚਿਆਂ ਨੂੰ ਆਪਣੇ ਦੇਸ਼ ਦੀ ਭਾਸ਼ਾ ਵਿਚ ਹੀ ਸਿੱਖਿਆ ਦਿੰਦੇ ਹਨ। ਪੰਜਾਬ ਵਿਚ ਮੌਲਿਕ ਸੋਚਣੀ ਦੀ ਘਾਟ, ਬੌਧਿਕ ਕੰਗਾਲੀ ਦਾ ਇਹ ਵੀ ਇੱਕ ਕਾਰਨ ਹੈ ਕਿ ਅਸੀਂ ਆਪਣੀ ਮਾਤ-ਭਾਸ਼ਾ ਤੋਂ ਟੁੱਟ ਰਹੇ ਹਾਂ।

ਮਾਤ-ਭਾਸ਼ਾ ਇਨਸਾਨ ਦੇ ਭਾਵਨਾਤਮਕ ਸੰਸਾਰ ਨੂੰ ਤ੍ਰਿਪਤ ਕਰਦੀ ਅਤੇ ਉਸ ਦੀਆਂ ਬੌਧਿਕ ਉਡਾਰੀਆਂ ਨੂੰ ਸਿੰਜਦੀ ਹੈ। ਸੰਪੂਰਨ ਮਨੁੱਖ ਦੀ ਉਸਾਰੀ ਵਿਚ ਮਾਤ-ਭਾਸ਼ਾ ਦਾ ਬਹੁਤ ਵੱਡਾ ਯੋਗਦਾਨ ਹੈ।

# ਪੰਜਾਬੀ ਭਾਸ਼ਾ ਦਾ ਭਵਿੱਖ

ਭਾਸ਼ਾ ਕਿਸੇ ਖਾਸ ਖਿੱਤੇ ਦੇ ਲੋਕਾਂ ਦੀ ਪਛਾਣ, ਗੱਲਬਾਤ ਦਾ ਜ਼ਰੀਆ, ਸਮਾਜਿਕ ਇੱਕਜੁਟਤਾ ਦਾ ਪ੍ਰਤੀਕ, ਵਿਦਿਆ ਅਤੇ ਵਿਕਾਸ ਦਾ ਮਾਧਿਅਮ ਹੁੰਦੀ ਹੈ। ਵਿਗਿਆਨ ਅਤੇ ਟੈਕਨੌਲੌਜੀ ਦੇ ਵਿਕਾਸ ਨਾਲ ਜਿੱਥੇ ਪੂਰਾ ਸੰਸਾਰ ਗਲੋਬਲ ਵਿਲੇਜ ਬਣ ਤਰੱਕੀ ਵੱਲ ਵਧਦਾ ਕਿਆਸਿਆ ਜਾ ਰਿਹਾ ਹੈ ਉੱਥੇ ਬਹੁਤ ਸਾਰੀਆਂ ਭਾਸ਼ਾਵਾਂ ਦੇ ਅਲੋਪ ਹੋ ਜਾਣ ਦਾ ਖ਼ਦਸ਼ਾ ਵੀ ਵਧਦਾ ਜਾ ਰਿਹਾ ਹੈ। ਸਮੁੱਚੀ ਦੁਨੀਆ ਵਿਚ ਅੰਦਾਜ਼ਨ ਛੇ ਕੁ ਹਜ਼ਾਰ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚੋਂ 43% ਦੇ ਅਲੋਪ ਹੋ ਜਾਣ ਦਾ ਖਤਰਾ ਭਾਸ ਰਿਹਾ ਹੈ। ਕਿਸੇ ਭਾਸ਼ਾ ਦੇ ਅਲੋਪ ਹੋ ਜਾਣ ਦਾ ਭਾਵ, ਮਨੁੱਖਤਾ ਦੇ ਇਕ ਖਾਸ ਵਰਗ ਦੇ ਰੀਤੀ ਰਿਵਾਜਾਂ, ਕਲਾ, ਦਸਤਕਾਰੀ, ਉਨ੍ਹਾਂ ਦੀਆਂ ਸੋਚਾਂ, ਯਾਦਾਂ ਤੇ ਹਾਵਾਂ-ਭਾਵਾਂ ਦੇ ਪ੍ਰਗਟਾਅ ਦਾ ਸਭਿਆਚਾਰ ਦੇ ਖ਼ੂਬਸੂਰਤ ਵਿਛੌਣੇ ਤੋਂ ਹਮੇਸ਼ਾਂ ਹਮੇਸ਼ਾਂ ਲਈ ਖਤਮ ਹੋ ਜਾਣਾ ਹੈ। ਪੰਜਾਬੀ ਭਾਸ਼ਾ ਬਾਰੇ ਵੀ ਕਦੇ ਕਦੇ ਇਹੋ ਜਿਹੇ ਕਿਆਫ਼ੇ ਲਗਾਏ ਸੁਣੇ ਜਾਂਦੇ ਹਨ। ਕੁਝ ਸਾਲ ਪਹਿਲਾਂ ਯੂਨੈਸਕੋ ਵਲੋਂ 2050 ਤੱਕ ਅਲੋਪ ਹੋ ਜਾਣ ਵਾਲੀਆਂ ਭਾਸ਼ਾ ਦੀ ਸੂਚੀ ਵਿਚ ਪੰਜਾਬੀ ਬੋਲੀ ਦੇ ਸ਼ਾਮਲ ਹੋਣ ਬਾਰੇ ਅਖਬਾਰਾਂ ਵਿਚ ਖ਼ਬਰ ਛਪੀ ਸੀ। ਪਰੰਤੂ ਵਰਲਡ ਸਿੱਖ ਨਿਊਜ਼ ਸੰਸਥਾ ਨੇ ਪਹਿਲਾਂ ਯੂਨੈਸਕੋ ਦੇ ਦਿੱਲੀ ਦਫ਼ਤਰ ਤੋਂ ਅਤੇ ਫਿਰ ਯੂਨੈਸਕੋ ਦੇ ਪੈਰਿਸ ਹੈੱਡਕੁਆਰਟਰ ਤੋਂ ਪੜਤਾਲ ਕਰਵਾਈ ਤਾਂ ਪਤਾ ਚਲਿਆ ਕਿ ਇਹ ਖ਼ਬਰ ਝੂਠੀ ਸੀ ਅਤੇ ਪੰਜਾਬੀ ਬੋਲੀ ਨੂੰ ਅਜਿਹਾ ਕੋਈ ਖਤਰਾ ਨਹੀਂ ਹੈ।

ਗੁਰਚਰਨ ਕੌਰ ਥਿੰਦ
ਫੋਨ: 403-402-9635

ਛੇ ਅਰਬ ਤੋਂ ਵੱਧ ਅਬਾਦੀ ਵਾਲੇ ਇਸ ਸੰਸਾਰ ਵਿਚ ਤਕਰੀਬਨ ਤੇਰਾਂ ਕਰੋੜ ਪੰਜਾਬੀ ਬੋਲਣ ਵਾਲੇ ਵਸਦੇ ਹਨ। ਇਨ੍ਹਾਂ ਵਿਚੋਂ ਸਾਢੇ ਕੁ ਤਿੰਨ ਕਰੋੜ ਭਾਰਤ, ਸਾਢੇ ਕੁ ਸੱਤ ਕਰੋੜ ਪਾਕਿਸਤਾਨ ਅਤੇ ਬਾਕੀ ਵਿਦੇਸ਼ਾਂ ਦੇ ਬਾਸ਼ਿੰਦੇ ਹਨ। ਇਹ ਪੂਰਬੀ ਪੰਜਾਬ (ਭਾਰਤ) ਅਤੇ ਪੱਛਮੀ ਪੰਜਾਬ (ਪਾਕਿਸਤਾਨ) ਦੇ ਲੋਕਾਂ ਦੀ ਮਾਂ-ਬੋਲੀ ਹੈ। ਪੰਜਾਬ, ਜੋ ਕਦੇ ਕਲਕਲ ਵਹਿੰਦੇ ਸਤਲੁਜ, ਬਿਆਸ, ਰਾਵੀ, ਝਨਾਂ ਤੇ ਜਿਹਲਮ, ਪੰਜ ਦਰਿਆਵਾਂ ਵਾਲਾ ਜ਼ਰਖ਼ੇਜ਼ ਰਾਜ ਸੀ, ਕੋਝੀ ਰਾਜਨੀਤੀ ਅਤੇ ਧਾਰਮਿਕ ਹਥਕੰਢਿਆਂ ਦੇ ਅਜਿਹਾ ਢਹੇ ਚੜ੍ਹਿਆ ਕਿ 1947 ਵਿਚ ਦੇਸ਼ ਦੀ ਵੰਡ ਸਮੇਂ ਦੋਫਾੜ ਹੋ ਢਾਈ-ਢਾਈ ਦਰਿਆਵਾਂ ਵਾਲੇ ਦੋ ਪੰਜਾਬ ਬਣ ਕੇ ਰਹਿ ਗਿਆ। ਇਸ ਵੰਡ ਨਾਲ ਜਿੱਥੇ ਦੋਵੇਂ ਪਾਸੇ ਪੰਜਾਬੀਆਂ ਦਾ ਘਾਣ ਹੋਇਆ ਉੱਥੇ ਮਾਂ-ਬੋਲੀ ਪੰਜਾਬੀ ਨਾਲ ਵੀ ਡਾਹਢਾ ਧੱਕਾ ਹੋਇਆ। ਪੂਰਬੀ ਪੰਜਾਬ ਵਿਚ ਪੰਜਾਬੀ ਉਪਰ ਹਿੰਦੀ ਹਾਵੀ ਹੋਣ ਲਗ ਪਈ ਅਤੇ ਪੱਛਮੀ ਪੰਜਾਬ ਵਿਚ ਪੰਜਾਬੀ ਨੂੰ ਉਰਦੂ ਨੇ ਦੱਬ ਲਿਆ।

ਆਜ਼ਾਦੀ ਤੋਂ ਬਾਅਦ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਮੰਗ ਦੇ ਸਿਆਸੀਕਰਨ ਨੇ ਪੰਜਾਬ ਤੇ ਪੰਜਾਬੀ ਬੋਲੀ ਦੀ ਜੋ ਦੁਰਦਸ਼ਾ ਕੀਤੀ ਉਹ ਕਿਸੇ ਤੋਂ ਭੁੱਲੀ ਨਹੀਂ ਹੈ। ਹੁਣ ਬੇਸ਼ਕ ਪੰਜਾਬ ਵਿਚ ਪੰਜਾਬੀ ਦਫ਼ਤਰੀ ਭਾਸ਼ਾ ਹੈ ਤੇ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦਾ ਮਾਧਿਅਮ ਪੰਜਾਬੀ ਹੈ।




ਪ੍ਰੰਤੂ ਪ੍ਰਾਈਵੇਟ ਵਿਦਿਅਕ ਅਦਾਰਿਆਂ ਵਿਚ ਪੰਜਾਬੀ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ ਅਤੇ ਉੱਥੇ ਹਿੰਦੀ ਤੇ ਅੰਗਰੇਜ਼ੀ ਦਾ ਬੋਲਬਾਲਾ ਹੈ। ਲੋਕ ਖਾਸ ਤੌਰ 'ਤੇ ਸ਼ਹਿਰੀ ਤਬਕਾ ਪੰਜਾਬੀ ਨਾਲੋਂ ਹਿੰਦੀ ਬੋਲਣ ਨੂੰ ਤਰਜੀਹ ਦੇਂਦਾ ਹੈ। ਜੇਕਰ ਗੱਲ ਪਾਕਿਸਤਾਨ ਵਾਲੇ ਪੱਛਮੀ ਪੰਜਾਬ ਦੀ ਮਾਂ-ਬੋਲੀ ਪੰਜਾਬੀ ਦੀ ਕਰੀਏ ਤਾਂ ਉੱਥੇ ਹਾਲਤ ਹੋਰ ਵਧੇਰੇ ਤਰਸਯੋਗ ਹੈ। ਬੇਸ਼ੱਕ 2008 ਦੀ ਮਰਦਮਸ਼ੁਮਾਰੀ ਅਨੁਸਾਰ ਪਾਕਿਸਤਾਨ ਦੀ ਕੁੱਲ ਅਬਾਦੀ ਦਾ 44% ਕਰੀਬ 7.6 ਕਰੋੜ ਗਿਣਤੀ ਪੰਜਾਬੀ ਬੋਲਣ ਵਾਲਿਆਂ ਦੀ ਹੈ। ਪਰ ਪੰਜਾਬੀ ਲਿਖਣ-ਪੜ੍ਹਨ ਵਾਲਿਆਂ ਦੀ ਗਿਣਤੀ ਨਾਂ ਦੇ ਬਰਾਬਰ ਹੈ ਕਿਉਂਕਿ ਸਰਕਾਰੀ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦਾ ਕੋਈ ਪ੍ਰਬੰਧ ਨਹੀਂ ਹੈ। ਜਦੋਂ ਧਰਮ ਦੇ ਅਧਾਰ 'ਤੇ ਪਾਕਿਸਤਾਨ ਦੀ ਸਥਾਪਨਾ ਹੋਈ ਅਤੇ ਇਹ ਇੱਕ ਮੁਸਲਿਮ ਰਾਸ਼ਟਰ ਬਣ ਗਿਆ ਤਾਂ ਉਰਦੂ ਨੂੰ ਰਾਸ਼ਟਰੀ ਭਾਸ਼ਾ ਦਾ ਦਰਜਾ ਦੇ ਦਿੱਤਾ ਗਿਆ। ਸਰਕਾਰੀ ਕੰਮ-ਕਾਜ ਅੰਗਰੇਜ਼ੀ ਅਤੇ ਉਰਦੂ ਵਿਚ ਕਰਨ ਦੇ ਹੁਕਮ ਜਾਰੀ ਹੋ ਗਏ ਅਤੇ ਸਕੂਲਾਂ ਵਿਚ ਉਰਦੂ ਪੜ੍ਹਾਇਆ ਜਾਣ ਲੱਗਾ। ਆਮ ਲੋਕ ਵੀ ਉਰਦੂ ਪੜ੍ਹਨ ਤੇ ਬੋਲਣ ਨੂੰ ਪਹਿਲ ਦੇਣ ਲੱਗ ਪਏ। ਪੰਜਾਬੀ ਖੇਤਰੀ ਭਾਸ਼ਾ ਬਣ ਕੇ ਰਹਿ ਗਈ ਜਿਸਦੇ ਪੜ੍ਹਨ ਪੜ੍ਹਾਉਣ ਦੀ ਜ਼ਿੰਮੇਵਾਰੀ ਸਰਕਾਰ ਦੀ ਨਹੀਂ ਰਹੀ।

ਇਹ ਤਾਂ ਪ੍ਰਤੱਖ ਹੈ ਕਿ ਦੋਵਾਂ ਪਾਸਿਆਂ ਦੇ ਪੰਜਾਬੀ ਆਪਣੀ ਮਾਂ-ਬੋਲੀ ਪੰਜਾਬੀ ਨਾਲ ਮਤ੍ਰੇਈ ਮਾਂ ਵਾਲਾ ਹੀ ਸਲੂਕ ਕਰਦੇ ਹਨ ਅਤੇ ਅਜਿਹਾ ਕਰਦੇ ਨਾ ਕੋਈ ਸੰਗ-ਸ਼ਰਮ ਮੰਨਦੇ ਤੇ ਨਾ ਹੀ ਉਨ੍ਹਾਂ ਦੇ ਚਿਹਰੇ 'ਤੇ ਰਤਾ ਭਰ ਗਿਲਾਨੀ ਹੈ। ਪਰ ਇਹੋ ਪੰਜਾਬੀ ਜਦੋਂ ਵਿਦੇਸ਼ਾਂ ਵਿਚ ਜਾਂਦੇ ਹਨ ਤਾਂ ਮਾਂ-ਬੋਲੀ ਪੰਜਾਬੀ ਦਾ ਹੇਜ ਜ਼ਰੂਰ ਇਨ੍ਹਾਂ ਅੰਦਰ ਜਾਗਦਾ ਹੈ। ਪਤਾ ਨਹੀਂ ਇਸ ਦਾ ਕਾਰਨ ਮਾਂ-ਭੂਮੀ ਦਾ ਵਿਯੋਗ ਹੈ ਜਾਂ ਦੂਜਿਆਂ ਨੂੰ ਆਪਣੀ ਮਾਂ-ਬੋਲੀ ਨਾਲ ਪਿਆਰ ਕਰਦਾ ਵੇਖ ਆਪਣੀ ਮਾਂ-ਬੋਲੀ ਚੇਤੇ ਆਉਂਦੀ ਹੈ। ਬਾਬੇ ਨਾਨਕ ਦੇ ਚੰਗਿਆਂ ਲਈ 'ਉਜੜ ਜਾਓ' ਦੇ ਵਰ ਨਾਲ ਵਰੋਸਾਏ ਪੰਜਾਬੀ ਪੰਜਾਬ ਤੋਂ ਬਾਹਰ ਪੂਰੀ ਦੁਨੀਆਂ ਵਿਚ ਖਿਲਰੇ ਹਨ। ਪੰਜਾਬੀ ਬੋਲਣ ਵਾਲੇ ਤਿੰਨ ਕੁ ਕਰੋੜ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਮੁੱਖ ਤੌਰ 'ਤੇ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਅਰਬ ਦੇਸ਼ਾਂ ਵਿਚ ਰਹਿੰਦੇ ਹਨ। ਕੈਨੇਡਾ ਵਿਚ ਅੰਗਰੇਜ਼ੀ ਤੇ ਫ੍ਰੈਂਚ ਤੋਂ ਬਾਅਦ ਪੰਜਾਬੀ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਹੈ। 2011 ਦੇ ਨੈਸ਼ਨਲ ਹਾਊਸਹੋਲਡ ਸਰਵੇ ਦੇ ਅੰਕੜਿਆਂ ਅਨੁਸਾਰ ਕੈਨੇਡਾ ਵਿਚ 4,30,705 ਪੰਜਾਬੀ ਬੋਲਣ ਵਾਲੇ ਹਨ। ਇਹ ਕੈਨੇਡਾ ਦੀ ਕੁੱਲ ਅਬਾਦੀ ਦਾ 1.3% ਬਣਦਾ ਹੈ। ਯੂ.ਕੇ. ਵਿਚ ਪੰਜਾਬੀ ਦੂਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਹੈ। ਇਨ੍ਹਾਂ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਪੰਜਾਬੀ ਮਾਂ-ਬੋਲੀ ਦੀ ਠੁੱਕ ਬੰਨ੍ਹਣ ਦੀ ਠਾਣ ਲਈ ਜਾਪਦੀ ਹੈ। ਹਰ ਵਿਦੇਸ਼ੀ ਖਿੱਤੇ ਵਿਚ ਵਸਦੇ ਪੰਜਾਬੀ ਆਪਣੇ ਬੱਚਿਆਂ ਨੂੰ ਮਾਂ-ਬੋਲੀ ਨਾਲ ਜੋੜਨ ਦਾ ਯਤਨ ਜ਼ਰੂਰ ਕਰਦੇ ਹਨ। ਮਾਪੇ ਤੇ ਖਾਸ ਤੌਰ 'ਤੇ ਘਰ ਦੇ ਬਜ਼ੁਰਗ ਆਪਣੇ ਬੱਚਿਆਂ ਨਾਲ ਪੰਜਾਬੀ ਬੋਲਦੇ ਹਨ ਅਤੇ ਜਿੰਨਾ ਵੀ ਹੋ ਸਕੇ ਅਗਲੀ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਸਿਖਾਉਣ ਦੇ ਸਥਾਨਕ ਪੱਧਰ 'ਤੇ ਉਪਰਾਲੇ ਕੀਤੇ ਜਾਂਦੇ ਹਨ। ਕਈ ਜਗ੍ਹਾ 'ਤੇ ਪੰਜਾਬੀ ਇੱਕ ਵਿਸ਼ੇ ਵਜੋਂ ਸਕੂਲਾਂ ਵਿਚ ਵੀ ਲਾਗੂ ਕਰਵਾਈ ਜਾ ਚੁੱਕੀ ਹੈ ਜਾਂ ਯਤਨ ਕੀਤੇ ਜਾ ਰਹੇ ਹਨ।

ਭਾਸ਼ਾ ਮਾਹਿਰਾਂ ਦਾ ਕਹਿਣਾ ਹੈ ਕਿ ਭਾਸ਼ਾ ਲਗਾਤਾਰ ਵਿਕਾਸ ਕਰਦੀ ਹੈ। ਸਮੇਂ ਸਮੇਂ ਸਿਰ ਭਾਸ਼ਾ ਦੂਜੀਆਂ ਭਾਸ਼ਾਵਾਂ ਤੋਂ ਉਧਾਰ ਲਏ ਸ਼ਬਦਾਂ ਨੂੰ ਜਜ਼ਬ ਕਰ ਆਪਣੇ ਬਣਾ ਲੈਂਦੀ ਹੈ। ਪ੍ਰਾਚੀਨ ਪੰਜਾਬੀ ਵਿਚ ਸੰਸਕ੍ਰਿਤ ਅਤੇ ਫਾਰਸੀ ਦੇ ਸ਼ਬਦਾਂ ਦੀ ਬਹੁਤਾਤ ਹੈ। ਇਸੇ ਕਰਕੇ ਗੁਰਬਾਣੀ ਦੀ ਪੰਜਾਬੀ ਵਿਚ ਅੱਜ ਦੀ ਪੰਜਾਬੀ ਨਾਲੋਂ ਬਹੁਤ ਅੰਤਰ ਪ੍ਰਤੀਤ ਹੁੰਦਾ ਹੈ। ਅੱਜ ਦੀ ਪੰਜਾਬੀ ਵਿਚ ਹਿੰਦੀ ਅਤੇ ਅੰਗਰੇਜ਼ੀ ਦੇ ਸ਼ਬਦਾਂ ਦਾ ਰਲਾ ਵਧ ਰਿਹਾ ਹੈ। ਹੋ ਸਕਦਾ ਹੈ ਭਾਸ਼ਾ ਵਿਗਿਆਨੀ ਅਤੇ ਸਭਿਆਚਾਰ ਵਿਗਿਆਨੀ ਇਹਦੇ ਸਬੰਧੀ ਚਿੰਤਤ ਹੋਣ ਪਰ ਮੈਨੂੰ ਇਹ ਪੰਜਾਬੀ ਦਾ ਵਿਕਾਸ ਪ੍ਰਤੀਤ ਹੁੰਦਾ ਹੈ ਅਤੇ ਜਿਸ ਭਾਸ਼ਾ ਦਾ ਵਿਕਾਸ ਹੋ ਰਿਹਾ ਹੋਵੇ ਉਹਦਾ ਭਵਿੱਖ ਹਮੇਸ਼ਾਂ ਰੌਸ਼ਨ ਹੀ ਹੁੰਦਾ ਹੈ।

ਇੱਕ ਹੋਰ ਹਾਂ-ਪੱਖੀ ਪਹਿਲੂ ਵੀ ਦ੍ਰਿਸ਼ਟੀਗੋਚਰ ਕਰਨ ਦੀ ਲੋੜ ਹੈ। ਅਜੋਕੇ ਪੰਜਾਬੀ ਸਿਨੇਮਾ ਅਤੇ ਗੀਤ ਸੰਗੀਤ ਦੀ ਅੱਜ ਬੁਹੁਤ ਚੜ੍ਹਤ ਹੈ। ਇਸ ਦੇ ਦਰਸ਼ਕ ਅਤੇ ਸ੍ਰੋਤੇ ਕੇਵਲ ਪੰਜਾਬੀ ਹੀ ਨਹੀਂ ਬਲਕਿ ਬਹੁ-ਗਿਣਤੀ ਗੈਰ ਪੰਜਾਬੀ ਵੀ ਹਨ। ਇਹ ਪੰਜਾਬੀ ਭਾਸ਼ਾ ਤੇ ਪੰਜਾਬੀ ਬੋਲੀ ਦੀ ਹਰਮਨ-ਪਿਆਰਤਾ ਵਧਾਉਣ ਦਾ ਬਹੁਤ ਵੱਡਾ ਜ਼ਰੀਆ ਹੈ। ਜਿਹੜੀ ਭਾਸ਼ਾ ਚਾਅ ਨਾਲ ਬੋਲੀ ਤੇ ਸੁਣੀ ਜਾਂਦੀ ਹੈ ਉਹ ਭਾਸ਼ਾ ਲੋਕ ਭਾਸ਼ਾ ਹੁੰਦੀ ਹੈ ਅਤੇ ਉਸ ਨੂੰ ਵਧਦੇ ਫੁੱਲਦੇ ਰਹਿਣ ਤੋਂ ਕੋਈ ਰੋਕ ਨਹੀਂ ਸਕਦਾ। ਬਸ ਸਾਫ਼ ਸੁਥਰੇ ਅਤੇ ਮਿਆਰੀ ਸਿਨਮੇ ਅਤੇ ਗੀਤ-ਸੰਗੀਤ ਤਿਆਰ ਕਰਨ ਵੱਲ ਤਵਜੋ ਦੇਣ ਦੀ ਲੋੜ ਹੈ। ਚੰਗੀ ਗੱਲ ਹੈ ਕਿ ਹੁਣ ਇਸ ਪ੍ਰਤੀ ਵੀ ਲੋਕ ਸੁਚੇਤ ਹੋ ਰਹੇ ਹਨ। ਬੌਲੀਵੁੱਡ ਤੋਂ ਬਾਅਦ ਪੌਲੀਵੁੱਡ ਦੀ ਲੋਕਪ੍ਰਿਅਤਾ ਨਿੱਤ ਵਧ ਰਹੀ ਹੈ ਜੋ ਪੰਜਾਬੀ ਭਾਸ਼ਾ ਦੇ ਭਵਿੱਖ ਲਈ ਸ਼ੁਭ ਸ਼ਗਨ ਹੈ।

ਸਿਆਣੇ ਕਹਿੰਦੇ ਹਨ ਕਿ ਭਾਸ਼ਾ ਦੀ ਅਮੀਰੀ ਤੇ ਵਿਕਾਸ ਲਈ ਭਾਸ਼ਾ ਵਿਚ ਸਾਹਿਤ ਅਤੇ ਕਲਾ ਸਿਰਜਣਾ ਦੇ ਯਤਨ ਉਚੇਚੇ ਤੌਰ 'ਤੇ ਕਰਨ ਦੀ ਲੋੜ ਹੁੰਦੀ ਹੈ ਕਿਉਂਕਿ ਸਾਹਿਤ ਅਤੇ ਕਲਾ ਭਾਸ਼ਾ ਦੀ ਅਮੀਰੀ ਵਧਾਉਣ ਦਾ ਸਾਧਨ ਹਨ। ਸਕੂਨ ਦੀ ਗੱਲ ਹੈ ਕਿ ਜਿੱਥੇ ਦੋਵਾਂ ਪੰਜਾਬਾਂ ਵਿਚ ਸਾਹਿਤ ਅਤੇ ਕਲਾ ਦਾ ਸੰਚਾਰ ਹੋ ਰਿਹਾ ਹੈ ਉੱਥੇ ਵਿਦੇਸ਼ਾਂ ਵਿਚ ਪ੍ਰਵਾਸ ਕਰ ਕੇ ਆਏ ਪੰਜਾਬੀ ਮਾਹਿਰ ਤੇ ਪੰਜਾਬੀ ਪ੍ਰੇਮੀ ਸਾਹਿਤਕ ਅਤੇ ਸਭਿਆਚਾਰਕ ਸਭਾਵਾਂ, ਸਮਾਗਮਾਂ ਤੇ ਮੇਲਿਆਂ ਦੁਆਰਾ ਲਗਾਤਰ ਇਸ ਖੇਤਰ ਵਿਚ ਯੋਗਦਾਨ ਪਾ ਰਹੇ ਹਨ। ਪੰਜਾਬੀ ਦੇ ਭਵਿੱਖ ਨੂੰ ਹੋਰ ਸੁਰੱਖਿਅਤ ਬਣਾਉਣ ਅਤੇ ਪੰਜਾਬੀ ਦੀ ਗੁਣਵੱਤਾ ਵਧਾਉਣ ਲਈ ਅਜੇ ਹੋਰ ਬਹੁਤ ਉਪਰਾਲੇ ਲੋੜੀਂਦੇ ਹਨ। ਇਹ ਉਪਰਾਲੇ ਲਗਾਤਾਰ ਤੇ ਵੱਧ ਤੋਂ ਵੱਧ ਕੀਤੇ ਜਾਣ ਅਤੇ ਅਸੀਂ ਮਾਂ-ਬੋਲੀ ਪੰਜਾਬੀ ਨੂੰ ਹਿੱਕ ਨਾਲ ਲਾ ਪਿਆਰ ਸਤਿਕਾਰ ਦੇਂਦੇ ਰਹੀਏ ਤਾਂ ਇਹ ਮਾਖੀਓਂ ਮਿੱਠੀ ਬੋਲੀ ਨੂੰ ਵਧਣ-ਫੁੱਲਣ ਤੋਂ ਦੁਨੀਆਂ ਦੀ ਕੋਈ ਤਾਕਤ ਨਹੀਂ ਰੋਕ ਸਕਦੀ।

ਇਹ ਮਾਂ-ਬੋਲੀ ਹੀ ਹੈ ਜਿਸ ਵਿਚ ਲੋਕ-ਸਾਹਿਤ ਦੀ ਰਚਨਾ ਹੁੰਦੀ ਹੈ, ਲੋਕ-ਗੀਤ ਤੇ ਸੰਗੀਤ ਰਚੇ ਤੇ ਗਾਏ ਜਾਂਦੇ ਹਨ, ਰੀਤੀ ਰਿਵਾਜ ਬਣਾਏ ਤੇ ਮਨਾਏ ਜਾਂਦੇ ਹਨ, ਧਾਰਮਿਕ ਵਿਸ਼ਵਾਸ ਉਪਜਦੇ ਅਤੇ ਸਭਿਆਚਾਰਕ ਸਾਂਝ ਬਣਦੀ ਹੈ। ਸ਼ਾਲਾ! ਮਾਂ-ਬੋਲੀ ਪੰਜਾਬੀ ਦਾ ਅਮੀਰ ਵਿਰਸਾ ਸੰਸਾਰ ਭਰ ਦੀਆਂ ਬੋਲੀਆਂ ਦੀ ਸੁਹਣੀ ਫੁਲਕਾਰੀ 'ਤੇ ਸਦਾ ਖ਼ੂਬਸੂਰਤ ਰੰਗ ਬਣ ਉਘੜਿਆ ਰਹੇ।

## ਮਾਂ-ਬੋਲੀ ਪੰਜਾਬੀ

ਆਪਣੀਆਂ ਸੋਚਾਂ ਦੇ ਅੰਦਰ, ਅਸਾਂ ਜੇ ਇਹ ਗੱਲ ਨਾ ਗੌਲ਼ੀ,
ਤਾਂ ਮਾਂ-ਬੋਲੀ ਪੰਜਾਬੀ ਸਾਡੀ ਇਕ ਦਿਨ ਬਣ ਜਾਏਗੀ ਗੋਲੀ।

ਮੁੱਦਤਾਂ ਪਹਿਲਾਂ ਫ਼ਰੀਦ ਤੇ ਨਾਨਕ ਸੀ ਇਸ ਨੂੰ ਅਪਨਾਇਆ,
ਆਪਣੀ ਬਾਣੀ ਇਸ ਵਿਚ ਰਚ ਕੇ, ਗੁੱਝੀ ਰਮਜ਼ ਸੀ ਖੋਲ੍ਹੀ।

'ਏਕ ਓਂਕਾਰ' ਲਿਖਣ ਦਾ ਮਾਣ ਵੀ, ਇਸ ਦੇ ਹਿੱਸੇ ਆਇਆ,
'ਆਦਿ-ਗ੍ਰੰਥ' ਨੂੰ ਰਚ ਕੇ ਗੁਰੂਆਂ, ਇਸ ਦੀ ਪਾਇਆ ਝੋਲੀ।

ਕਿੱਸਾ-ਕਾਵਿ ਰਚੇਤਾ ਸਾਰੇ ਹੀ, ਸੀ ਇਸ ਨੂੰ ਪਰਣਾਏ,
ਅੱਜ ਵੀ ਬੁੱਲ੍ਹੇ ਦੀਆਂ ਕਾਫ਼ੀਆਂ, ਜਾਵਣ ਮਿਸਰੀ ਘੋਲੀ।

ਮੋਹਨ, ਅੰਮ੍ਰਿਤਾ, ਸ਼ਿਵ, ਪਾਤਰ, ਪਾਸ਼ ਤੇ ਬਾਬਾ ਨਜਮੀ,
ਮੋਢੇ ਡਾਹ-ਡਾਹ ਮਾਂ-ਬੋਲੀ ਦੀ, ਉੱਚੀ ਕੀਤੀ ਏ ਡੋਲੀ।

ਜਿੰਨਾ ਮਰਜ਼ੀ ਲਾਡ ਲਡਾਏ, ਮਾਸੀ 'ਮਾਂ' ਨਹੀਂ ਬਣਦੀ,
ਮਾਸੀ 'ਮਾਂ' ਦੀ ਥਾਂ ਨਾ ਮੱਲ ਲਏ, ਕਿਧਰੇ ਹੌਲ਼ੀ-ਹੌਲ਼ੀ।

ਬੱਚੇ ਪੜ੍ਹਨ ਪੰਜਾਬੀ ਸਾਰੇ, ਆਪਾਂ ਅਹਿਦ ਇਹ ਕਰੀਏ,
ਫਿਰ ਵੇਖੀਂ 'ਝੰਡ' ਤੇਰੀ ਬੋਲੀ, ਅੱਜ ਮੌਲੀ, ਕੱਲ੍ਹ ਮੌਲੀ।

*-ਡਾ. ਸੁਖਦੇਵ ਸਿੰਘ ਝੰਡ*
*ਫ਼ੋਨ : +1 647 567 9128*

## ਇਹਦੀ ਸ਼ਾਨ ਨਵਾਬੀ

ਪੜ੍ਹ ਪੰਜਾਬੀ, ਲਿਖ ਪੰਜਾਬੀ, ਬੋਲ ਪੰਜਾਬੀ ਯਾਰ।
ਮਾਤ-ਭਾਸ਼ਾ ਦਾ ਕਰਨਾ ਸਿੱਖੀਏ, ਆਪਾਂ ਵੀ ਸਤਿਕਾਰ।

ਗੁਰੂਆਂ-ਭਗਤਾਂ ਦਾ ਗ੍ਰੰਥ, ਜੋ ਲਿਖਿਆ ਵਿਚ ਪੰਜਾਬੀ,
ਏਸੇ ਗੁਰੂ ਗ੍ਰੰਥ ਤੋਂ ਮਿਲਦੀ, ਸਾਨੂੰ ਸਮਝ ਖ਼ੁਦਾ ਦੀ,
ਪੰਜਾਬੀ ਇਨਸਾਨ ਬਣਾਇਆ, ਸਾਨੂੰ ਸਿਰਜਣਹਾਰ।
ਮਾਤ-ਭਾਸ਼ਾ ਦਾ...

ਇਸ ਭਾਸ਼ਾ ਵਿੱਚ ਫ਼ਰੀਦ, ਕਬੀਰ ਜੀ, ਰਚੇ ਨੇ ਕਈ ਸ਼ਲੋਕ,
ਦੇਸ਼-ਵਿਦੇਸ਼ 'ਚ ਲੱਖਾਂ, ਏਹੋ ਬੋਲੀ ਬੋਲਣ ਲੋਕ,
ਉਨ੍ਹਾਂ ਦਰਵੇਸ਼ਾਂ ਜਿਹਾ ਹੋਵੇ, ਸਾਡਾ ਵੀ ਕਿਰਦਾਰ।
ਮਾਤ-ਭਾਸ਼ਾ ਦਾ...

ਗੁਰਬਾਣੀ ਤੇ ਸੂਫ਼ੀ ਕਵਿਤਾ, ਵਾਰਾਂ- ਕਿੱਸੇ- ਦੋਹੇ,
ਇਸ ਭਾਸ਼ਾ ਵਿੱਚ ਵਾਰਿਸ ਸ਼ਾਹ ਨੇ, ਇਸ਼ਕ ਦੇ ਨਗ਼ਮੇ ਛੋਹੇ,
ਵਿਚ ਪੰਜਾਬੀ ਲਿਖਿਆ ਪੀਲੂ, ਮੁਕਬਲ, ਅਹਿਮਦ ਯਾਰ।
ਮਾਤ-ਭਾਸ਼ਾ ਦਾ...

ਹਾਸ਼ਮ ਸ਼ਾਹ ਤੇ ਸ਼ਿਵ ਕੁਮਾਰ ਨੇ, ਲਿਖੇ ਨੇ ਬਿਰਹਾ ਗੀਤ,
ਏਸੇ ਭਾਸ਼ਾ ਵਿੱਚ ਲਿਖਦਾ ਹੈ, ਕਵਿਤਾ 'ਨਵ ਸੰਗੀਤ',
ਸਾਰੇ ਨੇ ਪੰਜਾਬੀ, ਹਿੰਦੂ-ਮੁਸਲਿਮ ਤੇ ਸਰਦਾਰ।
ਮਾਤ-ਭਾਸ਼ਾ ਦਾ...

ਕਦੇ ਏਸਨੂੰ ਸਮਝ ਗੰਵਾਰੂ, ਪੈਰਾਂ ਵਿੱਚ ਹੈ ਰੋਲੀ,
ਬੋਲ ਕੇ ਵੇਖ ਪੰਜਾਬੀ ਭਾਸ਼ਾ, ਹੈ ਨਾ ਮਿਸ਼ਰੀ ਘੋਲੀ,
ਮਾਂ-ਬੋਲੀ ਬੋਲਣ ਵਾਲੇ ਨੂੰ, ਨਾ ਪਾਈਏ ਫਿਟਕਾਰ।
ਮਾਤ-ਭਾਸ਼ਾ ਦਾ...

ਪਿਉ-ਦਾਦੇ ਦਾ ਖੋਲ੍ਹ ਵੇਖੀਏ, ਇਹ ਅਨਮੋਲ ਖ਼ਜ਼ਾਨਾ,
ਆਪਸ ਵਿੱਚ ਪੰਜਾਬੀ ਬੋਲੋ, ਕੋਈ ਨਾ ਦਿਸੇ ਬੇਗਾਨਾ,
ਮਾਂ-ਬੋਲੀ ਦਾ ਉੱਚਾ ਰੁਤਬਾ, ਵਿਰਸਾ, ਸਭਿਆਚਾਰ।
ਮਾਤ-ਭਾਸ਼ਾ ਦਾ...

ਜਨਮ-ਮਰਨ ਤੇ ਵਿਆਹ ਦੇ ਮੌਕੇ, ਜਾਂ ਫਿਰ ਖ਼ੁਸ਼ੀ-ਗ਼ਮੀ ਵਿੱਚ,
ਇਹੋ ਭਾਸ਼ਾ ਤ੍ਰਿਪਤੀ ਦੇਵੇ, ਸਾਨੂੰ ਖੁਸ਼ਕ-ਨਮੀ ਵਿੱਚ,
ਗਿਣੇ ਨਾ ਜਾਵਣ ਮਾਂ-ਬੋਲੀ ਦੇ, ਕਿੰਨੇ ਨੇ ਉਪਕਾਰ।
ਮਾਤ-ਭਾਸ਼ਾ ਦਾ...

ਵਿੱਚ ਸੰਸਾਰ ਦੇ ਇਸ ਭਾਸ਼ਾ ਨੂੰ, ਮਿਲਿਆ ਉੱਚਾ ਦਰਜਾ,
ਮੰਨੀਏ ਖ਼ੁਦ ਨੂੰ ਜੇ ਪੰਜਾਬੀ, ਬਿਨ ਇਹਦੇ ਨਾ ਸਰਦਾ,
ਰਫ਼ਤਾ-ਰਫ਼ਤਾ ਕਰਕੇ ਇਸ ਦੀ, ਤੇਜ਼ ਹੋਈ ਰਫ਼ਤਾਰ।
ਮਾਤ-ਭਾਸ਼ਾ ਦਾ...

ਸਮਝੋ-ਸਿੱਖੋ ਹੋਰ ਬੋਲੀਆਂ, ਛੱਡੋ ਨਾ ਪੰਜਾਬੀ,
'ਰੂਹੀ' ਉੱਚੀ ਆਖ ਸੁਣਾਵੇ: ਇਹਦੀ ਸ਼ਾਨ ਨਵਾਬੀ,
ਮਾਂ-ਬੋਲੀ ਸੁਣ ਕੇ ਹੈ ਛਿੜਦੀ, ਕਣ ਕਣ ਵਿੱਚ ਝੁਣਕਾਰ।
ਮਾਤ-ਭਾਸ਼ਾ ਦਾ...

*ਪ੍ਰੋ. ਨਵ ਸੰਗੀਤ ਸਿੰਘ*

# ਕੀ ਸਾਹਿਤ ਵੀ ਵਸਤ ਹੈ?

**ਸਾਹਿਤ ਮੇਲਿਆਂ ਦੇ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਦੇ ਸਾਹਿਤ ਦੀ ਗੱਲ ਕਰਨੀ ਬਣਦੀ ਹੈ। ਇਕ ਸਰਵੇਖਣ ਮੁਤਾਬਿਕ ਦੁਨੀਆ ਵਿਚ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚੋਂ ਪੰਜਾਬੀ ਦਸਵੇਂ ਸਥਾਨ ਹੈ ਪਰ ਪੰਜਾਬੀ ਧੜਿਆਂ ਵਿਚ ਵੰਡੇ ਹੋਏ ਹਨ।**

ਕਲਾ ਪਰਿਕਰਮਾ

ਇਨ੍ਹੀਂ ਦਿਨੀਂ ਪੂਰੀ ਦੁਨੀਆ ਵਿਚ ਸਾਹਿਤ ਤੇ ਹੋਰ ਮੇਲਿਆਂ ਦੀ ਭਰਮਾਰ ਹੈ। ਅਰਬੀ ਦੇ ਸਾਹਿਤਕਾਰ, ਚਿੰਤਕ ਅਨਵਰ ਜ਼ੈਦੀ ਨੇ ਆਪਣੀ ਟਿੱਪਣੀ ਵਿਚ ਠੀਕ ਹੀ ਕਿਹਾ ਹੈ, "ਬਾਜ਼ਾਰ ਅੱਜ ਦੇ ਮਨੁੱਖ ਦੀ ਜ਼ਿੰਦਗੀ ਦਾ ਹਿੱਸਾ ਹੈ ਤੇ ਹੁਣ ਸਾਹਿਤ ਬਾਜ਼ਾਰ ਵਿਚ ਬਦਲ ਗਿਆ ਹੈ।" ਇਹ ਤਲਖ਼ ਟਿੱਪਣੀ ਉਸ ਨੇ ਸ਼ਾਰਜਾਹ ਵਿਚ ਹੋਏ ਕੌਮਾਂਤਰੀ ਪੁਸਤਕ ਮੇਲੇ ਦੇ ਉਦਘਾਟਨੀ ਸਮਾਗਮ ਵਿਚ ਕੀਤੀ ਸੀ ਪਰ ਸਾਹਿਤ ਦੀ ਹਕੀਕਤ ਇਸ ਤੋਂ ਵੀ ਕਿਤੇ ਤਲਖ਼ ਹੈ।

ਪਹਿਲੀ ਫਰਵਰੀ ਤੋਂ 5 ਫਰਵਰੀ ਤੱਕ ਜੈਪੁਰ ਵਿਚ ਕੌਮਾਂਤਰੀ ਸਾਹਿਤ ਮੇਲਾ ਜਿਸ ਨੂੰ ਜੈਪੁਰ ਲਿਟਰੇਚਰ ਫੈਸਟੀਵਲ ਕਿਹਾ ਜਾਂਦਾ ਹੈ, ਸਮਾਪਤ ਹੋ ਗਿਆ। 2006 ਵਿਚ ਸ਼ੁਰੂ ਹੋਇਆ ਇਹ ਮੇਲਾ ਹੁਣ ਦੁਨੀਆ ਦੇ ਕਈ ਹਿੱਸਿਆਂ ਵਿਚ ਵੱਖ-ਵੱਖ ਸਮੇਂ 'ਤੇ ਹੁੰਦਾ ਹੈ। ਇਸ ਸਾਹਿਤ ਮੇਲੇ ਵਿਚ ਦੁਨੀਆ ਭਰ ਦੇ ਸਾਹਿਤਕਾਰਾਂ ਅਤੇ ਹੋਰ ਲੋਕਾਂ ਨੂੰ ਬੁਲਾਇਆ ਜਾਂਦਾ ਹੈ। ਪਛਾਣ ਅਤੇ ਸੱਦਾ ਦੇਣ ਦਾ ਇਹ ਸਿਲਸਿਲਾ ਅਦਭੁੱਤ ਹੈ। ਪਿਛਲੇ ਸਾਲ ਤੋਂ ਇਹ ਮੇਲਾ ਸੁਰਖ਼ੀਆਂ ਵਿਚ ਰਿਹਾ ਅਤੇ ਕਈ ਵਾਰ ਸਰਕਾਰ ਨੂੰ ਦਖ਼ਲ ਦੇਣਾ ਪਿਆ ਸੀ। ਹੁਣ ਇਹ ਮੇਲਾ ਜੈਪੁਰ ਦੇ ਜੇ.ਐੱਲ.ਐੱਨ. ਮਾਰਗ ਦੇ ਮੁੱਖ ਰਸਤੇ 'ਤੇ ਹੋਟਲ ਕਲਾਰਕਸ ਆਮੇਰ ਵਿਚ ਕੀਤਾ ਜਾਂਦਾ ਹੈ। ਇਸ ਵਿਚ ਦੁਨੀਆ ਭਰ ਦੇ ਲੋਕ ਸ਼ਾਮਿਲ ਹੁੰਦੇ ਹਨ।



**ਕ੍ਰਿਸ਼ਨ ਕੁਮਾਰ ਰੱਤੂ**
**ਫੋਨ: +91-94787-30156**

ਇਸ ਸਾਹਿਤ ਮੇਲੇ ਦੇ ਪ੍ਰਬੰਧਕਾਂ ਅਨੁਸਾਰ ਇਸ ਵਾਰ ਇਸ ਵਿਚ 555 ਤੋਂ ਜ਼ਿਆਦਾ ਸ਼ਖ਼ਸੀਅਤਾਂ ਸ਼ਾਮਲ ਹੋਈਆਂ ਜਿਨ੍ਹਾਂ ਨੇ ਦੁਨੀਆ ਵਿਚ ਵੱਖ-ਵੱਖ ਖੇਤਰਾਂ ਵਿਚ ਪ੍ਰਸਿੱਧੀ ਹਾਸਲ ਕੀਤੀ ਹੈ ਪਰ ਇਹ ਸਭ ਕੁਝ ਸਾਹਿਤ ਦੇ ਨਾਮ 'ਤੇ ਵਿਕਦਾ ਹੈ। ਸਾਹਿਤ ਅੱਜ ਉਹ ਉਤਪਾਦ ਹੋ ਗਿਆ ਹੈ ਜਿਸ ਨੂੰ ਜਾਤੀ, ਧਰਮ, ਸਿਆਸਤ ਅਤੇ ਬਾਜ਼ਾਰ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ। ਸੰਜੋਗ ਇਹ ਵੀ ਹੈ ਕਿ ਇਸ ਮੇਲੇ ਦਾ ਸਥਾਨ ਮੇਰੇ ਘਰ ਤੋਂ ਪੰਜ ਮਿੰਟ ਦਾ ਰਸਤਾ ਹੈ ਤੇ ਇਸ ਸਾਹਿਤ ਮੇਲੇ ਵਿਚ ਵਿਚਰਦਿਆਂ ਇਹ ਗੱਲ ਮਨ ਵਿਚ ਵਾਰ-ਵਾਰ ਆਉਂਦੀ ਰਹੀ ਕਿ ਇਹ ਮੇਲਾ ਸਾਹਿਤ ਦਾ ਹੈ ਜਾਂ ਦੂਸਰੇ ਉਤਪਾਦ ਵੇਚਣ ਵਾਲਿਆਂ ਦਾ! ਮਿਸਾਲ ਵਜੋਂ, ਸਾਹਿਤ ਦੇ ਇਸ ਮੇਲੇ ਵਿਚ ਕੁਝ ਕੁ ਉੱਘੇ ਲੇਖਕ ਨਾਵਾਂ ਤੋਂ ਬਿਨਾਂ ਜ਼ਿਆਦਾਤਰ ਅੰਗਰੇਜ਼ੀ ਅਤੇ ਦੂਜੀਆਂ ਭਾਸ਼ਾਵਾਂ ਦੇ ਲੋਕ ਸ਼ਾਮਿਲ ਸਨ ਜਿਨ੍ਹਾਂ ਵਿਚ ਪੁਸਤਕ ਵਿਕਰੇਤਾ ਤੋਂ ਲੈ ਕੇ ਲਾਈਫ ਕੋਚ, ਜ਼ਿੰਦਗੀ ਦੀਆਂ ਸਹੂਲਤਾਂ ਦੀਆਂ ਚੀਜ਼ਾਂ ਦੇ ਬਾਜ਼ਾਰ ਤੇ ਜੋਤਿਸ਼ ਤੋਂ ਲੈ ਕੇ ਯੋਗ ਤੱਕ ਅਤੇ ਅੱਖਾਂ ਦੀ ਖ਼ੂਬਸੂਰਤੀ ਬਣਾਉਣ ਤੋਂ ਲੈ ਕੇ ਸਰੀਰਕ ਪ੍ਰਤਿਕਿਰਿਆਵਾਂ ਦੀਆਂ ਦੁਕਾਨਾਂ ਵੀ ਇੱਥੇ ਦਿਸੀਆਂ। ਇਸ ਵਾਰ ਪਹਿਲੀ ਵਾਰ ਪ੍ਰਤੀ ਵਿਦਿਆਰਥੀ ਟਿਕਟ ਦੇ 100 ਰੁਪਏ ਵਸੂਲੇ ਗਏ। ਇਹ ਟਿਕਟ ਇਸ ਵਾਰੀ 56 ਹਜ਼ਾਰ ਤੋਂ ਜ਼ਿਆਦਾ ਤੱਕ ਮਹਿੰਗੀ ਵੀ ਦੇਖੀ ਗਈ।

ਸਾਹਿਤ ਮੇਲੇ ਦੀ ਸ਼ਾਮ ਨੂੰ ਫਿਊਜ਼ਨ ਜੈਜ਼ ਸੰਗੀਤ ਅਤੇ ਦੂਸਰੀ ਤਰ੍ਹਾਂ ਦੇ ਸੰਗੀਤ ਦਾ ਰੇਲਾ ਵੀ ਦੇਖਿਆ ਗਿਆ ਜਿਹਦੇ ਵਿਚ ਸਥਾਨਕ ਲੋਕ ਸਾਜ਼ ਨਗਾਰਿਆਂ ਦੀ ਧੁਨ ਨੂੰ ਜੈਜ਼ ਮਿਊਜ਼ਿਕ ਦੇ ਇਲੈਕਟਰੋਨਿਕਸ ਸਾਜ਼ਾਂ ਦੇ ਨਾਲ ਵਿਗਾੜ ਕੇ ਪੇਸ਼ਕਾਰੀ ਕੀਤੀ ਗਈ ਅਤੇ ਲੋਕ ਨੱਚਦੇ ਰਹੇ। ਜੇ ਇਹ ਸਾਹਿਤ ਦਾ ਬਾਜ਼ਾਰ ਹੈ ਤਾਂ ਫਿਰ ਸੱਚਮੁੱਚ ਸਾਹਿਤ ਹੁਣ ਇਸ ਸਮਾਜ ਦਾ ਹਿੱਸਾ ਨਹੀਂ ਰਿਹਾ। ਹੁਣ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਸ ਤੋਂ ਕਰੋੜਾਂ ਰੁਪਏ ਹਰ ਸਾਲ ਕਮਾਏ ਜਾਂਦੇ ਹਨ ਅਤੇ ਦੁਨੀਆ ਭਰ ਦੀਆਂ ਸੰਸਥਾਵਾਂ ਅਤੇ ਵਪਾਰਕ ਕੰਪਨੀਆਂ ਰਾਹੀਂ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ। ਇਹ ਫਾਈਵ ਸਟਾਰ ਸਾਹਿਤ ਦਾ ਤਮਾਸ਼ਾ ਕੁਝ ਲੋਕਾਂ ਵਾਸਤੇ ਰੋਜ਼ੀ ਰੋਟੀ ਅਤੇ ਕੁਝ ਵਾਸਤੇ ਵਣਜ ਵਪਾਰ ਹੋ ਗਿਆ ਹੈ ਜਿੱਥੇ ਸਾਹਿਤ ਦੀਆਂ ਦੁਕਾਨਾਂ ਲੱਗਦੀਆਂ ਹਨ ਤੇ ਅੰਗਰੇਜ਼ੀ ਕਿਤਾਬਾਂ 'ਤੇ ਬਹਿਸ ਹੁੰਦੀ ਹੈ। ਉਹ ਕਿਤਾਬਾਂ ਕਦੋਂ ਛਪਦੀਆਂ, ਕਿੱਥੇ ਵਿਕਦੀਆਂ ਹਨ ਅਤੇ ਕੌਣ ਪੜ੍ਹਦਾ ਹੈ? ਇਹ ਰਹੱਸਮਈ ਸੰਸਾਰ ਹੈ ਅਤੇ ਇਸੇ ਸੰਸਾਰ ਵਿਚ ਕੁਝ ਲੇਖਕਾਂ ਦਾ ਸਨਮਾਨ ਅਤੇ ਵਾਹ ਵਾਹ ਹੁੰਦੀ ਹੈ ਜਦੋਂਕਿ ਆਮ ਲੇਖਕਾਂ ਤੇ ਆਮ ਲੋਕਾਂ ਦਾ ਇਸ ਸਭ ਨਾਲ ਕੋਈ ਵਾਹ-ਵਾਸਤਾ ਨਹੀਂ ਹੁੰਦਾ।

ਹੁਣ ਇਹ ਸਾਡੇ ਸਮਾਜ ਦਾ ਇੱਕ ਅਫ਼ਸੋਸਨਾਕ ਪਹਿਲੂ ਬਣ ਰਿਹਾ ਹੈ ਕਿ ਸਾਡੇ ਦੇਸ਼ ਵਿਚ ਲੱਗਣ ਵਾਲੇ ਅਜਿਹੇ ਸਾਹਿਤਕ ਮੇਲੇ ਵੀ ਧੜੇਬੰਦੀ, ਸਿਆਸਤ ਅਤੇ ਸ਼ਬਦੀ ਜੰਗ ਵਿਚ ਉਲਝ ਗਏ ਹਨ। ਮਿਸਾਲ ਵਜੋਂ, ਇਸ ਵਾਰ ਜੈਪੁਰ ਸਾਹਿਤ ਮੇਲੇ ਵਿਚ ਮੁਗ਼ਲ ਟੈਂਟ ਨਹੀਂ ਲਗਾਇਆ ਗਿਆ ਕਿਉਂਕਿ ਪਿਛਲੀ ਵਾਰ ਉਸ ਉਪਰ ਭਾਜਪਾ ਨੇ ਵਿਰੋਧ ਪ੍ਰਗਟਾਇਆ ਸੀ। ਇਸੇ ਤਰ੍ਹਾਂ ਹੋਰ ਵੀ ਬਹੁਤ ਚੀਜ਼ਾਂ ਨੂੰ ਮਨਫ਼ੀ ਕਰ ਕੇ ਇਸ ਨੂੰ ਸਿੱਧਾ-ਸਿੱਧਾ ਬਿਨਾਂ ਕਿਸੇ ਵਿਰੋਧ ਦੇ ਕਰਵਾਇਆ ਹੈ। ਇਸ ਵਿਚ ਦੁਨੀਆ ਭਰ ਦੇ ਖੇਡ ਸਿਤਾਰਿਆਂ, ਕ੍ਰਿਕਟ ਦੀਆਂ ਸ਼ਖ਼ਸੀਅਤਾਂ ਤੋਂ ਲੈ ਕੇ ਬੈਂਕਿੰਗ ਖੇਤਰ ਅਤੇ ਫਿਲਮੀ ਦੁਨੀਆ ਦਾ ਜਲਵਾ ਦਿਖਾਈ ਦਿੱਤਾ। ਕੁਝ ਨਾਵਾਂ ਲਈ ਤਾਂ ਹਰ ਸਾਲ ਇਹ ਮੇਲਾ ਫੈਸ਼ਨ ਅਤੇ ਫਾਈਵ ਸਟਾਰ ਜੈਪੁਰ ਦਾ ਦੌਰਾ ਕਰਨ ਵਾਲੀ ਗੱਲ ਬਣ ਗਿਆ ਹੈ।

ਇਸ ਮੇਲੇ ਵਿਚ ਸਾਹਿਤ ਬਾਰੇ ਨਿਗੂਣਾ ਪੱਖ ਪੇਸ਼ ਕੀਤਾ ਗਿਆ ਜਦੋਂਕਿ ਆਰ.ਐੱਸ.ਐੱਸ. ਦੇ ਜਾਇੰਟ ਜਨਰਲ ਸਕੱਤਰ ਮਨਮੋਹਨ ਵੈਦਿਆ ਨੇ ਇੰਡੀਆ ਦੀ ਬਜਾਇ ਭਾਰਤ 'ਤੇ ਬਹਿਸ ਕੀਤੀ। ਦਰਬਾਰ ਹਾਲ ਤੇ ਹੋਰਨਾਂ ਥਾਵਾਂ 'ਤੇ ਕਿਤਾਬਾਂ ਤੇ ਨੁਮਾਇਸ਼ੀ ਪੁਰਸਕਾਰਾਂ ਦੀ ਵੰਡ ਹੋਈ ਜਿਨ੍ਹਾਂ ਨੂੰ ਭਾਰਤ ਦੇ ਵੱਡੇ ਅਖ਼ਬਾਰਾਂ ਤੇ ਘਰਾਣਿਆਂ ਨੇ ਸਪਾਂਸਰ ਕੀਤਾ।

**ਸਾਹਿਤ ਮੇਲਿਆਂ ਵਿਚ ਬਹੁਤ ਸਾਰੇ ਗ਼ੈਰ-ਅਦਬੀ ਸ਼ਖ਼ਸਾਂ ਦੀਆਂ ਕਿਤਾਬਾਂ ਦਾ ਪ੍ਰਚਾਰ ਦੁਨੀਆ ਭਰ ਵਿਚੋਂ ਗ਼ੈਰ-ਸਾਹਿਤਕ ਪਰ ਉੱਘੀਆਂ ਸ਼ਖ਼ਸੀਅਤਾਂ ਰਾਹੀਂ ਕਰਵਾਇਆ ਜਾਂਦਾ ਹੈ। ਸਵਾਲ ਹੈ: ਅਜਿਹੇ ਮਾਹੌਲ ਵਿਚ ਕੀ ਸਾਹਿਤਕ ਮੇਲਿਆਂ ਤੋਂ ਕਿਸੇ ਸਾਹਿਤਕ ਪ੍ਰਾਪਤੀ ਦੀ ਆਸ ਰੱਖ ਸਕਦੇ ਹਾਂ?**

ਇੱਥੇ ਅੰਗਰੇਜ਼ੀ ਦੇ ਉਹ ਲੇਖਕ ਵੀ ਦੇਖੇ ਜਿਨ੍ਹਾਂ ਦੇ ਨਾਮ ਭਾਰਤੀ ਲੇਖਕਾਂ ਨੇ ਸ਼ਾਇਦ ਹੀ ਸੁਣੇ ਹੋਣ। ਸਭ ਤੋਂ ਵੱਡੀ ਦੁਖਦਾਈ ਗੱਲ ਇਹ ਹੋਈ ਕਿ ਦੇਸ਼ ਦੀ ਦਫ਼ਤਰੀ ਭਾਸ਼ਾ ਹਿੰਦੀ ਬਾਰੇ ਸਭ ਤੋਂ ਘੱਟ ਪ੍ਰੋਗਰਾਮ ਤੇ ਬਹਿਸ ਹੋਈ। ਅੱਸੀ ਫ਼ੀਸਦੀ ਪ੍ਰੋਗਰਾਮ ਅੰਗਰੇਜ਼ੀ ਵਿਚ ਸਨ। ਭਾਰਤ ਦੀਆਂ ਖੇਤਰੀ ਭਾਸ਼ਾਵਾਂ ਨੂੰ ਦੋ ਫ਼ੀਸਦੀ ਸਮਾਂ ਹੀ ਮਿਲਿਆ ਜਿਨ੍ਹਾਂ ਵਿਚ ਰਾਜਸਥਾਨੀ ਅਹਿਮ ਭਾਸ਼ਾ ਸੀ। ਉਂਝ, ਉੱਥੇ ਕੀਤੀ ਜਾਂਦੀ ਲੇਖਕਾਂ ਦੀ ਚੋਣ ਵੱਖਰਾ ਸਵਾਲ ਹੈ। ਭਾਸ਼ਾਵਾਂ ਦੇ ਨੁਮਾਇੰਦਿਆਂ ਵਜੋਂ ਅਜਿਹੇ ਮੇਲਿਆਂ ਵਿਚ ਬੁਲਾਏ ਜਾਂਦੇ ਲੇਖਕ ਵੀ ਉਸੇ ਲੜੀ ਦਾ ਹਿੱਸਾ ਬਣ ਜਾਂਦੇ ਹਨ ਜਿਨ੍ਹਾਂ ਭਾਸ਼ਾਵਾਂ ਦੀ ਪੇਸ਼ਕਾਰੀ ਸਭ ਤੋਂ ਗ਼ੈਰ-ਮਿਆਰੀ ਸੀ।

ਇਸ ਮੇਲੇ ਵਿਚ 24 ਭਾਸ਼ਾਵਾਂ ਵਿਚ ਸੈਸ਼ਨ ਰੱਖੇ ਗਏ ਜਿਨ੍ਹਾਂ ਵਿਚੋਂ 16 ਭਾਰਤੀ ਤੇ ਅੱਠ ਕੌਮਾਂਤਰੀ ਭਾਸ਼ਾਵਾਂ ਸਨ। ਇਸ ਵਾਰ ਫਿਲਮੀ ਜਗਤ ਦੀ ਉੱਘੀ ਹਸਤੀ ਗੁਲਜ਼ਾਰ ਤੋਂ ਲੈ ਕੇ ਸਿਆਸਤਦਾਨ ਸ਼ਸ਼ੀ ਥਰੂਰ ਅਤੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੀ ਧੀ ਸ਼ਰਮਿਸ਼ਠਾ ਮੁਖਰਜੀ 'ਪ੍ਰਣਬ: ਮਾਇ ਫਾਦਰ' ਕਿਤਾਬ ਲੈ ਕੇ ਹਾਜ਼ਰ ਹੋਈ। ਸ਼ਿਵਾਨੀ ਸਿੱਬਲ ਤੋਂ ਲੈ ਕੇ ਰਘੂਰਾਮ ਰਾਜਨ ਤੱਕ ਉਹ ਲੋਕ ਵੀ ਸ਼ਾਮਿਲ ਹੋਏ ਜਿਨ੍ਹਾਂ ਨੂੰ ਸ਼ਾਇਦ ਹੀ ਕਦੇ ਸਾਹਿਤ ਦੀ ਦੁਨੀਆ ਵਿਚ ਦੇਖਿਆ ਜਾਂਦਾ ਹੈ। ਸਾਹਿਤ ਤੋਂ ਇਲਾਵਾ ਹੋਰ ਖੇਤਰਾਂ ਦੀਆਂ ਉੱਘੀਆਂ ਸ਼ਖ਼ਸੀਅਤਾਂ, ਫਿਲਮੀ ਗੀਤਕਾਰ, ਸੰਗੀਤਕਾਰ ਆਦਿ ਇਨ੍ਹਾਂ ਮੇਲਿਆਂ ਵਿਚ ਇਉਂ ਸ਼ਾਮਿਲ ਹੁੰਦੀਆਂ ਹਨ ਜਿਨ੍ਹਾਂ ਦੁਆਲੇ ਇਨ੍ਹਾਂ ਮੇਲਿਆਂ ਦੀ ਸਾਰਥਿਕਤਾ ਘੁੰਮਦੀ ਜਾਪਦੀ ਹੈ। ਨਵੀਂ ਪੀੜ੍ਹੀ ਲਈ ਇਹ ਫਿਲਮੀ ਹਸਤੀਆਂ ਨੂੰ ਦੇਖਣ ਦਾ ਰੋਮਾਂਚ ਭਰਿਆ ਮੌਕਾ ਤਾਂ ਹੈ ਪਰ ਇਸ ਨਾਲ ਸਾਹਿਤ ਦੀ ਗੰਭੀਰਤਾ ਅਤੇ ਵਿਰਾਸਤੀ ਸੱਭਿਆਚਾਰ ਦਾ ਨਮੂਨਾ ਬਿਲਕੁਲ ਲੋਪ ਹੋ ਕੇ ਰਹਿ ਗਿਆ ਹੈ।

ਸਾਹਿਤ ਮੇਲਿਆਂ ਦੇ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਦੇ ਸਾਹਿਤ ਦੀ ਗੱਲ ਕਰਨੀ ਬਣਦੀ ਹੈ। ਇੱਕ ਸਰਵੇਖਣ ਮੁਤਾਬਿਕ ਦੁਨੀਆ ਵਿਚ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚੋਂ ਪੰਜਾਬੀ ਦਸਵੇਂ ਸਥਾਨ ਹੈ ਪਰ ਪੰਜਾਬ ਵਿਚ ਹੁੰਦੇ ਸਾਹਿਤ ਮੇਲਿਆਂ ਦੌਰਾਨ ਪ੍ਰਬੰਧਕ ਅਤੇ ਵੱਖ-ਵੱਖ ਧੜਿਆਂ ਤੇ ਸੰਸਥਾਵਾਂ ਵਿਚ ਵੰਡੇ ਸਾਹਿਤਕਾਰ ਵਪਾਰਕ ਮੁਲਾਹਜ਼ੇਦਾਰੀਆਂ ਹੀ ਨਿਭਾਉਣਗੇ ਤਾਂ ਫਿਰ ਸਾਹਿਤ ਨੂੰ ਬਾਜ਼ਾਰ ਵਿਚ ਵਿਕਦੀ ਸ਼ੈਅ 'ਚ ਬਦਲਣਾ ਕਿੰਨਾ ਕੁ ਔਖਾ ਹੋਵੇਗਾ?

ਪਿਛਲੇ ਕੁਝ ਸਾਲਾਂ ਤੋਂ ਦੇਸ਼-ਵਿਦੇਸ਼ ਵਿਚ ਲੱਗਦੇ ਸਾਹਿਤ ਮੇਲਿਆਂ ਦੇ ਮੱਦੇਨਜ਼ਰ ਇਹ ਕਿਹਾ ਜਾ ਸਕਦਾ ਹੈ ਕਿ ਨਿੱਤ ਬਦਲ ਰਹੀ ਦੁਨੀਆ ਵਿਚ ਸਾਹਿਤ ਇੱਕ ਵਸਤ ਹੈ ਤੇ ਲੇਖਕ ਸਾਹਿਤ ਦਾ ਵਣਜ ਕਰਨ ਵਾਲਾ ਵਿਅਕਤੀ ਜਿਸ ਨੂੰ ਪੁਰਸਕਾਰ ਵੀ ਚਾਹੀਦੇ ਹਨ ਤੇ ਸਨਮਾਨ ਵੀ; ਇਹ ਮੇਲੇ ਉਸ ਲਈ ਇੱਕ ਵੱਖਰਾ ਆਧਾਰ ਬਣ ਸਕਦੇ ਹਨ।


ਸਾਹਿਤ ਮੇਲਿਆਂ ਵਿਚ ਬਹੁਤ ਸਾਰੇ ਗ਼ੈਰ-ਅਦਬੀ ਸ਼ਖ਼ਸਾਂ ਦੀਆਂ ਕਿਤਾਬਾਂ ਦਾ ਪ੍ਰਚਾਰ ਦੁਨੀਆ ਭਰ ਵਿਚੋਂ ਗ਼ੈਰ-ਸਾਹਿਤਕ, ਪਰ ਉੱਘੀਆਂ ਸ਼ਖ਼ਸੀਅਤਾਂ ਰਾਹੀਂ ਕਰਵਾਇਆ ਜਾਂਦਾ ਹੈ। ਇਹ ਅਸਲੀ ਸਾਹਿਤ ਦੇ ਲੇਖਕਾਂ ਅਤੇ ਸਮਾਜ ਨੂੰ ਬਦਲਣ ਦੀ ਸਮਰੱਥਾ ਰੱਖਦੇ ਨਿਰੋਲ ਸਾਹਿਤ ਲਈ ਵੱਡੀ ਚੁਣੌਤੀ ਹੈ। ਸਮਰਪਿਤ ਲੇਖਕ ਤੇ ਵਧੀਆ ਸਾਹਿਤ ਹੀ ਸਮਾਜ ਨੂੰ ਨਵੀਂ ਸੇਧ ਦੇ ਸਕਦਾ ਹੈ।

ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿਉਂਕਿ ਅਸੀਂ ਅਜਿਹੇ ਮਾਹੌਲ ਵਿਚ ਕੀ ਇਨ੍ਹਾਂ ਸਾਹਿਤਕ ਮੇਲਿਆਂ ਤੋਂ ਕਿਸੇ ਸਾਹਿਤਕ ਪ੍ਰਾਪਤੀ ਦੀ ਆਸ ਰੱਖ ਸਕਦੇ ਹਾਂ? ਕਿਉਂਕਿ ਕਿਤਾਬਾਂ ਵੀ ਸਪਾਂਸਰਸ਼ਿਪ ਅਤੇ ਖਪਤ ਬਾਜ਼ਾਰ ਨਾਲ ਜੁੜ ਗਈਆਂ ਹਨ। ਇਸ ਲਈ ਚੇਤੇ ਰਹੇ ਕਿ ਜਦੋਂ ਤੁਹਾਡਾ ਸਾਹਿਤ, ਤੁਹਾਡੀਆਂ ਕਿਤਾਬਾਂ ਮਹਿਜ਼ ਵਸਤ ਬਣ ਜਾਣ ਤਾਂ ਫਿਰ ਉਨ੍ਹਾਂ ਨੂੰ ਕੌਣ ਪੜ੍ਹੇਗਾ, ਕੌਣ ਖਰੀਦੇਗਾ?

## ਆਖ ਤਸਵੀਰਾਂ ਬੋਲਦੀਆਂ


ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਮਾਰਚ 2024 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-627



*ਜਿਧਰ ਗਏ ਨੇ ਬਾਣੀਏ ਉਧਰ ਹੀ ਵਪਾਰ,*
*ਪੁਰਾਣਾ ਵਿਰਸਾ ਗੁੰਮਿਆਂ ਨਾ.ਲੇ ਗਏ ਸਦਾਚਾਰ।*
*ਨਾ ਲੱਜਾਂ ਨਾ ਖ਼ੂਹ ਰਹੇ ਗਾਗਰਾਂ-ਘੜੇ ਗਏ ਪਾਰ,*
*ਨਵੀਂ ਪੀੜ੍ਹੀ ਨੂੰ ਬਣੇ ਅਜੂਬੇ ਸਣੇ ਨਾਰਾਂ ਦੀ ਡਾਰ।*

### ਕੈਪਸ਼ਨ ਮੁਕਾਬਲਾ-625



ਗੁਰਬਤ ਦੀ ਮਾਰੀ ਇਹ ਸੁਆਣੀ,
ਦੇਖੋ ਨਾ.ਲ ਸਹਿਜ ਤੁਰੀ ਜਾਵੇ,
ਪੰਜ ਘੜੇ ਚੁੱਕ ਲਏ ਨੇ ਸਿਰ ਉੱਤੇ,
ਦੋ ਹੱਥੀਂ ਦੋ ਢਾਕਾਂ 'ਤੇ ਟਿਕਾਵੇ।
ਅੰਦਰੋਂ ਟੁੱਟ ਕੇ ਪਰ ਮੁੱਖ ਤੋਂ ਹੱਸ ਕੇ,
ਹੋਕਾ ਵਿਚ ਗ.ਲੀ ਦੇ ਲਾਉਂਦੀ,
ਗੁੰਮ ਗਈ ਕਲਾ ਜੋ ਵਿਰਾਸਤ 'ਚੋਂ,
ਝਾਕੀ ਉਸਦੀ ਹੈ ਦਿਖਲਾਉਂਦੀ।
**-ਸੇਵਾ ਸਿੰਘ 'ਨੂਰਪੁਰੀ'**

---

ਨਾ ਲਈ ਸਿਖਲਾਈ ਕੋਈ
ਡਾਈਟ ਚਾਰਟ ਵੀ ਨਹੀਂ ਬਣਾਇਆ।
ਦੇਹ ਦਾ ਸਮਤੋਲ ਬਣਾ ਕੇ
ਭੁੱਖੇ ਢਿੱਡ ਲਈ ਜੁਗਾੜ ਲਗਾਇਆ।
**-ਜਗਮੀਤ ਸਿੰਘ ਪੰਧੇਰ**
**ਕਲਾਹੜ (ਲੁਧਿਆਣਾ)**

**ਫੋਨ : 98783-31222**

---

ਇਹ ਵੀ ਇਕ ਮਜਬੂਰੀ ਹੈ
ਬਿਨਾਂ ਪੱਥਰ ਡੰਡਾ ਮਾਰਿਆ
ਫਲ ਡਾਲੀ ਤੋਂ
ਸਿੱਧਾ ਮੂੰਹ 'ਚ ਨਹੀਂ ਆਉਂਦਾ
ਹੋਰ ਕੋਈ ਸਾਧਨ ਨਹੀਂ ਤਾਂ
ਖੁਦ ਹੀ ਦੋ ਕੱਛ 'ਚ ਦੋ ਹੱਥ 'ਚ
ਪੰਜ ਚੁੱਕ ਸਿਰ 'ਤੇ ਘਵੇ
ਚੱਲ ਪਈ ਵੇਚਣ
ਦਰ ਦਰ ਦੇ ਹੋਕਾ
ਪੈਰਾਂ ਤੋਂ ਵੀ ਨੰਗੀ
ਇਹ ਤਾਂ ਦਿਲ ਹੀ ਜਾਣਦਾ
ਚਿਹਰੇ ਦੇ ਹਾਵ ਭਾਵ
ਮਸ਼ਰੂਈ ਹਾਸਾ ਵੀ ਨਜ਼ਰ ਆਉਂਦਾ।
ਨੁਮਾਇਸ਼ ਲਾਉਣ ਲਈ
ਕੁਝ ਤਾਂ ਓਹੜ ਪੋਹੜ ਕਰਨਾ ਹੀ ਪਊ।
**-ਦਰਸ਼ਨ ਪਾਲ ਦੋਸਾਂਝ**

---


ਗਰੀਬੀ ਕੀ ਕੀ ਤਮਾਸ਼ੇ ਕਰਾਉਂਦੀ
ਸਮਤੋਲ ਬਣਾਉਣੇ ਪੈਂਦੇ ਨੇ।
ਪੰਜ ਘਵੇ ਸਿਰ 'ਤੇ ਟਿਕਾ ਕੇ
ਦੋ ਦੋ ਬਾਹਾਂ ਦੀਆਂ ਕੱਛਾਂ 'ਚ
ਸ਼ੋਅ 'ਚ ਲੋਕਾਂ ਦੇ ਦਿਲ
ਪਰਚਾਉਣੇ ਪੈਂਦੇ ਨੇ।
ਚਾਰਲੀ ਚੈਪਲਿਨ ਵਾਂਗੂੰ ਭਾਵੇਂ
ਅੰਦਰੋਂ ਦੁਖੀ
ਪਰ ਪੇਟ ਦੀ ਖਾਤਰ ਆਪਣਾ ਆਪ
ਤੇ ਲੋਕ ਹਸਾਉਣੇ ਪੈਂਦੇ ਨੇ।
ਮਨੀਪੁਰ ਦੇ ਪਹਾੜੀ ਖੇਤਰ ਦੀ ਮਹਿਲਾ
ਦੁਨੀਆ ਨੂੰ ਏਕਤਾ ਤੇ
ਭਾਰਤੀ ਭਿੰਨਤਾ ਦਾ
ਅਹਿਸਾਸ ਕਰਾਉਂਦੇ ਨੇ।
**-ਅਮਰਜੀਤ ਸਿੰਘ ਤੂਰ**
**ਫੋਨ: 98784-69639**

# ਸਟ੍ਰੈੱਸ ਤੋਂ ਪ੍ਰੇਸ਼ਾਨ ਹੈ ਹਰ ਆਦਮੀ

*"ਮਾਨਸਿਕ ਪ੍ਰੇਸ਼ਾਨੀਆਂ ਪ੍ਰਤੀ ਜਾਗਰੂਕਤਾ ਲਈ ਮਾਨਸਿਕ ਮਹੀਨਾ ਸਾਲ 2024 ਦਾ ਥੀਮ ਹੈ - ਜਲਵਾਯੂ ਸੰਕਟ ਨਾਲ ਮੁਕਾਬਲਾ। ਮਨੁੱਖੀ ਵਿਵਹਾਰ 'ਚ ਜਲਵਾਯੂ ਬਦਲਾਅ ਕਰਕੇ ਉਸ ਦ੍ਰਿਸ਼ਟੀਕੋਣ ਤੋਂ ਇਸ ਮੁੱਦੇ ਤੱਕ ਪਹੁੰਚ ਅਲੱਗ ਹੋ ਸਕਦੀ ਹੈ। ਮਾਨਸਿਕ ਬਿਮਾਰੀਆਂ ਤੋਂ ਬਚਣ ਲਈ ਵਿਸ਼ਵ ਸਿਹਤ ਸੰਗਠਨ ਵੱਲੋਂ ਚਲਾਈ ਗਈ ਗਲੋਬਲ ਮੁਹਿੰਮ ਦਾ ਹਿੱਸਾ ਬਣਨ ਦੀ ਲੋੜ ਹੈ।"*

ਬੱਚਿਆਂ ਤੋਂ ਲੈ ਕੇ ਹਰ ਉਮਰ ਵਿਚ ਮਾਨਸਿਕ ਬਿਮਾਰੀਆਂ ਦਾ ਅੰਕੜਾ ਵਧਦਾ ਜਾ ਰਿਹਾ ਹੈ, ਜੋ ਕਿਸੇ ਵੀ ਰਾਸ਼ਟਰ ਦੇ ਵਿਕਾਸ ਲਈ ਖਤਰੇ ਤੋਂ ਘੱਟ ਨਹੀਂ ਹੈ। ਸਮਾਜ ਵਿਚ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਇਕ-ਦੂਜੇ ਨੂੰ ਸਟ੍ਰੈੱਸ ਦੇਣ ਦੀ ਥਾਂ ਘਰ ਅੰਦਰ ਤੇ ਬਾਹਰ ਦੇ ਮਾਹੌਲ ਨੂੰ ਚੰਗਾ ਬਣਾ ਕੇ ਰੱਖਣ ਦੀ ਲੋੜ ਹੈ।

ਮਨੋਵਿਗਿਆਨ ਮਹੀਨੇ ਦੇ ਤੌਰ 'ਤੇ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਲਈ ਯਤਨਾਂ ਨੂੰ ਜੁਟਾਉਣ ਲਈ ਮਨਾਇਆ ਜਾ ਰਿਹਾ ਹੈ। ਅੱਜ ਹਰ ਤੀਸਰਾ ਆਦਮੀ ਮਾਨਸਿਕ ਸਮੱਸਿਆ ਤਣਾਅ ਯਾਨਿ ਸਟ੍ਰੈੱਸ ਦਾ ਸ਼ਿਕਾਰ ਹੈ। ਵਰਕ-ਪਲੇਸ ਸਟ੍ਰੈੱਸ



ਅਨਿਲ ਧੀਰ

79%, ਆਰਥਿਕ ਤੰਗੀ 84%, ਸਿਹਤ-ਸੰਬੰਧੀ 78%, ਵਾਤਾਵਰਣ ਤਬਦੀਲੀ 59% ਦਾ ਅੰਕੜਾ ਦੇਖਣ ਨੂੰ ਮਿਲ ਰਿਹਾ ਹੈ। ਸਟ੍ਰੈੱਸ ਕਿਸੇ ਵੀ ਤਬਦੀਲੀ ਪ੍ਰਤੀ ਸਰੀਰ ਦੀ ਪ੍ਰਤੀਕਿਰਿਆ ਹੈ ਜਿਸ ਲਈ ਵਿਵਸਥਾ ਦੀ ਜ਼ਰੂਰਤ ਹੁੰਦੀ ਹੈ। ਸਰੀਰ ਇਹ ਬਦਲਾਅ, ਤੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਪ੍ਰਤੀਕਿਰਿਆਵਾਂ ਨਾਲ ਪ੍ਰਤੀਕਿਰਿਆ ਕਰਦਾ ਹੈ। ਤਣਾਅ ਜ਼ਿੰਦਗੀ ਦਾ ਆਮ ਹਿੱਸਾ ਹੁੰਦਾ ਹੈ। ਕੋਈ ਵੀ ਘਟਨਾ, ਦੁਰਘਟਨਾ, ਜਾਂ ਵਿਚਾਰ, ਗੁੱਸਾ, ਘਬਰਾਹਟ ਅਤੇ ਨਿਰਾਸ਼ਾ, ਸਟ੍ਰੈੱਸ ਦੇ ਸਕਦੀ ਹੈ। ਤੁਸੀਂ ਆਪਣੇ ਮਾਹੌਲ, ਆਪਣੇ ਸਰੀਰ ਅਤੇ ਵਿਚਾਰਾਂ ਦੁਆਰਾ ਸਟ੍ਰੈੱਸ ਮਹਿਸੂਸ ਕਰਦੇ ਹੋ। ਇੱਥੋਂ ਤੱਕ ਕਿ ਸਕਾਰਾਤਮਕ ਜ਼ਿੰਦਗੀ ਵੀ ਬਦਲ ਜਾਂਦੀ ਹੈ। ਜਿਵੇਂ ਤਰੱਕੀ ਅਤੇ ਬੱਚੇ ਦਾ ਜਨਮ ਵੀ ਤਣਾਅ ਪੈਦਾ ਕਰ ਦਿੰਦਾ ਹੈ। ਲੰਬੇ ਸਮੇਂ ਤੱਕ ਰਹਿਣ ਵਾਲਾ ਸਟ੍ਰੈੱਸ ਬਿਮਾਰੀਆਂ ਵੀ ਪੈਦਾ ਕਰ ਸਕਦਾ ਹੈ। ਜੀਵ-ਵਿਗਿਆਨ ਵਿਚ ਤਣਾਅ ਸਰੀਰਕ ਜਾਂ ਮਾਨਸਿਕ ਸਿਹਤ ਲਈ ਖਤਰਿਆਂ ਦੇ ਪ੍ਰਤੀ ਸਰੀਰ ਦੀ ਪ੍ਰਤੀਕਿਰਿਆ ਹੈ। ਗੰਭੀਰ ਤਣਾਅ ਕਾਰਡੀਓਵੈਸਕੁਲਰ ਬਿਮਾਰੀ, ਚਿੰਤਾ ਅਤੇ ਉਦਾਸੀ ਨਾਲ ਜੁੜ ਜਾਂਦੀ ਹੈ। ਘਰੇਲੂ ਹਿੰਸਾ ਤੇ ਲੜਾਈ ਨਾਲ ਜੁੜੀਆਂ ਘਟਨਾਵਾਂ ਦਾ ਸਟ੍ਰੈੱਸ ਅਤੇ ਸਦਮੇ ਤੋਂ ਬਾਅਦ ਪੀਟੀਐਸਡੀ ਦਾ ਕਾਰਨ ਬਣਦੇ ਹਨ। ਵਿਸ਼ਵ ਭਰ ਵਿਚ ਕਈ ਮਿਲੀਅਨ ਲੋਕ ਇਸ ਨਾਲ ਪ੍ਰਭਾਵਿਤ ਹਨ। ਵੱਧ ਤਣਾਅ ਦੀ ਹਾਲਤ ਵਿਚ ਵਿਅਕਤੀ ਦਾ ਵਿਵਹਾਰ ਸੰਵੇਦਨਸ਼ੀਲ ਹੋ ਜਾਣ ਨਾਲ ਨਸ਼ੀਲੇ ਪਦਾਰਥਾਂ ਦੀ ਲਤ ਲੱਗਣ ਦੀ ਸੰਭਾਵਨਾ ਵੀ ਵਧ ਜਾਂਦੀ ਹੈ। ਇਨਸਾਨ ਦੇ ਨਾਲ-ਨਾਲ ਪਾਲਤੂ ਜਾਨਵਰ ਕੁੱਤੇ-ਬਿੱਲੀਆਂ ਵਿਚ ਵੀ ਤਣਾਅ ਦੇ ਲੱਛਣ ਦੇਖੇ ਜਾਂਦੇ ਹਨ। ਸਟ੍ਰੈੱਸ ਦੀ ਹਾਲਤ ਵਿਚ ਜਾਨਵਰਾਂ ਦਾ ਵਿਵਹਾਰ ਬਦਲ ਜਾਂਦਾ ਹੈ।

ਸਟ੍ਰੈੱਸ ਦੇ ਆਮ ਕਾਰਨ, ਪੈਸਾ, ਕੰਮ, ਆਰਥਿਕਤਾ, ਪਰਿਵਾਰਕ ਜ਼ਿੰਮੇਵਾਰੀਆਂ, ਰਿਸ਼ਤੇ, ਨਿੱਜੀ ਸਿਹਤ ਦੇ ਮੁੱਦੇ, ਮਕਾਨ ਦੇ ਖਰਚੇ, ਜੌਬ ਦੀ ਚਿੰਤਾ, ਨਿੱਜੀ ਸੁਰੱਖਿਆ, ਪਰਿਵਾਰਕ ਸਿਹਤ ਸਮੱਸਿਆਵਾਂ, ਨੂੰ ਮੰਨਿਆ ਗਿਆ ਹੈ। ਸੋਚਣ ਦਾ ਨੈਗੇਟਿਵ ਤਰੀਕਾ ਅਤੇ ਵੱਖ ਹੁਨਰ ਚਿੰਤਾ ਵਧਾ ਰਿਹਾ ਹੈ। ਮਾਡਰਨ ਲਾਈਫ ਸਟਾਈਲ ਵਿਚ ਇਨਸਾਨ ਸਰੀਰਕ ਤਣਾਅ- ਜਿਵੇਂ ਸੱਟ, ਇਨਫੈਕਸ਼ਨ, ਸਰਜਰੀ, ਦੂਸ਼ਿਤ ਵਾਤਾਵਰਣ, ਰੇਡੀਏਸ਼ਨ, ਵਧ ਰਿਹਾ ਸ਼ੋਰ, ਵਾਇਰਲ ਇਨਫੈਕਸ਼ਨ, ਥਕਾਵਟ, ਡਾਇਬਟੀਜ਼, ਹਾਰਮੋਨਲ ਬਦਲਾਅ, ਐਲਰਜੀ, ਸੰਵੇਦਨਸ਼ੀਲਤਾ, ਅਣਚਾਹੇ ਸਿਗਰੇਟ-ਇੰਡਸਟਰੀਅਲ ਧੂੰਏਂ ਦਾ ਅਸਰ, ਸਰੀਰ ਅੰਦਰ ਖੁਰਾਕੀ ਤੱਤਾਂ ਦੀ ਕਮੀ ਕਾਰਨ ਘੇਰੇ ਵਿਚ ਆ ਰਿਹਾ ਹੈ। ਮਨੋ-ਵਿਗਿਆਨਕ ਤਣਾਅ ਨਾਰਾਜ਼ਗੀ, ਡਰ, ਨਿਰਾਸ਼ਾ, ਉਦਾਸੀ, ਗੁੱਸਾ, ਬੋਧਿਕ ਤਣਾਅ, ਸਮੇਂ ਦੀ ਤੇਜ਼ ਰਫਤਾਰ, ਚਿੰਤਾ, ਸ਼ਰਮ, ਈਰਖਾ, ਵਿਰੋਧ, ਸਵੈ-ਆਲੋਚਨਾ, ਘਬਰਾਹਟ, ਕੰਟ੍ਰੋਲ ਤੋਂ ਬਾਹਰ ਹੋਣਾ, ਧੋਖਾਧੜੀ, ਹੋ ਜਾਣ ਨਾਲ ਦੇਖਿਆ ਜਾ ਰਿਹਾ ਹੈ। ਸਟ੍ਰੈੱਸ ਸਕਾਰਾਤਮਕ ਵੀ ਹੋ ਸਕਦਾ ਹੈ, ਜਿਵੇਂ ਕਿ ਡੈੱਡਲਾਈਨ ਨੂੰ ਪੂਰਾ ਕਰਨ ਅਤੇ ਸੰਭਾਵਿਤ ਖਤਰੇ ਤੋਂ ਬਚਣ ਲਈ ਮਦਦ ਵੀ ਕਰਦਾ ਹੈ।

ਸਟ੍ਰੈੱਸ ਘਟਾ ਕੇ ਮਨ ਨੂੰ ਰੱਖੋ ਫਿੱਟ:

- ਆਮ ਤਣਾਅ ਦੀ ਹਾਲਤ ਵਿਚ ਮਨ-ਪਸੰਦ ਸੰਗੀਤ ਯਾਨਿ ਨਵੇਂ-ਪੁਰਾਣੇ ਗੀਤ, ਗਜ਼ਲਾਂ, ਕਵਾਲੀਆਂ, ਇੰਸਟਰੂਮੈਂਟਲ ਸੰਗੀਤ ਸੁਣੋ। ਸਟ੍ਰੈੱਸ ਹਾਰਮੋਨ ਕੋਰਟੀਸੋਲ ਨੂੰ ਘਟਾ ਕੇ ਬਲੱਡ-ਪ੍ਰੈਸ਼ਰ ਨੂੰ ਘੱਟ ਕਰ ਕੇ ਸਰੀਰ ਨੂੰ




ਰੀਲੈਕਸ ਕਰਦਾ ਹੈ। ਸਰੀਰ ਅਤੇ ਮਨ 'ਤੇ ਸਕਾਰਾਤਮਕ ਅਸਰ ਪਾਉਂਦਾ ਹੈ।

- ਸਟ੍ਰੈੱਸ ਰਹਿਣ ਦੀ ਹਾਲਤ ਵਿਚ ਆਪਣੇ ਚੰਗੇ ਦੋਸਤਾਂ-ਮਿੱਤਰਾਂ ਨਾਲ ਗੱਲਬਾਤ ਕਰੋ। ਜ਼ਿੰਦਗੀ ਵਿਚ ਚੰਗੇ ਦੋਸਤ ਬੜੇ ਮਹੱਤਵਪੂਰਨ ਹੁੰਦੇ ਹਨ ਜੋ ਸਮੱਸਿਆ ਦੂਰ ਕਰਨ ਵਿਚ ਮਦਦ ਵੀ ਕਰਦੇ ਹਨ। ਘਰ ਵਿਚ ਪਰਿਵਾਰ ਦੇ ਮੈਂਬਰਾਂ ਨਾਲ ਆਪਣੀ ਟੈਨਸ਼ਨ ਬਾਰੇ ਮਸ਼ਵਰਾ ਕਰਨ ਨਾਲ ਰੀਲੈਕਸ ਮਹਿਸੂਸ ਕਰੋ।
- ਰੁਟੀਨ ਦੀ ਟੈਨਸ਼ਨ ਵਿਚ ਆਪਣੇ-ਆਪ ਨੂੰ ਸ਼ਾਂਤਮਈ ਸਮਾਂ ਦੇ ਕੇ ਵਿਚਾਰ ਕਰੋ, ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਪਲੱਸ-ਮਾਈਨਸ ਬਾਰੇ ਗੌਰ ਕਰੋ। ਅਧੂਰੇ ਕੰਮ ਨੂੰ ਪੂਰਾ ਕਰਨ ਲਈ ਕੀ ਕਰਨਾ ਚਾਹੀਦਾ ਹੈ।
- ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਪੌਸ਼ਟਿਕ ਖੁਰਾਕ ਲਵੋ। ਜੰਕ-ਫੂਡ, ਤੰਬਾਕੂ, ਸ਼ਰਾਬ ਤਣਾਅ ਵਧਾ ਸਕਦੀ ਹੈ। ਸ਼ੂਗਰ ਲੀਮਿਟ ਵਿਚ ਖਾਓ। ਤੰਦਰੁਸਤ ਦਿਮਾਗ ਲਈ ਭੋਜਨ ਵਿਚ ਓਮੇਗਾ 3-6-9 ਨੂੰ ਸ਼ਾਮਿਲ ਕਰੋ। ਵਿਟਾਮਿਨ ਸਪਲੀਮੈਂਟਸ, ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰੋ।
- ਚੰਗੇ ਕਾਮੇਡੀ ਸੀਰੀਅਲ ਵੇਖੋ। ਹੱਸਣ ਨਾਲ ਸਰੀਰ ਅੰਦਰ ਐਂਡਰੋਫਿਨ ਰੀਲੀਜ਼ ਹੋਣ ਨਾਲ ਤਣਾਅ ਪੈਦਾ ਕਰਨ ਵਾਲੇ ਹਾਰਮੋਨਜ਼ ਕੋਰਟੀਸੋਲ ਅਤੇ ਐਡਰਨਾਲੀਨ ਦੇ ਪੱਧਰ ਨੂੰ ਘੱਟ ਹੋ ਜਾਣ ਨਾਲ ਤੁਹਾਡਾ ਮਨ ਆਰਾਮ ਮਹਿਸੂਸ ਕਰਦਾ ਹੈ।
- ਐਨਰਜੀ ਡ੍ਰਿੰਕਸ, ਕਾਫੀ, ਬਲੈਕ ਚਾਹ ਦੀ ਥਾਂ ਗ੍ਰੀਨ-ਟੀ ਪੀਣ ਦੀ ਆਦਤ ਪਾ ਲਵੋ। ਕਿਉਂਕਿ ਜ਼ਿਆਦਾ ਕੈਫੀਨ ਕੁੱਝ ਸਮੇਂ ਲਈ ਸਫਾਈ ਪੈਦਾ ਕਰਦੀ ਹੈ ਜੋ ਹਾਈਪੋਥੈਲਮਿਕ - ਪੀਟੁਟਰੀ- ਐਡਰੀਨਲ ਧੁਰੇ ਨੂੰ ਓਵਰਡ੍ਰਾਈਵ ਵਿਚ ਜਾਣ ਦਾ ਕਾਰਨ ਵੀ ਬਣ ਸਕਦਾ ਹੈ। ਜਦਕਿ ਗ੍ਰੀਨ-ਟੀ ਅੰਦਰ ਮੌਜੂਦ ਐਂਟੀਆਕਸੀਡੈਂਟ ਤੇ ਅਮੀਨੋ ਐਸਿਡ ਤੰਤੂ ਪ੍ਰਣਾਲੀ ਨੂੰ ਰੀਲੈਕਸ ਕਰਦਾ ਹੈ।
- ਗਰਮ ਦੁੱਧ, ਤਾਜ਼ੇ ਫਲਾਂ ਦਾ ਰਸ, ਨਮਕੀਨ ਲੱਸੀ ਤੇ ਸ਼ਿਕੰਜੀ, ਮਿਕਸ ਵੈਜੀਟੇਬਲ, ਚਿਕਨ ਸੂਪ ਸਾਦਾ ਪਾਣੀ ਜ਼ਿਆਦਾ ਪੀ ਕੇ ਟੈਨਸ਼ਨ ਘਟਾਓ।
- ਡੇਲੀ ਰੁਟੀਨ ਵਿਚ ਵਰਕ-ਆਊਟ, ਯੋਗਾ, ਸੈਰ, ਦਿਮਾਗੀ ਕਸਰਤ, ਅਤੇ ਬਿਮਾਰੀ ਦੀ ਹਾਲਤ ਵਿਚ ਫਿਜ਼ੀਓ ਥੇਰਾਪਿਸਟ ਦੀ ਸਲਾਹ ਨਾਲ ਸ਼ੁਰੂ ਕਰੋ।
- ਕਾਂਟੀਨੈਂਟਲ ਸ਼ਿਫਟਾਂ ਨੇ ਵਰਕਰਾਂ ਦੀ ਨੀਂਦ ਖਰਾਬ ਕਰ ਦਿੱਤੀ ਹੈ। ਸਰੀਰ ਨੂੰ ਪੂਰੀ ਨੀਂਦ ਨਾ ਮਿਲਣ ਦੀ ਹਾਲਤ ਵਿਚ ਵਿਅਕਤੀ ਤਣਾਅ ਦੇ ਘੇਰੇ ਵਿਚ ਰਹਿੰਦਾ ਹੈ। ਦਿਮਾਗ ਨੂੰ ਪੂਰਾ ਆਰਾਮ ਨਹੀਂ ਮਿਲਦਾ। ਤੰਦਰੁਸਤ ਮਨ ਅਤੇ ਸਰੀਰ ਲਈ ਡੇਲੀ 8-10 ਘੰਟੇ ਦੀ ਨੀਂਦ ਲੈਣੀ ਜ਼ਰੂਰੀ ਹੈ।
- ਜੇ ਪਾਲਤੂ ਕੁੱਤੇ-ਬਿੱਲੀਆਂ ਦਾ ਵਿਵਹਾਰ ਬਦਲ ਜਾਵੇ ਤਾਂ ਉਨ੍ਹਾਂ ਦੀ ਖੁਰਾਕ ਦੇ ਨਾਲ-ਨਾਲ ਡੇਲੀ ਉਨ੍ਹਾਂ ਨਾਲ ਖੇਡੋ, ਪਿਆਰ ਕਰੋ ਅਤੇ ਸੈਰ ਕਰਾਓ। ਲੰਮੇ ਸਮੇਂ ਤੱਕ ਪਾਲਤੂ ਜਾਨਵਰਾਂ ਦੇ ਖਰਾਬ ਵਿਵਹਾਰ ਲਈ ਵੈਟਰਨਰੀ ਸਲਾਹ ਲਵੋ।

ਨੋਟ: ਮਾਨਸਿਕ ਤੰਦਰੁਸਤੀ ਲਈ ਟੈਨਸ਼ਨ ਦੇ ਸ਼ਿਕਾਰ ਬੱਚੇ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ ਦਾ ਖਾਸ ਧਿਆਨ ਰੱਖੋ। ਮਨ ਅਤੇ ਸਰੀਰ ਦੀ ਬਿਮਾਰੀ ਦੀ ਹਾਲਤ ਵਿਚ ਡਾਕਟਰੀ ਇਲਾਜ ਨਾਲ ਸਟ੍ਰੈੱਸ ਕੰਟ੍ਰੋਲ ਕਰਨਾ ਚਾਹੀਦਾ ਹੈ। ਦਿਲ ਦੀ ਆਮ ਸਮੱਸਿਆ ਦੇ ਲੱਛਣ ਸਾਹ ਚੜ੍ਹਨਾ, ਛਾਤੀ ਵਿਚ ਦਰਦ, ਅਨਿਯਮਿਤ ਧੜਕਨ ਅਤੇ ਚੱਕਰ ਆਉਣ ਦੀ ਸ਼ਿਕਾਇਤ ਵਿਚ ਤੁਹਾਡਾ ਫੈਮਿਲੀ ਡਾਕਟਰ ਸਟ੍ਰੈੱਸ ਟੈਸਟ ਦੇ ਨਾਲ ਕਈ ਹੋਰ ਜਾਂਚ ਲਈ ਵੀ ਕਹਿ ਸਕਦੇ ਹਨ।

# ਵੱਧ ਆਬਾਦੀ ਦਾ ਨਫਾ ਕਿ ਨੁਕਸਾਨ?

ਸਾਲ 2023 ਭਾਰਤ ਲਈ ਆਲਮੀ ਪੱਧਰ 'ਤੇ ਬਹੁਤ ਸ਼ਾਨਦਾਰ ਸਾਬਤ ਹੋਇਆ ਹੈ। ਬਹੁਤੇ ਲੋਕਾਂ ਲਈ ਇਸ ਦਾ ਜ਼ਾਹਰਾ ਕਾਰਨ ਭਾਰਤ ਨੂੰ ਜੀ-20 ਦੀ ਮਿਲੀ ਪ੍ਰਧਾਨਗੀ ਅਤੇ ਨਾਲ ਹੀ ਸੰਸਾਰ ਦੇ ਸਭ ਤੋਂ ਵੱਧ ਤਾਕਤਵਰ ਮੁਲਕਾਂ ਨੂੰ ਵਿਵਾਦ ਵਾਲੇ ਆਲਮੀ ਮੁੱਦਿਆਂ ਉਤੇ ਸਾਂਝੇ ਐਲਾਨਨਾਮੇ ਲਈ ਸਹਿਮਤ ਕਰ ਲੈਣਾ ਹੋਵੇਗਾ। ਇਸ ਅਹਿਮ ਸਫ਼ਾਰਤੀ ਤਖ਼ਤ ਪਲਟੇ ਨੇ ਭਾਰਤ ਦੀ 'ਖਾਸ' ਸਥਿਤੀ ਨੂੰ ਜ਼ਾਹਿਰ ਕੀਤਾ

ਮੰਜੀਵ ਸਿੰਘ ਪੁਰੀ

ਅਤੇ ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ਼ ਹੋਈ। ਇਨ੍ਹਾਂ ਤਾਰੀਫ਼ਾਂ ਵਿਚ ਚੰਦਰਯਾਨ-3 ਦੀ ਕਾਮਯਾਬੀ ਵੀ ਸ਼ਾਮਲ ਸੀ।

ਇਹ ਯਕੀਨਨ ਬਹੁਤ ਅਹਿਮ ਪ੍ਰਾਪਤੀਆਂ ਸਨ, ਤਾਂ ਵੀ 2023 ਦਾ ਸਭ ਤੋਂ ਅਹਿਮ ਮੀਲ ਪੱਥਰ ਭਾਰਤ ਦਾ ਆਬਾਦੀ ਪੱਖੋਂ ਸੰਸਾਰ ਦਾ ਸਭ ਤੋਂ ਵੱਡਾ ਮੁਲਕ (ਸਭ ਤੋਂ ਵੱਧ ਆਬਾਦੀ ਵਾਲਾ ਮੁਲਕ) ਬਣ ਜਾਣਾ ਸੀ ਜਿਸ ਨੇ ਇਸ ਮਾਮਲੇ ਵਿਚ ਚੀਨ ਨੂੰ ਦੂਜੇ ਨੰਬਰ ਉਤੇ ਪਛਾੜ ਦਿੱਤਾ ਹੈ। ਇਹ ਆਪਣੇ ਆਪ ਵਿਚ ਉਪਰਲੀ ਥੱਲੇ ਕਰ ਦੇਣ ਵਾਲੀ ਘਟਨਾ ਹੈ ਜਿਸ ਵਿਚ ਭਾਰਤ ਲਈ ਆਉਣ ਵਾਲੇ ਸਾਲਾਂ ਅਤੇ ਦਹਾਕਿਆਂ ਦੌਰਾਨ ਆਲਮੀ ਪੱਧਰ ਉਤੇ ਹਾਂਦਰੂ ਸੰਭਾਵਨਾਵਾਂ ਦੀ ਉਮੀਦ ਛੁਪੀ ਹੋਈ ਹੈ।

ਵੱਡੀ ਆਬਾਦੀ ਆਮ ਕਰ ਕੇ ਭਾਰਤ 'ਚ ਬਹੁਤੇ ਲੋਕਾਂ ਦੀ ਸਮਝ ਵਿਚ ਸਮੱਸਿਆਵਾਂ ਦਾ ਵਧਦਾ ਜਵਾਰ ਭਾਟਾ ਹੈ। ਘਰੇਲੂ ਤੌਰ 'ਤੇ ਇਹ ਸੱਚ ਵੀ ਹੈ; ਇਹ ਜ਼ਾਹਰਾ ਤੌਰ 'ਤੇ ਦੇਸ਼ ਵਿਚ ਧਾਰਨਾਵਾਂ ਨੂੰ ਪ੍ਰਭਾਵਤ ਕਰਦਾ ਹੈ ਪਰ ਇਹ ਸੋਚ ਇਸ ਹਕੀਕਤ ਨੂੰ ਝੁਠਲਾਉਂਦੀ ਹੈ ਕਿ ਖਾਸ ਤੌਰ 'ਤੇ ਜਦੋਂ ਮਾਮਲਾ ਸੰਸਾਰ ਦਾ ਹੋਵੇ ਤਾਂ ਉਹ ਵੱਡੀ ਆਬਾਦੀ ਹੀ ਹੈ ਜਿਹੜੀ ਬਾਜ਼ਾਰ ਦੇ ਆਕਾਰ ਅਤੇ ਨਾਲ ਹੀ ਦੇਸ਼ ਵਿਚ ਦਿਲਚਸਪੀ ਪੈਦਾ ਕਰਦੀ ਹੈ; ਉਦੋਂ ਹੋਰ ਵੀ ਜ਼ਿਆਦਾ ਜਦੋਂ ਇਹ ਉਸੇ ਸਮੇਂ ਵਿਕਾਸ ਅਤੇ ਖ਼ਰੀਦ ਸ਼ਕਤੀ ਨਾਲ ਵੀ ਜੁੜੀ ਹੋਈ ਹੋਵੇ।

ਜਿਉਂ ਹੀ 2023 ਖ਼ਤਮ ਹੋਇਆ ਤਾਂ ਕਰੀਬ ਹਰੇਕ ਅਹਿਮ ਆਰਥਿਕ ਇਕਾਈ ਨੇ ਭਾਰਤ ਨੂੰ ਆਲਮੀ ਅਰਥਚਾਰੇ ਵਿਚ ਵੱਡੇ ਪਸੰਦੀਦਾ ਸਥਾਨ ਵਾਂਗ ਦੇਖਿਆ ਅਤੇ ਇਸ ਤਰ੍ਹਾਂ ਆਗਾਮੀ ਸਾਲਾਂ ਦੌਰਾਨ ਇਸ ਦੀ ਅਹਿਮੀਅਤ ਕਾਫ਼ੀ ਵਧ ਗਈ ਹੈ। ਯਕੀਨਨ ਇਸ ਮਾਮਲੇ ਵਿਚ ਕੁਝ ਹੋਰ ਅਹਿਮ ਕਾਰਨ ਵੀ ਸ਼ਾਮਲ ਹਨ ਜਿਵੇਂ ਕੋਵਿਡ-19 ਮਹਾਮਾਰੀ ਤੋਂ ਬਾਅਦ ਚੀਨ ਨੂੰ ਪੇਸ਼ ਆ ਰਹੀ ਲਗਾਤਾਰ ਮਾਲੀ ਗਿਰਾਵਟ ਵਾਲੀ ਸਥਿਤੀ ਅਤੇ ਯੂਰੋਪ ਨੂੰ ਰੂਸ-ਯੂਕਰੇਨ ਜੰਗ ਦੇ ਸਿੱਟੇ ਵਜੋਂ ਪੇਸ਼ ਮੁਸ਼ਕਿਲਾਂ। ਇਸ ਲਈ ਇਸ ਤੱਥ ਵਿਚ ਹੁਣ ਕੋਈ ਵੀ ਸ਼ੱਕ-ਸ਼ੁਬਹਾ ਨਹੀਂ ਹੈ ਕਿ ਭਾਰਤ 2030 ਤੱਕ ਅਮਰੀਕਾ ਅਤੇ ਚੀਨ ਤੋਂ ਬਾਅਦ ਸੰਸਾਰ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣ ਜਾਵੇਗਾ; ਸਗੋਂ ਇਸ ਤੋਂ ਕਿਤੇ ਦਿਲਚਸਪ ਇਹ ਸੰਭਾਵਨਾਵਾਂ ਹਨ ਕਿ ਭਾਰਤ 2070 ਤੱਕ ਅਮਰੀਕਾ ਨੂੰ ਪਛਾੜ ਕੇ ਦੁਨੀਆ ਦਾ ਦੂਜਾ ਵੱਡਾ ਅਰਥਚਾਰਾ ਬਣ ਜਾਵੇਗਾ। ਬੁਨਿਆਦੀ ਤੌਰ 'ਤੇ ਇਹ ਸਾਰਾ ਵਰਤਾਰਾ ਭਾਰਤ ਦੀ ਆਬਾਦੀ ਦੀ ਸ਼ਕਤੀ ਦਾ ਸਿੱਟਾ ਹੈ, ਭਾਵੇਂ ਅੱਜ ਵੀ ਮੁਲਕਾਂ ਦੀ ਪ੍ਰਤੀ ਵਿਅਕਤੀ ਆਮਦਨ ਵਿਚ 193 ਮੁਲਕਾਂ ਵਿਚੋਂ ਭਾਰਤ 145ਵੇਂ ਸਥਾਨ ਉਤੇ ਹੈ।

ਆਲਮੀ ਮਾਨਤਾ ਦੇ ਮਾਮਲੇ ਵਿਚ ਆਕਾਰ ਦੀ ਅਹਿਮੀਅਤ ਹੈ ਪਰ ਇਸ ਵਿਚ ਮੁੱਖ ਵਾਧਾ ਮਹਿਜ਼ ਸਮੁੱਚਤਾ ਨਹੀਂ ਸਗੋਂ ਪਲੇਸਮੈਂਟ (ਸਥਾਨ) ਹੈ। ਭਾਰਤ ਦੇ ਆਕਾਰ ਅਤੇ ਇਸ ਦੇ ਬਾਜ਼ਾਰ ਵਿਚ ਅਪਰੈਲ 2023 ਦੌਰਾਨ ਉਸੇ ਸਮੇਂ ਅਚਾਨਕ ਤੇਜ਼ ਵਾਧਾ ਨਹੀਂ ਹੋਇਆ ਜਦੋਂ ਸੰਯੁਕਤ ਰਾਸ਼ਟਰ ਨੇ ਇਸ ਨੂੰ ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਮੁਲਕ ਵਜੋਂ ਮਾਨਤਾ ਦਿੱਤੀ। ਭਾਰਤ ਪਹਿਲਾਂ ਵੀ ਵਿਸ਼ਾਲ ਬਾਜ਼ਾਰ ਸੀ ਅਤੇ ਅਗਾਂਹ ਵੀ ਰਹੇਗਾ ਪਰ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਹੋਣਾ ਮਾਨਤਾ ਦੇ ਪੱਖ ਤੋਂ ਭਾਰੀ ਫ਼ਰਕ ਪੈਦਾ ਕਰਦਾ ਹੈ, ਭਾਵੇਂ ਆਰਥਿਕ ਪੱਖੋਂ ਸਿਆਣੇ ਕਾਰਪੋਰੇਟ ਦਿੱਗਜਾਂ ਲਈ ਅਜਿਹਾ ਨਾ ਹੋਵੇ ਪਰ ਸੰਸਾਰ ਭਰ ਦੇ ਲੋਕਾਂ ਵਿਚ ਅਜਿਹਾ ਹੈ ਅਤੇ ਨਾਲ ਹੀ ਇਹ, ਇਸ ਨਾਲ ਜੁੜੀ ਹੋਈ ਸਿਆਸੀ ਮਾਨਤਾ ਵੀ ਦਿਵਾਉਂਦਾ ਹੈ। ਇਕ ਤਰ੍ਹਾਂ ਇਹ ਸਭ ਕੁਝ ਇਉਂ ਹੈ ਜਿਵੇਂ ਕੋਈ ਬੱਚਾ ਜੋ ਜਮਾਤ ਵਿਚ ਅੱਵਲ ਆਉਂਦਾ ਹੈ, ਉਸੇ ਨੂੰ ਸਾਰੀਆਂ ਤਾਰੀਫ਼ਾਂ ਮਿਲਦੀਆਂ ਹਨ ਜਾਂ ਫਿਰ ਕੋਈ ਓਲੰਪੀਅਨ ਜੋ ਸੋਨ ਤਗ਼ਮਾ ਜਿੱਤਦਾ ਹੈ; ਭਾਵੇਂ ਉਸ ਤੋਂ ਬਾਅਦ ਵਾਲਾ ਬਿਹਤਰੀਨ ਖਿਡਾਰੀ ਕਿੰਨਾ ਵੀ ਵਧੀਆ ਕਿਉਂ ਨਾ ਹੋਵੇ, ਉਸ ਨੂੰ ਚਾਂਦੀ ਉਤੇ ਹੀ ਸਬਰ ਕਰਨਾ ਪਵੇਗਾ।

ਭਾਰਤ ਵਾਸੀਆਂ ਲਈ ਇਹ ਮੰਨਣ ਦੀ ਵਜ੍ਹਾ ਹੈ ਕਿ ਦੁਨੀਆ ਦੇ ਸਕੂਲੀ ਵਿਦਿਆਰਥੀਆਂ ਨੇ ਸਾਡੇ ਦੇਸ਼ ਦਾ ਨਾਂ ਜ਼ਰੂਰ ਸੁਣਿਆ ਹੈ। ਲਾਤੀਨੀ ਅਮਰੀਕਾ ਜਾਂ ਅਫ਼ਰੀਕਾ ਵਿਚਲੇ ਕਿਸੇ ਅਜਿਹੇ ਸ਼ਖ਼ਸ ਬਾਰੇ ਸੋਚੋ ਜਿਸ ਨੇ ਸੰਸਾਰ ਭੂਗੋਲ ਦਾ ਸਿਰਫ਼ ਇਕ ਹੀ ਅਧਿਆਇ ਪੜ੍ਹਿਆ ਹੋਵੇ। ਇਸ ਸੰਭਾਵਨਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਹਾਲ ਦੀ ਘੜੀ ਭਾਰਤ ਨੂੰ ਇਸ ਵਿਚ ਕਵਰ ਨਹੀਂ ਕੀਤਾ ਗਿਆ ਹੋਵੇਗਾ ਪਰ ਸੰਸਾਰ ਭੂਗੋਲ ਦੇ ਪਹਿਲੇ ਅਧਿਆਇ ਵਿਚ ਚੀਨ ਦਾ ਜ਼ਿਕਰ ਜ਼ਰੂਰ ਹੋਵੇਗਾ। ਹੁਣ ਇਹ ਕੁਝ ਬਦਲ ਜਾਵੇਗਾ।

ਇਹੀ ਨਹੀਂ ਸਗੋਂ ਸੰਸਾਰ ਦਾ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਹੋਣ ਦੇ ਨਾਤੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਚੀਨ ਦੀ ਪੱਕੀ ਸੀਟ ਸਬੰਧੀ ਵਾਜਬੀਅਤ ਨੂੰ ਵੀ ਵੰਗਾਰਿਆ ਜਾ ਸਕਦਾ ਹੈ। ਸਾਲ 1945 ਵਿਚ ਜਦੋਂ ਸੰਯੁਕਤ ਰਾਸ਼ਟਰ ਦੇ ਚਾਰਟਰ ਉਤੇ ਸਹੀ ਪਾਈ ਗਈ ਸੀ ਤਾਂ ਭਾਰਤ (ਅਣਵੰਡਿਆ) ਹੀ ਆਬਾਦੀ ਪੱਖੋਂ ਸੰਸਾਰ ਦਾ ਸਭ ਤੋਂ ਵੱਡਾ ਮੁਲਕ ਸੀ ਪਰ ਉਦੋਂ ਇਹ ਬਰਤਾਨੀਆ ਦੀ ਬਸਤੀ ਸੀ। ਚੀਨ ਵੀ ਭਾਵੇਂ ਕਾਫ਼ੀ ਹੱਦ ਤੱਕ ਬਸਤੀਵਾਦੀ ਤਾਕਤਾਂ ਦੇ ਅਧੀਨ ਸੀ ਪਰ ਇਹ ਕਹਿਣ ਲਈ ਆਜ਼ਾਦ ਮੁਲਕ ਸੀ। ਉਸ ਨੂੰ ਪੱਕੀ ਮੈਂਬਰੀ ਦਿੱਤੇ ਜਾਣ ਨੂੰ ਸ਼ਮੂਲੀਅਤ ਵਾਲੀ ਕਾਰਵਾਈ ਵਜੋਂ ਪੇਸ਼ ਕੀਤਾ ਗਿਆ ਸੀ। ਇਸ ਦਾ ਸੰਸਾਰ ਦੇ ਸਭ ਤੋਂ ਵੱਡੇ ਅਰਥਚਾਰਿਆਂ ਵਿਚ ਸ਼ੁਮਾਰ ਹੋਣਾ ਤਾਂ ਮਹਿਜ਼ ਹਾਲੀਆ ਹਕੀਕਤ ਹੈ ਅਤੇ ਇਸ ਦੀ ਆਲਮੀ ਦੱਖਣ ਵਿਚ ਨੁਮਾਇੰਦਗੀ ਜੇ ਕਿਸੇ ਮਾਮਲੇ ਵਿਚ ਹੋਵੇ, ਇਸ ਦੀ ਆਪਣੀ ਹੀ ਮਾਲੀ ਤਰੱਕੀ ਕਾਰਨ ਚੁਣੌਤੀ ਹੇਠ ਹੈ।

ਜੋ ਹੋ ਚੁੱਕਾ, ਉਹ ਨਹੀਂ ਬਦਲੇਗਾ ਪਰ ਸੰਸਾਰ ਦੇ ਸਭ ਤੋਂ ਵੱਧ ਆਬਾਦੀ ਵਾਲੇ ਮੁਲਕ ਵਜੋਂ ਮਿਲੀ ਮਾਨਤਾ ਨਾਲ ਭਾਰਤ ਨੂੰ ਆਗਾਮੀ ਸਮੇਂ ਦੌਰਾਨ ਯਕੀਨਨ ਲੀਡਰਸ਼ਿਪ ਵਾਲਾ ਰੁਤਬਾ ਹਾਸਲ ਹੋਵੇਗਾ। ਇਹ ਪਹਿਲਾ ਰੁਤਬਾ ਭਾਰਤ ਨੂੰ ਆਪਣੇ ਪ੍ਰਸੰਗ ਤੈਅ ਕਰਨ ਦਾ ਖਾਸ ਮੌਕਾ ਵੀ ਦਿੰਦਾ ਹੈ ਜਿਸ ਵਿਚ ਐਨ ਸ਼ੁਰੂ 'ਚ ਹੀ ਆਲਮੀ ਦੱਖਣ ਦਾ ਨਜ਼ਰੀਆ ਪੇਸ਼ ਕਰਨਾ ਅਤੇ ਆਲਮੀ ਨਿਯਮਾਂ ਨੂੰ ਆਕਾਰ ਦੇਣਾ ਵੀ ਸ਼ਾਮਲ ਹੈ। ਇਹ ਕੁਝ ਧਾਰਨਾਵਾਂ ਨੂੰ ਬਦਲਦਾ ਹੈ ਅਤੇ ਧਾਰਨਾਵਾਂ ਹੀ ਖ਼ਾਸਕਰ ਆਲਮੀ ਪ੍ਰਸ਼ਾਸਨ ਵਿਚ ਬਹੁਤ ਜ਼ਿਆਦਾ ਅਹਿਮੀਅਤ ਰੱਖਦੀਆਂ ਹਨ। ਬਹੁਧਿਰਵਾਦ ਦੇ ਸਮੁੱਚੇ ਇਤਿਹਾਸ ਦੌਰਾਨ ਭਾਰਤੀ ਸਫ਼ੀਰ ਕਦੇ ਵੀ ਦੂਜੇ ਨੰਬਰ ਉਤੇ ਖੜ੍ਹਣ ਲਈ ਆਖੇ ਜਾਣ ਖ਼ਿਲਾਫ਼ ਬਹਿਸ ਨਹੀਂ ਕਰ ਸਕੇ ਪਰ ਹੁਣ ਤੋਂ ਭਾਰਤ ਕੋਲ 'ਪਹਿਲੇ ਨੰਬਰ ਉਤੇ ਖੜ੍ਹੇ ਹੋਣ' ਦਾ ਮੌਕਾ ਹੋਵੇਗਾ।

ਨਵੀਂ ਦਿੱਲੀ ਵਿਚ ਹਾਲੀਆ ਕਾਨਫਰੰਸ ਦੌਰਾਨ ਚੀਨੀ ਸਫ਼ੀਰਾਂ ਨੂੰ ਇਸ ਬਾਰੇ ਸੁਣਨ ਨੂੰ ਮਿਲਿਆ ਅਤੇ ਉਨ੍ਹਾਂ ਵਿਚੋਂ ਇਕ ਜਣਾ ਇਸ ਤਬਦੀਲੀ ਕਾਰਨ ਥੋੜ੍ਹਾ ਨਾਖ਼ੁਸ਼ ਦਿਖਾਈ ਦਿੱਤਾ। ਉਂਝ, ਛੇਤੀ ਹੀ ਉਸ ਦੇ ਚਿਹਰੇ ਉਤੇ ਮੁਸਕਰਾਹਟ ਆ ਗਈ, ਸੰਭਵ ਤੌਰ 'ਤੇ ਉਸ ਨੂੰ ਇਹ ਅਹਿਸਾਸ ਹੋ ਗਿਆ ਹੋਵੇਗਾ ਕਿ ਆਗਾਮੀ ਦਹਾਕਿਆਂ ਦੌਰਾਨ ਉਸ ਦਾ ਮੁਲਕ ਵੱਖ ਵੱਖ ਮੁਲਕਾਂ ਦੀ ਜੀ.ਡੀ.ਪੀ. ਸਬੰਧੀ ਵੱਖਰੀ ਕਤਾਰ ਵਿਚ ਸਭ ਤੋਂ ਅੱਵਲ ਦਰਜੇ ਉਤੇ ਹੋਵੇਗਾ ਜਿਥੇ ਭਾਰਤ ਦੂਜੀ ਥਾਂ 'ਤੇ ਹੋਵੇਗਾ। ਅਤੀਤ ਵਿਚਲੇ ਅਹਿਮ ਲੋਕਾਂ ਨੂੰ ਸ਼ਾਇਦ ਇਹ ਪਸੰਦ ਨਾ ਹੋਵੇ ਪਰ ਵਿਸ਼ਵੀਕਰਨ ਅਤੇ ਆਬਾਦੀ ਇਸ ਰੁਝਾਨ ਨੂੰ ਪੱਕਾ ਬਣਾਉਂਦੇ ਹਨ। ਦੂਜੇ ਪਾਸੇ ਭਾਰਤ ਵਿਚ ਜਿਹੜੇ ਲੋਕ ਸਿਰ ਫੜੀ ਬੈਠੇ ਹਨ ਅਤੇ ਦੇਸ਼ ਦੀ ਵਧਦੀ ਆਬਾਦੀ ਕਾਰਨ ਦੁਖੀ ਹਨ, ਉਨ੍ਹਾਂ ਨੂੰ ਇਸ (ਵੱਧ ਆਬਾਦੀ) ਦੇ ਸੰਭਾਵੀ ਆਲਮੀ ਫ਼ਾਇਦਿਆਂ ਨੂੰ ਚੇਤੇ ਕਰਨਾ ਚਾਹੀਦਾ ਹੈ। ਜੋ ਵੀ ਹੋਵੇ, ਅੱਵਲ ਦਰਜਾ ਬਣਨ ਨਾਲ ਅਸਲੀ ਅੰਕੜਾ ਨਹੀਂ ਬਦਲਦਾ, ਤਾਂ ਵੀ ਇਹ ਆਲਮੀ ਧਾਰਨਾਵਾਂ ਵਿਚ ਬਹੁਤ ਵੱਡੀ ਅਤੇ ਹਾਂਦਰੂ ਤਬਦੀਲੀ ਲਿਆਉਂਦਾ ਹੈ।

# ਜੈਤੋ ਸਾਕੇ ਦੇ ਸੌ ਸਾਲ

***ਗੁਰਦੁਆਰਾ ਗੰਗਸਰ ਸਾਹਿਬ, ਜੈਤੋ 'ਚ ਅਖੰਡ ਪਾਠ ਖੰਡਤ ਕਰਨ ਖਿਲਾਫ ਸਤੰਬਰ 1923 ਤੋਂ ਮੋਰਚਾ ਲੱਗਿਆ ਹੋਇਆ ਸੀ। ਚਾਰ ਮਹੀਨੇ ਲਗਾਤਾਰ ਜਥਿਆਂ ਦੀਆਂ ਗ੍ਰਿਫ਼ਤਾਰੀਆਂ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 500 ਸਿੰਘਾਂ ਦਾ ਜਥਾ ਭੇਜਣ ਦਾ ਫ਼ੈਸਲਾ ਕੀਤਾ। ਇਸ ਫ਼ੈਸਲੇ ਤਹਿਤ ਪਹਿਲਾ ਜਥਾ 9 ਫਰਵਰੀ 1924 ਨੂੰ ਸ੍ਰੀ ਅੰਮ੍ਰਿਤਸਰ ਤੋਂ ਰਵਾਨਾ ਹੋਇਆ। ਪੁਲਿਸ ਨੇ 21 ਫਰਵਰੀ ਨੂੰ ਜੈਤੋ ਪੁੱਜੇ ਇਸ ਜਥੇ 'ਤੇ ਗੋਲੀ ਚਲਾ ਦਿੱਤੀ ਜਿਸ ਕਾਰਨ 21 ਸਿੰਘ ਸ਼ਹੀਦ ਅਤੇ 60 ਹੋਏ।***

ਗੁਰਦੁਆਰਾ ਗੰਗਸਰ, ਜੈਤੋ ਵਿਚ 14 ਸਤੰਬਰ 1923 ਨੂੰ ਅਖੰਡ ਪਾਠ ਖੰਡਿਤ ਕੀਤੇ ਜਾਣ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਾਸ਼ਚਿਤ ਵਜੋਂ ਉਸੇ ਅਸਥਾਨ ਉੱਤੇ ਇੱਕ ਸੌ ਇੱਕ ਅਖੰਡ ਪਾਠ ਕਰਨ ਦਾ ਫ਼ੈਸਲਾ ਕੀਤਾ। ਇਸ ਨੂੰ ਅਮਲ ਵਿਚ ਲਿਆਉਣ ਵਾਸਤੇ 25-25 ਸਿੰਘਾਂ ਦਾ ਜਥਾ ਮੁਕਤਸਰ ਤੋਂ ਚੱਲ ਕੇ ਜੈਤੋ ਪੁੱਜਣ ਦਾ ਸਿਲਸਿਲਾ ਕਈ ਮਹੀਨਿਆਂ ਤੋਂ ਜਾਰੀ ਸੀ। ਤਿੰਨ ਹਜ਼ਾਰ ਤੋਂ ਉੱਪਰ ਸਿੰਘ ਗ੍ਰਿਫ਼ਤਾਰੀਆਂ ਦੇ ਚੁੱਕੇ ਸਨ ਪਰ ਨਾ ਪੰਜਾਬ ਸਰਕਾਰ ਅਤੇ ਨਾ ਹੀ ਨਾਭਾ ਰਿਆਸਤ ਦੇ ਪ੍ਰਸ਼ਾਸਕ ਦੇ ਕੰਨਾਂ ਉੱਤੇ ਜੂੰ ਸਰਕੀ। ਇਹ ਵੇਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ 500 ਸਿੰਘਾਂ ਉੱਤੇ ਆਧਾਰਿਤ ਜਥਾ ਭੇਜਣ ਦਾ ਫ਼ੈਸਲਾ ਕੀਤਾ। ਇਸ ਜਥੇ ਨੇ 'ਕਰੋ ਜਾਂ ਸ਼ਹੀਦ ਹੋ ਜਾਓ' ਦਾ ਵਿਚਾਰ ਧਾਰਨ ਕਰ ਕੇ ਚੱਲਣਾ ਸੀ। ਇਸ ਲਈ ਇਸ ਨੂੰ 'ਸ਼ਹੀਦੀ ਜਥੇ' ਦਾ ਨਾਂ ਦਿੱਤਾ ਗਿਆ।



ਗੁਰਦੇਵ ਸਿੰਘ ਸਿੱਧੂ
ਫੋਨ: +91-94170-49417

ਫ਼ੈਸਲਾ ਹੋਇਆ ਕਿ ਪਹਿਲਾ ਸ਼ਹੀਦੀ ਜਥਾ 9 ਫਰਵਰੀ 1924 ਨੂੰ ਅੰਮ੍ਰਿਤਸਰ ਤੋਂ ਰਵਾਨਾ ਹੋ ਕੇ ਪਿੰਡਾਂ ਵਿਚਦੀ ਪ੍ਰਚਾਰ ਕਰਦਿਆਂ 21 ਫਰਵਰੀ ਨੂੰ ਜੈਤੋ ਪਹੁੰਚੇ। ਦੋਵੇਂ ਦਿਨ ਇਤਿਹਾਸਕ ਮਹੱਤਤਾ ਵਾਲੇ ਸਨ। ਨੌਂ ਫਰਵਰੀ ਨੂੰ ਬਸੰਤ ਪੰਚਮੀ ਸੀ ਜਿਸ ਦਿਨ 'ਧਰਮੀ ਹਕੀਕਤ ਰਾਏ' ਨੇ ਆਪਣੇ ਧਰਮ ਉੱਤੇ ਦ੍ਰਿੜ੍ਹ ਰਹਿੰਦਿਆਂ ਮੁਗ਼ਲ ਹਾਕਮਾਂ ਹੱਥੋਂ ਸ਼ਹੀਦੀ ਪ੍ਰਾਪਤ ਕੀਤੀ ਸੀ ਅਤੇ 21 ਫਰਵਰੀ ਦਾ ਦਿਨ ਤਿੰਨ ਸਾਲ ਪਹਿਲਾਂ ਵਾਪਰੇ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨਾਲ ਸੰਬੰਧਿਤ ਸੀ ਜਿਸ ਵਿਚ ਸੈਂਕੜੇ ਸਿੰਘਾਂ ਵੱਲੋਂ ਸ਼ਹੀਦੀਆਂ ਦੇਣ ਦੇ ਫਲਸਰੂਪ ਗੁਰਦੁਆਰਾ ਜਨਮ ਅਸਥਾਨ ਦਾ ਪ੍ਰਬੰਧ ਦੁਰਾਚਾਰੀ ਮਹੰਤ ਦੇ ਹੱਥੋਂ ਨਿਕਲ ਕੇ ਪੰਥ ਪ੍ਰਵਾਨਿਤ ਕਮੇਟੀ ਕੋਲ ਆਇਆ ਸੀ।

ਜਥੇ ਨੂੰ ਨਿਵੇਕਲੀ ਦਿੱਖ ਦੇਣ ਵਾਸਤੇ ਇਸ ਦੇ ਮੈਂਬਰਾਂ ਲਈ ਢੁੱਕਵਾਂ ਵਿਸ਼ੇਸ਼ ਪਹਿਰਾਵਾ- ਪੀਲਾ ਚੋਲਾ, ਕਾਲਾ ਦਸਤਾਰਾ, ਕਾਲੇ ਗਾਤਰੇ ਵਿਚ ਛੋਟੀ ਕ੍ਰਿਪਾਨ, ਕਾਲਾ ਹੀ ਕਮਰਕਸਾ, ਕਾਲੇ ਰੰਗ ਦਾ ਝੋਲਾ ਨਿੱਤਨੇਮ ਦਾ ਗੁਟਕਾ ਸਾਹਿਬ ਅਤੇ ਹੰਗਾਮੀ ਹਾਲਤ ਵਿਚ ਵਰਤਣ ਵਾਸਤੇ ਭੁੱਜੇ ਹੋਏ ਛੋਲੇ ਪਾਉਣ ਵਾਸਤੇ- ਨਿਰਧਾਰਿਤ ਕੀਤਾ ਗਿਆ। ਜਥੇ ਦੇ ਅੱਗੇ ਤਰਤੀਬ ਅਨੁਸਾਰ ਨਗਾਰਚੀ ਅਤੇ ਫ਼ੌਜੀ ਬੈਂਡ ਵਾਜਾ, ਪੰਜ ਨਿਸ਼ਾਨ ਸਾਹਿਬਾਂ ਵਾਲੇ ਸਿੰਘ, ਪੰਜ ਪਿਆਰੇ ਸ੍ਰੀ ਸਾਹਿਬਾਂ ਵਾਲੇ, ਫਿਰ ਸੁੰਦਰ ਸਜਾਈ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਚਾਰ ਕਹਾਰਾਂ ਦੇ ਮੋਢਿਆਂ ਉੱਤੇ ਅਤੇ ਪਾਲਕੀ ਦੇ ਪਿੱਛੇ ਸ੍ਰੀ ਗੁਰੂ ਜੀ ਦੇ ਚੌਰਬਰਦਾਰ।

ਇਸ ਪਿੱਛੋਂ ਸ਼ਹੀਦੀ ਜਥੇ ਦਾ ਹੈੱਡ ਜਥੇਦਾਰ ਸਾਹਿਬ, ਜਿਸ ਦੇ ਚੌੜੇ ਗਾਤਰੇ ਉੱਤੇ ਮਸ਼ੀਨ ਨਾਲ ਮੋਟੇ ਅੱਖਰਾਂ ਵਿਚ 'ਹੈੱਡ ਜਥੇਦਾਰ' ਲਿਖਿਆ ਹੋਣਾ ਸੀ, ਸਹਾਇਕ ਜਥੇਦਾਰ, ਰਾਗੀ, ਕਥਾਵਾਚਕ, ਢਾਡੀ ਆਦਿ ਨੇ ਚਾਰ ਚਾਰ ਦੀ ਪੰਕਤੀ ਵਿਚ ਚੱਲ ਰਹੇ ਜਥੇ ਦੀ ਅਗਵਾਈ ਕਰਨੀ ਸੀ। ਪੰਜ ਸੌ ਦੇ ਜਥੇ ਨੂੰ ਪਹਿਲਾਂ ਪੰਜ ਕੰਪਨੀਆਂ ਅਤੇ ਫਿਰ ਹਰ ਕੰਪਨੀ ਨੂੰ ਚਾਰ ਸੈਕਸ਼ਨਾਂ ਵਿਚ ਵੰਡਿਆ ਜਾਣਾ ਸੀ। ਹਰ ਕੰਪਨੀ ਅਤੇ ਸੈਕਸ਼ਨ ਦੇ ਵੱਖੋ ਵੱਖ ਇਨਚਾਰਜ ਹੋਣੇ ਸਨ, ਅੰਤ ਵਿਚ ਡਾਕਟਰੀ ਟੀਮ, ਪੱਤਰ-ਪ੍ਰੇਰਕ, ਫੋਟੋਗਰਾਫਰ ਆਦਿ। ਜਥੇ ਦੀ ਠਹਿਰ ਵਾਸਤੇ ਲੋੜੀਂਦੇ ਸਾਏਬਾਨ, ਤੰਬੂ, ਕਨਾਤਾਂ, ਨਿੱਜੀ ਲੋੜਾਂ ਦੀਆਂ ਵਸਤਾਂ ਗੱਡਿਆਂ ਉੱਤੇ ਲੱਦ ਕੇ ਨਾਲ ਲਿਜਾਣੀਆਂ ਸਨ। ਜਥੇ ਦੀ ਤਰਤੀਬ ਫ਼ੌਜੀ ਰੂਪ ਵਿਚ ਹੋਣ ਕਾਰਨ ਗੁਰੂ ਕਾ ਬਾਗ ਦੇ ਮੋਰਚੇ ਵਿਚ ਭਾਗ ਲੈ ਚੁੱਕੇ ਸੈਨਿਕਾਂ ਨੂੰ ਜਥੇ ਵਿਚ ਸ਼ਾਮਲ ਕਰਨ ਵਿਚ ਪਹਿਲ ਦਿੱਤੀ ਗਈ।

### ਪੰਜਾਬ ਸਰਕਾਰ ਦੀਆਂ ਪੇਸ਼ਬੰਦੀਆਂ

ਪੰਜਾਬ ਸਰਕਾਰ ਨੂੰ ਅਕਾਲੀਆਂ ਦੇ ਇਸ ਪ੍ਰੋਗਰਾਮ ਦੀ ਭਿਣਕ ਪਈ ਤਾਂ ਇਸ ਜਥੇ ਨਾਲ ਨਿਪਟਣ ਵਾਸਤੇ ਸੋਚ ਵਿਚਾਰ ਹੋਣ ਲੱਗੀ। ਛੇ ਫਰਵਰੀ 1924 ਨੂੰ ਗਵਰਨਰ ਪੰਜਾਬ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਜਿਸ ਵਿਚ ਗਵਰਨਰ ਕੌਂਸਲ ਦੇ ਵਿੱਤ ਮੈਂਬਰ, ਪੰਜਾਬ ਦੀਆਂ ਰਿਆਸਤਾਂ ਵਾਸਤੇ ਗਵਰਨਰ ਜਨਰਲ ਦੇ ਏਜੰਟ, ਕਮਿਸ਼ਨਰ ਲਾਹੌਰ, ਲਾਹੌਰ ਬ੍ਰਿਗੇਡ ਦੇ ਕਰਨਲ ਕਮਾਂਡਰ, ਨਾਭਾ ਰਿਆਸਤ ਦਾ ਪ੍ਰਸ਼ਾਸਕ, ਡਿਪਟੀ ਕਮਿਸ਼ਨਰ ਲਾਹੌਰ, ਸੀ.ਆਈ.ਡੀ. ਦਾ ਡਿਪਟੀ ਇੰਸਪੈਕਟਰ ਜਨਰਲ, ਲਾਹੌਰ ਪੁਲਿਸ ਦਾ ਸੀਨੀਅਰ ਸੁਪਰਡੈਂਟ ਅਤੇ ਮੁੱਖ ਸਕੱਤਰ ਪੰਜਾਬ ਨੇ ਭਾਗ ਲਿਆ।






*ਫਰਵਰੀ 1924 ਵਿਚ ਜੈਤੋ ਜਾ ਰਿਹਾ ਸ਼ਹੀਦੀ ਜਥਾ ਅਤੇ (ਸੱਜੇ) ਗੁਰਦੁਆਰਾ ਗੰਗਸਰ ਸਾਹਿਬ ਵਿਚ ਲਾਇਆ ਪੱਥਰ। ਇਸ ਉਤੇ ਕੇਵਲ 14 ਸ਼ਹੀਦਾਂ ਦੇ ਨਾਂ ਲਿਖੇ ਹਨ।*

ਸਵਾਲ ਇਹ ਸੀ ਕਿ ਜਥੇ ਨੂੰ ਅੱਗੇ ਜਾਣ ਤੋਂ ਰੋਕਣ ਵਾਸਤੇ ਗ੍ਰਿਫ਼ਤਾਰ ਕਰਨ ਜਾਂ ਖਿੰਡਾਉਣ ਦਾ ਕੰਮ ਅੰਗਰੇਜ਼ੀ ਇਲਾਕੇ ਵਿਚ ਕੀਤਾ ਜਾਵੇ ਜਾਂ ਰਿਆਸਤੀ ਇਲਾਕੇ ਵਿਚ। ਮਸਲੇ ਦੇ ਸਾਰੇ ਪੱਖ ਵਿਚਾਰ ਕੇ ਫ਼ੈਸਲਾ ਇਹ ਕੀਤਾ ਗਿਆ ਕਿ ਜਥੇ ਨੂੰ ਅੰਗਰੇਜ਼ੀ ਇਲਾਕੇ ਵਿਚ ਰੋਕਣ ਦੀ ਥਾਂ ਜੈਤੋ ਪਹੁੰਚਣ ਦਿੱਤਾ ਜਾਵੇ। ਜੈਤੋ ਪੁੱਜਣ ਉੱਤੇ ਰਿਆਸਤੀ ਅਧਿਕਾਰੀ ਸ਼ਹੀਦੀ ਜਥੇ ਦੇ ਜਥੇਦਾਰ ਨੂੰ ਇਹ ਸਪਸ਼ਟ ਕਰ ਦੇਣ ਕਿ ਉਨ੍ਹਾਂ ਵਿਚੋਂ ਕੁਝ ਕੁ ਵਿਅਕਤੀਆਂ ਨੂੰ ਲਿਖਤੀ ਰੂਪ ਵਿਚ ਇਹ ਸ਼ਰਤ ਪ੍ਰਵਾਨ ਕਰਨ ਉੱਤੇ ਗੁਰਦੁਆਰਾ ਗੰਗਸਰ ਵਿਚ ਅਖੰਡ ਪਾਠ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ ਕਿ ਉੱਥੇ ਕੋਈ ਰਾਜਸੀ ਭਾਸ਼ਣ ਨਹੀਂ ਹੋਵੇਗਾ।

ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਹਦਾਇਤ ਕੀਤੀ ਗਈ ਕਿ ਜਥੇ ਬਾਰੇ ਮੁਕੰਮਲ ਜਾਣਕਾਰੀ ਗਵਰਨਰ ਜਨਰਲ ਦੇ ਏਜੰਟ ਨੂੰ ਭੇਜੇ ਅਤੇ ਜਥੇ ਨਾਲ ਸਾਦੇ ਕੱਪੜਿਆਂ ਵਿਚ ਪੁਲਿਸ ਕਰਮੀ ਤਾਇਨਾਤ ਕਰੇ। ਨੌਂ ਫਰਵਰੀ 1924 ਨੂੰ ਮੁੜ ਗਵਰਨਰ ਦੀ ਪੱਧਰ ਉੱਤੇ ਕੀਤੀ ਮੀਟਿੰਗ ਵਿਚ ਪਿਛਲੇ ਫ਼ੈਸਲੇ ਵਿਚ ਸੋਧ ਕਰਦਿਆਂ ਪਹਿਲੀ ਸ਼ਰਤ ਉੱਤੇ ਹੀ ਸ਼ਹੀਦੀ ਜਥੇ ਵਿਚੋਂ 50 ਜਣਿਆਂ ਨੂੰ ਗੁਰਦੁਆਰਾ ਗੰਗਸਰ ਸਾਹਿਬ ਜਾ ਕੇ ਅਖੰਡ ਪਾਠ ਕਰਨ ਵਾਸਤੇ 60 ਘੰਟੇ ਉੱਥੇ ਠਹਿਰਨ ਦੀ ਖੁੱਲ੍ਹ ਦੇਣਾ ਪ੍ਰਵਾਨ ਕੀਤਾ ਗਿਆ। ਸ਼ਰਤ ਨਾ ਮੰਨੇ ਜਾਣ ਦੀ ਸੂਰਤ ਵਿਚ ਸਥਿਤੀ ਅਨੁਸਾਰ ਜ਼ਬਾਨੀ ਕਲਾਮੀ ਸਮਝਾਉਣ ਤੋਂ ਲੈ ਕੇ 'ਰਿੰਗ ਲੀਡਰਾਂ' ਨੂੰ ਗ੍ਰਿਫ਼ਤਾਰ ਕਰਨ ਅਤੇ ਅਣਸਰਦੇ ਨੂੰ ਹਿੰਦੋਸਤਾਨ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੇ ਮੱਦੇਨਜ਼ਰ ਘੱਟੋ ਤੋਂ ਘੱਟ ਤਾਕਤ ਵਰਤਣ ਬਾਰੇ ਸਹਿਮਤੀ ਬਣੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲੇ ਸ਼ਹੀਦੀ ਜਥੇ ਦੇ ਮਹੱਤਵ ਨੂੰ ਧਿਆਨ ਗੋਚਰੇ ਰੱਖਦਿਆਂ ਫ਼ੈਸਲਾ ਕੀਤਾ ਕਿ ਇਸ ਜਥੇ ਦੀ ਅਗਵਾਈ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਕਰਨ। ਪੁਲਿਸ ਨੂੰ ਇਸ ਬਾਰੇ ਜਾਣਕਾਰੀ ਮਿਲੀ ਤਾਂ ਜਥੇਦਾਰ ਨਾਗੋਕੇ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਫਲਸਰੂਪ ਜਥੇਦਾਰ ਨਾਗੋਕੇ ਦੀ ਥਾਂ ਇਹ ਜ਼ਿੰਮੇਵਾਰੀ ਜਥੇਦਾਰ ਊਧਮ ਸਿੰਘ ਵਰਪਾਲ ਨੂੰ ਸੌਂਪੀ ਗਈ।

ਸ਼ਹੀਦੀ ਜਥੇ ਦੀ ਰਵਾਨਗੀ ਦੇ ਦਿਨ 9 ਫਰਵਰੀ ਨੂੰ ਸਿੱਖ ਸੰਗਤ ਵਿਚ ਭਾਰੀ ਉਤਸ਼ਾਹ ਸੀ। ਇਸ ਕਾਰਨ ਸਵੇਰੇ ਅੱਠ ਵਜੇ ਤੱਕ ਪੰਦਰਾਂ ਹਜ਼ਾਰ ਦੇ ਕਰੀਬ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਸਾਹਮਣੇ ਇਕੱਠੀ ਹੋ ਗਈ। ਗਿਆਰਾਂ ਵਜੇ ਡਾਕਟਰ ਕਿਚਲੂ ਅਤੇ ਪੰਡਤ ਦੀਨਾ ਨਾਥ ਦੇ ਆਉਣ ਨਾਲ ਪ੍ਰੋਗਰਾਮ ਸ਼ੁਰੂ ਹੋਇਆ। ਕੁਝ ਹੋਰਨਾਂ ਦੇ ਭਾਸ਼ਣਾਂ ਪਿੱਛੋਂ ਇਨ੍ਹਾਂ ਦੋਵਾਂ ਨੇ ਤਕਰੀਰਾਂ ਕੀਤੀਆਂ ਅਤੇ ਅਕਾਲੀਆਂ ਨੂੰ ਸ਼ਾਂਤਮਈ ਅੰਦੋਲਨ ਕਰਨ ਦੀ ਵਧਾਈ ਦਿੱਤੀ। ਛੇਤੀ ਪਿੱਛੋਂ ਸ਼ਹੀਦੀ ਜਥਾ ਹਾਜ਼ਰ ਹੋ ਗਿਆ। ਜਥੇ ਦੇ ਸਾਰੇ ਮੈਂਬਰ ਵਿਸ਼ੇਸ਼ ਪਹਿਰਾਵੇ ਵਿਚ ਸਨ। ਜਥੇਦਾਰ ਵਰਪਾਲ ਨੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਥੇ ਦੇ ਹਰ ਹਾਲਤ ਵਿਚ ਸ਼ਾਂਤਮਈ ਰਹਿਣ ਦਾ ਸੰਦੇਸ਼ ਦਿੱਤਾ। ਇਸ ਉਪਰੰਤ ਜਥੇ ਵਿਚ ਜਾਣ ਵਾਲੇ ਸਿੰਘਾਂ ਨੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਚਰਨਾਂ ਵਿਚ ਸੀਸ ਝੁਕਾ ਕੇ ਸ਼ਾਂਤਮਈ ਰਹਿਣ ਦਾ ਪ੍ਰਣ ਲਿਆ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਭਰੋਸਾ ਦਿੱਤਾ ਕਿ ਹਰ ਇੱਕ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਉੱਤੇ ਫੁੱਲ ਚੜ੍ਹਾਵੇਗਾ।

ਸੰਗਤ ਨੇ ਬੜੇ ਚਾਅ ਅਤੇ ਹੁਲਾਸ ਨਾਲ ਜਥੇ ਨੂੰ ਵਿਦਾ ਕੀਤਾ। ਜਥਾ 9 ਫਰਵਰੀ ਨੂੰ ਅੰਮ੍ਰਿਤਸਰ ਤੋਂ ਚੱਲ ਕੇ ਇੱਕ ਇੱਕ ਦਿਨ ਚੱਬਾ, ਸ੍ਰੀ ਤਰਨਤਾਰਨ ਸਾਹਿਬ, ਨੌਸ਼ਹਿਰਾ, ਸਰਹਾਲੀ, ਮਰਹਾਣਾ, ਫਿਰ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡਾਂ ਮਖੂ, ਜੀਰਾ, ਤਲਵੰਡੀ ਭਾਈ, ਰੋਡੇ ਰੁਕਦਾ ਹੋਇਆ 20 ਫਰਵਰੀ ਨੂੰ ਆਪਣੇ ਆਖ਼ਰੀ ਪੜਾਅ ਬਰਗਾੜੀ (ਰਿਆਸਤ ਫ਼ਰੀਦਕੋਟ) ਪੁੱਜਿਆ। ਪਿਛਲੇ ਪੜਾਵਾਂ ਤੋਂ ਸੰਗਤ ਜਥੇ ਨਾਲ ਜੁੜ ਰਹੀ ਸੀ। ਬਰਗਾੜੀ ਤਾਂ ਸੰਗਤ ਦਾ ਹੜ੍ਹ ਹੀ ਆ ਗਿਆ।

### ਸ਼ਹੀਦੀ ਜਥੇ ਦੀ ਬਰਗਾੜੀ ਤੋਂ ਰਵਾਨਗੀ

ਬਰਗਾੜੀ ਵਿਚ ਸਵੇਰ ਦੇ ਦੀਵਾਨ ਦੀ ਸਮਾਪਤੀ ਪਿੱਛੋਂ ਲੰਗਰ ਛਕ ਕੇ 12 ਕੁ ਵਜੇ ਜਥਾ ਜੈਤੋ ਲਈ ਚੱਲ ਪਿਆ। ਅੱਧਾ ਸ਼ਹੀਦੀ ਜਥਾ ਅੱਗੇ ਸੀ ਅਤੇ ਅੱਧਾ ਪਿੱਛੇ, ਵਿਚਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਰੱਖਣ ਖਾਤਰ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੀ ਹੋਈ ਸੰਗਤ ਸ਼ਹੀਦੀ ਜਥੇ ਦੇ ਦੋਹੀਂ ਪਾਸੀਂ, ਪਰ ਸਵਾਰੀ ਤੋਂ ਪਿਛਾਂਹ ਸੀ। ਜਿਉਂ ਹੀ ਨਾਭਾ ਰਿਆਸਤ ਦੇ ਪ੍ਰਸ਼ਾਸਕ ਮਿਸਟਰ ਉਗਲਵੀ ਨੂੰ ਸੂਹੀਆਂ ਰਾਹੀਂ ਜਾਣਕਾਰੀ ਮਿਲੀ ਤਾਂ ਉਸ ਨੇ ਜਥੇ ਨੂੰ ਰੋਕਣ ਲਈ ਵਿਉਂਤਬੰਦੀ ਕਰ ਲਈ। ਉਸ ਨੇ ਬਰਗਾੜੀ ਤੋਂ ਆ ਕੇ ਗੁਰਦੁਆਰਾ ਗੰਗਸਰ ਸਾਹਿਬ ਜਾਣ ਦਾ ਆਮ ਰਾਹ ਰੋਕਦਿਆਂ ਫ਼ੌਜ ਤਾਇਨਾਤ ਕਰ ਅਤੇ ਕੰਡਿਆਲੀ ਤਾਰ ਲਾ ਕੇ ਨਵਾਂ ਰਾਹ ਇਸ ਤਰ੍ਹਾਂ ਬਣਾਇਆ ਜੋ ਗੁਰਦੁਆਰਾ ਗੰਗਸਰ ਸਾਹਿਬ ਪੁੱਜਣ ਤੋਂ ਪਹਿਲਾਂ ਜੈਤੋ ਦੇ ਕਿਲ੍ਹੇ ਕੋਲ ਦੀ ਲੰਘਦਾ ਸੀ। ਪ੍ਰਸ਼ਾਸਕ ਦੀ ਵਿਉਂਤ ਸੀ ਕਿ ਕਿਲ੍ਹੇ ਦੇ ਨੇੜੇ ਪਹੁੰਚਦਿਆਂ ਹੀ ਜਥੇ ਨੂੰ ਗ੍ਰਿਫ਼ਤਾਰ ਕਰਕੇ ਕਿਲ੍ਹੇ ਅੰਦਰ ਬੰਦ ਕਰ ਦਿੱਤਾ ਜਾਵੇ।

ਸ਼ਹੀਦੀ ਜਥਾ ਰਿਆਸਤ ਫਰੀਦਕੋਟ ਦੀ ਹੱਦ ਪਾਰ ਕਰ ਕੇ ਰਿਆਸਤ ਨਾਭਾ ਦੇ ਇਲਾਕੇ ਵਿਚ ਦਾਖਲ ਹੋ ਗਿਆ। ਉਸ ਵੇਲੇ ਸੰਗਤ ਜਥੇ ਦੇ ਦੋਵੀਂ ਪਾਸੀਂ ਦੂਰ ਦੂਰ ਤੱਕ ਫੈਲੀ ਹੋਈ ਸੀ। ਇਉਂ ਲੰਬਾਈ ਅੰਦਾਜ਼ਨ 700 ਗਜ਼ ਦੇ ਨੇੜ ਹੋ ਗਈ ਸੀ। ਪ੍ਰਸ਼ਾਸਕ ਨੇ ਖ਼ੁਦ ਅੱਗੇ ਆ ਕੇ ਸ਼ਹੀਦੀ ਜਥੇ ਅਤੇ ਸੰਗਤ ਨੂੰ ਰੁਕਣ ਦਾ ਹੁਕਮ ਦਿੱਤਾ ਪਰ ਜਥਾ ਉਸ ਦੇ ਹੁਕਮ ਪ੍ਰਤੀ ਲਾਪ੍ਰਵਾਹੀ ਵਿਖਾਉਂਦਿਆਂ ਅੱਗੇ ਨਿਕਲ ਗਿਆ। ਜਥਾ ਸੰਗਤ ਸਮੇਤ ਤੇਜ਼ੀ ਨਾਲ ਅੱਗੇ ਵਧਦਾ ਹੋਇਆ ਉਸ ਸਥਾਨ ਉੱਤੇ ਪੁੱਜ ਗਿਆ ਜਿੱਥੇ ਰਸਾਲੇ ਨੇ ਰਸਤਾ ਰੋਕਿਆ ਹੋਇਆ ਸੀ। ਜਥੇ ਦੇ ਆਗੂਆਂ ਨੂੰ ਪ੍ਰਸ਼ਾਸਕ ਦੇ ਮਨਸੂਬਿਆਂ ਦੀ ਭਿਣਕ ਲੱਗ ਗਈ ਸੀ। ਇਸ ਲਈ ਆਗੂ ਸਾਵਧਾਨੀ ਨਾਲ ਅੱਗੇ ਵਧ ਰਹੇ ਸਨ। ਕੁਝ ਸੈਂਕੜੇ ਗਜ਼ ਅਹਿਲਕਾਰਾਂ ਵੱਲੋਂ ਨਿਰਧਾਰਤ ਰਾਹ ਉੱਤੇ ਚੱਲਣ ਪਿੱਛੋਂ ਆਗੂਆਂ ਨੇ ਸੱਜੇ ਹੱਥ ਰਸਾਲੇ ਦੀ ਤਾਇਨਾਤੀ ਵਾਲੀ ਜਗ੍ਹਾ ਵਿਚ ਖਾਲੀ ਥਾਂ ਵੇਖੀ ਤਾਂ ਇਸ ਥਾਂ ਤੋਂ ਰਸਾਲੇ ਦੀ ਘੇਰਾਬੰਦੀ ਵਿਚੋਂ ਨਿਕਲ ਕੇ ਸਿੱਧੇ ਗੁਰਦੁਆਰਾ ਟਿੱਬੀ ਸਾਹਿਬ ਵੱਲ ਤੁਰ ਪਏ।

ਇਸ ਸਥਿਤੀ ਵਿਚ ਪ੍ਰਸ਼ਾਸਕ ਨੇ ਆਪਣੇ ਮਨਸੂਬੇ ਫੇਲ ਹੁੰਦੇ ਦੇਖੇ ਅਤੇ ਘੋੜਾ ਦੌੜਾਉਂਦਿਆਂ ਜਥੇ ਦੇ ਅੱਗੇ ਪਹੁੰਚ, ਜਥੇ ਨੂੰ ਖਿੰਡ ਜਾਣ ਦਾ ਹੁਕਮ ਦਿੱਤਾ। ਉਸ ਨੇ ਐਲਾਨ ਕਰ ਦਿੱਤਾ ਕਿ ਜੇ ਜਥੇ ਨੇ ਉਸ ਦੇ ਹੁਕਮ ਦੀ ਪਾਲਣਾ ਨਾ ਕੀਤੀ ਤਾਂ ਉਹ ਗੋਲੀ ਚਲਾਉਣ ਦਾ ਹੁਕਮ ਦੇਣ ਵਾਸਤੇ ਮਜਬੂਰ ਹੋਵੇਗਾ। ਜਥੇ ਨੇ ਪਵਿੱਤਰ ਗੁਰਦੁਆਰੇ ਦੀ ਯਾਤਰਾ ਕਰਨ ਅਤੇ ਅਖੰਡ ਪਾਠ ਕਰਨ ਦਾ ਪ੍ਰਣ ਕੀਤਾ ਹੋਇਆ ਸੀ। ਇਸ ਲਈ ਉਹ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਿਆ। ਬੇਸ਼ੁਮਾਰ ਸੰਗਤ ਜਥੇ ਦੇ ਪਿੱਛੇ ਪਿੱਛੇ ਜਾ ਰਹੀ ਸੀ। ਇਹ ਦੇਖ ਕੇ ਪ੍ਰਸ਼ਾਸਕ ਨੇ ਗੋਲੀ ਚਲਾਉਣ ਦਾ ਹੁਕਮ ਦਿੱਤਾ। ਸਿੱਖ ਸ਼ਰਧਾਲੂਆਂ ਦਾ ਵੱਡਾ ਜਥਾ, ਜਿਸ ਵਿਚ ਇਸਤਰੀਆਂ ਤੇ ਬਿਰਧ ਸਿੰਘ ਵੀ ਸਨ, ਗੁਰੂ ਦੇ ਸ਼ਬਦ ਕੀਰਤਨ ਕਰਦਾ ਬਾਂਹਾਂ ਉੱਪਰ ਕਰ ਕੇ ਗੋਲੀਆਂ ਦੀ ਬਾਰਸ਼ ਹੇਠ ਗੁਰਦੁਆਰੇ ਵੱਲ ਵਧਦਾ ਗਿਆ। ਕਈ ਸਿੰਘ ਸ਼ਹੀਦ ਜਾਂ ਸਖ਼ਤ ਫੱਟੜ ਹੋ ਕੇ ਰਸਤੇ ਵਿਚ ਡਿੱਗਦੇ ਗਏ ਪਰ ਕਿਸੇ ਨੇ ਕਦਮ ਪਿੱਛੇ ਨਾ ਹਟਾਇਆ। ਇੱਥੇ ਦੂਜੇ ਪਾਸਿਉਂ ਗੋਲਾਬਾਰੀ ਹੋਈ ਜੋ ਰੁਕ ਰੁਕ ਕੇ ਕਈ ਵਾਰ ਹੋਈ। ਜਥਾ ਸ਼ਹੀਦਾਂ ਤੇ ਫੱਟੜ ਸਾਥੀਆਂ ਨੂੰ ਚੁੱਕ ਕੇ ਸਿੱਧਾ ਟਿੱਬੀ ਸਾਹਿਬ ਦੇ ਉੱਚੇ ਸਥਾਨ ਉੱਤੇ ਜਾ ਪੁੱਜਾ। ਸੰਗਤ ਗੁਰਦੁਆਰਾ ਟਿੱਬੀ ਸਾਹਿਬ ਦੇ ਅੰਦਰ ਦਾਖਲ ਹੋ ਗਈ।

ਸ਼ਹੀਦ ਤੇ ਫੱਟੜ ਸਾਥੀਆਂ ਨੂੰ ਗੁਰਦੁਆਰੇ ਵਿਚ ਨਿਵਾਸ ਦੇ ਕੇ ਸ਼ਹੀਦੀ ਜਥਾ ਟਿੱਬੀ ਸਾਹਿਬ ਦੀ ਪਰਿਕਰਮਾ ਕਰ ਕੇ ਗੁਰਦੁਆਰਾ ਗੰਗਸਰ ਵੱਲ ਅੱਗੇ ਵਧਿਆ ਪਰ ਰਸਾਲੇ ਦੇ ਇੱਕ ਦਸਤੇ ਨੇ ਰਸਤਾ ਬੰਦ ਕਰ ਕੇ ਉਨ੍ਹਾਂ ਨੂੰ ਅੱਗੇ ਜਾਣੋਂ ਰੋਕ ਲਿਆ। ਰਸਾਲੇ ਦੇ ਇੱਕ ਦਸਤੇ ਨੇ ਗੁਰਦੁਆਰਾ ਟਿੱਬੀ ਸਾਹਿਬ ਦੁਆਲੇ ਇਕੱਤਰ ਹੋਈ ਸੰਗਤ ਉਪਰ ਧਾਵਾ ਕੀਤਾ ਅਤੇ ਸਵਾਰਾਂ ਨੇ ਕਈ ਮੀਲਾਂ ਤਕ ਸੰਗਤ ਦਾ ਪਿੱਛਾ ਕਰ ਕੇ ਚਹੁੰ ਪਾਸੀ ਖਿੰਡਾ ਦਿੱਤਾ। ਸਾਰੇ ਹਾਲਾਤ ਨੂੰ ਕਾਬੂ ਕਰਨ ਪਿੱਛੋਂ ਪੁਲਿਸ ਅਤੇ ਫ਼ੌਜ ਨੇ ਜਥੇ ਵਿਚੋਂ 450 ਅਤੇ ਜਥੇ ਦੇ ਨਾਲ ਆਈ ਸੰਗਤ ਵਿਚੋਂ 385 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਵਿਅਕਤੀਆਂ ਨੂੰ ਰੱਸਿਆਂ ਨਾਲ ਨੂੜ ਕੇ ਗੱਡਿਆਂ ਵਿਚ ਸੁੱਟਿਆ ਅਤੇ ਕਿਲ੍ਹੇ ਅੰਦਰ ਬਣਾਏ ਕੰਡਿਆਲੀ ਤਾਰ ਦੇ ਵਾਗਲੇ ਵਿਚ ਬੰਦ ਕਰ ਦਿੱਤਾ।

ਬਰਗਾੜੀ ਵਿਚ ਸ਼ਹੀਦੀ ਜਥੇ ਨਾਲ ਡਾਕਟਰ ਕਿਚਲੂ, ਪ੍ਰਿੰਸੀਪਲ ਗਿਡਵਾਨੀ ਅਤੇ ਅਮਰੀਕਾ ਦੇ ਅਖ਼ਬਾਰ 'ਨਿਊਯਾਰਕ ਟਾਈਮਜ਼' ਦਾ ਪ੍ਰਤੀਨਿਧ ਮਿਸਟਰ ਜ਼ਿਮੰਡ ਵੀ ਹਾਜ਼ਰ ਸਨ। ਉਹ ਜਥੇ ਦੇ ਨਾਭੇ ਦੀ ਹੱਦ ਉੱਤੇ ਪਹੁੰਚਣ ਤੋਂ ਪਹਿਲਾਂ ਉੱਥੇ ਪੁੱਜ ਗਏ ਪਰ ਉੱਥੇ ਤਾਇਨਾਤ ਨਾਭੇ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਅੱਗੇ ਜਾਣ ਦੀ ਆਗਿਆ ਨਾ ਦਿੱਤੀ ਜਿਸ ਕਾਰਨ ਉਨ੍ਹਾਂ ਨੂੰ ਉੱਥੇ ਹੀ ਰੁਕਣਾ ਪਿਆ। ਗੋਲੀਆਂ ਚੱਲਣ ਦੀ ਆਵਾਜ਼ ਆਉਣ 'ਤੇ ਡਾ. ਕਿਚਲੂ ਤੇ ਮਿਸਟਰ ਗਿਡਵਾਨੀ ਜਥੇ ਕੋਲ ਪਹੁੰਚਣ ਵਾਸਤੇ ਰਿਆਸਤ ਦੀ ਹੱਦ ਅੰਦਰ ਦਾਖਲ ਹੋਏ ਤੇ ਗ੍ਰਿਫ਼ਤਾਰ ਕੀਤੇ ਗਏ। ਮਿਸਟਰ ਜ਼ਿਮੰਡ ਵਾਪਸ ਮੁੜ ਗਿਆ।

### ਸ਼ਹੀਦਾਂ ਅਤੇ ਜ਼ਖ਼ਮੀਆਂ ਦੀ ਗਿਣਤੀ

21 ਫਰਵਰੀ ਨੂੰ ਜੈਤੋ ਵਿਚ ਫ਼ੌਜ ਅਤੇ ਪੁਲਿਸ ਵੱਲੋਂ ਪਹਿਲੇ ਸ਼ਹੀਦੀ ਜਥੇ ਉੱਤੇ ਚਲਾਈ ਗੋਲੀ ਵਿਚ ਕਿੰਨੇ ਸਿੰਘ ਸ਼ਹੀਦ ਹੋਏ? ਇਸ ਪ੍ਰਸ਼ਨ ਦਾ ਤਸੱਲੀਬਖ਼ਸ਼ ਉੱਤਰ ਨਹੀਂ ਮਿਲਦਾ। ਇਸ ਵਾਰਦਾਤ ਵਿਚ ਹੋਏ ਜਾਨੀ ਨੁਕਸਾਨ ਬਾਰੇ ਸਭ ਤੋਂ ਪਹਿਲਾਂ ਕਮਾਂਡਿੰਗ ਟਰੂਪਸ ਦੇ ਲੈਫਟੀਨੈਂਟ ਕਰਨਲ ਨੇ ਗੁਪਤ ਪੱਤਰ ਨੰਬਰ: ਜੇ. 11 ਮਿਤੀ 22 ਫਰਵਰੀ 1924 ਦੁਆਰਾ ਉੱਚ-ਸੈਨਿਕ ਅਧਿਕਾਰੀਆਂ ਨੂੰ ਭੇਜੀ ਰਿਪੋਰਟ ਵਿਚ 14 ਮੌਤਾਂ ਅਤੇ 34 ਵਿਅਕਤੀਆਂ ਦੇ ਜ਼ਖ਼ਮੀ ਹੋਣ ਬਾਰੇ ਦੱਸਿਆ ਸੀ। ਜਿਉਂ ਜਿਉਂ ਦਿਨ ਲੰਘਦੇ ਗਏ ਗੰਭੀਰ ਜ਼ਖ਼ਮੀਆਂ ਦੇ ਚੱਲ ਵਸਣ ਕਾਰਨ ਸ਼ਹੀਦਾਂ ਦੀ ਗਿਣਤੀ ਵਧਦੀ ਅਤੇ ਜ਼ਖ਼ਮੀਆਂ ਦੀ ਸੰਖਿਆ ਘਟਦੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਅਤੇ 26 ਫਰਵਰੀ ਦੇ 'ਸਿਵਲ ਐਂਡ ਮਿਲਟਰੀ ਗਜ਼ਟ' ਵਿਚ ਛਪੇ ਐਲਾਨ ਵਿਚ 18 ਅਕਾਲੀ ਸ਼ਹੀਦ ਅਤੇ 60 ਜ਼ਖ਼ਮੀ ਹੋਏ ਦੱਸੇ ਗਏ ਸਨ। ਸ਼ਹੀਦਾਂ ਵਿਚੋਂ 4 ਤੇ ਜ਼ਖ਼ਮੀਆਂ ਵਿਚੋਂ 12 ਸ਼ਹੀਦੀ ਜਥੇ ਵਿਚੋਂ ਸਨ ਅਤੇ ਬਾਕੀ ਜਥੇ ਨਾਲ ਆਈ ਸੰਗਤ ਵਿਚੋਂ। ਸਤਾਈ ਫਰਵਰੀ 1924 ਦੇ 'ਅਕਾਲੀ ਤੇ ਪ੍ਰਦੇਸੀ' ਅਖ਼ਬਾਰ ਵਿਚ 22 ਸ਼ਹੀਦ ਹੋਏ ਦੱਸੇ ਹਨ। ਇਸ ਅਖ਼ਬਾਰ ਦੇ 3 ਮਾਰਚ ਵਾਲੇ ਅੰਕ ਵਿਚ ਦੱਸਿਆ ਗਿਆ ਕਿ "ਜਥੇ ਵਿਚੋਂ 21 ਆਦਮੀ ਸ਼ਹੀਦ ਹੋਏ ਹਨ ਜਿਨ੍ਹਾਂ ਦਾ ਸਸਕਾਰ ਟਿੱਬੀ ਸਾਹਿਬ ਦੇ ਨਾਲ ਹੀ ਅਸ਼ਨਾਨ ਕਰਾ ਕੇ ਕਛਹਿਰੇ ਨਵੇਂ ਪਹਿਨਾ ਕੇ ਤੋਂ ਬਾਹਦ ਕੀਤਾ ਗਿਆ ਹੈ।"

ਹਾਕਮਾਂ ਦੀ ਇਹ ਵਹਿਸ਼ੀ ਕਰਤੂਤ ਸਿੱਖ ਹਿਰਦਿਆਂ ਵਿਚ ਜੋਸ਼ ਭਰਨ ਦਾ ਕਾਰਨ ਬਣੀ ਜਿਸ ਦੇ ਫਲਸਰੂਪ ਸਥਾਨਕ 17 ਸ਼ਹੀਦੀ ਜਥਿਆਂ ਤੋਂ ਬਿਨਾਂ ਕੈਨੇਡਾ, ਸ਼ੰਘਾਈ ਆਦਿ ਤੋਂ ਆਏ ਜਥਿਆਂ ਨੇ ਇਸ ਮੋਰਚੇ ਵਿਚ ਭਾਗ ਲਿਆ।

# ਗ਼ੁਰਬਤ ਦੀ ਮਾਰ ਦੇ ਮਾਇਨੇ

ਡਾ. ਸ਼ਿਆਮ ਸੁੰਦਰ ਦੀਪਤੀ
ਫੋਨ: +91-98158-08506

ਹਿੰਦੋਸਤਾਨ ਨੇ ਆਪਣੇ ਲਗਾਤਾਰ ਵਿਕਾਸ ਅਤੇ ਸਮਝ ਤਹਿਤ ਕਿੰਨੇ ਹੀ ਵਿਭਾਗ ਅਤੇ ਮੰਤਰਾਲਿਆਂ ਬਣਾਏ। ਸਿੱਖਿਆ ਅਤੇ ਸਿਹਤ ਤਾਂ ਪਹਿਲਾਂ ਹੀ ਨਿਸ਼ਾਨੇ 'ਤੇ ਸਨ। ਆਜ਼ਾਦੀ ਤੋਂ ਪਹਿਲਾਂ ਹੀ ਲੋਕਾਂ ਦੀ ਸਿਹਤ ਅਤੇ ਬਿਮਾਰੀ ਬਾਰੇ ਸਰਵੇਖਣ ਕਰ ਲਿਆ ਸੀ। 1946 ਵਿਚ ਇਸ ਕੰਮ ਲਈ ਬਣੀ ਸਰ ਭੋਰ ਕਮੇਟੀ ਦੀ ਰਿਪੋਰਟ ਸਾਹਮਣੇ ਸੀ। ਦੇਸ਼ ਛੂਤ ਦੀਆਂ ਬਿਮਾਰੀਆਂ ਜਿਵੇਂ ਟੀਬੀ ਅਤੇ ਮਲੇਰੀਆਂ ਵਰਗੀਆਂ ਬਿਮਾਰੀਆਂ ਨਾਲ ਜੂਝ ਰਿਹਾ ਸੀ। ਜਿੱਥੋਂ ਤੱਕ ਸਿੱਖਿਆ ਦੀ ਗੱਲ ਹੈ, ਉਸ ਵੇਲੇ ਸਿਰਫ 12 ਫੀਸਦੀ ਲੋਕ ਹੀ ਪੜ੍ਹੇ ਲਿਖੇ ਸੀ। ਇਨ੍ਹਾਂ ਵਿਚੋਂ ਵੀ ਔਰਤਾਂ, ਪਛੜੀਆਂ ਜਾਤੀਆਂ, ਦਲਿਤ ਅਤੇ ਦੂਰ-ਦਰਾਜ ਦੇ ਲੋਕਾਂ ਵਿਚ ਸਿੱਖਿਆ ਦੀ ਹਾਲਤ ਤੁਸੀਂ ਖੁਦ ਸਮਝ ਸਕਦੇ ਹੋ।

ਹੌਲੀ-ਹੌਲੀ ਵੱਖ-ਵੱਖ ਮੰਤਰਾਲਿਆਂ ਦੇ ਮੱਦੇਨਜ਼ਰ ਮਨੁੱਖੀ ਸਰਮਾਏ ਨੂੰ ਸਰਮਰਪਿਤ ਮੰਤਰਾਲਾ ਬਣਾਇਆ। ਵੈਸੇ ਤਾਂ ਮਨੁੱਖੀ ਸਰੋਤ ਦੇ ਘੇਰੇ ਵਿਚ ਬਹੁਤ ਕੁਝ ਆਉਂਦਾ ਹੈ ਪਰ ਇਸ ਮੰਤਰਾਲੇ ਦਾ ਮੁੱਖ ਉਦੇਸ਼ ਸਿੱਖਿਆ ਦੇ ਵੱਖ ਵੱਖ ਪੱਧਰਾਂ 'ਤੇ ਕੰਮ ਕਰਨਾ ਸੀ; ਜਿਵੇਂ ਉਚ ਸਿੱਖਿਆ, ਤਕਨੀਕੀ ਸਿੱਖਿਆ ਤੇ ਇਸੇ ਤਹਿਤ ਮੈਡੀਕਲ ਤੇ ਇੰਜਨੀਅਰਿੰਗ ਸਿੱਖਿਆ। ਸਿਹਤ ਨੂੰ ਵੀ ਮਨੁੱਖੀ ਸਰੋਤ ਵਿਚ ਸ਼ਾਮਲ ਕੀਤਾ ਗਿਆ ਕਿਉਂਕਿ ਅਰਥ ਸ਼ਾਸਤਰੀਆਂ ਮੁਤਾਬਿਕ, ਸਿਹਤਮੰਦ ਸ਼ਖ਼ਸ ਅਤੇ ਸਿੱਖਿਅਕ ਮਨੁੱਖ ਵਿਕਾਸ ਲਈ ਵੱਧ ਸਹਾਇਕ ਹੁੰਦਾ ਹੈ ਤੇ ਪੈਦਾਵਾਰ ਵਿਚ ਵੱਧ ਹਿੱਸਾ ਪਾਉਂਦਾ ਹੈ। ਇਸੇ ਤਰ੍ਹਾਂ ਜਦੋਂ ਸਿਹਤ ਦੀ ਗੱਲ ਚੱਲੀ ਤਾਂ ਖੁਰਾਕ ਦੀ ਮਹੱਤਤਾ ਵਿਚਾਰੀ ਗਈ। ਦੇਸ਼ ਦੀ ਖੁਰਾਕ ਸਮਰੱਥਾ ਦੇ ਮੱਦੇਨਜ਼ਰ ਵਿਚਾਰਾਂ ਹੋਈਆਂ ਤਾਂ ਦੇਸ਼ ਦੀ ਅਨਾਜ ਪੈਦਾਵਾਰ ਨੂੰ ਵੀ ਬਰਾਬਰ ਥਾਂ ਮਿਲੀ।

ਦੇਸ਼ ਦੀ ਆਜ਼ਾਦੀ ਮਗਰੋਂ ਪਹਿਲੀ ਵਾਰ ਵੱਖ ਵੱਖ ਸਮੱਸਿਆਵਾਂ ਮੁਤਾਬਕ ਨੀਤੀਆਂ ਬਣਾਉਣ ਦਾ ਕੰਮ ਸ਼ੁਰੂ ਹੋਇਆ। ਨੀਤੀ ਕਿਸੇ ਵੀ ਤਰ੍ਹਾਂ ਦੇ ਕੰਮ ਕਰਨ ਲਈ ਰੂਪ ਰੇਖਾ ਹੁੰਦੀ ਹੈ, ਨਕਸ਼ਾ ਹੁੰਦਾ ਹੈ ਜਿਸ ਦੇ ਤਹਿਤ ਦਿਸ਼ਾ ਤੈਅ ਹੁੰਦੀ ਹੈ, ਮਾਹਿਰ ਅਤੇ ਹੋਰ ਕਾਮੇ ਆਪਣੀ ਸਮਰੱਥਾ ਮੁਤਾਬਕ ਕਦਮ ਪੁਟਦੇ ਹਨ। ਜਿੱਥੋਂ ਤਕ ਕੰਮ ਕਰਨ ਲਈ ਸਮਰਥਾ ਦੀ ਗੱਲ ਹੈ, ਉਸ ਲਈ ਮੁੱਖ ਤੌਰ 'ਤੇ ਸਰਮਾਏ ਦੀ ਲੋੜ ਹੁੰਦੀ ਹੈ; ਨਾਲ ਹੀ ਕੰਮ ਕਰਨ ਵਾਲੇ ਸਿੱਖਿਅਕਾਂ ਦੀ। ਇਹ ਗੱਲ ਮੰਨਣ ਵਾਲੀ ਹੈ ਕਿ ਜਦੋਂ ਦੇਸ਼ ਆਜ਼ਾਦ ਹੋਇਆ, ਕਈ ਪੱਖਾਂ ਤੋਂ ਪਛੜਿਆ ਹੋਇਆ ਸੀ। ਪੈਸੇ ਦੀ ਗੱਲ ਕਰੀਏ ਤਾਂ ਗਰੀਬੀ ਵੱਡੇ ਪੱਧਰ 'ਤੇ ਦੇਸ਼ ਦੀ ਹੋਣੀ ਸੀ। ਤਕਰੀਬਨ ਅੱਸੀ ਪ੍ਰਤੀਸ਼ਤ ਲੋਕ ਗਰੀਬ ਸੀ। ਜਦੋਂ ਯੋਜਨਾ ਆਯੋਗ (1950) ਬਣਿਆ ਤਾਂ ਇਹ ਅੰਦਾਜ਼ਾ 65 ਫੀਸਦੀ ਸੀ।

ਅੱਜ ਆਜ਼ਾਦੀ ਤੋਂ 76 ਸਾਲ ਬਾਅਦ ਭਾਰਤ ਭਾਵੇਂ ਅਮੀਰ ਦੇਸ਼ਾਂ ਦੀ ਕਤਾਰ ਵਿਚ ਗਿਣਿਆ ਜਾਂਦਾ ਹੈ ਪਰ ਗਰੀਬੀ ਦੀ ਹਾਲਤ ਵਿਚ ਸੁਧਾਰ ਓਨਾ ਨਹੀਂ ਹੋਇਆ ਜਿੰਨੇ ਦਾਅਵੇ ਕੀਤੇ ਜਾਂਦੇ ਹਨ। ਹੁਣ ਦੇਸ਼ ਵਿਚ ਅੱਸੀ ਕਰੋੜ ਪਰਿਵਾਰਾਂ ਨੂੰ ਪੰਜ ਕਿਲੋ ਅਨਾਜ ਹਰ ਮਹੀਨੇ ਮੁਫ਼ਤ ਦੇਣ ਦੀ ਗੱਲ ਕਹੀ ਜਾ ਰਹੀ ਹੈ। ਇਸ ਦਾ ਇਕ ਹੋਰ ਪਾਸਾ ਇਹ ਵੀ ਹੈ ਕਿ ਕੌਮਾਂਤਰੀ ਸੰਸਥਾ ਵਲੋਂ ਜਦੋਂ ਖੁਰਾਕ ਨੂੰ ਲੈ ਕੇ ਭੁੱਖਮਰੀ ਦੇ ਅੰਕੜੇ ਪੇਸ਼ ਕੀਤੇ ਜਾਂਦੇ ਹਨ ਤਾਂ ਸਾਡੇ ਦੇਸ਼ (ਜੋ ਦੁਨੀਆ ਦਾ ਪੰਜਵਾਂ ਵੱਡਾ ਅਰਥਚਾਰਾ ਹੈ) ਦਾ ਥਾਂ 112 'ਤੇ ਪਹੁੰਚ ਗਿਆ ਹੈ। ਖੁਰਾਕ ਬਾਰੇ ਜਦੋਂ ਸਿਹਤ ਨਾਲ ਜੋੜ ਕੇ ਜ਼ਿਕਰ ਕੀਤਾ ਜਾਂਦਾ ਹੈ ਤਾਂ ਮੈਡੀਕਲ ਵਿਭਾਗ ਇਹ ਦਾਅਵੇ ਕਰਦਾ ਹੈ ਕਿ ਕੁਪੋਸ਼ਣ ਦੀ ਸਮੱਸਿਆ ਸਾਰੀਆਂ ਬਿਮਾਰੀਆਂ ਦੀ ਬੁਨਿਆਦ ਹੈ। ਇਥੇ ਜ਼ਿਕਰ ਕਰਨ ਲਈ ਇਹ ਉਦਾਹਰਨ ਕਾਫ਼ੀ ਹੈ ਕਿ ਟੀਬੀ ਵਰਗੀ ਜਿਸ ਬਿਮਾਰੀ ਦਾ ਜ਼ਿਕਰ ਭੋਰ ਕਮੇਟੀ ਦੀ ਰਿਪੋਰਟ ਵਿਚ ਆਜ਼ਾਦੀ ਤੋਂ ਪਹਿਲਾਂ ਹੋਇਆ ਹੈ, ਉਹ ਸਮੱਸਿਆ ਅਜੇ ਤੱਕ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਕੁਪੋਸ਼ਣ ਹੈ।



ਕੁਪੋਸ਼ਣ ਮਤਲਬ ਖ਼ੁਰਾਕ ਦੀ ਘਾਟ ਹੈ ਅਤੇ ਭੁੱਖਮਰੀ ਤੇ ਗਰੀਬੀ ਦਾ ਆਪਸ ਵਿਚ ਗੂੜ੍ਹਾ ਸਬੰਧ ਹੈ। ਟੀ.ਬੀ. ਭਾਵੇਂ ਜਰਮਾਂ ਨਾਲ ਹੋਣ ਵਾਲੀ ਬਿਮਾਰੀ ਹੈ ਪਰ ਟੀ.ਬੀ. ਦੇ ਜਰਮ ਉਸ ਸ਼ਖ਼ਸ 'ਤੇ ਹਮਲਾ ਕਰਦੇ ਹਨ ਜੋ ਸਰੀਰਕ ਪੱਖੋਂ ਕਮਜ਼ੋਰ ਹੁੰਦਾ ਹੈ।

ਅੱਜ ਦੀ ਤਾਰੀਖ ਵਿਚ ਸਿਹਤ ਅਤੇ ਸਿੱਖਿਆ ਸਰਕਾਰ ਦੀ ਜ਼ਿੰਮੇਵਾਰੀ ਤੋਂ ਬਾਹਰ ਨਿਕਲਣ ਕਰ ਕੇ ਗਰੀਬਾਂ ਦੇ ਸੰਤਾਪ ਦਾ ਸਭ ਤੋਂ ਵੱਡਾ ਕਾਰਨ ਬਣ ਰਹੀਆਂ ਹਨ। ਆਜ਼ਾਦੀ ਤੋਂ ਬਾਅਦ ਅਸੀਂ ਸੰਵਿਧਾਨ ਬਣਾਇਆ ਜਿਸ ਦੀ ਬੁਨਿਆਦ 'ਤੇ ਲੋਕਤੰਤਰ ਦੀ ਸਥਾਪਨਾ ਹੋਈ। ਲੋਕਤੰਤਰ ਵਿਚ ਸਭ ਨੂੰ ਯਕੀਨ ਹੋਇਆ ਕਿ ਹੁਣ ਦੇਸ਼ ਆਪਣੇ ਲੋਕਾਂ ਲਈ ਘੱਟੋ-ਘੱਟ ਬੁਨਿਆਦੀ ਸਹੂਲਤਾਂ ਜ਼ਰੂਰ ਮੁਹੱਈਆ ਕਰਵਾਏਗਾ।

ਆਜ਼ਾਦੀ ਮਗਰੋਂ ਵਿਆਪਕ ਅਨਪੜ੍ਹਤਾ ਦੇ ਮੱਦੇਨਜ਼ਰ ਦਸ ਸਾਲ ਵਿਚ ਹੀ ਦੇਸ਼ ਨੂੰ ਸਾਖਰ ਕਰਨ ਦਾ ਟੀਚਾ ਮਿੱਥਿਆ ਗਿਆ। ਤਕਰੀਬਨ 75 ਸਾਲਾਂ ਬਾਅਦ ਦੇਸ਼ ਦੀ ਸਾਖਰਤਾ ਦਰ 74.4 ਫੀਸਦੀ ਹੈ; ਕਹਿਣ ਦਾ ਮਤਲਬ, ਚੌਥਾ ਹਿੱਸਾ ਆਬਾਦੀ ਅਨਪੜ੍ਹ ਹੈ। ਤੁਸੀਂ ਕਹਿ ਲਵੋ ਕਿ ਤਕਰੀਬਨ 90 ਕਰੋੜ ਕੰਪਿਊਟਰ ਬੇਕਾਰ ਪਏ ਹਨ ਜਿਨ੍ਹਾਂ ਦਾ ਦਿਮਾਗ ਵਰਤੋਂ ਵਿਚ ਨਹੀਂ ਲਿਆਂਦਾ ਜਾ ਰਿਹਾ।

ਲੋਕਤੰਤਰੀ ਦੇਸ਼, ਮਤਲਬ ਲੋਕਾਂ ਲਈ ਕੰਮ ਕਰਨ ਵਾਲੀ ਸਰਕਾਰ ਅਤੇ ਅਰਥ ਸ਼ਾਸਤਰੀਆਂ ਨੇ ਸਿਹਤ ਅਤੇ ਸਿੱਖਿਆ ਨੂੰ ਮਨੁੱਖੀ ਵਸੀਲੇ ਵਜੋਂ ਵਿਕਸਤ ਕਰਨ ਦੀ ਗੱਲ ਨੂੰ ਅੱਖੋਂ ਪਰੋਖੇ ਕਰ ਕੇ ਸਿੱਖਿਆ ਉਪਰ ਕੁੱਲ ਘਰੇਲੂ ਉਤਪਾਦਨ (ਜੀ.ਡੀ.ਪੀ.) ਦਾ 3.9 ਫੀਸਦੀ ਅਤੇ ਸਿਹਤ ਲਈ ਸਿਰਫ 2.9 ਫੀਸਦੀ ਬਜਟ ਹੀ ਰੱਖਿਆ ਹੈ। ਸਰਕਾਰ ਭਾਵੇਂ ਹਰ ਬਜਟ ਵਿਚ ਦਾਅਵਾ ਕਰਦੀ ਹੈ ਕਿ ਇਸ ਸਾਲ ਬਜਟ ਵਿਚ 10 ਤੋਂ 15% ਵਾਧਾ ਕੀਤਾ ਗਿਆ ਹੈ ਪਰ ਇਹ ਵਾਧਾ ਮਹਿੰਗਾਈ ਦੇ ਮੱਦੇਨਜ਼ਰ ਹੁੰਦਾ ਹੈ; ਕੁਝ ਹੋਰ ਪੱਖ ਜੋੜ ਕੇ ਲੋਕਾਂ ਨੂੰ ਦਿਖਾਉਣ ਲਈ ਹੁੰਦਾ ਹੈ; ਹਕੀਕਤ ਵਿਚ ਕਿਸੇ ਤਰ੍ਹਾਂ ਦਾ ਵਾਧਾ ਨਹੀਂ ਹੁੰਦਾ।

ਸਿੱਖਿਆ ਨੀਤੀ ਪਹਿਲੀ ਵਾਰੀ 1968 ਵਿਚ ਬਣਾਈ ਗਈ ਤੇ ਫਿਰ 1986 ਵਿਚ। ਇਸ ਨੀਤੀ ਤਹਿਤ ਰਾਜੀਵ ਗਾਂਧੀ ਸਰਕਾਰ ਨੇ ਸਾਖਰਤਾ ਦਰ 100 ਫੀਸਦੀ ਕਰਨ ਦਾ ਟੀਚਾ ਮਿਥਿਆ। ਇਹ ਅਸਲ ਵਿਚ ਆਜ਼ਾਦੀ ਸਮੇਂ ਦਾ ਸੁਫ਼ਨਾ ਸੀ ਪਰ ਇਹ ਸੁਫ਼ਨਾ ਹੀ ਰਹਿ ਗਿਆ। ਹੁਣ ਮੌਜੂਦਾ ਸਰਕਾਰ ਨੇ ਨਵੀਂ ਸਿੱਖਿਆ ਨੀਤੀ-2020 ਤਹਿਤ ਸਿੱਖਿਆ ਨੂੰ ਪੂਰੀ ਤਰ੍ਹਾਂ ਪ੍ਰਾਈਵੇਟ ਹੱਥਾਂ ਵਿਚ ਦੇਣ ਵਾਲਾ ਰਾਹ ਫੜ ਲਿਆ ਹੈ।

ਦੇਸ਼ ਦੀ ਇਸੇ ਤਰ੍ਹਾਂ ਸਿਹਤ ਸਥਿਤੀ ਨੂੰ ਲੈ ਕੇ ਭਾਵੇਂ ਸਾਡੇ ਕੋਲ ਰਿਪੋਰਟ ਆਜ਼ਾਦੀ ਤੋਂ ਪਹਿਲਾਂ ਸੀ ਪਰ ਸੰਸਾਰ ਸਿਹਤ ਸੰਸਥਾ ਦੇ ਦਬਾਅ ਹੇਠ ਪਹਿਲੀ ਵਾਰ ਸਿਹਤ ਨੀਤੀ 1983 ਵਿਚ ਬਣਾਈ ਗਈ। ਉਸ ਸਮੇਂ 'ਸਭ ਲਈ ਸਿਹਤ 2000 ਤੱਕ' ਨਿਸ਼ਾਨੇ ਨਾਲ ਟੀਚੇ ਮਿੱਥੇ ਗਏ। ਫਿਰ 2002 ਅਤੇ ਮੌਜੂਦਾ ਸਰਕਾਰ ਨੇ 2017 ਵਿਚ ਸਿਹਤ ਨੀਤੀ ਵਿਚ ਸੋਧ ਕੀਤੀ। ਅੱਜ ਹਾਲਾਤ ਇਹ ਹਨ ਕਿ ਸਰਕਾਰ ਵਲੋਂ ਗਰੀਬਾਂ ਨੂੰ ਦੇਣ ਲਈ ਸਿਰ ਦਰਦ ਦੀ ਗੋਲੀ ਵੀ ਨਹੀਂ ਹੈ ਤੇ ਅਮੀਰਾਂ ਨੂੰ ਇਲਾਜ ਲਈ ਮਹਿੰਗੇ ਤੋਂ ਮਹਿੰਗਾ ਇਲਾਜ ਮੁਹੱਈਆ ਕਰਨ ਦਾ ਰਾਹ ਖੁੱਲ੍ਹਾ ਹੈ। ਕਹਿਣ ਨੂੰ ਤਾਂ ਭਾਵੇਂ ਸਰਕਾਰ ਨੇ ਸਿਹਤ ਬੀਮਾ ਯੋਜਨਾ ਦਾ ਰਾਹ ਵੀ ਖੋਲ੍ਹਿਆ ਹੈ ਪਰ ਇਸ ਮੈਦਾਨ ਵਿਚ ਕਿੰਨੀਆਂ ਹੀ ਬੀਮਾ ਕੰਪਨੀਆਂ ਆਪਣੇ ਵਾਰੇ-ਨਿਆਰੇ ਕਰ ਰਹੀਆਂ ਹਨ। ਸਿੱਖਿਆ ਅਤੇ ਸਿਹਤ ਦੀ ਮੌਜੂਦਾ ਤਸਵੀਰ ਦੇਖਦਿਆਂ ਸਾਫ ਦਿਸਣ ਲੱਗਿਆ ਹੈ ਕਿ ਇਹ ਦੋਵੇਂ ਖੇਤਰ ਹੁਣ ਅਮੀਰਾਂ ਲਈ ਰਾਖਵੇਂ ਹਨ; ਗਰੀਬ ਆਦਮੀ ਨੂੰ ਹੌਲੀ ਹੌਲੀ ਇਸ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਇਕ ਸਿਹਤਮੰਦ ਅਤੇ ਸਿੱਖਿਅਤ ਸ਼ਖ਼ਸ, ਗਰੀਬ ਅਤੇ ਕਮਜ਼ੋਰ ਬੰਦੇ ਦੇ ਮੁਕਾਬਲੇ ਘੱਟ ਦਿਹਾੜੀ ਵਾਲੇ ਕੰਮ ਲੱਗਿਆ ਹੋਣ ਕਰ ਕੇ ਘੱਟ ਤਨਖ਼ਾਹ/ਦਿਹਾੜੀ ਲੈਂਦਾ ਹੈ, ਤੇ ਛੁੱਟੀਆਂ ਵੀ ਵੱਧ ਕਰਦਾ ਹੈ ਕਿਉਂਕਿ ਉਹ ਅਕਸਰ ਬਿਮਾਰੀ ਨਾਲ ਘਿਰਿਆ ਰਹਿੰਦਾ ਹੈ। ਇਸ ਤਰ੍ਹਾਂ ਗਰੀਬੀ ਦੇ ਗੇੜ ਤੋਂ ਬਾਹਰ ਆਉਣ ਤੋਂ ਨਾਕਾਮਯਾਬ ਰਹਿੰਦਾ ਹੈ। ਜਦੋਂ ਸਿਹਤ ਅਤੇ ਸਿੱਖਿਆ ਦੇ ਕੁਚੱਕਰ ਦੀ ਗੱਲ ਆਉਂਦੀ ਹੈ ਤਾਂ ਅਸੀਂ ਜਾਣਿਆ ਹੈ ਕਿ ਪੜ੍ਹਿਆ ਲਿਖਿਆ ਅਤੇ ਸਿਹਤਮੰਦ ਸ਼ਖ਼ਸ ਵਧੀਆ ਰੁਜ਼ਗਾਰ ਕਰ ਸਕਦਾ ਹੈ ਤੇ ਆਪਣੇ ਆਪ ਨੂੰ ਗਰੀਬੀ ਦੇ ਚੁੰਗਲ ਵਿਚੋਂ ਛੁਡਾ ਸਕਦਾ ਹੈ।

ਦੇਸ਼ ਵਿਚ ਗਰੀਬਾਂ ਅਤੇ ਬੱਚਿਆਂ ਲਈ ਜਿੰਨੀਆਂ ਮਰਜ਼ੀ ਸਕੀਮਾਂ ਹੋਣ ਪਰ ਸੱਚ ਇਹ ਹੈ ਕਿ ਦੇਸ਼ ਦੀ 40% ਦੌਲਤ ਦੇਸ਼ ਦੇ ਇਕ ਫੀਸਦੀ ਲੋਕਾਂ ਕੋਲ ਹੈ, ਜਾਂ ਕਹੀਏ, ਕੁਝ ਕੁ ਪਰਿਵਾਰਾਂ ਦੇ ਹੱਥਾਂ ਵਿਚ ਹੈ; ਦੂਜੇ ਪਾਸੇ, ਦੇਸ਼ ਦੀ ਕੁੱਲ ਦੌਲਤ ਦਾ ਸਿਰਫ ਇਕ ਫੀਸਦੀ ਹਿੱਸਾ ਪੰਜਾਹ ਫੀਸਦੀ ਲੋਕਾਂ ਕੋਲ ਹੈ। ਇਸ ਗੱਲ ਨੂੰ ਇਸ ਤਰ੍ਹਾਂ ਵੀ ਸਮਝ ਸਕਦੇ ਹਾਂ ਕਿ ਦੇਸ਼ ਦੇ ਸਿਰਫ 10 ਫੀਸਦੀ ਲੋਕ ਹੀ ਹਨ ਜੋ 25000 ਰੁਪਏ ਮਹੀਨਾ ਜਾਂ ਉਸ ਤੋਂ ਵੱਧ ਕਮਾਉਂਦੇ ਹਨ। ਇਸ ਦੇ ਨਾਲ ਹੀ ਇਕ ਗੱਲ ਇਹ ਵੀ ਸਮਝੀ ਜਾ ਸਕਦੀ ਹੈ ਕਿ ਦੇਸ਼ ਦੇ 4% ਲੋਕ ਹੀ ਸਿਰਫ ਸੱਤਰ ਹਜ਼ਾਰ ਰੁਪਏ ਮਹੀਨਾ ਜਾਂ ਕਹਿ ਲਉ ਅੱਠ ਲੱਖ ਰੁਪਏ ਸਾਲਾਨਾ ਆਪਣੇ ਘਰ ਲੈ ਕੇ ਜਾਂਦੇ ਹਨ ਤੇ ਖੁਸ਼ਹਾਲ ਜੀਵਨ ਬਤੀਤ ਕਰਦੇ ਹਨ।

ਇਸ ਤੋਂ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਦੇਸ਼ ਦੀ ਨਿਗੂਣੀ ਜਿਹੀ ਆਬਾਦੀ ਹੀ ਖੁਸ਼ਹਾਲ ਜੀਵਨ ਬਤੀਤ ਕਰ ਰਹੀ ਹੈ; ਬਹੁਤ ਵੱਡੀ ਗਿਣਤੀ (ਤਕਰੀਬਨ 90 ਫੀਸਦੀ) ਆਬਾਦੀ ਦਾ ਜੀਵਨ ਬਦਹਾਲੀ ਵਾਲਾ ਹੈ। ਆਪਣਾ ਦੇਸ਼ ਹੁਣ 2030 ਤੱਕ ਮੁਹਰਲੀਆਂ ਦੋ ਵੱਡੀਆਂ ਆਰਥਿਕ ਤਾਕਤਾਂ ਤੋਂ ਬਾਅਦ ਵੱਡੀ ਤਾਕਤ ਹੋਣ ਦੇ ਦਾਅਵੇ ਕਰ ਰਿਹਾ ਹੈ; ਕਹਿਣ ਦਾ ਭਾਵ, ਸਾਡਾ ਮੁਲਕ ਅਮਰੀਕਾ ਤੇ ਜਪਾਨ ਤੋਂ ਬਾਅਦ ਆਪਣੀ ਥਾਂ ਬਣਾ ਰਿਹਾ ਹੈ। ਇਨ੍ਹਾਂ ਦਾਅਵਿਆਂ ਵਿਚ ਕਿੰਨੀ ਸਚਾਈ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਕੀ ਇਹ ਸਭ ਮੌਜੂਦਾ ਹਾਲਾਤ ਨਾਲ ਮੇਲ ਖਾਂਦਾ ਹੈ? ਇਹ ਕਿਤੇ ਕੁਝ ਘਰਾਣਿਆਂ ਦੇ ਅਮੀਰ ਤੋਂ ਅਮੀਰ ਹੋਣ ਅਤੇ ਬਾਕੀ ਦੇਸ਼ ਨੂੰ ਗਰੀਬੀ ਦੇ ਕੁਚੱਕਰ ਵਿਚ ਫਸੇ ਰਹਿਣ ਵੱਲ ਤਾਂ ਨਹੀਂ ਧੱਕ ਦੇਵੇਗਾ? ਕਹਿਣ ਦਾ ਮਤਲਬ, ਦੇਸ਼ ਤਾਂ ਜ਼ਰੂਰ ਅਮੀਰ ਹੋ ਜਾਵੇਗਾ ਪਰ ਲੋਕ ਬਦਹਾਲ ਜ਼ਿੰਦਗੀ ਜੀਅ ਰਹੇ ਹੋਣਗੇ!

# ਪੰਜਾਬੀ ਯੂਨੀਵਰਸਿਟੀ 'ਚ ਵਿਦੇਸ਼ੀ ਵਿਦਿਆਰਥੀਆਂ ਦੀ ਦਿਲਚਸਪੀ ਵਧੀ

ਜਸਪ੍ਰੀਤ ਕੌਰ

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਸਿਰਫ਼ ਪੰਜਾਬ ਜਾਂ ਪੰਜਾਬ ਨਾਲ ਲਗਦੇ ਸੂਬਿਆਂ ਦੇ ਵਿਦਿਆਰਥੀ ਹੀ ਨਹੀਂ ਪੜ੍ਹਦੇ ਬਲਕਿ ਕੌਮਾਂਤਰੀ ਵਿਦਿਆਰਥੀਆਂ ਲਈ ਵੀ ਇਹ ਖਿੱਚ ਦਾ ਕੇਂਦਰ ਬਣੀ ਹੋਈ ਹੈ। ਪਿਛਲੇ ਕੁਝ ਸਾਲਾਂ ਦੇ ਅੰਕੜਿਆਂ ਦਾ ਤੁਲਨਾਤਮਕ ਵਿਸ਼ਲੇਸ਼ਣ ਇਸ ਗੱਲ ਦੀ ਗਵਾਹੀ ਹੈ ਕਿ ਪੰਜਾਬੀ ਯੂਨੀਵਰਸਿਟੀ ਵਿਚ ਦਿਲਚਸਪੀ ਲੈਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।ਇਹ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਦੇ ਨਾਮ ਉੱਤੇ ਸਥਾਪਿਤ ਇਹ ਯੂਨੀਵਰਸਿਟੀ ਜਿੱਥੇ ਇੱਕ ਪਾਸੇ ਪੰਜਾਬ ਦੇ ਖਾਸ ਕਰ ਮਾਲਵੇ ਖਿੱਤੇ ਦੇ ਆਮ ਅਤੇ ਗਰੀਬ ਘਰਾਂ ਦੇ ਵਿਦਿਆਰਥੀਆਂ ਲਈ ਉਚੇਰੀ ਪੜ੍ਹਾਈ ਦਾ ਪ੍ਰਬੰਧ ਕਰਦੀ ਹੈ ਉੱਥੇ ਹੀ ਇਸ ਦਾ ਦਾਇਰਾ ਹੁਣ ਸੱਤ ਸਮੁੰਦਰੋਂ ਪਾਰ ਦੇ ਵਿਦਿਆਰਥੀਆਂ ਲਈ ਵੀ ਹੋਰ ਵਸੀਹ ਹੋ ਗਿਆ ਹੈ। ਦੁਨੀਆ ਭਰ ਦੇ ਵੱਖ-ਵੱਖ ਦੇਸਾਂ ਤੋਂ ਇੱਥੇ ਪੜ੍ਹਨ ਆਉਣ ਵਾਲੇ ਵਿਦਿਆਰਥੀਆਂ ਦੀ ਦਿਲਚਸਪੀ ਦਿਨ-ਬ-ਦਿਨ ਵਧ ਰਹੀ ਹੈ। ਮੌਜੂਦਾ ਸਮੇਂ ਪੰਜਾਬੀ ਯੂਨੀਵਰਸਿਟੀ ਦੇ ਕੈਂਪਸ ਵਿਚ ਕੁੱਲ 568 ਵਿਦੇਸ਼ੀ ਵਿਦਿਆਰਥੀ ਪੜ੍ਹ ਰਹੇ ਹਨ।

ਪੰਜਾਬੀ ਯੂਨੀਵਰਸਿਟੀ ਵਿਚਲੇ ਕੌਮਾਂਤਰੀ ਵਿਦਿਆਰਥੀਆਂ ਦੇ ਡਾਇਰੈਕਟੋਰੇਟ ਦੇ ਅੰਕੜਿਆਂ ਉੱਤੇ ਨਜ਼ਰ ਮਾਰਨੀ ਦਿਲਚਸਪ ਰਹੇਗੀ। ਯੂਨੀਵਰਸਿਟੀ ਵਿਚ ਵਿਦੇਸ਼ੀ ਵਿਦਿਆਰਥੀ ਮੁੱਖ ਤੌਰ ਉੱਤੇ ਵੱਖ-ਵੱਖ 47 ਦੇਸ਼ਾਂ ਵਿਚੋਂ ਆਉਂਦੇ ਹਨ ਜਿਨ੍ਹਾਂ ਵਿਚ ਬੰਗਲਾਦੇਸ਼, ਬੋਤਸਵਾਨਾ, ਜਿਬੂਤੀ, ਐਸਵਾਤੀਨੀ, ਇਥੋਪੀਆ, ਗਾਂਬੀਆ, ਘਾਨਾ, ਇਰਾਨ, ਕੀਨੀਆ, ਲਾਓਸ, ਲੈਸੋਥੋ, ਮੈਡਾਗਾਸਕਰ, ਮਲਾਵੀ, ਮੰਗੋਲੀਆ, ਮੋਜ਼ਾਮਬੀਕ, ਨੇਪਾਲ, ਰਵਾਂਡਾ, ਸਿਏਰਾ ਲਿਓਨ, ਸੋਮਾਲੀਆ, ਦੱਖਣੀ ਸੂਡਾਨ, ਸੀਰੀਆ, ਸ੍ਰੀਲੰਕਾ, ਯੁਗਾਂਡਾ, ਵੀਅਤਨਾਮ, ਜ਼ਾਂਬੀਆ, ਜ਼ਿੰਬਾਬਵੇ, ਯੂ.ਐ.ਈ., ਅਫ਼ਗਾਨਿਸਤਾਨ, ਤਨਜ਼ਾਨੀਆ, ਇੰਡੋਨੇਸ਼ੀਆਈ, ਮੈਲਾਗਾਸੀ, ਮੌਰੀਸ਼ਸ, ਯਮਨ, ਮਿਆਂਮਾਰ, ਇਰਾਕ, ਨਾਈਜ਼ੀਰੀਆ, ਲਾਇਬੇਰੀਆ, ਮਾਲੀ, ਨਾਮੀਬੀਆ, ਨਾਈਜਰ, ਦੱਖਣੀ ਅਫਰੀਕਾ, ਸਵਾਜ਼ੀਲੈਂਡ, ਮਿਸਰ, ਥਾਈਲੈਂਡ, ਕੰਬੋਡੀਆ, ਸੂਡਾਨ ਆਦਿ ਸ਼ਾਮਿਲ ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਜ਼ਿਆਦਾਤਰ ਇੰਡੀਅਨ ਕੌਂਸਲ ਫ਼ਾਰ ਕਲਚਰਲ ਰਿਲੇਸ਼ਨ (ਆਈ.ਸੀ.ਸੀ.ਆਰ) ਵੱਲੋਂ ਸਪਾਂਸਰਡ ਕੀਤਾ ਜਾਂਦਾ ਹੈ।

ਪਿਛਲੇ ਪੰਜ ਸਾਲਾਂ ਦੇ ਅੰਕੜਿਆਂ ਦੇ ਅਨੁਸਾਰ 2017-18 ਵਿਚ ਸਿਰਫ਼ ਨੌਂ ਵਿਦਿਆਰਥੀ ਆਏ ਸਨ ਜਿਨ੍ਹਾਂ ਵਿਚੋਂ ਸੱਤ ਵਿਦਿਆਰਥੀ ਇਥੋਪੀਆ ਦੇ ਸਨ। 2018-19 ਵਿਚ ਕੁੱਲ 34 ਵਿਦਿਆਰਥੀ ਆਏ ਜਿਨ੍ਹਾਂ ਵਿਚੋਂ 10 ਵਿਦਿਆਰਥੀ ਅਫ਼ਗਾਨਿਸਤਾਨ ਦੇ ਸਨ। 2019-20 ਵਿਚ ਕੁੱਲ 45 ਵਿਦਿਆਰਥੀ ਆਏ ਜਿਨ੍ਹਾਂ ਵਿਚੋਂ 22 ਵਿਦਿਆਰਥੀ ਅਫ਼ਗਾਨਿਸਤਾਨ ਦੇ ਸਨ। 2020-21 ਵਿਚ ਕੁੱਲ 82 ਵਿਦਿਆਰਥੀ ਆਏ ਜਿਨ੍ਹਾਂ ਵਿਚੋਂ 45 ਵਿਦਿਆਰਥੀ ਇਥੋਪੀਆ ਦੇ ਸਨ। 2021-22 ਵਿਚ ਕੁੱਲ 192 ਵਿਦਿਆਰਥੀ ਆਏ ਜਿਨ੍ਹਾਂ ਵਿਚੋਂ 115 ਵਿਦਿਆਰਥੀ ਅਫ਼ਗਾਨਿਸਤਾਨ ਦੇ ਸਨ। 2022-23 ਵਿਚ ਕੁੱਲ 137 ਵਿਦਿਆਰਥੀ ਆਏ ਜਿਨ੍ਹਾਂ ਵਿਚ 100 ਵਿਦਿਆਰਥੀ ਅਫ਼ਗਾਨਿਸਤਾਨ ਦੇ ਹਨ। 2023-24 ਵਿਚ ਕੁੱਲ-69 ਵਿਦਿਆਰਥੀ ਆਏ ਜਿਨ੍ਹਾਂ ਵਿਚ 16 ਵਿਦਿਆਰਥੀ ਬੰਗਲਾਦੇਸ਼ ਦੇ ਹਨ।

ਮੌਜੂਦਾ ਸਮੇਂ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਚ ਪੜ੍ਹ ਰਹੇ ਕੁੱਲ ਵਿਦੇਸ਼ੀ ਵਿਦਿਆਰਥੀਆਂ ਵਿਚੋਂ ਲੜਕਿਆਂ ਦੀ ਗਿਣਤੀ 461 ਅਤੇ ਲੜਕੀਆਂ ਦੀ ਗਿਣਤੀ 107 ਹੈ।

ਕੋਰਸਾਂ ਦੇ ਦੇ ਆਧਾਰ ਉਤੇ ਦੇਖੀਏ ਤਾਂ ਮੌਜੂਦਾ ਸਮੇਂ ਡਿਪਲੋਮਾ ਕੋਰਸਾਂ ਵਿਚ 10, ਅੰਡਰ-ਗ੍ਰੈਜੂਏਸ਼ਨ ਕੋਰਸਾਂ ਵਿਚ 120, ਪੋਸਟ-ਗ੍ਰੈਜੂਏਸ਼ਨ ਵਿਚ 199 ਅਤੇ ਪੀਐੱਚ.ਡੀ. ਵਿਚ 239 ਵਿਦਿਆਰਥੀ ਹਨ। ਸਪਸ਼ਟ ਹੈ ਕਿ ਪੀਐੱਚ.ਡੀ. ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਬਾਕੀ ਕੋਰਸਾਂ ਦੇ ਮੁਕਾਬਲੇ ਜ਼ਿਆਦਾ ਹੈ। ਵਿਦੇਸ਼ੀ ਵਿਦਿਆਰਥੀਆਂ ਦਾ ਲਗਭਗ 50 ਫ਼ੀਸਦੀ ਹਿੱਸਾ ਖੋਜਾਰਥੀਆਂ ਦਾ ਹੈ।

ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਧਣ ਨਾਲ ਯੂਨੀਵਰਸਿਟੀ ਨੂੰ ਫਾਇਦੇ ਹਨ। ਜਿੱਥੇ ਇੱਕ ਪਾਸੇ ਯੂਨੀਵਰਸਿਟੀ ਨੂੰ ਵਿੱਤੀ ਤੌਰ ਉੱਤੇ ਲਾਭ ਹੁੰਦਾ ਹੈ ਉੱਥੇ ਹੀ ਕੌਮਾਂਤਰੀ ਪੱਧਰ ਉੱਤੇ ਯੂਨੀਵਰਸਿਟੀ ਦੇ ਅਕਾਦਮਿਕ ਵੱਕਾਰ ਵਿਚ ਵਾਧਾ ਹੁੰਦਾ ਹੈ। ਮੌਜੂਦਾ ਸਮੇਂ ਜਦੋਂ ਵੱਡੀ ਗਿਣਤੀ ਵਿਚ ਪੰਜਾਬੀ ਵਿਦਿਆਰਥੀ ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿਚ ਦਾਖਲੇ ਲੈਣ ਲਈ ਜਾ ਰਹੇ ਹਨ ਤਾਂ ਉਸੇ ਸਮੇਂ ਵਿਦੇਸ਼ੀ ਵਿਦਿਆਰਥੀਆਂ ਦਾ ਆਪਣੀ ਉਚੇਰੀ ਸਿੱਖਿਆ ਨੂੰ ਪੂਰਾ ਕਰਨ ਲਈ ਪੰਜਾਬੀ ਯੂਨੀਵਰਸਿਟੀ ਵਿਚ ਦਿਲਚਸਪੀ ਲੈਣਾ ਆਪਣੇ ਆਪ ਵਿਚ ਮਾਇਨੇ ਰਖਦਾ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਕੈਂਪਸ ਵਿਚ ਵਿਚਰਦੇ ਸਮੁੱਚੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਇਹ ਵੱਡਾ ਲਾਭ ਹੈ ਕਿ ਉਨ੍ਹਾਂ ਦੇ ਵਿਜ਼ਨ/ਦ੍ਰਿਸ਼ਟੀ ਵਿਚ ਵਿਸ਼ਾਲਤਾ ਆਉਂਦੀ ਹੈ। ਉਨ੍ਹਾਂ ਦੀ ਇਨ੍ਹਾਂ ਵਿਦਿਆਰਥੀਆਂ ਦੇ ਅੰਗ-ਸੰਗ ਵਿਚਰਦਿਆਂ ਗਲੋਬਲ ਜਾਂ ਸਥਾਨਕ ਮਸਲਿਆਂ ਪ੍ਰਤੀ ਸਮਝ ਅਤੇ ਪਹੁੰਚ ਦੇ ਪਸਾਰ ਵੀ ਹੋਰ ਫੈਲਦੇ ਹਨ। ਅਜਿਹਾ ਹੋਣ ਨਾਲ ਵਿਭਾਗ ਵਿਚ ਹੋਣ ਵਾਲੀਆਂ ਇਕੱਤਰਤਾਵਾਂ ਵਿਚ ਅਜਿਹੇ ਵਿਸ਼ਿਆਂ ਬਾਰੇ ਚਰਚੇ ਛਿੜਦੇ ਰਹਿੰਦੇ ਹਨ। ਵਿਦੇਸ਼ਾਂ ਦੀ ਆਰਥਿਕਤਾ ਅਤੇ ਭਾਰਤ ਦੀ ਆਰਥਿਕਤਾ ਸੰਬੰਧੀ ਤੁਲਨਾਤਮਕ ਵਿਸ਼ਲੇਸ਼ਣ ਹੁੰਦੇ ਰਹਿੰਦੇ ਹਨ।

ਇਸ ਲੜੀ ਵਿਚ ਸਭ ਤੋਂ ਅਹਿਮ ਪੱਖ ਯੂਨੀਵਰਸਿਟੀ ਦੇ ਅਕਾਦਮਿਕ ਮਾਹੌਲ ਵਿਚ ਵੰਨ-ਸਵੰਨਤਾ ਦਾ ਹੈ। ਦੁਨੀਆ ਦੇ ਕੋਨੇ-ਕੋਨੇ ਤੋਂ ਆਉਣ ਵਾਲੇ ਵਿਦਿਆਰਥੀ ਆਪੋ-ਆਪਣੇ ਦੇਸ਼ਾਂ ਅਤੇ ਸਭਿਆਚਾਰਾਂ ਦੀਆਂ ਖੁਸ਼ਬੋਆਂ ਆਪਣੇ ਨਾਲ ਲੈ ਕੇ ਆਉਂਦੇ ਹਨ ਜੋ ਇੱਥੇ ਵਿਚਰ ਰਹੇ ਹਰ ਵਿਦਿਆਰਥੀ ਦੇ ਵਿਗਸਣ ਵਿਚ ਆਪਣੀ ਵਡਮੁੱਲੀ ਭੂਮਿਕਾ ਅਦਾ ਕਰਦੀਆਂ ਹਨ। ਵੰਨ-ਸਵੰਨਤਾ ਪੱਖੋਂ ਵਿਸ਼ੇਸ਼ ਉਦਾਹਰਨ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਚ ਬੋਲੀਆਂ ਜਾਂਦੀਆਂ ਵੱਖ-ਵੱਖ ਭਾਸ਼ਾਵਾਂ ਦੀ ਗਿਣਤੀ ਨਾਲ ਹੀ ਸਾਹਮਣੇ ਆਈ ਸੀ।

ਪਿਛੇ ਜਿਹੇ ਯੂਨੀਵਰਸਿਟੀ ਦੇ ਲੋਕ ਸੰਪਰਕ ਵਿਭਾਗ ਵਿਚ ਇੰਟਰਨ ਵਜੋਂ ਵਿਚਰਦੇ ਕੁਝ ਵਿਦਿਆਰਥੀਆਂ ਵੱਲੋਂ ਵਿਭਾਗ ਦੇ ਤਤਕਾਲੀ ਡਾਇਰੈਕਟਰ ਦਲਜੀਤ ਅਮੀ ਦੀ ਅਗਵਾਈ ਵਿਚ ਕੀਤੇ ਸਰਵੇਖਣ ਅਨੁਸਾਰ, ਕੈਂਪਸ ਵਿਚ 44 ਤੋਂ ਉੱਪਰ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਵਿਦੇਸ਼ੀ ਵਿਦਿਆਰਥੀ ਜਦੋਂ ਆਪਸ ਵਿਚ ਗੱਲ ਕਰਦੇ ਹਨ ਤਾਂ ਉਹ ਅੰਗਰੇਜ਼ੀ ਨਹੀਂ ਬਲਕਿ ਆਪਣੀ ਸਥਾਨਕ ਭਾਸ਼ਾ ਦਾ ਇਸਤੇਮਾਲ ਕਰਦੇ ਹਨ। ਇਥੋਪੀਆ ਦੇ ਵਿਦਿਆਰਥੀਆਂ ਦੀ ਗੱਲਬਾਤ ਅਗੇਵਗਨਾ, ਅਮਹਾਰਿਕ, ਨੁਏਰ ਅਤੇ ਓਰੋਸੀਆ ਜਿਹੀਆਂ ਭਾਸ਼ਾਵਾਂ ਵਿਚ, ਘਾਨਾ ਦੇ ਵਿਦਿਆਰਥੀਆਂ ਦੀ ਤਕੀ ਭਾਸ਼ਾ ਵਿਚ, ਮਲਾਵੀ ਦੇ ਵਿਦਿਆਰਥੀਆਂ ਦੀ ਚੀਚੇਵਾ ਭਾਸ਼ਾ ਵਿਚ, ਸੋਮਾਲੀਆ ਦੇ ਵਿਦਿਆਰਥੀਆਂ ਦੀ ਸੋਮਾਲੀ ਭਾਸ਼ਾ ਵਿਚ, ਜਿਉਤੀ ਦੇ ਵਿਦਿਆਰਥੀਆਂ ਦੀ ਅਫਾਰ, ਅੰਗਰੇਜ਼ੀ, ਫਰਾਂਸੀਸੀ, ਸੋਮਾਲੀ ਭਾਸ਼ਾਵਾਂ ਵਿਚ, ਐਸਵਾਤੀਨੀ ਵਿਦਿਆਰਥੀਆਂ ਦੀ ਉਰਦੂ ਅਤੇ ਜ਼ੁਲੂ ਭਾਸ਼ਾਵਾਂ ਵਿਚ, ਅਫ਼ਗਾਨਿਸਤਾਨ ਦੇ ਵਿਦਿਆਰਥੀਆਂ ਦੀ ਪਸ਼ਤੋ ਵਿਚ, ਦੱਖਣੀ ਸੂਡਾਨ ਦੇ ਵਿਦਿਆਰਥੀਆਂ ਦੀ ਅਰਬੀ ਅਤੇ ਇਸਿਜ਼ੁਲੁ ਵਿਚ, ਇੰਡੋਨੇਸ਼ੀਆ ਦੇ ਵਿਦਿਆਰਥੀਆਂ ਦੀ ਹਿੰਦੀ ਅਤੇ ਇੰਡੋਨੇਸ਼ੀਆਈ ਭਾਸ਼ਾਵਾਂ ਵਿਚ, ਇਰਾਕ ਦੇ ਵਿਦਿਆਰਥੀਆਂ ਦੀ ਅਰਬੀ ਅਤੇ ਕੁਰਦਿਸ਼ ਭਾਸ਼ਾਵਾਂ ਵਿਚ, ਸੀਰੀਆ ਦੇ ਵਿਦਿਆਰਥੀਆਂ ਦੀ ਅਰਬੀ ਭਾਸ਼ਾ ਵਿਚ, ਜ਼ਿੰਬਾਬਵੇ ਦੇ ਵਿਦਿਆਰਥੀਆਂ ਦੀ ਸ਼ੋਨਾ ਵਿਚ, ਨਾਈਜ਼ੀਰੀਆ ਦੇ ਵਿਦਿਆਰਥੀਆਂ ਦੀ ਹਾਊਸਾ ਭਾਸ਼ਾ ਵਿਚ, ਨਾਈਜਰ ਦੇ ਵਿਦਿਆਰਥੀਆਂ ਦੀ ਹਾਊਸਾ ਵਿਚ, ਦੱਖਣੀ ਅਫਰੀਕਾ ਦੇ ਵਿਦਿਆਰਥੀਆਂ ਦੀ ਇਸਿਜ਼ੁਲੁ ਭਾਸ਼ਾ ਵਿਚ ਅਤੇ ਸਵਾਜ਼ੀਲੈਂਡ ਦੇ ਵਿਦਿਆਰਥੀਆਂ ਦੀ ਉਰਦੂ ਅਤੇ ਜ਼ੁਲੂ ਭਾਸ਼ਾਵਾਂ ਵਿਚ ਸੁਣਨ ਨੂੰ ਮਿਲਦੀ ਹੈ। ਕਿਸੇ ਵੀ ਚੌਗਿਰਦੇ ਵਿਚ ਵੱਧ ਤੋਂ ਵੱਧ ਭਾਸ਼ਾਵਾਂ ਦਾ ਬੋਲਿਆ ਜਾਣਾ ਨਿਸ਼ਚੇ ਹੀ ਉਸ ਥਾਂ ਨੂੰ ਅਮੀਰੀ ਮੁਹੱਈਆ ਕਰਦਾ ਹੈ ਅਤੇ ਮਾਹੌਲ ਨੂੰ ਵੰਨ-ਸਵੰਨਤਾ ਬਖ਼ਸ਼ਦਾ ਹੈ। ਯੂਨੀਵਰਸਿਟੀਆਂ ਜਿਹੇ ਉਚੇਰੀ ਸਿੱਖਿਆ ਨਾਲ ਜੁੜੇ ਅਦਾਰਿਆਂ ਦੇ ਪ੍ਰਸੰਗ ਵਿਚ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਵੰਨ-ਸਵੰਨਤਾ ਅਜਿਹੇ ਅਦਾਰਿਆਂ ਦਾ ਗਹਿਣਾ ਹੁੰਦੀ ਹੈ।

# ਫ਼ਿਕਰ ਦੀ ਸ਼ਾਇਰੀ ਹੈ 'ਹਨੇਰੇ ਦੀ ਤਲੀ 'ਤੇ'

ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

## ਪੁਸਤਕ ਚਰਚਾ

ਕੁਲਵਿੰਦਰ ਖਹਿਰਾ ਬਹੁਤ ਹੀ ਜ਼ਹੀਨ ਅਤੇ ਸੰਵੇਦਨਸ਼ੀਲ ਸ਼ਾਇਰ ਹੈ। ਉਹ ਜ਼ਿੰਦਗੀ ਨੂੰ ਖਹਿ ਕੇ ਮਿਲਿਆ ਅਤੇ ਇਸਦੇ ਖੱਟੇ-ਮਿੱਠੇ ਰੰਗਾਂ ਵਿਚੋਂ ਜ਼ਿੰਦਗੀ ਦੀ ਨਿਸ਼ਾਨਦੇਹੀ ਕੀਤੀ ਹੈ। ਉਸਨੂੰ ਜੀਵਨ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨ ਅਤੇ ਇਨ੍ਹਾਂ ਥੀਂ ਆਪਣਾ ਰਾਹ ਬਣਾਉਣ ਦੀ ਜਾਚ ਹੈ। ਅਜੇਹੀਆਂ ਕਾਵਿਕ ਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ ਉਸਦਾ ਨਵਾਂ ਗ਼ਜ਼ਲ ਸੰਗ੍ਰਹਿ 'ਹਨੇਰੇ ਦੀ ਤਲੀ ਤੇ'। 22 ਸਾਲ ਬਾਅਦ ਆਪਣੀ ਦੂਸਰੀ ਕਾਵਿਕ ਲਿਖਤ ਰਾਹੀਂ ਪੰਜਾਬੀ ਅਦਬ ਵਿਚ ਹਾਜ਼ਰੀ ਲਗਵਾਉਣ ਵਾਲਾ ਕੁਲਵਿੰਦਰ, ਕਵਿਤਾ ਨੂੰ ਜਿਉਂਦਾ ਅਤੇ ਫਿਰ ਆਪਣੇ ਅੰਤਰੀਵ ਨੂੰ ਗ਼ਜ਼ਲ ਰਾਹੀਂ ਉਲਥਾਉਂਦਾ ਹੈ।



ਕੁਲਵਿੰਦਰ ਖਹਿਰਾ ਸਿਰਫ਼ ਲਿਖਣ ਲਈ ਹੀ ਨਹੀਂ ਲਿਖਦਾ। ਆਪਣੀ ਲਿਖਣ-ਪ੍ਰਤੀਬੱਧਤਾ ਨੂੰ ਇਉਂ ਪ੍ਰਗਟਾਉਂਦਾ ਹੈ;

ਸ਼ਬਦ, ਸੱਚ, ਸੰਗੀਤ, ਸੁਰ ਦੇ, ਸੋਜ਼ ਦੇ,
ਹੁਸਨ ਦੀ ਮੁਹਤਾਜ਼ ਹੈ ਮੇਰੀ ਗ਼ਜ਼ਲ।
ਜਾਂ
ਰੁੱਤਬੇ, ਇਨਾਮ, ਕਲਗੀਆਂ, ਕਰਦਾ ਨਾਮੂਦ ਸੈਂ,
ਪੁੱਛਦੀ ਹਵਾ ਹੈ ਹੁਣ ਤੇਰਾ ਚਰਚਾ ਕਿਧਰ ਗਿਆ।

ਜਦ ਖਹਿਰਾ ਆਪਣੇ ਆਪ ਨੂੰ ਮਿਲਦਾ ਅਤੇ ਖੁਦ ਦੇ ਰੂਬਰੂ ਹੋ ਕੇ ਲਿਖਦਾ ਤਾਂ ਬਹੁਤ ਸਾਰੀਆਂ ਪਰਤਾਂ ਵਿਚ ਮਨੁੱਖਤਾ ਦੇ ਦਰਦ ਅਤੇ ਪੀੜਾ ਨੂੰ ਮਹਿਸੂਸ ਕਰਦਾ। ਜਿਵੇਂ;

ਜਦ ਸੀਤ ਹੋ ਕੇ ਪੰਛੀ, ਟਾਹਣੀ 'ਤੇ ਮਰ ਗਿਆ ਸੀ,
ਰੁੱਖ ਜ਼ਾਰ ਜ਼ਾਰ ਰੋਇਆ, 'ਹੁੰਦੇ ਦੋ ਚਾਰ ਪੱਤੇ'।
ਜਾਂ
ਫੁੱਲ ਚੁੰਝੀਂ ਲੈ, ਜਿਹੜੀ ਘੁੱਗੀ ਉਡੀ ਸੀ,
ਤੀਰਾਂ ਵਿਚ ਪਰੋਈ, ਕਿਥੋਂ ਆਈ ਹੈ।
ਜਾਂ
ਮੌਤ ਉਹ ਕਿਹੜੀ ਮਰੇ, ਪੰਛੀ ਵਿਚਾਰਾ ਕੀ ਕਰੇ,
ਆਲ੍ਹਣੇ ਵਿਚ ਬੋਟ ਭੁੱਖੇ, ਅੰਬਰਾਂ 'ਤੇ ਬਾਜ਼ ਹੈ।

ਇਹ ਹੈ ਮਨੁੱਖੀ ਮਨ 'ਚ ਉਠੀ ਚੀਸ ਦੀ ਇੰਤਹਾ ਜਿਸਨੂੰ ਸਿਰਫ਼ ਇਕ ਕਵੀ ਮਨ ਹੀ ਮਹਿਸੂਸ ਕਰਦਾ ਅਤੇ ਇਸਨੂੰ ਹਰਫ਼ਾਂ ਥੀਂ ਬਿਆਨ ਕਰ ਸਕਦਾ।

ਜਦ ਕਲਮ ਆਪਣਾ ਧਰਮ ਨਿਭਾਉਣ ਤੋਂ ਮੁਨਕਰ ਹੋ ਜਾਵੇ ਅਤੇ ਸਥਾਪਤੀ ਦੀ ਕੂਕਰ ਬਣ ਜਾਵੇ ਤਾਂ ਖਹਿਰੇ ਦੇ ਇਹ ਸ਼ਬਦ ਰੂਹ ਨੂੰ ਹਲੂਣ ਜਾਂਦੇ;

ਖੰਡਤ ਹੈ ਸੋਚ ਹੋਈ, ਕੀਕਣ ਅਦੀਬ ਕੋਈ,
ਹਾਸ਼ਮ, ਫਰੀਦ, ਨਾਨਕ, ਬੁੱਲਾ, ਕਬੀਰ ਨਿਕਲੇ।

ਇਹ ਹੈ ਅਜੋਕੇ ਲੇਖਕਾਂ ਦੀ ਤਰਾਸਦੀ। ਕਾਸ਼ ਅਸੀਂ ਆਪਣੇ ਰਹਿਬਰਾਂ ਦੀਆਂ ਸੁਮੱਤਾਂ ਨੂੰ ਮਾਰਗ-ਦਰਸ਼ਨਾ ਬਣਾ ਲੈਂਦੇ। ਅਜੋਕੀ ਸਥਿਤੀ ਤੋਂ ਨਿਰਾਸ਼ ਹੋਇਆ ਖਹਿਰਾ ਖੁਦ ਨੂੰ ਮੁਖਾਤਬ ਹੁੰਦਾ;

ਤੂੰ ਕਰ ਇਕਰਾਰ, ਬੀਤੇ ਨੂੰ ਭੁਲਾ ਕੇ, ਐ ਕਲਮ ਅੱਜ ਤੋਂ,
ਜੇ ਲਿਖਣਾ ਹੈ ਤੂੰ ਕੁਝ ਤਾਂ, ਮਹਿਕਦੇ ਫੁੱਲਾਂ ਜਿਹਾ ਲਿਖਣਾ"


ਕਾਸ਼! ਸਾਰੀਆਂ ਕਲਮਾਂ ਅਜੇਹੀਆਂ ਕਸਮਾਂ ਆਪਣੇ ਆਪ ਨੂੰ ਪਾ ਲੈਣ। ਤਾਂ ਹੀ ਉਹ ਖੁਦ ਨੂੰ ਸੁਚੇਤ ਵੀ ਕਰਦਾ;

ਤੇਰਾ ਵੀ ਖ਼ੂਨ ਖਹਿਰੇ, ਹੁਣ ਖ਼ੂਬ ਖੌਲਦਾ ਹੈ,
ਬਣ ਕੇ ਬੈਠ ਨਾ ਜਾਵੀਂ, ਸ਼ਿੰਗਾਰ ਸੁਰਖੀਆਂ ਦਾ'

ਕੁਲਵਿੰਦਰ ਖਹਿਰੇ ਨੇ ਛੋਟੀ ਉਮਰੇ ਪ੍ਰਦੇਸ ਵਿਚ ਆ ਕੇ, ਪਰਵਾਸ ਦੇ ਕਈ ਰੰਗਾਂ ਨੂੰ ਦੇਖਿਆ ਤੇ ਹੰਢਾਇਆ। ਇਹ ਪ੍ਰਵਾਸ ਜਦ ਸੁਚੇਤ ਮਨ ਵਿਚ ਦੁਵੱਲੀ ਸਜ਼ਾ ਬਣਦਾ ਤਾਂ ਖਹਿਰੇ ਦਾ ਦਿਲ ਤਿੜਕਦਾ;

ਝੱਲਣੀ ਮੁਸ਼ਕਲ ਤਾਂ ਹੈ, ਪ੍ਰਦੇਸ ਆਵਣ ਦੀ ਸਜ਼ਾ,
ਕੌਣ ਝੱਲੇ ਪਰ ਘਰਾਂ ਨੂੰ, ਪਰਤ ਜਾਵਣ ਦੀ ਸਜ਼ਾ।
ਜਾਂ
ਮੁੜਿਆ ਮੈਂ ਘਰ ਤਾਂ ਡਿੱਠਾ, ਉਹ ਖੁਦ ਵੀ ਤੁੱਰ ਗਏ ਨੇ,
ਕਰ ਕੇ ਵਿਦਾ ਜੋ ਮੈਨੂੰ, ਦਰ ਓਦਰੇ ਨੇ ਹੋਣੇ।

ਜਦ ਮੈਂ ਖਹਿਰੇ ਦਾ ਨਿਮਨ ਸ਼ੇਅਰ ਪੜਿਆ ਕਿ;




ਮੇਰੇ ਬੁੱਲੀਂ ਜੰਮੀ ਚੁੱਪ ਵੀ, ਪੂਰੀ ਪੂਰੀ ਦੋਸ਼ੀ ਹੈ,
ਮੇਰੀ ਹੋਣੀ ਵਿਚ ਇਕੱਲਾ, ਦੋਸ਼ ਨਹੀਂ ਸਰਕਾਰਾਂ ਦਾ'

ਤਾਂ ਮੈਨੂੰ ਲੱਗਿਆ ਜਿਵੇਂ ਮੈਂ ਗੁਰਪ੍ਰੀਤ ਦੀ ਕਿਤਾਬ 'ਉਹ ਹੁਣ ਸਿੱਖਾਂ ਲਈ ਆਏ' ਪੜ੍ਹ ਕੇ ਹਟਿਆ ਹੋਵਾਂ? ਜਦ ਕਲਮਾਂ ਖਾਮੋਸ਼ ਹੋ ਜਾਣ ਤਾਂ ਕਲਮਾਂ ਵੀ ਕੌਮ ਦੇ ਕਤਲਾਂ ਦੀਆਂ ਦੋਸ਼ੀ ਹੁੰਦੀਆਂ। ਕਲਮ ਜਦ ਕਿਸੇ ਦੇ ਦੁੱਖ ਵਿਚ ਹਾਅ ਦਾ ਨਾਅਰਾ ਨਾ ਮਾਰੇ, ਆਪਣਾ ਧਰਮ ਨਾ ਨਿਭਾਏ ਅਤੇ ਚੁੱਪ ਰਹੇ ਤਾਂ ਫਿਰ ਜਦ ਆਪਣੇ 'ਤੇ ਭੀੜ ਬਣੇਗੀ ਤਾਂ ਕੌਣ ਹਾਅ ਦਾ ਨਾਹਰਾ ਮਾਰੇਗਾ? ਇਸ ਲਈ ਕਲਮ ਖੁਦ ਹੀ ਕਸੂਰਵਾਰ ਹੋਵੇਗੀ।

ਮਨੁੱਖ ਜਦ ਆਪਣੇ ਬੀਤੇ ਨੂੰ ਭੁੱਲ ਕੇ ਨਵੀਂ ਰੁੱਤ ਦੀ ਆਮਦ ਵਿਚ ਆਪਣੀ ਜ਼ਿੰਦਗੀ ਨੂੰ ਨਵੀਂ ਤਰਤੀਬ ਦਿੰਦਾ ਤਾਂ ਆਪ ਮੁਹਾਰੇ ਉਸਦੀ ਕਲਮ ਵਿਚੋਂ ਨਿਕਲਦਾ

ਟੁੱਟੇ ਸੁਪਨੇ, ਸੁੱਤੇ ਜਜ਼ਬੇ, ਕੀ ਕੀ ਮੇਰਾ ਬਿਖਰ ਗਿਆ,
ਕੌਣ ਗਲੀ 'ਚੋਂ ਅੱਜ ਫਿਰ ਲੰਘਿਆ, ਇਉਂ ਛਣਕਾ ਕੇ ਵੰਗਾਂ ਨੂੰ।

ਜੀਵਨ ਦੇ ਬਿਖਰਾਅ ਅਤੇ ਤਿੜਕਣ ਵਿਚੋਂ ਵੰਗਾਂ ਦੀ ਖਣਕਾਰ ਨੂੰ ਸੁਣਨਾ, ਮਨੁੱਖ ਲਈ ਰੂਹ ਦਾ ਸਕੂਨ ਹੁੰਦਾ ਅਤੇ ਇਹੀ ਸਕੂਨ ਕੁਝ ਪਲ ਲਈ ਸ਼ਬਦਾਂ ਦੀ ਆਗੋਸ਼ ਵਿਚ ਬਹਿ ਕੇ ਗ਼ਜ਼ਲ ਨੂੰ ਨਵੇਂ ਰੰਗ ਨਾਲ ਭਰ ਦਿੰਦਾ।

ਖਹਿਰੇ ਦੀ ਗ਼ਜ਼ਲ ਤਲਖ਼ੀਆਂ ਸੰਘ ਖਹਿੰਦਿਆਂ ਵੀ, ਆਸ ਦਾ ਪੱਲਾ ਨਹੀਂ ਛੱਡਦੀ। ਤਾਂ ਹੀ ਉਹ ਲਿਖਦਾ ਹੈ;

ਰਾਤ ਲੰਮੀ, ਪਰ ਸਵੇਰਾ, ਆਸ ਅੰਦਰ ਫਿਰ ਵੀ ਹੈ
ਮਰ ਰਹੇ ਹਾਂ ਜ਼ਿੰਦਗੀ, ਅਹਿਸਾਸ ਅੰਦਰ ਫਿਰ ਵੀ ਹੈ।

ਕੁਲਵਿੰਦਰ ਇਹ ਵੀ ਜਾਣਦਾ ਹੈ ਕਿ ਸਿਰ ਕਦੇ ਵੀ ਝੁਕਦੇ ਨਹੀਂ ਅਤੇ ਧੌਣਾਂ ਉਚੀਆਂ ਰੱਖਣ ਵਾਲਿਆਂ ਨੂੰ ਹੀ ਆਖਰ ਤਲਵਾਰਾਂ ਚੁੰਮਦੀਆਂ। ਵਰਨਾ ਬੇਸ਼ਰਮ ਲੋਕਾਂ ਲਈ ਸਿਰ ਉਚਾ ਰੱਖਣ ਦੇ ਕੋਈ ਮਾਇਨੇ ਨਹੀਂ ਹੁੰਦੇ। ਉਹ ਤਾਂ ਨਿੱਕੇ ਨਿੱਕੇ ਲਾਲਚਾਂ ਲਈ ਖੁਦ ਵੀ ਨਿਲਾਮ ਹੋਣ ਲਈ ਤਿਆਰ ਹੁੰਦੇ। ਉਸਦੀ ਕਲਮ ਲਲਕਾਰਦੀ;

ਹਮੇਸ਼ਾਂ ਹੋਂਦ ਖਾਤਰ ਜੁਲਮ, ਨਸਲਾਂ ਸਹਿੰਦੀਆਂ ਰਹੀਆਂ,
ਨਗਾਰੇ ਵੱਜਦੇ ਆਏ ਅਤੇ ਧੌਣਾਂ ਲਹਿੰਦੀਆਂ ਰਹੀਆਂ।

ਗਜ਼ਲ ਸੰਗ੍ਰਹਿ ਪੜ੍ਹਦਿਆਂ ਮੈਨੂੰ ਇਉਂ ਲੱਗਿਆ ਜਿਵੇਂ ਮੈਂ ਖੁਦ ਨੂੰ ਮਿਲਿਆ ਹੋਵਾਂ। ਆਪਣੇ ਬੀਤੇ ਦੀ ਨਿਸ਼ਾਨਦੇਹੀ ਕੀਤੀ ਹੋਵੇ। ਕੁਲਵਿੰਦਰ ਨੇ ਸਮੇਂ ਦੇ ਸੱਚ ਨੂੰ ਸ਼ਬਦਾਂ ਦੇ ਹਵਾਲੇ ਕਰ ਕੇ ਆਪਣਾ ਫਰਜ਼ ਨਿਭਾਇਆ ਤਾਂ ਕਿ ਸਨਦ ਰਹੇ ਕਿ ਕੁਝ ਇਸ ਤਰ੍ਹਾਂ ਵੀ ਜ਼ਿੰਦਗੀ ਨੂੰ ਮੁਖ਼ਾਤਬ ਹੋਏ ਸਾਂ। ਖਾਮੋਸ਼ ਹੋ ਗਈਆਂ ਕਲਮਾਂ ਦੀ ਸ਼ਰਮਸ਼ਾਰੀ ਜਦ ਸਨਮਾਨੀ ਜਾਂਦੀ ਹੋਵੇ ਤਾਂ ਬੜਾ ਕੁਝ ਇਤਿਹਾਸ ਦੇ ਵਰਕਿਆਂ ਨੂੰ ਉਦਾਸੀ ਨਾਲ ਭਰ ਜਾਂਦਾ।

ਕੁਲਵਿੰਦਰ ਖਹਿਰਾ ਦੀ 22 ਸਾਲ ਬਾਅਦ ਆਈ ਕਾਵਿ-ਕਿਰਤ ਲਈ ਮੁਬਾਰਕਾਂ ਅਤੇ ਆਸ ਹੈ ਕਿ ਅਗਲੇਰੀ ਕਾਵਿ ਲਿਖਤ ਲਈ ਪਾਠਕਾਂ ਨੂੰ 22 ਸਾਲ ਲੰਮੀ ਉਡੀਕ ਨਹੀਂ ਕਰਨੀ ਪਵੇਗੀ।

# ਸੁਰਿੰਦਰ ਗੀਤ ਦੀਆਂ ਰਚਨਾਵਾਂ

*ਸੁਰਿੰਦਰ ਗੀਤ ਪੰਜਾਬੀ ਕਾਵਿ-ਸਾਹਿਤ ਵਿਚ ਉਘੜਵਾਂ - ਗੂੜ੍ਹਾ ਹਸਤਾਖ਼ਰ ਹੈ। ਦਰਅਸਲ, ਉਸਨੇ ਨਿਆਣ-ਮੱਤੀਆਂ ਵੇਲੇ ਕਾਵਿ-ਪਰਵਾਜ਼ਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਕਾਵਿ-ਤਰੰਗਾਂ ਨੂੰ ਕਾਗਜ਼ਾਂ ਦੀ ਹਿੱਕ 'ਤੇ ਸੁਆਰ-ਉਭਾਰ ਕੇ ਬੀੜਨ ਦਾ ਬੀੜਾ ਚੁੱਕਿਆ। ਹੌਲੀ ਉਮਰੇ ਉਹਦੀਆਂ ਮਿੱਠੀਆਂ-ਮਿੱਠੀਆਂ ਕਾਵਿ-ਸੁਰਾਂ ਦਾ ਅਲਾਪ ਆਸੇ ਪਾਸੇ ਸੁਣਿਆ ਜਾਣ ਲੱਗਾ। ਕਾਵਿ-ਖ਼ਿਆਲ ਸੰਜੀਦਾ ਕਾਵਿ ਵਿਚ ਤਬਦੀਲ ਹੁੰਦੇ ਗਏ। ਸਾਹਿਤ ਸੰਸਾਰ ਵਿਚ ਨਿਵੇਕਲੇ ਝਲਕਾਰੇ ਮਾਰਨ ਲੱਗੇ। ਨਤੀਜਨ, ਉਹਦਾ ਪਹਿਲਾ ਕਾਵਿ-ਸੰਗ੍ਰਹਿ 1996 ਵਿਚ ਛਪਿਆ ਜੋ ਲੇਖਕਾਂ-ਆਲੋਚਕਾਂ ਦੀ ਖ਼ਿੱਚ ਦਾ ਕਾਰਨ ਬਣਿਆ। ਉਹ ਆਪਣੇ ਨਾਵਾਂ ਜਿਵੇਂ ਸੁਰਿੰਦਰ ਕੌਰ, ਸੁਰਿੰਦਰ ਗਿੱਲ ਤੇ ਸੁਰਿੰਦਰ ਗੀਤ ਦੇ ਸਫ਼ਰ ਵਾਂਗ ਨੌਂ ਕਾਵਿ-ਸੰਗ੍ਰਹਿ ਆਪਣੀ ਮਾਤ ਭਾਸ਼ਾ ਨੂੰ ਦੇ ਕੇ ਆਪਣੀ ਕਾਵਿ-ਸਮਰੱਥਾ ਦਾ ਪ੍ਰਗਟਾਵਾ ਕਰ ਚੁੱਕੀ ਹੈ। ਸ਼ਾਇਦ ਏਸੇ ਕਰਕੇ ਗੰਭੀਰ ਸਾਹਿਤਕਾਰ ਤੇ ਆਲੋਚਕ ਸੁਰਿੰਦਰ ਗੀਤ ਦੀ ਕਾਵਿ-ਜੁਗਤ ਦੇ ਗੀਤ ਗਾਉਂਦੇ ਦਿਸਦੇ-ਸੁਣਦੇ ਹਨ। ਹਕੀਕਤ ਇਹ ਹੈ ਕਿ ਉਸਦੀ ਕਾਵਿ-ਰਚਨਾ ਕਿਸੇ ਵਾਦ ਨਾਲ ਨਰੜੀ ਨਹੀਂ ਹੋਈ ਤੇ ਨਾ ਹੀ ਕੱਟੜ ਨਾਰੀਵਾਦ ਦੀ ਸੁਰ 'ਚ ਸੁਰ ਮਿਲਾਉਂਦੀ ਹੈ। ਉਹ ਮਰਦ ਨੂੰ ਨੌਲਦੀ ਨਹੀਂ ਸਗੋਂ ਉਸਦੇ ਉਸਾਰੂ ਪੱਖਾਂ ਨੂੰ ਗੌਲਦੀ ਹੈ। ਉਹਦੀ ਸਮੁੱਚੀ ਕਵਿਤਾ ਤੇ ਕਹਾਣੀ ਸਮਕਾਲੀ ਸਥਿਤੀਆਂ, ਸਮਾਜਿਕ ਵਿਵਸਥਾ, ਅਨਿਆਂ ਤੇ ਵਿਤਕਰੇ ਉੱਤੇ ਤਿੱਖੇ ਵਿਅੰਗ-ਬਾਣਾਂ ਦੀ ਸ਼ਾਬਦਿਕ ਵਰਖਾ ਕਰਦੀ ਹੈ। ਉਹ ਬੁੱਧੀਜੀਵੀਆਂ, ਸਾਹਿਤਕਾਰਾਂ ਨੂੰ ਝੰਜੋੜ ਜਗਾਉਂਦੀ ਹੋਈ ਆਪਣੇ ਚਿੰਤਨ ਤੇ ਚੇਤਨਾ ਦੀ ਤਰਕ -ਬਾਣੀ ਨਾਲ ਰਾਜਨੀਤਕ ਦੋਗਲੀਆਂ ਚਾਲਾਂ ਤੇ ਧਾਰਮਿਕ ਦੰਭਾਂ-ਪਾਖੰਡਾਂ ਦਾ ਖੰਡਨ ਕਰਦੀ ਹੋਈ ਮਾਨਵ-ਮੁਖੀ ਕਵਿਤਾ ਉਚਾਰਦੀ ਹੈ। ਉਸਦੀ ਕਵਿਤਾ ਵਿਚਲੀ "ਮੈਂ" ਮੈਂ-ਮੈਂ ਨਹੀਂ, ਵਰਗ ਪ੍ਰਤੀਨਿਧਤਾ ਹੈ। ਨਿਮਾਣਿਆਂ ਨਿਤਾਣਿਆਂ ਖਾਤਰ ਜੂਝਣ ਹੈ। ਜ਼ਿੰਦਗੀ ਦੇ ਮਾਰੇ ਲੋਕਾਂ ਦੀ ਰੇਗਿਸਤਾਨੀ ਜ਼ਿੰਦਗੀ ਵਿਚ ਵਗਦੀ ਕਾਵਿ ਨਦੀ ਹੈ ਜੋ ਨਖ਼ਲਸਤਾਨ ਸਿਰਜਦੀ ਹੈ। ਉਹ ਦਾਬੇ ਵਾਲੇ ਸਭਿਆਚਾਰ ਦੇ ਨਾਂ 'ਤੇ ਵਗਦੀ ਤੱਤੀ ਹਵਾ ਦੇ ਖ਼ਿਲਾਫ਼ 'ਗੁਸਤਾਖ਼ ਹਵਾ' ਹੈ। ਸਜੱਗ ਕਾਵਿ-ਤੋੜਾ ਤੋੜਦੀ ਹੈ। ਪਿਛਲੇ ਪੰਜ ਦਹਾਕਿਆਂ ਤੋਂ ਸਾਹਿਤ ਸਿਰਜਣ ਕਰ ਰਹੀ ਤੇ ਤਕਰੀਬਨ ਏਨੇ ਹੀ ਵਰ੍ਹਿਆਂ ਤੋਂ ਕੈਨੇਡਾ ਵਸਦੀ ਸੁਰਿੰਦਰ ਗੀਤ ਦੀ ਰੂਹ ਭਾਰਤ ਤੇ ਪੰਜਾਬ ਵਿਚ ਵਸਦੀ ਹੈ। ਇਸ ਦੀ ਗਵਾਹੀ ਉਸ ਦੀ ਕਵਿਤਾ ਤੇ ਕਹਾਣੀ ਦਿੰਦੀ ਹੈ। ਉਮੀਦ ਹੈ ਕਿ ਪਹਿਲੀਆਂ ਰਚਨਾਵਾਂ ਵਾਂਗ ਉਸ ਦੀ ਹਥਲੀ ਪੁਸਤਕ 'ਮੇਰੀ ਚੋਣਵੀਂ ਕਵਿਤਾ' ਦਾ ਪਾਠਕਾਂ ਵਲੋਂ ਭਰਵਾਂ ਸਵਾਗਤ ਹੋਵੇਗਾ। -ਬਲਬੀਰ ਮਾਧੋਪੁਰੀ*

### ਗ਼ਜ਼ਲ

ਰੁੱਖਾਂ ਦੇ ਜਦ ਪੱਤੇ ਝੜਦੇ, ਝੜਦੇ ਰੰਗ ਵਟਾ ਕੇ।
ਆਪਣੇ ਜਦੋਂ ਬੇਗਾਨੇ ਹੁੰਦੇ, ਹੁੰਦੇ ਰੰਗ ਵਿਖਾ ਕੇ।

ਲੋੜਾਂ ਦੇ ਖੇਡੇ ਨੂੰ ਜਿੰਦੇ, ਪਿਆਰ ਸਮਝ ਨਾ ਬੈਠੀਂ,
ਹਰ ਇਕ ਲੋੜ ਤੇਰੀ ਰੂਹ ਨੋਚੇ, ਪਿਆਰ ਦਾ ਚੋਲਾ ਪਾ ਕੇ।

ਪਿਆਰ ਨਿਸ਼ਾਨੀ ਦੇ ਜਾ ਸਾਨੂੰ, ਲੋਹੇ ਦੀ ਇਕ ਗਾਨੀ,
ਨਾਲੇ ਦੇ ਜਾ ਸੱਚ ਦੇ ਰੰਗ ਦਾ, ਸੂਟ ਨਵਾਂ ਸਿਲਵਾ ਕੇ।

ਜੀਅ ਕਰਦਾ ਮੈਂ ਚਾਨਣ ਵੰਡਾਂ, ਸਭ ਦਾ ਦਰਦ ਵੰਡਾਵਾਂ,
ਆਪਣੀ ਦਾਗੀ ਰੂਹ ਨੂੰ ਧੋਵਾਂ, ਨੈਣੋਂ ਨੀਰ ਵਹਾ ਕੇ।

ਗੀਤ ਕਿਸੇ ਦਾ ਮੁੱਖੜਾ ਬਣ ਕੇ, ਗੀਤਾਂ ਦੇ ਵਿੱਚ ਆ ਜਾ,
ਸਾਜ਼ ਸੁਰਾਂ ਸ਼ਬਦਾਂ ਦੀਆਂ ਪੈੜਾਂ, ਦੇ ਵਿੱਚ ਪੈਰ ਟਿਕਾ ਕੇ।

---

### ਗ਼ਜ਼ਲ 2

ਮੁਸ਼ਕਿਲ ਬੜਾ ਹੈ ਜੀਣਾ, ਆਪੇ ਤੋਂ ਦੂਰ ਜਾ ਕੇ।
ਆਪਣੇ ਹੀ ਪੇਟ ਖ਼ਾਤਿਰ, ਆਪਣਾ ਹੀ ਮਾਸ ਖਾ ਕੇ।

ਲੱਗਦੀ ਬੜੀ ਹੈ ਰੌਣਕ, ਤੇਰੇ ਮਹਾਂ ਨਗਰ ਵਿੱਚ,
ਆ ਵੇਖ ਤੂੰ ਵਿਰਾਨਾ, ਸਾਡੇ ਘਰਾਂ 'ਚ ਆ ਕੇ।

ਇਹ ਜੂਨ ਹੈ ਮਨੁੱਖਾ, ਜਾਂ ਹੋਰ ਕੋਈ ਨਾਂ ਹੈ,
ਪੁੱਛੀਂ ਖ਼ੁਦਾ ਦੇ ਕੋਲੋਂ, ਨੈਣਾਂ 'ਚ ਨੈਣ ਪਾ ਕੇ।

ਨਾ ਮਜ਼੍ਹਬ ਨੂੰ ਪਤਾ ਹੈ, ਨਾ ਧਰਮ ਕੋਈ ਜਾਣੇ,
ਇਸ ਖੇਡ ਅੱਗ ਦੀ ਨੇ, ਮੁੱਕਣਾ ਕਿੱਥੇ ਕੁ ਜਾ ਕੇ।

ਕੀ ਖੱਟ ਰਿਹਾ ਹੈ ਲੋਕੋ, ਦੁਨੀਆਂ ਦਾ ਇਹ ਵਿਉਪਾਰੀ,
ਅੱਜ ਤੇਲ ਤੇ ਲਹੂ ਦਾ, ਇੱਕੋ ਹੀ ਭਾਅ ਬਣਾ ਕੇ।

ਮੈਂ ਤਾਂ ਏਨਾ ਕਿਹਾ ਸੀ, ਇਹ ਰਾਜ ਨ੍ਹੇਰ ਦਾ ਹੈ,
ਮੱਥੇ 'ਚ ਮੇਰੇ ਮਾਰੇ, ਪੱਥਰ ਤੁਸੀਂ ਵਗਾ ਕੇ।

ਸੁਕਰਾਤ ਜੇ ਤੂੰ ਬਣਨਾ, ਕਰ ਪਾਰਖੂ ਨਜ਼ਰ ਤੂੰ,
ਤੇ ਸੱਚ ਨੂੰ ਬਚਾਵੀਂ, ਹੋਠਾਂ 'ਤੇ ਜ਼ਹਿਰ ਲਾ ਕੇ।

ਸ਼ਬਦਾਂ ਦਾ ਲੈ ਸਹਾਰਾ, ਮੈਂ ਆ ਗਈ ਹਾਂ ਏਥੇ,
ਹੌਲਾ ਜਿਹਾ ਹੋ ਜਾਂਦੈ, ਮਨ ਗੀਤ ਆਪਣਾ ਗਾ ਕੇ।

---

### ਗ਼ਜ਼ਲ 3

ਮਹਿਕ ਵਿਹੂਣੇ ਫ਼ੁੱਲਾਂ ਦੀ ਬਾਗ਼ਾਂ ਦੇ ਵਿਚ ਸਰਦਾਰੀ ਹੈ।
ਹਰ ਇਕ ਤਿਤਲੀ ਹਰ ਇਕ ਭੰਵਰਾ, ਬਣਿਆ ਅੱਜ ਸਰਕਾਰੀ ਹੈ।

ਚੁੱਪ-ਚੁਪੀਤਾ ਮਾਲੀ ਬੈਠਾ, ਪਰ ਉਸਦੀ ਚੁੱਪ ਦੱਸਦੀ ਹੈ,
ਮਾਲੀ ਹੀ ਮਹਿਕਾਂ ਦਾ ਅੱਜ ਕੱਲ੍ਹ ਵੱਡਾ ਕਾਰੋਬਾਰੀ ਹੈ।

ਉਹ ਕੀ ਜਾਣੇ ਹੱਸਣ ਖੇਡਣ ਤੇ ਮਸਤੀ ਸੰਗ ਤੁਰਨਾ ਕੀ,
ਜਿਸ ਦੇ ਦਿਲ ਵਿੱਚ ਨਾ ਕੋਈ ਬੂਹਾ ਤੇ ਨਾ ਖੁਲ੍ਹਦੀ ਬਾਰੀ ਹੈ।

ਦੇਸ਼ ਬਿਗਾਨੇ ਆ ਕੇ ਮੈਂ ਇਕ ਮੁੱਠ ਖ਼ਰੀਦੀ ਸਾਹਾਂ ਦੀ,
ਉਮਰਾ ਸਾਰੀ ਇਸ ਦੀ ਕੀਮਤ ਮੈਂ ਕਿਸ਼ਤਾਂ ਵਿੱਚ ਤਾਰੀ ਹੈ।

ਨਾ ਮੈਂ ਕੋਸਾਂ ਪੀੜ ਕਿਸੇ ਨੂੰ, ਨਾ ਫ਼ਿਟਕਾਰਾਂ ਸ਼ਬਦਾਂ ਨੂੰ,
ਗੀਤ ਮੇਰੇ ਦੀ ਅਜ਼ਲਾਂ ਤੋਂ ਹੀ ਇਹਨਾਂ ਦੇ ਸੰਗ ਯਾਰੀ ਹੈ।

---

### ਗ਼ਜ਼ਲ 4

ਜਿੰਦੇ ਨੀ ਹੁਣ ਦੇਸ਼ ਤੇਰੇ ਮੈਂ, ਕਿਹੜੀ ਰੁੱਤੇ ਆਵਾਂ।
ਹਰ ਰੁੱਤ ਦੇ ਵਿਚ ਸੜਦੀ ਧਰਤੀ ਕਿੱਥੇ ਪੈਰ ਟਿਕਾਵਾਂ।

ਨਾ ਜਿੰਦੇ ਮੈਂ ਕਰਮ ਕਮਾਇਆ ਨਾ ਹੀ ਧਰਮ ਨਿਭਾਇਆ,
ਆਪਣਾ ਚਿਹਰਾ ਤੱਕ ਸ਼ੀਸ਼ੇ ਵਿੱਚ ਥਰ ਥਰ ਕੰਬੀ ਜਾਵਾਂ।

ਰਾਤ ਦਿਨੇ ਮੈਂ ਭੱਜੀ ਫਿਰਦੀ ਪਰ ਉਹ ਹੱਥ ਨਾ ਆਉਂਦਾ,
ਟਿਚਰਾਂ ਕਰਦਾ ਫਿਰਦਾ ਮੈਨੂੰ ਮੇਰਾ ਹੀ ਪਰਛਾਵਾਂ।

ਚੱਲ ਜਿੰਦੇ ਹੁਣ ਓਥੇ ਚੱਲੀਏ ਜਿੱਥੇ ਕਵਿਤਾ ਵਸਦੀ,
ਮਿਲ ਜਾਣਾ ਹੈ ਮੈਨੂੰ ਓਥੋਂ ਮੇਰਾ ਗੁੰਮ ਸਿਰਨਾਵਾਂ।

ਆਹ ਫੜ ਜਿੰਦੇ ਮੇਰੇ ਕੋਲੋਂ ਮੇਰੀ ਪਿਆਰ ਨਿਸ਼ਾਨੀ,
ਗੀਤ ਗ਼ਜ਼ਲ ਤੇ ਸੱਜ ਲਿਖਿਆਂ ਕੁਝ ਤੇਰੇ ਨਾਂ ਕਵਿਤਾਵਾਂ।

---

### ਗ਼ਜ਼ਲ 5

ਰੱਖਦਾ ਚਿਰਾਗ਼ ਬਲਦਾ, ਉਹ ਖ਼ੂਨ ਆਪਣਾ ਪਾ ਕੇ।
ਜੀਵਨ ਤਲਾਸ਼ਦਾ ਹੈ, ਗਲ ਮੌਤ ਨੂੰ ਉਹ ਲਾ ਕੇ।

ਦੀਵੇ ਦੀ ਲਾਟ ਮੈਨੂੰ, ਦਿੰਦੀ ਰਹੀ ਸੁਨੇਹਾ,
ਚਾਨਣ ਖਿਲਾਰ ਹੁੰਦਾ, ਆਪੇ ਨੂੰ ਇਉਂ ਜਲਾ ਕੇ।

ਜੋ ਲਾਟ 'ਚੋਂ ਹੈ ਦਿਸਦਾ, ਗਾਉਂਦਾ ਤੇ ਮੁਸਕਰਾਉਂਦਾ,
ਕਰਦਾ ਉਹ ਤੇਜ਼ ਧਾਰਾਂ, ਆਪਣੇ ਹੱਡੀਂ ਘਸਾ ਕੇ।

ਪੂਜਾਂ ਮੈਂ ਗੀਤ ਤੇਰਾ, ਪੂਜਾਂ ਰਬਾਬ ਉਸਦੀ,
ਯਾਰੀ ਨਿਭਾਈ ਜਿਸਨੇ, ਸੁਰ ਨਾਲ ਸੁਰ ਮਿਲਾ ਕੇ।

ਨਾ ਤਾਂਘ ਰਾਜ ਦੀ ਹੈ, ਨਾ ਲੋੜ ਤਾਜ ਦੀ ਹੈ,
ਬਸ ਗੀਤ ਨੇ ਹੈ ਜੀਣਾ, ਇਕ ਗੀਤ ਗੁਣਗੁਣਾ ਕੇ।

FRIENDS OF PUNJAB FOUNDATION
SERVING HUMANITY
DEDICATED TO THE TEACHINGS OF GURU NANAK DEV JI

# FRIENDS OF PUNJAB FOUNDATION

## 'MERA PIND' 360

(ALL AROUND HUMAN DEVELOPMENT)

FRIENDS OF PUNJAB FOUNDATION
SERVING HUMANITY
DEDICATED TO THE TEACHINGS OF GURU NANAK DEV JI



## WIDOWS HAND CREATIONS

Handmade with Heart, Crafted with Courage.



### *Shop with Purpose:*

Every purchase of these handcrafted items are built by needy women & families in rural Punjab, India. 100% of proceeds go directly to empowering them !



Please share & encourage your network to consider purchasing which in turn helps women & other needy families.

Thanks you for support & visit our Etsy store to see more products! Scan code with your phone camera >>
**or visit widowshandcreations.etsy.com**

Value buying, helping needy and leaving good comments on Etsy will go a long way in helping rural poor.

**Any Questions, Contact :**

*Bhupinder S Hundal* **630-802-2179**

# ਅੱਜ ਦਾ ਪੰਜਾਬ ਅਤੇ ਪ੍ਰੋ. ਰਣਧੀਰ ਸਿੰਘ ਦਾ ਚਿੰਤਨ

***ਅੱਜ ਪੰਜਾਬ ਕਈ ਪਾਸਿਓਂ ਸਮੱਸਿਆਵਾਂ ਵਿਚ ਘਿਰਿਆ ਹੋਇਆ ਹੈ। ਅਸਲ ਵਿਚ ਪਹਿਲਾਂ ਹਰੀ ਕ੍ਰਾਂਤੀ ਅਤੇ ਫਿਰ ਉਦਾਰੀਕਰਨ ਵਾਲੀਆਂ ਨੀਤੀਆਂ ਨੇ ਪੰਜਾਬ ਨੂੰ ਲੀਹੋਂ ਲਾਹ ਦਿੱਤਾ। ਡਾ. ਕੁਲਦੀਪ ਸਿੰਘ ਅਤੇ ਡਾ. ਪਰਮਜੀਤ ਸਿੰਘ ਨੇ ਪੰਜਾਬ ਦੇ ਪ੍ਰਸੰਗ ਵਿਚ ਉਘੇ ਮਾਰਕਸਵਾਦੀ ਵਿਦਵਾਨ ਪ੍ਰੋ. ਰਣਧੀਰ ਸਿੰਘ ਦੀਆਂ ਲਿਖਤਾਂ ਦੇ ਆਧਾਰ 'ਤੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। ਪ੍ਰੋ. ਰਣਧੀਰ ਸਿੰਘ ਦੀਆਂ ਮੁੱਖ ਦਲੀਲਾਂ 'ਚ ਦਰਜ ਹੈ ਕਿ ਸੋਵੀਅਤ ਯੂਨੀਅਨ ਦੇ ਪਤਨ ਤੋਂ ਬਾਅਦ ਦੁਨੀਆ ਦੇ ਵੱਖ-ਵੱਖ ਮੁਲਕਾਂ 'ਚ ਨਵ-ਉਦਾਰਵਾਦੀ ਵਿਚਾਰਧਾਰਾ ਨੇ ਬੜੀ ਤੇਜ਼ੀ ਨਾਲ ਪੈਰ ਪਸਾਰੇ। ਇਸੇ ਦਾ ਅਸਰ ਪੰਜਾਬ ਦੇ ਦੋ ਅਹਿਮ ਖੇਤਰਾਂ ਜੋ ਨਵ-ਉਦਾਰਵਾਦੀ ਪ੍ਰੋਜੈਕਟ ਵਿਚਾਰਧਾਰਾ ਦੀ ਮਾਰ ਹੇਠ ਆਏ, ਉਤੇ ਅੱਜ ਵੀ ਦੇਖਿਆ ਜਾ ਸਕਦਾ ਹੈ। ਪਹਿਲਾਂ ਇਸ ਨੇ ਅਰਥ ਸ਼ਾਸਤਰੀਆਂ ਦਾ ਪੰਜਾਬ ਦੀ ਸਿਆਸੀ ਆਰਥਿਕਤਾ ਪ੍ਰਤੀ ਸੋਚਣ ਦਾ ਢੰਗ-ਤਰੀਕਾ ਬਦਲ ਦਿੱਤਾ। ਦੂਜਾ, ਨਵ-ਉਦਾਰਵਾਦ ਦੇ ਸਮਕਾਲੀ ਉਤਰ-ਆਧੁਨਿਕਤਾਵਾਦ ਨੇ ਤੇਜ਼ੀ ਨਾਲ ਬਾਕੀ ਸੋਸ਼ਲ ਸਾਇੰਸਸ ਦੇ ਖੇਤਰ ਵਿਚ ਮਾਰਕਸਵਾਦ ਦੀ ਤਰਜਮਾਨੀ ਕਰਦੇ ਪੰਜਾਬ ਦੇ ਬੌਧਿਕ ਹਲਕਿਆਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ।***

ਪ੍ਰੋਫੈਸਰ ਰਣਧੀਰ ਸਿੰਘ (2 ਜਨਵਰੀ 1922-31 ਜਨਵਰੀ 2016) ਮਾਰਕਸਵਾਦੀ ਵਿਦਵਾਨ ਦੇ ਤੌਰ 'ਤੇ ਜਾਣੇ ਜਾਂਦੇ ਹਨ ਜਿਨ੍ਹਾਂ ਨੇ ਸਿਆਸੀ ਵਿਚਾਰਧਾਰਾਵਾਂ ਦੇ ਉਤਰਾ-ਚੜ੍ਹਾਅ ਦੇ



**ਡਾ. ਕੁਲਦੀਪ ਸਿੰਘ**
**ਫੋਨ: +91-98151-15429**
**ਡਾ. ਪਰਮਜੀਤ ਸਿੰਘ**
**ਫੋਨ: +1-647-468-3380**

ਨਾਲ ਨਾਲ ਰਾਜਨੀਤੀ ਸ਼ਾਸਤਰ ਦੇ ਮਸਲਿਆਂ ਨੂੰ ਸਮਝਣ ਅਤੇ ਨਜਿੱਠਣ ਲਈ ਤਾਉਮਰ ਕਾਰਜ ਕੀਤਾ। ਗ਼ਦਰ ਲਹਿਰ ਵਾਲੇ ਬਾਬਿਆਂ ਨਾਲ ਕਾਰਜ ਕਰਨ ਤੋਂ ਲੈ ਕੇ ਵੱਖ ਵੱਖ ਕਮਿਊਨਿਸਟ ਧਾਰਾਵਾਂ ਨਾਲ ਅਮਲੀ ਅਤੇ ਸਿਧਾਂਤ ਤੌਰ ਉਤੇ ਬੌਧਿਕ ਕਾਰਜਾਂ 'ਚ ਜੁਟੇ ਰਹੇ। ਜਦੋਂ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਭਾਅਜੀ ਤੇ ਨਾਵਲਕਾਰ ਗੁਰਦਿਆਲ ਸਿੰਘ ਨੇ ਪ੍ਰੋ. ਰਣਧੀਰ ਸਿੰਘ ਅੱਗੇ ਫਿਕਰ ਜ਼ਾਹਿਰ ਕੀਤਾ ਕਿ ਮਾਰਕਸਵਾਦੀ ਵਿਚਾਰਧਾਰਾ ਵਿਚ ਉਠੇ ਸੰਕਟ ਨਾਲ ਪੰਜਾਬ ਦੇ ਬੁੱਧੀਜੀਵੀ ਮਾਰਕਸ ਤੋਂ 'ਪਾਰ' ਨਿਕਲ ਉਤਰ-ਆਧੁਨਿਕਤਾ ਵਿਚ ਗੁੰਮ ਹੋ ਰਹੇ ਹਨ ਤਾਂ ਉਨ੍ਹਾਂ 'ਕਾਰਲ ਮਾਰਕਸ ਦਾ ਮਾਰਕਸਵਾਦ' ਵਰਗੀ ਅਹਿਮ ਰਚਨਾ ਕੀਤੀ ਜਿਸ ਰਾਹੀਂ ਉਨ੍ਹਾਂ ਉਤਰ-ਆਧੁਨਿਕਤਾ ਦੇ ਫੈਸ਼ਨ ਅਤੇ ਇਸ ਦੀਆਂ ਕਮਜ਼ੋਰ ਦਲੀਲਾਂ ਉਧੇੜੀਆਂ।

ਪ੍ਰੋ. ਰਣਧੀਰ ਸਿੰਘ ਦੀਆਂ ਮੁੱਖ ਦਲੀਲਾਂ 'ਚ ਦਰਜ ਹੈ ਕਿ ਸੋਵੀਅਤ ਯੂਨੀਅਨ ਦੇ ਪਤਨ ਤੋਂ ਬਾਅਦ ਦੁਨੀਆ ਦੇ ਵੱਖ ਵੱਖ ਮੁਲਕਾਂ 'ਚ ਨਵ-ਉਦਾਰਵਾਦੀ ਵਿਚਾਰਧਾਰਾ ਨੇ ਬੜੀ ਤੇਜ਼ੀ ਨਾਲ ਪੈਰ ਪਸਾਰੇ। ਇਸੇ ਦਾ ਅਸਰ ਪੰਜਾਬ ਦੇ ਦੋ ਅਹਿਮ ਖੇਤਰਾਂ ਜੋ ਨਵ-ਉਦਾਰਵਾਦੀ ਪ੍ਰੋਜੈਕਟ ਵਿਚਾਰਧਾਰਾ ਦੀ ਮਾਰ ਹੇਠ ਆਏ, ਉਤੇ ਅੱਜ ਵੀ ਦੇਖਿਆ ਜਾ ਸਕਦਾ ਹੈ। ਪਹਿਲਾਂ ਇਸ ਨੇ ਅਰਥ ਸ਼ਾਸਤਰੀਆਂ ਦਾ ਪੰਜਾਬ ਦੀ ਸਿਆਸੀ ਆਰਥਿਕਤਾ ਪ੍ਰਤੀ ਸੋਚਣ ਦਾ ਢੰਗ-ਤਰੀਕਾ ਬਦਲ ਦਿੱਤਾ। ਦੂਜਾ, ਨਵ-ਉਦਾਰਵਾਦ ਦੇ ਸਮਕਾਲੀ ਉਤਰ-ਆਧੁਨਿਕਤਾਵਾਦ ਨੇ ਤੇਜ਼ੀ ਨਾਲ ਬਾਕੀ ਸੋਸ਼ਲ ਸਾਇੰਸਸ ਦੇ ਖੇਤਰ ਵਿਚ ਮਾਰਕਸਵਾਦ ਦੀ ਤਰਜਮਾਨੀ ਕਰਦੇ ਪੰਜਾਬ ਦੇ ਬੌਧਿਕ ਹਲਕਿਆਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ। ਦੂਜੇ ਸ਼ਬਦਾਂ ਵਿਚ, ਸੋਵੀਅਤ ਯੂਨੀਅਨ ਦੇ ਪਤਨ ਦੀ ਨਿਰਾਸ਼ਤਾ ਨੇ ਪੰਜਾਬ ਦੇ ਬੁੱਧੀਜੀਵੀਆ ਨੂੰ ਕਲਾਸੀਕਲ ਮਾਰਕਸਵਾਦ ਤੋਂ ਹਟ ਕੇ ਉਤਰ-ਆਧੁਨਿਕਤਾ ਦੇ ਉਭਾਰ 'ਚ ਜਾਣ ਦਾ ਵਧੀਆ ਬਹਾਨਾ ਦਿੱਤਾ। ਅਜੋਕੇ ਪੰਜਾਬ ਦੀ ਸਿਆਸੀ ਆਰਥਿਕਤਾ ਅਤੇ ਬੌਧਿਕ ਹਲਕੇ ਗੁਰਬਤ ਦੇ ਜਿਸ ਦੌਰ ਵਿਚੋਂ ਗੁਜ਼ਰ ਰਹੇ ਹਨ, ਉਸ ਦੀ ਤਕਦੀਰ ਬਦਲਣ ਲਈ ਪ੍ਰੋਫੈਸਰ ਰਣਧੀਰ ਸਿੰਘ ਦੁਆਰਾ ਪ੍ਰਚਲਿਤ ਕੀਤੀ ਮੌਲਿਕ ਮਾਰਕਸਵਾਦੀ ਵਿਧੀ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਉਂਝ, ਅੱਜ ਤਰਾਸਦੀ ਇਹ ਹੈ ਕਿ ਅਜੋਕੀ ਬੁੱਧੀਜੀਵੀ ਪੀੜ੍ਹੀ ਕਲਾਸੀਕਲ ਮਾਰਕਸਵਾਦ ਤੋਂ ਪੂਰੀ ਤਰ੍ਹਾਂ ਕਿਨਾਰਾ ਕਰ ਰਹੀ ਹੈ। ਇਸ ਸੂਰਤ ਵਿਚ ਪ੍ਰੋ. ਰਣਧੀਰ ਸਿੰਘ ਦੇ ਵਿਚਾਰ ਹੋਰ ਵੀ ਮਹੱਤਵਪੂਰਨ ਹੋ ਜਾਂਦੇ ਹਨ।

ਪ੍ਰੋ. ਰਣਧੀਰ ਸਿੰਘ ਉਹ ਵਿਦਵਾਨ ਸਨ ਜਿਨ੍ਹਾਂ ਤਾਉਮਰ ਮਾਰਕਸਵਾਦੀ ਵਿਧੀ ਵਿਸ਼ਲੇਸ਼ਣ ਤੋਂ ਕਿਨਾਰਾ ਨਹੀਂ ਕੀਤਾ। ਉਨ੍ਹਾਂ ਵੀਹਵੀਂ ਸਦੀ 'ਚ ਉਭਰਦੀਆਂ ਨਵੀਆਂ ਵਿਚਾਰਧਾਰਾਵਾਂ ਜੋ ਪੂੰਜੀਵਾਦ ਦੀ ਉਮਰ ਲੰਮੀ ਕਰਨ ਹਿੱਤ ਜਾਂ ਪੂੰਜੀਵਾਦ ਵਿਚ ਆਪਣੀ ਥਾਂ ਬਣਾਉਣ ਤੋਂ ਰਹੀਆਂ ਸਨ, ਉਨ੍ਹਾਂ ਦੀਆਂ ਕਮਜ਼ੋਰੀਆਂ ਦੇ ਵਿਸ਼ਲੇਸ਼ਣ ਆਪਣਾ ਬੌਧਿਕ ਕਾਰਜ ਬਣਾ ਲਿਆ। ਉਨ੍ਹਾਂ ਨੇ ਸਪੱਸ਼ਟ ਰੂਪ ਵਿਚ ਆਪਣੀਆਂ ਲਿਖਤਾਂ ਰਾਹੀਂ ਐਲਾਨਿਆ ਕਿ ਜਦੋਂ ਤੱਕ ਪੂੰਜੀਵਾਦ ਰਹੇਗਾ, ਉਸ ਦੀ ਬਣਤਰ ਤੇ ਕਮਜ਼ੋਰੀਆਂ ਕਾਰਨ ਸੰਕਟ ਪੈਦਾ ਹੁੰਦੇ ਰਹਿਣਗੇ ਅਤੇ ਇਨ੍ਹਾਂ ਸੰਕਟਾਂ ਦੇ ਵਿਸ਼ਲੇਸ਼ਣ ਤੇ ਪੂੰਜੀਵਾਦ ਦੇ ਬਦਲ ਦੇ ਸਵਾਲ ਨਾਲ ਸਰੋਕਾਰ ਰੱਖਣ ਵਾਲੇ ਲੋਕਾਂ ਲਈ ਮਾਰਕਸਵਾਦੀ ਚਿੰਤਨ ਸਦਾਬਹਾਰ ਰਹੇਗਾ।

ਪ੍ਰੋ. ਰਣਧੀਰ ਸਿੰਘ ਦੇ ਅਕਾਦਮਿਕ ਚਿੰਤਨ ਦਾ ਆਗਾਜ਼ ਉਸ ਸਮੇਂ ਹੁੰਦਾ ਹੈ ਜਦੋਂ 1951 'ਚ ਖੱਬੇ ਪੱਖੀ ਝੁਕਾਅ ਵਾਲੇ ਪ੍ਰੋਫੈਸਰ ਲਾਸਕੀ ਦੀ ਲੰਡਨ ਸਕੂਲ ਆਫ ਇਕੋਨੋਮਿਕਸ ਦੀ ਕੁਰਸੀ ਉਤੇ ਪ੍ਰੋ. ਮਾਇਕਲ ਉਕਸ਼ਾਟ ਆ ਬਿਰਾਜਦੇ ਹਨ।



ਪ੍ਰੋਫੈਸਰ ਰਣਧੀਰ ਸਿੰਘ

ਉਹ ਆਪਣੀ ਲੇਖਣੀ ਰਾਹੀਂ ਇਹ ਸਥਾਪਤ ਕਰਨਾ ਸ਼ੁਰੂ ਕਰ ਦਿੰਦੇ ਹਨ ਕਿ ਹੁਣ ਪਲੈਟੋ, ਅਰਸਤੂ, ਲਾਕ ਤੇ ਕਾਰਲ ਮਾਰਕਸ ਦੀਆਂ ਲਿਖਤਾਂ/ਵਿਚਾਰਧਾਰਾਵਾਂ ਦੀ ਕੋਈ ਜ਼ਿਆਦਾ ਮਹੱਤਤਾ ਨਹੀਂ ਹੈ। ਪ੍ਰੋ. ਉਕਸ਼ਾਟ ਅਨੁਸਾਰ, ਇਨ੍ਹਾਂ ਵਿਚਾਰਧਾਰਾਵਾਂ ਅਤੇ ਉਨ੍ਹਾਂ ਨਾਲ ਸਬੰਧਿਤ ਲਿਖਤਾਂ ਆਧੁਨਿਕ ਪੂੰਜੀਵਾਦ ਅਧੀਨ ਸਮਾਜਿਕ ਵਿਕਾਸ ਨੂੰ ਸਮਝਣ 'ਚ ਕੋਈ ਖਾਸ ਦ੍ਰਿਸ਼ਟੀਕੋਣ ਮੁਹੱਈਆ ਨਹੀਂ ਕਰਦੀਆਂ। ਇਸੇ ਲਈ ਉਚੇਰੀ ਸਿੱਖਿਆ ਦੇ ਸਿਲੇਬਸਾਂ 'ਚ ਸਿਆਸੀ ਵਿਚਾਰਧਾਰਾਵਾਂ (ਖਾਸ ਕਰ ਕੇ ਮਾਰਕਸ) ਨੂੰ ਕੱਢ ਕੇ ਉਭਰ ਰਹੀਆਂ ਉਤਰ-ਆਧੁਨਿਕਤਾਵਾਦੀ ਵਿਧੀਆਂ ਜਿਨ੍ਹਾਂ 'ਚ ਇਤਿਹਾਸ ਤੋਂ ਰਹਿਤ ਤਰਕ, ਨਸਲ, ਲਿੰਗ, ਸਿਆਸੀ ਸੱਭਿਆਚਾਰ (ਪੁਲੀਟੀਕਲ ਕਲਚਰ), ਵਿਅਕਤੀਵਾਦੀ, ਤਰਕਸ਼ੀਲਤਾ ਆਦਿ ਨੂੰ ਪ੍ਰਮੁੱਖਤਾ ਦੇਣੀ ਚਾਹੀਦੀ ਹੈ। ਇਸ ਪ੍ਰਸੰਗ ਵਿਚ ਮਾਰਕਸਵਾਦ ਸਮੁੱਚਤਾ (totality) ਦੀ ਵਿਧੀ ਦਾ ਪੱਖ ਲੈਂਦੇ ਹੋਏ ਪ੍ਰੋ. ਰਣਧੀਰ ਸਿੰਘ ਨੇ ਅਕਾਦਮਿਕ ਪੱਧਰ ਦੀ ਮਹੱਤਵਪੂਰਨ ਲਿਖਤ 'ਰੀਜਨ, ਰੈਵੂਲੇਸ਼ਨ ਐਂਡ ਪੁਲੀਟੀਕਲ ਥਿਊਰੀ: ਨੋਟਸ ਆਨ ਮਾਇਕਲ ਉਕਸ਼ਾਟ' (1967) ਲਿਖੀ ਜਿਸ ਵਿਚ ਉਨ੍ਹਾਂ ਨੇ ਨਵ-ਕਲਾਸੀਕਲ ਤੇ ਉਤਰ-ਆਧੁਨਿਕਤਾਵਾਦੀ ਸੋਚਣੀ ਵਾਲੇ ਮਾਈਕਲ ਉਕਸ਼ਾਟ ਦੇ ਵਿਚਾਰਾਂ ਦੇ ਇਕ-ਇਕ ਕਰ ਕੇ ਪਰਖਚੇ ਉਡਾ ਦਿੱਤੇ।

ਇਸ ਮੌਲਿਕ ਲਿਖਤ ਰਾਹੀਂ ਪ੍ਰੋ. ਰਣਧੀਰ ਸਿੰਘ ਨੇ ਸਥਾਪਤ ਕੀਤਾ ਕਿ ਸਿਆਸੀ ਸ਼ਾਸਤਰ ਵਿਚੋਂ ਮਾਰਕਸਵਾਦੀ ਵਿਧੀ ਨੂੰ ਕੱਢਣ ਦਾ ਮਤਲਬ ਪੂੰਜੀਵਾਦ ਦੀਆਂ ਅੰਦਰੂਨੀ ਚਾਲਕ ਸ਼ਕਤੀਆਂ ਦੀਆਂ ਅਲਾਮਤਾਂ ਨੂੰ ਸਮਾਜ ਅਤੇ ਸਿਆਸਤ ਦੇ ਅਧਿਐਨ ਵਿਚੋਂ ਬਾਹਰ ਕੱਢਣਾ ਹੈ। ਅਜਿਹਾ ਕਰਨ ਨਾਲ ਸਿਆਸੀ ਸ਼ਾਸਤਰ ਸਿਰਫ਼ ਪੂੰਜੀਵਾਦ ਨੂੰ ਕਾਇਮ ਰੱਖਣ ਦਾ ਹਥਿਆਰ ਬਣ ਕੇ ਰਹਿ ਜਾਵੇਗਾ। ਤਰਾਸਦੀ ਇਹ ਬਣੇਗੀ ਕਿ ਇਹ ਰੁਝਾਨ ਵਿਦਿਆਰਥੀਆ ਅਤੇ ਖੋਜਾਰਥੀਆਂ ਨੂੰ ਗਿਆਨ ਤੋਂ ਵਿਹੂਣਾ ਕਰ ਦੇਵੇਗਾ। ਉਹ ਕਦੇ ਇਹ ਸਮਝ ਨਹੀਂ ਸਕਣਗੇ ਕਿ ਪੂੰਜੀਵਾਦੀ ਢਾਂਚੇ ਦਾ ਵਿਕਾਸ ਤੇ ਉਸ ਦੇ ਸੰਕਟ ਇਸ ਦੇ ਇਤਿਹਾਸ ਅਤੇ ਅੰਦਰੂਨੀ ਕਾਰਜ ਪ੍ਰਣਾਲੀ ਨਾਲ ਕਿਸ ਕਿਸਮ ਦਾ ਸਬੰਧ ਰੱਖਦੇ ਹਨ। ਉਨ੍ਹਾਂ ਆਪਣੀਆਂ ਲਿਖਤ 'ਚ ਸਪਸ਼ਟ ਦਰਜ ਕੀਤਾ ਕਿ ਮਾਰਕਸਵਾਦੀ ਦਰਸ਼ਨ/ਵਿਸ਼ਲੇਸ਼ਣ ਨੂੰ ਸਿਆਸੀ ਸ਼ਾਸਤਰ ਵਿਚੋਂ ਮਨਫ਼ੀ ਕਰਨ ਨਾਲ ਸਿਆਸੀ ਖੇਤਰ ਦੀ ਬੌਧਿਕਤਾ ਸੀਮਤ ਅਤੇ ਸੁੰਗੜ ਜਾਵੇਗੀ। ਇਸ ਲਿਖਤ ਵਿਚ ਸਿਆਸੀ ਸ਼ਾਸਤਰ ਦੇ ਹਵਾਲੇ ਨਾਲ ਜਿਨ੍ਹਾਂ ਗੰਭੀਰ ਖਦਸ਼ਿਆਂ ਦਾ ਉਨ੍ਹਾਂ ਜ਼ਿਕਰ ਕੀਤਾ ਸੀ, ਸਾਰੇ ਸੰਸਾਰ ਵਿਚ ਸਮੁੱਚੀ ਸਮਾਜਿਕ ਵਿਗਿਆਨ ਦਾ ਉਚੇਰੀ ਸਿੱਖਿਆ ਪ੍ਰਣਾਲੀ ਵਿਚ ਜਿਉਂ ਦਾ ਤਿਉਂ ਵਾਪਰ ਰਿਹਾ ਹੈ।

ਪ੍ਰੋ. ਰਣਧੀਰ ਸਿੰਘ ਦੀ ਇਸ ਲਿਖਤ ਦੇ ਨਜ਼ਰੀਏ ਤੋਂ ਪੰਜਾਬ ਦੇ ਬੌਧਿਕ ਹਲਕਿਆਂ ਉਪਰ ਝਾਤੀ ਮਾਰਦੇ ਹਾਂ ਤਾਂ ਸਾਫ਼ ਦ੍ਰਿਸ਼ ਬਣਦਾ ਹੈ ਕਿ ਪੰਜਾਬ ਵਿਚ ਨਵ-ਕਲਾਸੀਕਲ ਅਤੇ ਉਤਰ-ਆਧੁਨਿਕਤਾਵਾਦ ਵਿਧੀਆਂ ਤੇ ਵਿਸ਼ਲੇਸ਼ਣਾਂ ਨੇ ਸਮਾਜਿਕ ਵਿਗਿਆਨ ਦੇ ਸਾਰੇ ਖੇਤਰ ਨੂੰ ਪੂਰੀ ਤਰ੍ਹਾਂ ਆਪਣੇ ਕਲਾਵੇ ਵਿਚ ਲੈ ਲਿਆ ਹੈ। ਗੌਰਤਲਬ ਹੈ ਕਿ ਉਤਰ-ਆਧੁਨਿਕਤਾਵਾਂ ਵਿਧੀ/ਵਿਸ਼ਲੇਸ਼ਣ ਦੀ ਸਮਾਜਿਕ ਵਿਗਿਆਨ ਵਿਚ ਆਮਦ ਸਿਲੇਬਸ ਨੂੰ ਨਵਿਆਉਣ ਦੇ ਨਾਮ ਹੇਠ ਮਾਰਕਸਵਾਦੀ ਵਿਧੀ/ਵਿਸ਼ਲੇਸ਼ਣ ਨੂੰ ਸਮਾਜਿਕ ਵਿਗਿਆਨ ਦੇ ਵਿਸ਼ਾ ਖੇਤਰਾਂ ਵਿਚੋਂ ਬਾਹਰ ਕੱਢਣ ਲਈ ਹੋਈ ਹੈ। ਸਮਾਜ ਅਤੇ ਉਸ ਦੀਆਂ ਅੰਦਰੂਨੀ ਵਿਰੋਧਤਾਈਆਂ ਸਮਝਣ ਲਈ ਮਾਰਕਸਵਾਦੀ ਜਮਾਤੀ ਅਧਿਐਨ ਅਤੇ ਸਮੁੱਚਤਾ (totality) ਦੀ ਥਾਂ ਹੁਣ ਉਤਰ-ਆਧੁਨਿਕਤਾਵਾਦੀ ਵਿਧੀਆਂ (ਇਕਾਂਤਵਾਦ, ਵਿਅਕਤੀਵਾਦ, ਵੱਖਵਾਦ ਆਦਿ) ਨੇ ਲੈ ਲਈ ਹੈ। ਇਸ ਤੋਂ ਵੀ ਖ਼ਤਰਨਾਕ ਵਰਤਾਰਾ ਜੋ ਪੰਜਾਬ ਦੇ ਬੌਧਿਕ ਹਲਕਿਆਂ, ਖੋਜਾਰਥੀਆਂ ਅਤੇ ਨਵੇਂ ਵਿਦਿਆਰਥੀਆਂ ਦੇ ਪ੍ਰਸੰਗ ਵਿਚ ਉਭਰ ਕੇ ਸਾਹਮਣੇ ਆ ਰਿਹਾ ਹੈ, ਉਹ ਇਹ ਹੈ ਕਿ ਉਤਰ-ਆਧੁਨਿਕਤਾਵਾਦ ਨੂੰ ਮਾਰਕਸਵਾਦ ਦਾ ਰੂਪ ਹੀ ਮੰਨਦੇ ਹਨ। ਹਕੀਕਤ ਇਹ ਹੈ ਜਿਵੇਂ ਪ੍ਰੋ. ਰਣਧੀਰ ਸਿੰਘ ਅਤੇ ਮਿਸਕਨ ਵੁਡ (ਜਿਨ੍ਹਾਂ ਦੇ ਪ੍ਰੋ. ਰਣਧੀਰ ਸਿੰਘ ਖੁਦ ਵੱਡੇ ਪ੍ਰਸੰਸਕ ਸਨ), ਵੀ ਕਹਿੰਦੇ ਸਨ- ਉਤਰ-ਆਧੁਨਿਕਤਾਵਾਦੀ ਵਿਚਾਰਧਾਰਾ ਪੂੰਜੀਵਾਦ ਦਾ ਹੀ ਪ੍ਰੋਜੈਕਟ ਹੈ ਜਿਹੜੀ ਮਾਰਕਸਵਾਦ ਵਿਧੀ/ਵਿਸ਼ਲੇਸ਼ਣ ਨੂੰ ਬੌਧਿਕ ਖੇਤਰਾਂ ਵਿਚ ਹਾਸ਼ੀਏ 'ਤੇ ਧੱਕਣ ਲਈ ਪ੍ਰਸਿੱਧ ਕੀਤੀ ਗਈ। ਦੂਜੇ ਅਰਥਾਂ 'ਚ ਉਤਰ-ਆਧੁਨਿਕਤਾ ਪੂੰਜੀਵਾਦ ਇੱਕਤਰੀਕਰਨ ਦੇ ਨਿਯਮਾਂ ਵਿਚ ਆਏ ਗੁਣਵਰਤ ਪਰਿਵਰਤਨਾਂ ਦੀ ਉਪਜ ਹੈ ਜਿਸ ਦੀ ਵਰਤੋਂ ਮਾਰਕਸਵਾਦੀ ਜਮਾਤੀ ਵਿਸ਼ਲੇਸ਼ਣਾਂ ਅਤੇ ਪੂੰਜੀਵਾਦ ਦੇ ਬਦਲ ਲਈ ਸੰਘਰਸ਼ ਦੀ ਮਹੱਤਤਾ ਨੂੰ ਸੋਸ਼ਲ ਸਾਇੰਸਸ ਵਿਚੋਂ ਮਨਫ਼ੀ ਕਰ ਕੇ, ਪੂੰਜੀਵਾਦੀ ਢਾਂਚੇ ਵਿਚ ਰਹਿ ਕੇ ਉਸ ਵਿਚ ਥਾਂ (space) ਬਣਾਉਣ ਨੂੰ ਅਸਲੀ ਸੰਘਰਸ਼ ਮੰਨਦੀ ਹੈ।




ਪ੍ਰੋਫੈਸਰ ਰਣਧੀਰ ਸਿੰਘ ਦੀ ਵੱਡ-ਆਕਾਰੀ ਕਿਤਾਬ 'ਕਰਾਇਸਿਸ ਆਫ ਸੋਸ਼ਲਿਜ਼ਮ' ਅਤੇ ਦੋ ਹੋਰ ਕਿਤਾਬਾਂ ਦੇ ਮੁਖੜੇ।

ਸੋਵੀਅਤ ਯੂਨੀਅਨ ਦੇ ਅਚਾਨਕ ਪਤਨ ਨੂੰ ਜਾਪਾਨੀ ਮੂਲ ਦੇ ਅਮਰੀਕੀ ਸਿਆਸੀ ਸ਼ਾਸਤਰੀ ਫੂਕੋਯਾਮਾ ਨੇ 'ਐਂਡ ਆਫ ਹਿਸਟਰੀ' (End of History) ਦਾ ਨਾਂ ਦਿੱਤਾ। ਉਸ ਦਾ ਮੰਨਣਾ ਸੀ ਕਿ ਸੋਵੀਅਤ ਯੂਨੀਅਨ ਦੇ ਪਤਨ ਨੇ ਸਾਬਤ ਕਰ ਦਿੱਤਾ ਕਿ ਸੰਸਾਰ ਵਿਚ ਪੂੰਜੀਵਾਦ ਸਭ ਤੋਂ ਕੁਸ਼ਲ ਸਿਆਸੀ-ਆਰਥਿਕ ਪ੍ਰਬੰਧ ਹੈ ਅਤੇ ਇਸ ਦਾ ਕੋਈ ਬਦਲ ਨਹੀਂ। ਸੋਵੀਅਤ ਯੂਨੀਅਨ ਦੇ ਪਤਨ ਨੇ ਜਿੱਥੇ ਸੰਸਾਰ ਪੱਧਰ ਉਤੇ ਮਾਰਕਸਵਾਦੀ ਵਿਚਾਰਧਾਰਾ ਵਾਲੀਆਂ ਸਿਆਸੀ ਪਾਰਟੀਆਂ ਅਤੇ ਕਾਰਕੁਨਾਂ ਵਿਚ ਨਿਰਾਸ਼ਾ ਦਾ ਮਾਹੌਲ ਸਿਰਜਿਆ, ਉਥੇ ਮਾਰਕਸਵਾਦ ਨਾਲ ਜੁੜੇ ਬੁਧੀਜੀਵੀ ਹਲਕਿਆਂ ਵਿਚ ਵੀ ਨਿਰਾਸ਼ਾ ਪਸਰ ਗਈ। ਇਨ੍ਹਾਂ ਦੋਹਾਂ ਕਿਸਮ ਦੀਆਂ ਨਿਰਾਸ਼ਾਵਾਂ ਨੂੰ ਪੰਜਾਬ ਵਿਚ ਬਾਖੂਬੀ ਦੇਖਿਆ ਜਾ ਸਕਦਾ ਸੀ ਜੋ ਅੱਜ ਵੀ ਮੌਜੂਦ ਹਨ।

1990 ਤੋਂ ਬਾਅਦ ਬਹੁ-ਗਿਣਤੀ ਬੁਧੀਜੀਵੀਆਂ ਖੁਦ ਨੂੰ ਮਾਰਕਸਵਾਦੀ ਕਹਿਣ ਤੋਂ ਗੁਰੇਜ਼ ਕਰਨ ਲੱਗੇ। ਹਕੀਕਤ ਇਹ ਹੈ ਕਿ ਇਸ ਬੁਹ-ਗਿਣਤੀ ਨੇ ਅਜੋਕੇ ਪੂੰਜੀਵਾਦੀ ਪ੍ਰਬੰਧ ਨੂੰ ਸਮਝਣ ਦੀ ਮਹੱਤਤਾ ਤੋਂ ਕਿਨਾਰਾ ਕਰ ਲਿਆ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਉਨ੍ਹਾਂ ਨੇ ਪ੍ਰੋ. ਰਣਧੀਰ ਸਿੰਘ ਵਾਂਗ ਮਾਰਕਸ ਦੀਆਂ ਲਿਖਤਾਂ ਦਾ ਆਪਣੀ ਜ਼ਿੰਦਗੀ ਵਿਚ ਕਦੇ ਨਿੱਠ ਕੇ ਅਧਿਐਨ ਨਹੀਂ ਕੀਤਾ। ਪ੍ਰੋ. ਰਣਧੀਰ ਸਿੰਘ ਅਜਿਹੇ ਮੌਲਿਕ ਮਾਰਕਸਵਾਦੀ ਸਨ ਜਿਨ੍ਹਾਂ ਨੇ 1990 ਤੋਂ ਬਾਅਦ ਸੋਵੀਅਤ ਯੂਨੀਅਨ ਦੇ ਮਾਰਕਸਵਾਦੀ ਤਜਰਬੇ ਦੇ ਫੇਲ੍ਹ ਹੋਣ ਨੂੰ ਸਮਝ ਲਈ ਹਜ਼ਾਰ ਪੰਨਿਆਂ ਦੀ ਵੱਡ-ਅਕਾਰੀ ਲਿਖਤ 'ਕਰਾਇਸਿਸ ਆਫ ਸੋਸ਼ਲਿਜ਼ਮ' (Crisis of Socialism-2006) ਲਿਖੀ। ਇਸ ਲਿਖਤ ਦਾ ਮਕਸਦ ਮਾਰਕਸਵਾਦੀ ਅਭਿਆਸ ਦੇ ਫੇਲ੍ਹ ਹੋਣ ਦਾ ਮਾਰਕਸਵਾਦੀ ਵਿਧੀ ਦੁਆਰਾ ਅਧਿਐਨ ਕਰਨਾ ਸੀ। ਇਸ ਲਿਖਤ ਰਾਹੀਂ ਉਨ੍ਹਾਂ ਸਿੱਧ ਕੀਤਾ ਕਿ ਮਾਰਕਸਵਾਦ ਦਾ ਅਭਿਆਸ, ਮਾਰਕਸਵਾਦੀ ਵਿਧੀ ਕਾਰਨ ਨਹੀਂ ਬਲਕਿ ਅਭਿਆਸ ਕਰਨ ਵਾਲੇ ਸਮਾਜਾਂ ਦੀਆਂ ਆਪਣੀਆਂ ਕਮਜ਼ੋਰੀਆਂ ਅਤੇ ਸਾਮਰਾਜਵਾਦੀ ਮੁਲਕਾਂ ਦੀ ਲਗਾਤਾਰ ਦਖ਼ਲਅੰਦਾਜ਼ੀ ਕਾਰਨ ਫੇਲ੍ਹ ਹੋਇਆ ਹੈ। ਉਨ੍ਹਾਂ ਦੀ ਧਾਰਨਾ ਸੀ ਕਿ ਜਦੋਂ ਤੱਕ ਸੰਸਾਰ ਵਿਚ ਪੂੰਜੀਵਾਦ ਦਾ ਬੋਲਬਾਲਾ ਰਹੇਗਾ, ਇਸ ਤੋਂ ਪੀੜਤ ਲੋਕ ਅਤੇ ਜੂਝਣ ਵਾਲੇ ਹਿੱਸੇ ਮਾਰਕਸਵਾਦ ਤੋਂ ਸਬਕ ਲੈਂਦੇ ਰਹਿਣਗੇ। ਪ੍ਰੋ. ਰਣਧੀਰ ਸਿੰਘ ਦੀ ਇਸ ਲਿਖਤ ਦੇ ਨਜ਼ਰੀਏ ਤੋਂ ਮੌਜੂਦ ਪੰਜਾਬ ਦੀ ਸਿਆਸੀ ਆਰਥਿਕਤਾ ਮੰਗ ਕਰਦੀ ਹੈ ਕਿ ਅਜੋਕੇ ਪੰਜਾਬ ਸਮਾਜ ਦੇ ਸੰਕਟਾਂ ਅਤੇ ਉਨ੍ਹਾਂ ਵਿਚੋਂ ਬਦਲ ਦੀ ਤਲਾਸ਼ ਦਾ ਅਧਿਐਨ/ਨਿਰੀਖਣ ਮਾਰਕਸਵਾਦੀ ਵਿਧੀ ਰਾਹੀਂ ਹੀ ਕੀਤਾ ਜਾ ਸਕਦਾ ਹੈ ਕਿਉਂਕਿ ਪੰਜਾਬ ਦੇ ਸੰਕਟ ਦੀ ਮੂਲ ਜੜ੍ਹ ਪੰਜਾਬ ਵਿਚ ਪੂੰਜੀਵਾਦ ਦੀ ਆਮਦ ਅਤੇ ਇਸ ਦੀ ਵਿਕਾਸ ਪ੍ਰਕਿਰਿਆ ਵਿਚ ਹੈ। ਇਸ ਪ੍ਰਸੰਗ ਵਿਚ ਲਾਜ਼ਮੀ ਹੈ ਕਿ ਪੰਜਾਬ ਦੇ ਮੌਜੂਦਾ ਸੰਕਟ ਦੀਆਂ ਮੁੱਖ ਵਿਰੋਧਤਾਈਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ।

ਕਿਸੇ ਵੀ ਪੂੰਜੀਵਾਦੀ ਸਮਾਜ ਦੇ ਸੰਕਟ ਦੀਆਂ ਮੁੱਖ ਵਿਰੋਧਤਾਈਆ ਦਾ ਖਾਸਾ ਆਰਥਿਕ

***(ਬਾਕੀ ਅਗਲੇ ਸਫੇ 'ਤੇ)***

# ਮਹਿੰਦਰ ਸਿੰਘ ਸਰਨਾ ਦੀ ਅਫਸਰੀ ਤੇ ਮੇਰੀ ਕਲਰਕੀ

**ਉਨ੍ਹਾਂ ਦਿਨਾਂ ਵਿਚ 'ਫ਼ਤਿਹ' ਤੇ 'ਪ੍ਰੀਤਮ' ਪੱਤਰਕਾਵਾਂ ਦੀ ਬੜੀ ਪੈਂਠ ਸੀ। ਮੈਥੋਂ ਪਹਿਲਾਂ ਅਵਤਾਰ ਸਿੰਘ ਆਜ਼ਾਦ ਤੇ ਪ੍ਰੀਤਮ ਸਿੰਘ ਸਫ਼ੀਰ 'ਫ਼ਤਿਹ' ਤੇ 'ਪ੍ਰੀਤਮ' ਦੇ ਸੰਪਾਦਕ ਰਹਿ ਚੁੱਕੇ ਸਨ। ਮੇਰੀ ਇਹ ਵਾਲੀ ਨੌਕਰੀ ਸਦਕਾ ਮੈਨੂੰ ਮਹਿੰਦਰ ਸਿੰਘ ਸਰਨਾ ਨੇ ਹੀ ਨਹੀਂ, ਮਹਿੰਦਰ ਸਿੰਘ ਰੰਧਾਵਾ ਨੇ ਵੀ ਚੁਣਿਆ। ਰੰਧਾਵਾ ਵੱਲੋਂ ਚੁਣੇ ਜਾਣ ਸਮੇਂ ਮੈਨੂੰ ਲਾਭ ਸਿੰਘ ਨਾਰੰਗ ਜੋ 'ਪ੍ਰੀਤਮ' ਤੇ 'ਫ਼ਤਿਹ' ਦੇ ਮਾਲਕ ਸਨ, ਦੇ ਕਹੇ ਉਹ ਸ਼ਬਦ ਵੀ ਚੇਤੇ ਆਏ ਕਿ ਮੈਂ ਆਪਣੀ ਨਿਗੂਣੀ ਤਨਖ਼ਾਹ (20 ਰੁਪਏ ਮਹੀਨਾ) ਨਾ ਗਿਣਾਂ ਸਗੋਂ ਇਹ ਚੇਤੇ ਰੱਖਾਂ ਕਿ ਮੈਂ ਸਫ਼ੀਰ ਤੇ ਆਜ਼ਾਦ ਦਾ ਉਤਰਾਧਿਕਾਰੀ ਹਾਂ। ਉਦੋਂ ਉਨ੍ਹਾਂ ਨਾਵਾਂ ਨਾਲ ਜੁੜਨਾ ਮੇਰੇ ਲਈ ਬਹੁਤ ਵੱਡੀ ਗੱਲ ਸੀ।**

ਮੇਰੇ ਲਈ ਮਹਿੰਦਰ ਸਿੰਘ ਸਰਨਾ ਦੀ ਗੱਲ ਕਰਨਾ ਨਵੀਂ ਦਿੱਲੀ ਵਿਚ ਆਪਣੇ ਮੁੱਢਲੇ ਸਾਲਾਂ ਦੀ ਬਾਤ ਪਾਉਣਾ ਹੈ; ਖ਼ਾਸ ਕਰ ਕੇ ਰੋਜ਼ੀ-ਰੋਟੀ ਦੀ ਭਾਲ ਵਾਲੇ 1953 ਤੋਂ 1956 ਦੇ ਦਿਨਾਂ ਦੀ। ਇਹ ਤਾਂ ਸਾਰੇ ਜਾਣਦੇ ਹਨ ਕਿ ਮਹਿੰਦਰ ਸਿੰਘ ਰੰਧਾਵਾ ਮੇਰਾ ਅਫਸਰ ਰਿਹਾ ਹੈ ਪਰ ਇਹ ਗੱਲ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਮੇਰਾ ਸਭ ਤੋਂ ਪਹਿਲਾ ਅਫਸਰ ਇਕ ਹੋਰ ਮਹਿੰਦਰ ਸਿੰਘ ਸੀ ਜਿਸ ਦਾ ਗੋਤ ਸਰਨਾ ਸੀ। ਰੰਧਾਵਾ ਦਾ ਜੱਦੀ

**ਗੁਲਜ਼ਾਰ ਸਿੰਘ ਸੰਧੂ**

ਜ਼ਿਲ੍ਹਾ ਹੁਸ਼ਿਆਰਪੁਰ ਸੀ ਤੇ ਸਰਨਾ ਦਾ ਰਾਵਲਪਿੰਡੀ ਜੋ ਹੁਣ ਪਾਕਿਸਤਾਨ ਵਿਚ ਹੈ। ਰੰਧਾਵਾ ਇੰਡੀਅਨ ਸਿਵਲ ਸਰਵਿਸ ਦਾ ਅਫਸਰ ਹੋਣ ਨਾਤੇ ਸਹਾਰਨਪੁਰ, ਫ਼ੈਜ਼ਾਬਾਦ, ਅਲਮੋੜਾ, ਆਗਰਾ, ਰਾਇ ਬਰੇਲੀ ਵਿਚ ਅਫਸਰੀਆਂ ਕਰ ਕੇ ਸੰਨ ਸੰਤਾਲੀ ਦੀ ਦੇਸ਼ ਵੰਡ ਸਮੇਂ ਦਿੱਲੀ ਦਾ ਡਿਪਟੀ ਕਮਿਸ਼ਨਰ ਆ ਲੱਗਿਆ ਤਾਂ ਸਰਨਾ ਇੰਡੀਅਨ ਆਡਿਟ ਐਂਡ ਅਕਾਊਂਟਸ ਸਰਵਿਸ ਦਾ ਅਧਿਕਾਰੀ ਹੁੰਦਾ ਹੋਇਆ ਨਵੀਂ ਦਿੱਲੀ ਵਿਚ ਅਕਾਊਂਟੈਂਟ ਜਨਰਲ ਦੀ ਉਪਾਧੀ ਤੱਕ ਪਹੁੰਚਿਆ।

ਮੇਰੀ ਪਹਿਲੀ ਸਰਕਾਰੀ ਨੌਕਰੀ ਪੇਅ ਐਂਡ ਅਕਾਊਂਟਸ ਆਫਿਸ (ਅਕਬਰ ਰੋਡ, ਨਵੀਂ ਦਿੱਲੀ) ਵਿਚ ਅਪਰ ਡਿਵੀਜ਼ਨ ਕਲਰਕ (ਯੂ.ਡੀ.ਸੀ.) ਦੀ ਸੀ ਤੇ ਸਰਨਾ ਉਸ ਦਫ਼ਤਰ ਦਾ ਮੁਖੀ, ਭਾਵ ਪੇਅ ਐਂਡ ਅਕਾਊਂਟਸ ਅਫਸਰ ਸੀ। ਇਹ ਗੱਲ 1955 ਦੀ ਹੈ ਪਰ ਮੈਨੂੰ ਕੱਲ੍ਹ ਵਾਂਗ ਚੇਤੇ ਹੈ ਕਿ ਮੇਰੀ ਚੋਣ ਸਮੇਂ ਮਹਿੰਦਰ ਸਿੰਘ ਸਰਨਾ ਨੇ ਮੈਨੂੰ ਕੇਵਲ ਇਕ ਹੀ ਪ੍ਰਸ਼ਨ ਕੀਤਾ ਸੀ: "ਕੀ ਮੈਂ ਉਹੀਓ ਗੁਲਜ਼ਾਰ ਸਿੰਘ ਸੰਧੂ ਨਹੀਂ ਜੋ 'ਫ਼ਤਿਹ' ਸਪਤਾਹਿਕ ਤੇ 'ਪ੍ਰੀਤਮ' ਮਾਸਕ ਦੇ ਸੰਪਾਦਕੀ ਅਮਲੇ ਵਿਚ ਕੰਮ ਕਰਦਾ ਸੀ?" ਮੈਂ ਇਨ੍ਹਾਂ ਪੱਤਰਕਾਵਾਂ ਦੇ ਦਫ਼ਤਰ ਵਿਚ ਕੇਵਲ ਨੌਂ ਮਹੀਨੇ ਕੰਮ ਕੀਤਾ ਸੀ ਪਰ ਚੋਣ ਕਮੇਟੀ ਦੇ ਚੇਅਰਮੈਨ ਨੂੰ ਇਸ ਦਾ ਗਿਆਨ ਹੋਣਾ ਵੱਡੀ ਗੱਲ ਸੀ। ਮੈਂ ਚੁਣਿਆ ਗਿਆ।

ਉਨ੍ਹਾਂ ਦਿਨਾਂ ਵਿਚ ਇਨ੍ਹਾਂ ਪੱਤਰਕਾਵਾਂ ਦੀ ਬੜੀ ਪੈਂਠ ਸੀ। ਮੈਥੋਂ ਪਹਿਲਾਂ ਅਵਤਾਰ ਸਿੰਘ ਆਜ਼ਾਦ ਤੇ ਪ੍ਰੀਤਮ ਸਿੰਘ ਸਫ਼ੀਰ 'ਫ਼ਤਿਹ' ਤੇ 'ਪ੍ਰੀਤਮ' ਦੇ ਸੰਪਾਦਕ ਰਹਿ ਚੁੱਕੇ ਸਨ। ਮੇਰੀ ਇਹ ਵਾਲੀ ਨੌਕਰੀ ਸਦਕਾ ਮੈਨੂੰ ਮਹਿੰਦਰ ਸਿੰਘ ਸਰਨਾ ਨੇ ਹੀ ਨਹੀਂ, ਮਹਿੰਦਰ ਸਿੰਘ ਰੰਧਾਵਾ ਨੇ ਵੀ ਚੁਣਿਆ। ਰੰਧਾਵਾ ਵੱਲੋਂ ਚੁਣੇ ਜਾਣ ਸਮੇਂ ਮੈਨੂੰ ਲਾਭ ਸਿੰਘ ਨਾਰੰਗ (ਮਾਲਕ 'ਪ੍ਰੀਤਮ' ਤੇ 'ਫ਼ਤਿਹ') ਦੇ ਕਹੇ ਉਹ ਸ਼ਬਦ ਵੀ ਚੇਤੇ ਆਏ ਕਿ ਮੈਂ ਆਪਣੀ ਨਿਗੂਣੀ ਤਨਖ਼ਾਹ (20 ਰੁਪਏ ਮਹੀਨਾ) ਨਾ ਗਿਣਾਂ ਸਗੋਂ ਇਹ ਚੇਤੇ ਰੱਖਾਂ ਕਿ ਮੈਂ ਸਫ਼ੀਰ ਤੇ ਆਜ਼ਾਦ ਦਾ ਉਤਰਾਧਿਕਾਰੀ ਹਾਂ। ਉਦੋਂ ਉਨ੍ਹਾਂ ਨਾਵਾਂ ਨਾਲ ਜੁੜਨਾ ਮੇਰੇ ਲਈ ਬਹੁਤ ਵੱਡੀ ਗੱਲ ਸੀ; ਮਹਿੰਦਰ ਸਿੰਘ ਸਰਨਾ ਦੇ ਦਫ਼ਤਰ ਵਿਚ ਕਲਰਕ ਹੋਣਾ ਜਿਸ ਦੀਆਂ ਕਹਾਣੀਆਂ ਦਾ ਮੈਂ ਕਾਇਲ ਸਾਂ।



ਮਹਿੰਦਰ ਸਿੰਘ ਸਰਨਾ ਅਤੇ ਮਹਿੰਦਰ ਸਿੰਘ ਰੰਧਾਵਾ।

ਮੈਂ ਜਾਣਦਾ ਹਾਂ ਕਿ ਸਰਨਾ ਵੀ ਰੰਧਾਵਾ ਵਾਂਗ ਅਣਥੱਕ ਰਚਨਾਕਾਰ ਸੀ। ਉਸ ਨੇ 'ਸਾਕਾ ਜਿਨ ਕੀਆ', 'ਪਾਉਂਟਾ' ਤੇ 'ਅਬ ਜੂਝਨ ਕੋ ਦਾਓ' ਵਰਗੇ ਮਹਾਂਕਾਵਿ ਹੀ ਨਹੀਂ ਰਚੇ ਸਗੋਂ 'ਪੀੜਾਂ ਮੱਲੇ ਰਾਹ', 'ਕਾਂਗਾਂ ਤੇ ਕੰਢੇ', 'ਨੀਲਾ ਗੁਲਾਬ' ਤੇ 'ਸੂਹਾ ਰੰਗ ਮਜੀਠ ਦਾ' ਨਾਂ ਦੇ ਚਾਰ ਨਾਵਲਾਂ ਸਮੇਤ 'ਪੱਥਰ ਦੇ ਆਦਮੀ', 'ਸ਼ਗਨਾਂ ਭਰੀ ਸਵੇਰ', 'ਸੁਪਨਿਆਂ ਦੀ ਸੀਮਾ', 'ਵੰਝਲੀ ਤੇ ਵਿਲਕਣੀ', 'ਛਵ੍ਹੀਆਂ ਦੀ ਰੁੱਤ', 'ਕਲਿੰਗਾ', 'ਕਾਲਾ ਬੱਦਲ ਕੂਲੀ ਧੁੱਪ', 'ਸੂਹਾ ਸਾਲੂ ਸੂਹਾ ਗੁਲਾਬ', 'ਸੁੰਦਰ ਘਾਟੀ ਦੀ ਸਹੁੰ', 'ਨਵੇਂ ਯੁਗ ਦੇ ਵਾਰਸ', 'ਔਰਤ ਈਮਾਨ' ਆਦਿ ਦਰਜਨ ਭਰ ਕਹਾਣੀ ਸੰਗ੍ਰਹਿ ਵੀ ਪੰਜਾਬੀ ਸਾਹਿਤ ਦੀ ਝੋਲੀ ਪਾਏ। ਇਹ ਗੱਲ ਵੱਖਰੀ ਹੈ ਕਿ ਉਹ ਕਹਾਣੀ ਦੇ ਖੇਤਰ ਵਿਚ ਕੁਲਵੰਤ ਸਿੰਘ ਵਿਰਕ ਜਿੰਨਾ ਪ੍ਰਸਿੱਧ ਨਹੀਂ ਹੋਇਆ। ਉਸ ਦਾ ਵੱਡਾ ਕਾਰਨ ਸ਼ਾਇਦ ਇਹ ਸੀ ਕਿ ਮਨੁੱਖ ਵਜੋਂ ਉਹ ਬੜਾ ਸੰਗਾਊ ਸੀ ਤੇ ਬਹੁਤਾ ਮਿਲਾਪੜਾ ਵੀ ਨਹੀਂ ਸੀ। ਉਹਦੇ ਵਿਚ ਅਫਸਰਾਂ ਵਾਲੀ ਫੂੰ-ਫਾਂ ਵੀ ਘੱਟ ਸੀ। ਸਾਡਾ ਦਫ਼ਤਰ ਰਾਜ ਸਰਕਾਰਾਂ ਅਤੇ ਰਿਆਸਤਾਂ ਬਣਾਉਣ ਵਾਲੇ ਅਮਲੇ ਦੀਆਂ ਤਨਖਾਹਾਂ ਤੇ ਸਫ਼ਰੀ ਭੱਤੇ ਦੇ ਬਿੱਲ ਪਾਸ ਕਰਨ ਨਾਲ ਸਬੰਧ ਰਖਦਾ ਸੀ; ਖ਼ਾਸ ਕਰ ਕੇ ਸਫ਼ਰੀ ਭੱਤੇ ਦੇ ਬਿੱਲਾਂ ਵਾਲਾ। ਮਹਿੰਦਰ ਸਿੰਘ ਸਰਨਾ ਵਿਚ ਵੱਡੇ ਅਫਸਰਾਂ ਵਾਲਾ ਗੁੱਸਾ ਉੱਕਾ ਹੀ ਨਹੀਂ ਸੀ। ਉਹ ਸਦਾ ਹੀ ਬਹੁਤ ਘੱਟ ਬੋਲਦਾ ਤੇ ਛੋਟੀ ਟਿੱਪਣੀ ਕਰਦਾ।

ਅਸੀਂ ਕਲਰਕ ਲੋਕਾਂ ਨੇ ਬਿੱਲ ਪਾਸ ਕਰਦੇ ਸਮੇਂ ਇਹ ਦੇਖਣਾ ਹੁੰਦਾ ਸੀ ਕਿ ਸਫ਼ਰ ਦਾ ਕਾਰਨ ਠੀਕ ਤਰ੍ਹਾਂ ਲਿਖਿਆ ਹੁੰਦਾ ਸੀ ਜਾਂ ਨਹੀਂ; ਜਾਂ ਫਿਰ ਕਿਸੇ ਨੇ ਟਰੈਵਲਿੰਗ ਅਲਾਊਂਸ ਵੱਧ ਤਾਂ ਨਹੀਂ ਭਰਿਆ ਹੋਇਆ। ਅਸੀਂ ਆਰ.ਆਈ.ਓ. (ਰਿਟਰਨਡ ਇਨ ਓਰੀਜਨਲ) ਲਿਖ ਕੇ ਕਾਰਨ ਦੱਸਦੇ ਹੋਏ ਲਿਖਦੇ ਹੁੰਦੇ ਸਾਂ ਕਿ ਇਸ ਬਿੱਲ ਵਿਚ ਕਿੰਨੇ ਪੈਸੇ ਵਧ ਕਲੇਮ ਕੀਤੇ ਗਏ ਹਨ।

ਬਹੁਤੇ ਬਿੱਲਾਂ ਵਿਚ ਇਹ ਕਲੇਮ ਚਾਰ-ਛੇ ਰੁਪਏ ਹੀ ਹੁੰਦਾ ਸੀ ਤੇ ਬਿੱਲ ਵਾਪਸ ਭੇਜਦੇ ਸਮੇਂ ਦਫ਼ਤਰ ਨੇ ਰਜਿਸਟਰਡ ਪਾਰਸਲ ਭੇਜਣਾ ਹੁੰਦਾ ਸੀ; ਤੇ ਸੋਧ ਪਿੱਛੋਂ ਵਾਪਸ ਕਰਨ ਵਾਲੇ ਵੀ ਰਜਿਸਟਰੀ ਹੀ ਕਰਾਉਂਦੇ ਸਨ। ਦੋਨਾਂ ਧਿਰਾਂ ਵੱਲੋਂ ਰਜਿਸਟਰੀਆਂ ਉੱਤੇ ਓਨੇ ਹੀ ਪੈਸੇ ਲੱਗ ਜਾਂਦੇ ਸਨ ਜਿੰਨੇ ਬਿੱਲ ਵਿਚ ਵਧ ਕਲੇਮ ਕੀਤੇ ਹੁੰਦੇ ਸਨ। ਮੇਰੇ ਮਨ ਵਿਚ ਆਈ ਕਿ ਰਜਿਸਟਰੀਆਂ ਦੇ ਖ਼ਰਚੇ ਤੋਂ ਬਿਨਾਂ ਬਿੱਲਾਂ ਦੀ ਭੇਜ-ਭਿਜਾਈ ਕਾਰਨ ਵੀ 15-20 ਦਿਨ ਦੀ ਦੇਰੀ ਹੁੰਦੀ ਹੈ। ਕਿਉਂ ਨਾ ਉਨ੍ਹਾਂ ਦੇ ਵਾਧੂ ਪੈਸੇ ਖ਼ੁਦ ਹੀ ਕੱਟ ਕੇ ਬਿੱਲ ਪਾਸ ਕਰ ਦਿੱਤਾ ਜਾਵੇ। ਵਾਪਸੀ ਭੇਜਦੇ ਸਮੇਂ ਰਾਜ ਸਰਕਾਰਾਂ ਅਤੇ ਰਿਆਸਤਾਂ ਦੇ ਅਮਲੇ ਦੀ ਜਾਣਕਾਰੀ ਲਈ ਕੱਟਣ ਦਾ ਕਾਰਨ ਲਿਖ ਦਿੱਤਾ ਜਾਵੇ। ਅਜਿਹਾ ਕੀਤਿਆਂ ਬਿੱਲ ਭਰਨ ਵਾਲਿਆਂ ਦਾ ਸਮਾਂ ਤੇ ਪੈਸੇ ਵੀ ਬਚਦੇ ਸਨ ਤੇ ਸਾਡੇ ਦਫ਼ਤਰ ਵਲੋਂ ਪਾਸ ਕਰਨ ਦੇ ਵੀ।

ਮੈਂ ਇਹ ਗੱਲ ਸਿੱਧੀ ਸੁਪਰਡੈਂਟ ਨਾਲ ਕੀਤੀ ਤਾਂ ਉਸ ਨੇ ਮੇਰੀ ਗੱਲ ਨਹੀਂ ਗੌਲੀ। ਉਸ ਦੀ ਦਲੀਲ ਇਹ ਸੀ ਕਿ ਚੰਗਾ ਭਲਾ ਕੰਮ ਚੱਲ ਰਿਹਾ ਹੈ, ਦਖ਼ਲ ਦੇਣ ਦੀ ਕੋਈ ਲੋੜ ਨਹੀਂ।

ਮੇਰੇ ਕੋਲੋਂ ਰਿਹਾ ਨਹੀਂ ਗਿਆ। ਮੈਂ ਸਿੱਧਾ ਵੱਡੇ ਅਫਸਰ ਮਹਿੰਦਰ ਸਿੰਘ ਸਰਨਾ ਕੋਲ ਗਿਆ ਤੇ ਆਪਣੀ ਦਲੀਲ ਉਹਦੇ ਨਾਲ ਸਾਂਝੀ ਕੀਤੀ। ਉਹ ਚੁੱਪ ਕਰ ਕੇ ਮੇਰੇ ਚਿਹਰੇ ਵੱਲ ਦੇਖਦਾ ਰਿਹਾ। ਘੰਟੀ ਵਜਾਈ ਤੇ ਸੁਪਰਡੈਂਟ ਨੂੰ ਸੱਦ ਲਿਆ। ਮੈਂ ਸਰਨਾ ਨੂੰ ਇਹ ਨਹੀਂ ਸੀ ਦੱਸਿਆ ਕਿ ਸੁਪਰਡੈਂਟ ਨੇ ਮੇਰੀ ਗੱਲ ਨਹੀਂ ਸੀ ਗੌਲੀ।

"ਕੀ ਤੁਸੀਂ ਐਨੀ ਗੱਲ ਲਈ ਬਿੱਲ ਪਾਸ ਨਹੀਂ ਕਰਦੇ ਤੇ ਲੌਟਾ ਦਿੰਦੇ ਹੋ?"

ਸਰਨਾ ਨੇ ਸਹਿਜਤਾ ਨਾਲ ਕਿਹਾ। ਮੈਨੂੰ ਉਥੇ ਬੈਠਾ ਦੇਖ ਸੁਪਰਡੈਂਟ ਸਮਝ ਗਿਆ ਕਿ ਮਾਮਲਾ ਕੀ ਹੈ।

"ਅੱਗੇ ਤੋਂ ਨਹੀਂ ਕਰਾਂਗੇ ਜਨਾਬ।" ਉਸ ਨੇ ਖ਼ਿਮਾ ਮੰਗੀ।

ਸਰਨਾ ਨੇ ਸੁਪਰਡੈਂਟ ਨੂੰ ਤਾਂ ਜਾਣ ਦਿੱਤਾ ਪਰ ਮੇਰੇ ਨਾਲ ਬਿੱਲਾਂ ਦੀ ਥਾਂ ਮੇਰੇ ਰੁਝੇਵਿਆਂ ਦੀਆਂ ਗੱਲਾਂ ਕਰਦਾ ਰਿਹਾ, ਦੋ ਕੱਪ ਚਾਹ ਦੇ ਮੰਗਵਾ ਕੇ।

ਸਰਨਾ ਬਹੁਤ ਥੋੜ੍ਹੇ ਸ਼ਬਦ ਬੋਲਦਾ ਸੀ ਪਰ ਦਫ਼ਤਰ ਵਿਚ ਉਸ ਦਾ ਪੂਰਾ ਰੋਹਬ ਸੀ। ਇਸ ਤੋਂ ਪਿੱਛੋਂ ਸਬੰਧਿਤ ਸੁਪਰਡੈਂਟ ਮੈਨੂੰ ਕਿਸੇ ਗੱਲੋਂ ਨਾ ਡਾਂਟਦਾ; ਇਹ ਸਮਝ ਕੇ ਕਿ ਮੈਂ ਸਰਨਾ ਦਾ ਬੰਦਾ ਹਾਂ।

ਇਨ੍ਹਾਂ ਦਿਨਾਂ ਵਿਚ ਹੀ ਮੇਰੀ ਚੋਣ ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ ਵਿਚ ਸਬ ਐਡੀਟਰ (ਪੰਜਾਬੀ) ਵਜੋਂ ਹੋ ਗਈ। ਮੈਂ ਸਰਨਾ ਦੇ ਦਫ਼ਤਰ ਤੋਂ ਅਸਤੀਫ਼ਾ ਦੇ ਕੇ ਨਵੇਂ ਦਫ਼ਤਰ ਜਾਣ ਦੀ ਆਗਿਆ ਮੰਗੀ। ਪ੍ਰਵਾਨਗੀ ਮਹਿੰਦਰ ਸਿੰਘ ਸਰਨਾ ਨੇ ਦੇਣੀ ਸੀ।

ਮੇਰਾ ਅਸਤੀਫ਼ਾ ਦੇਖ ਕੇ ਸਰਨਾ ਨੇ ਮੈਨੂੰ ਸੱਦਿਆ ਤੇ ਚਾਹ ਮੰਗਵਾਈ ਤੇ ਅਸਤੀਫ਼ਾ ਪ੍ਰਵਾਨ ਕਰ ਲਿਆ। ਉਦੋਂ ਯੂ.ਡੀ.ਸੀ. ਦਾ ਸਕੇਲ 50-3-80-4-120 ਸੀ ਤੇ ਸਬ ਐਡੀਟਰ ਦਾ 250-15-400 ਰੁਪਏ ਸੀ। ਸਬ ਐਡੀਟਰ ਦੀ ਤਨਖ਼ਾਹ ਅਪਰ ਡਿਵੀਜ਼ਨ ਕਲਰਕ ਦੀ ਸਿਖਰਲੀ (120 ਰੁਪਏ) ਨਾਲੋਂ ਦੁੱਗਣੀ ਤਾਂ ਸ਼ੁਰੂ ਹੁੰਦੀ ਸੀ।

ਮੈਂ ਆਪਣੇ ਨਵੇਂ ਦਫ਼ਤਰ ਗਿਆ ਤਾਂ ਮਹਿੰਦਰ ਸਿੰਘ ਰੰਧਾਵਾ ਨੂੰ ਵੀ ਮਿਲਿਆ। ਉਹ ਦਿੱਲੀ ਦੇ ਡਿਪਟੀ ਕਮਿਸ਼ਨਰ ਤੋਂ ਉੱਨਤ ਹੋ ਕੇ ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ ਦਾ ਮੁਖੀ, ਭਾਵ ਵਾਈਸ ਪ੍ਰੈਜ਼ੀਡੈਂਟ ਲੱਗ ਚੁੱਕਾ ਸੀ।

ਮਨ ਹੀ ਮਨ ਵਿਚ ਸਪਤਾਹਿਕ 'ਫ਼ਤਿਹ' ਤੇ ਮਾਸਕ 'ਪ੍ਰੀਤਮ' ਦੇ ਮਾਲਕ ਲਾਭ ਸਿੰਘ ਨਾਰੰਗ ਦੇ ਸ਼ਬਦ ਇਕ ਵਾਰੀ ਫੇਰ ਚੇਤੇ ਆਏ: "ਇਸ ਕੁਰਸੀ 'ਤੇ ਬੈਠਣ ਵਾਲੇ ਵੱਡੇ ਬੰਦੇ ਹੁੰਦੇ ਹਨ। ਤਨਖ਼ਾਹ ਦੀ ਗਿਣਤੀ ਮਿਣਤੀ ਵਿਚ ਨਾ ਪੈ।"

ਮੇਰੇ ਜੀਵਨ ਵਿਚ ਦੋਵੇਂ ਮਹਿੰਦਰ ਸਿੰਘ ਅੰਗ-ਸੰਗ ਰਹੇ।

# ਅੱਜ ਦਾ ਪੰਜਾਬ ਅਤੇ ਪ੍ਰੋ. ਰਣਧੀਰ ਸਿੰਘ ਦਾ ਚਿੰਤਨ

(ਪਿਛਲੇ ਸਫੇ ਦੀ ਬਾਕੀ)

ਅਤੇ ਸਿਆਸੀ ਹੁੰਦਾ ਹੈ ਪਰ ਅਜੋਕੇ ਪੰਜਾਬ ਦੀ ਤ੍ਰਾਸਦੀ ਇਹ ਹੈ ਕਿ ਪੰਜਾਬ ਦੀ ਮਾਰਕਸਵਾਦੀ ਲਹਿਰ ਉਤਰ-ਆਧੁਨਿਕਤਾਵਾਦੀ ਬੁਧੀਜੀਵੀਆਂ ਦੁਬਾਰਾ ਉਭਾਰੀਆਂ ਜਾ ਰਹੀਆਂ ਵਿਰੋਧਤਾਈਆਂ, ਨਸਲ, ਪਛਾਣ, ਲਿੰਗ, ਕੌਮ, ਸਭਿਆਚਾਰ, ਭਾਸ਼ਾ ਆਦਿ ਨੂੰ ਪੰਜਾਬ ਦੇ ਸਿਆਸੀ-ਆਰਥਿਕ ਸੰਕਟ ਦੀ ਮੁੱਖ ਵਿਰੋਧਤਾਈ ਮੰਨ ਰਹੀ ਹੈ। ਪ੍ਰੋ. ਰਣਧੀਰ ਸਿੰਘ ਅਤੇ ਅਸੀਂ ਵੀ ਉਪਰੋਕਤ ਵਿਰੋਧਤਾਈਆਂ ਦੀ ਮਹੱਤਤਾ ਤੋਂ ਇਨਕਾਰੀ ਨਹੀਂ ਪਰ ਉਪਰੋਕਤ ਵਿਰੋਧਤਾਈਆਂ ਨੂੰ ਸਮਾਜ ਦੀ ਮੁੱਖ ਵਿਰੋਧਤਾਈ ਬਣਾ ਕੇ ਪੇਸ਼ ਕਰਨ ਵਾਲੇ ਬੌਧਿਕ ਤਬਕੇ ਪੰਜਾਬ ਸੰਕਟ ਅਤੇ ਪੂੰਜੀਵਾਦ ਦਾ ਬਦਲ ਉਦੋਂ ਤੱਕ ਨਹੀਂ ਸਿਰਜ ਸਕਦੇ ਜਦੋਂ ਤੱਕ ਪੂੰਜੀਵਾਦ ਦੀ ਅਸਲ ਵਿਰੋਧਤਾਈ ਜੋ ਉਸ ਦੇ ਆਰਥਿਕ ਤੇ ਸਿਆਸੀ ਪ੍ਰਬੰਧ ਵਿਚੋਂ ਉਪਜਦੀ ਹੈ, ਦਾ ਮਾਰਕਸਵਾਦੀ ਵਿਧੀ/ਵਿਸ਼ਲੇਸ਼ਣ ਨੂੰ ਆਧਾਰ ਬਣਾ ਕੇ ਅਧਿਐਨ ਨਹੀਂ ਕੀਤਾ ਜਾਂਦਾ। ਇਸ ਸੂਰਤ ਵਿਚ ਮੌਲਿਕ ਮਾਰਕਸਵਾਦੀਆਂ ਲਈ ਪ੍ਰੋ. ਰਣਧੀਰ ਸਿੰਘ ਦੀਆਂ ਲਿਖਤਾਂ ਦੀ ਸਾਰਥਿਕਤਾ ਹੋਰ ਵਧ ਜਾਂਦੀ ਹੈ।

ਭਾਰਤ ਵਿਚ 1970 ਤੋਂ ਬਾਅਦ ਆਈਆਂ ਅਹਿਮ ਤਬਦੀਲੀਆਂ ਨੇ ਦੇਸ਼ ਦੇ ਹਰ ਕੋਨੇ ਸਮੇਤ ਪੰਜਾਬ ਉਤੇ ਨਾਂਹ ਪੱਖੀ ਪ੍ਰਭਾਵ ਪਾਏ ਹਨ। ਇਸੇ ਸਮੇਂ ਤੋਂ ਹੀ ਬੌਧਿਕ ਖੇਤਰ ਵਿਚ ਜਮਾਤ ਦੇ ਸਵਾਲ ਦੀ ਥਾਂ ਜਾਤ, ਧਾਰਮਿਕ ਕੱਟੜਤਾ, ਪਛਾਣ, ਲਿੰਗ ਤੇ ਭਾਸ਼ਾ ਦੇ ਸਵਾਲ ਕੇਂਦਰੀ ਬਣਾਉਣ 'ਚ ਉਤਰ-ਆਧੁਨਿਕਤਾ ਵਿਚਾਰਧਾਰਾ ਨੇ ਮੁੱਖ ਭੂਮਿਕਾ ਨਿਭਾਈ ਹੈ। ਇਸ ਦੌਰ 'ਚ ਮਾਰਕਸਵਾਦੀ ਵਿਸ਼ਲੇਸ਼ਣ ਕਰਦੇ ਹੋਏ ਪ੍ਰੋ. ਰਣਧੀਰ ਸਿੰਘ ਨੇ ਭਾਰਤੀ ਰਿਆਸਤ (ਸਟੇਟ) ਦੁਆਰਾ ਕੀਤੀ ਜਾ ਰਹੀ ਨਸਲ ਤੇ ਜਾਤ ਦੀ ਸਿਆਸਤ ਦੇ ਅਸਲ ਕਾਰਨਾਂ ਜੋ ਪੂੰਜੀਵਾਦ ਦੁਆਰਾ ਆਰਥਿਕ ਲੁੱਟ ਤੇਜ਼ ਕਰਨ ਨਾਲ ਜੁੜੇ ਹੋਏ ਹਨ, ਆਪਣੀਆਂ ਵੱਖ ਵੱਖ ਲਿਖਤਾਂ ਵਿਚ ਸਪੱਸ਼ਟ ਕੀਤਾ ਹੈ ਕਿ ਕਿਵੇਂ ਭਾਰਤ ਅਤੇ ਪੰਜਾਬ ਦੀਆਂ ਸਿਆਸੀ ਜਮਾਤਾਂ ਲੋਕਾਂ ਦੀ ਆਰਥਿਕ ਸੱਮਸਿਆ ਨੂੰ ਧਾਰਮਿਕ ਰੰਗਤ ਦੇ ਕੇ ਸਮਾਜਿਕ ਅਰਾਜਕਤਾ ਫੈਲਾਅ ਰਹੀਆਂ ਹਨ। ਉਨ੍ਹਾਂ ਦੀਆਂ ਇਨ੍ਹਾਂ ਲਿਖਤਾਂ ਵਿਚ 'ਆਫ ਮਾਰਕਸਿਜ਼ਮ ਐਂਡ ਇੰਡੀਅਨ ਪਾਲਿਟਿਕਸ' (1990), 'ਫਾਈਵ ਲੈਕਚਰਜ਼ ਇਨ ਮਾਰਕਸਿਸਟ ਮੋਡ' (1993) ਅਤੇ 'ਇੰਡੀਅਨ ਪਾਲਿਟਿਕਸ: ਅਲਟਰਨੇਟਿਵ ਆਰਗਿਊਮੈਂਟ' (2009) ਮੁੱਖ ਹਨ।

ਪ੍ਰੋ. ਰਣਧੀਰ ਸਿੰਘ ਨੇ ਪੰਜਾਬ ਬਾਰੇ ਦਰਜ ਕੀਤਾ ਕਿ ਕਿਵੇਂ ਹਰੀ ਕ੍ਰਾਂਤੀ 'ਚੋਂ ਪੈਦਾ ਹੋਈ ਹੁਕਮਰਾਨ ਜਮਾਤ ਨੇ ਪੰਜਾਬੀ ਸਮਾਜ ਦੀ ਮਾਰਕਸਵਾਦੀ ਸਮਝ ਨੂੰ ਤਹਿਸ ਨਹਿਸ ਕਰ ਕੇ ਜਮਾਤ ਦਾ ਸਵਾਲ ਮਨਫ਼ੀ ਕਰ ਦਿੱਤਾ। ਇਸ ਪਿੱਛੋਂ ਦਿੱਲੀ ਅਤੇ ਪੰਜਾਬ ਦੇ ਹੁਕਮਰਾਨਾਂ ਨੇ ਮਿਲ ਕੇ 1990 ਤੋਂ ਬਾਅਦ ਪੰਜਾਬ ਦੀ ਆਰਥਿਕਤਾ ਨੂੰ ਨਵ-ਉਦਾਰਵਾਦੀ ਪ੍ਰੋਜੈਕਟ ਹਵਾਲੇ ਕਰ ਦਿੱਤਾ। ਇਉਂ ਭਾਰਤ ਅਤੇ ਪੰਜਾਬ ਦੀਆਂ ਆਰਥਿਕ, ਸਿਆਸੀ ਅਤੇ ਸਮਾਜਿਕ ਸੰਕਟ ਦੀਆਂ ਦੁਸ਼ਵਾਰੀਆਂ ਨੂੰ ਸਮਝਣ ਤੇ ਨਜਿੱਠਣ ਦਾ ਪ੍ਰੋ. ਰਣਧੀਰ ਸਿੰਘ ਦਾ ਨਜ਼ਰੀਆ ਮਾਰਕਸਵਾਦੀ ਹੀ ਰਿਹਾ। ਉਨ੍ਹਾਂ ਦੀਆਂ ਲਿਖਤਾਂ ਅਨੁਸਾਰ ਪੰਜਾਬ ਦੇ ਸੰਕਟ ਦੀਆਂ ਜੜ੍ਹਾਂ ਦਾ ਪੰਜਾਬ ਦੀਆਂ ਸਿਆਸੀ ਅਤੇ ਪੂੰਜੀਵਾਦੀ ਜਮਾਤਾਂ ਦੁਆਰਾ ਕੀਤੀ ਜਾ ਰਹੀ ਲੁੱਟ ਨਾਲ ਅਨਿੱਖੜ ਸਬੰਧ ਹੈ। ਅਜੋਕੇ ਪੰਜਾਬ ਦੀ ਆਰਥਿਕ ਤੇ ਸਿਆਸੀ ਜਮਾਤ ਦਾ ਸਾਰਾ ਦਾਰੋਮਦਾਰ ਇਸ ਵਿਚ ਰਹਿੰਦਾ ਹੈ ਕਿ ਕਿਵੇਂ ਪੰਜਾਬ ਦੇ ਸੰਕਟ ਦੀਆਂ ਅੰਦਰੂਨੀ ਵਿਰੋਧਤਾਈਆਂ ਨੂੰ ਸਮੁੱਚੇ ਪੰਜਾਬ ਦੀ ਵਿਰੋਧਤਾਈ ਪੇਸ਼ ਕਰ ਕੇ ਕੇਂਦਰੀ ਸਰਕਾਰ ਨਾਲ ਵਿਰੋਧ ਵਿਚ ਤਬਦੀਲ ਕੀਤਾ ਜਾਵੇ ਤਾਂ ਜੋ ਉਨ੍ਹਾਂ ਦੁਆਰਾ ਕੀਤੀ ਜਾ ਰਹੀ ਪੰਜਾਬ ਦੇ ਸਾਧਨਾਂ, ਵਾਤਾਵਰਨ, ਆਮ ਲੋਕਾਂ ਖਾਸ ਕਰ ਕੇ ਨੌਜਵਾਨਾਂ ਦੀ ਬੌਧਿਕ ਲੁੱਟ ਅਤੇ ਗੁਰਬਤ ਦਾ ਸ਼ਿਕਾਰ ਜਮਾਤਾਂ ਦੀ ਆਰਥਿਕ ਅਤੇ ਸਿਆਸੀ ਲੁੱਟ ਜਾਰੀ ਰਹਿ ਸਕੇ।

**ਪ੍ਰੋ. ਰਣਧੀਰ ਸਿੰਘ ਨੇ ਪੰਜਾਬ ਬਾਰੇ ਦਰਜ ਕੀਤਾ ਕਿ ਕਿਵੇਂ ਹਰੀ ਕ੍ਰਾਂਤੀ 'ਚੋਂ ਪੈਦਾ ਹੋਈ ਹੁਕਮਰਾਨ ਜਮਾਤ ਨੇ ਸਮਾਜ ਦੀ ਮਾਰਕਸਵਾਦੀ ਸਮਝ ਨੂੰ ਤਹਿਸ ਨਹਿਸ ਕਰ ਕੇ ਜਮਾਤ ਦਾ ਸਵਾਲ ਮਨਫ਼ੀ ਕਰ ਦਿੱਤਾ। ਇਸ ਪਿੱਛੋਂ ਦਿੱਲੀ ਤੇ ਪੰਜਾਬ ਦੇ ਹੁਕਮਰਾਨਾਂ ਨੇ 1990 ਤੋਂ ਬਾਅਦ ਪੰਜਾਬ ਦੀ ਆਰਥਿਕਤਾ ਨੂੰ ਨਵ-ਉਦਾਰਵਾਦੀ ਪ੍ਰੋਜੈਕਟ ਹਵਾਲੇ ਕਰ ਦਿੱਤਾ।**

ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬ ਦੇ ਸੰਕਟ ਦੀ ਸਮਝ ਅਤੇ ਉਸ ਦੇ ਹੱਲ ਦੇ ਸੰਵਾਦ ਲਈ ਦੋ ਧੜੇ ਮੁੱਖ ਭੂਮਿਕਾ ਵਿਚ ਨਜ਼ਰ ਆਉਂਦੇ ਰਹੇ ਹਨ। ਇਨ੍ਹਾਂ ਦੋਹਾਂ ਧੜਿਆਂ ਦੀ ਪੰਜਾਬ ਦੇ ਸੰਕਟ ਨੂੰ ਲੈ ਕੇ ਪਰਿਭਾਸ਼ਾ ਦਾ ਖਾਸਾ ਇਕੋ ਹੀ ਹੈ। ਇਨ੍ਹਾਂ ਧੜਿਆਂ ਦਾ ਮੰਨਣਾ ਹੈ ਕਿ ਪੰਜਾਬ ਦੇ ਸੰਕਟ ਤੋਂ ਭਾਵ ਪੰਜਾਬ ਦੀ ਕਿਸਾਨੀ ਦੇ ਸੰਕਟ ਤੋਂ ਹੈ। ਇਹ ਪੰਜਾਬ ਦੀ ਕਿਸਾਨੀ ਜਾਂ ਖੇਤੀ ਸੰਕਟ ਨੂੰ ਸਮੁੱਚੇ ਪੰਜਾਬ ਦਾ ਸੰਕਟ ਮੰਨਦੇ ਹਨ। ਇਨ੍ਹਾਂ ਵਿਚੋਂ ਪਹਿਲਾ ਧੜਾ ਖੇਤੀਬਾੜੀ ਅਰਥ ਵਿਗਿਆਨੀਆਂ ਦਾ ਹੈ ਜੋ ਨਵ-ਕਲਾਸੀਕਲ ਅਰਥ ਸ਼ਾਸਤਰ ਜਾਂ ਕੈਨੇਜ਼ੀਅਨ ਅਰਥ ਸ਼ਾਸਤਰ ਦੀ ਵਿਧੀ ਨੂੰ ਆਧਾਰ ਬਣਾ ਕੇ ਖੇਤੀ ਖੇਤਰ ਦੇ ਸੰਕਟ ਨੂੰ ਸਮੁੱਚੀ ਕਿਸਾਨੀ ਦੇ ਸੰਕਟ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਨ੍ਹਾਂ ਦੀਆਂ ਲਿਖਤਾਂ ਵਿਚ ਸੰਕਟ ਦੀ ਸਮਝ ਅਤੇ ਉਸ ਦੇ ਹੱਲ ਲਈ ਕਿਤੇ ਵੀ ਮਾਰਕਸਵਾਦੀ ਜਮਾਤੀ ਵਿਸ਼ਲੇਸ਼ਣ ਦੀ ਝਲਕ ਨਹੀਂ ਮਿਲਦੀ। ਇਨ੍ਹਾਂ ਦੀਆਂ ਲਿਖਤਾਂ ਵਿਚ ਖੇਤੀ ਸੰਕਟ ਦਾ ਇਕੋ-ਇਕ ਹੱਲ ਸਰਕਾਰੀ ਰਿਆਇਤਾਂ ਦੀ ਲਗਾਤਾਰਤਾ ਅਤੇ ਉਸ ਵਿਚ ਵਾਧਾ ਕਰ ਕੇ ਹੋ ਸਕਦਾ ਹੈ।

ਦੂਜਾ ਧੜਾ ਜੋ ਪਿਛਲੇ ਕੁਝ ਦਹਾਕਿਆਂ ਤੋਂ ਅਰਥ ਸ਼ਾਸਤਰੀਆ ਦੇ ਨਜ਼ਰੀਏ ਅਤੇ ਵਿਸ਼ਲੇਸ਼ਣ ਨੂੰ ਪਿੱਛੇ ਛੱਡ ਕੇ, ਪੰਜਾਬ ਦੇ ਸੰਕਟ ਦੇ ਹੱਲ ਦਾ ਦਾਅਵਾ ਪੇਸ਼ ਕਰਦਾ ਹੈ, ਉਹ ਉਤਰ-ਆਧੁਨਿਕਤਾਵਾਦੀ ਹੈ। ਇਸ ਧੜੇ ਨੇ ਪੰਜਾਬ ਦੇ ਖੇਤੀ ਖੇਤਰ ਅਤੇ ਸਮੁੱਚੇ ਪੰਜਾਬ ਦੇ ਸੰਕਟ ਨੂੰ ਉਤਰ-ਆਧੁਨਿਕਤਾਵਾਦੀ ਨਾਅਰਿਆਂ (ਪਛਾਣ, ਲਿੰਗ, ਸਭਿਆਚਾਰ, ਭਾਸ਼ਾ, ਕੌਮ ਆਦਿ) ਨਾਲ ਜੋੜ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦਾ ਸਾਰਾ ਦਾਰੋਮਦਾਰ ਸੁਨਹਿਰੀ ਪਿਛੋਕੜ ਨੂੰ ਮੁੜ-ਸੁਰਜੀਤ 'ਤੇ ਲੱਗਿਆ ਹੋਇਆ ਹੈ। ਇਸ ਧੜੇ ਵਿਚ ਸਭ ਤੋਂ ਖ਼ਤਰਨਾਕ ਰੁਝਾਨ ਇਹ ਹੈ ਕਿ ਇਹ ਆਪਣੇ ਅਧਿਐਨ ਨੂੰ ਅਗਾਂਹਵਧੂ ਮਾਰਕਸਵਾਦੀ ਅਧਿਐਨ ਕਹਿ ਕੇ ਪੇਸ਼ ਕਰਦਾ ਹੈ ਪਰ ਮਾਰਕਸ, ਪ੍ਰੋ. ਰਣਧੀਰ ਸਿੰਘ ਅਤੇ ਬੌਧਿਕ ਮਾਰਕਸਵਾਦੀਆਂ ਦੀਆਂ ਲਿਖਤਾਂ ਵਿਚ ਇਹ ਕਿਤੇ ਨਹੀਂ ਲੱਭ ਸਕਿਆ ਕਿ ਪਿਛੋਕੜ ਨੂੰ ਮੁੜ-ਸੁਰਜੀਤ ਕਰ ਕੇ ਪੂੰਜੀਵਾਦ ਤੋਂ ਗੁਣਾਤਮਿਕ ਤੌਰ 'ਤੇ ਵਧੀਆ ਸਮਾਜ ਕਿਵੇਂ ਸਿਰਜਿਆ ਜਾ ਸਕਦਾ ਹੈ।

ਇਨ੍ਹਾਂ ਦੋਹਾਂ ਧੜਿਆਂ ਨੂੰ ਪ੍ਰੋ. ਰਣਧੀਰ ਸਿੰਘ ਦੇ ਮੌਲਿਕ ਮਾਰਕਸਵਾਦੀ ਨਜ਼ਰੀਏ ਤੋਂ ਦੇਖੀਏ ਤਾਂ ਇਨ੍ਹਾਂ ਦੀ ਪੰਜਾਬ ਸੰਕਟ ਨੂੰ ਸਮਝਣ ਦੀ ਵਿਧੀ ਅਤੇ ਉਸ ਦੇ ਹੱਲ ਦੇ ਸੁਝਾਅ ਕਿਸੇ ਵੀ ਪੱਖ ਤੋਂ ਮਾਰਕਸਵਾਦੀ ਨਹੀਂ। ਮਾਰਕਸਵਾਦੀ ਵਿਧੀ ਅਤੇ ਵਿਸ਼ਲੇਸ਼ਣ ਦਾ ਆਧਾਰ, ਪੂੰਜੀਵਾਦੀ ਸਮਾਜ ਦੇ ਆਰਥਿਕ ਢਾਂਚੇ ਤੋਂ ਸ਼ੁਰੂ ਹੁੰਦੇ ਹੋਏ ਉਸ ਦੇ ਸਿਆਸੀ ਅਤੇ ਸਮਾਜਿਕ ਢਾਂਚੇ ਦੇ ਨਿਰੀਖਣ ਵੱਲ ਵਧਦਾ ਹੈ। ਇਸ ਸਮੁੱਚੇ ਨਿਰੀਖਣ ਵਿਚ ਜਮਾਤਾਂ ਦੀ ਨਿਸ਼ਾਨਦੇਹੀ, ਸੰਕਟ ਦੀ ਜਮਾਤੀ ਸਮਝ ਅਤੇ ਹੱਲ ਦੀ ਜਮਾਤੀ ਵਿਆਖਿਆ ਮੁੱਖ ਹੁੰਦੇ ਹਨ। ਜੇ ਅਜੋਕੇ ਪੰਜਾਬ ਨੂੰ ਕਿਸੇ ਬੌਧਿਕ ਸੇਧ ਦੀ ਲੋੜ ਹੈ ਤਾਂ ਉਹ ਮੌਲਿਕ ਮਾਰਕਸਵਾਦੀ ਹੈ ਜੋ ਨਾ ਸਿਰਫ਼ ਸੰਕਟ ਦੀ ਸਜੀਵ (ਆਰਗੈਨਿਕ) ਸਮਝ ਪੇਸ਼ ਕਰਨ ਵਿਚ ਅਵਲ ਦਰਜੇ ਦੀ ਵਿਧੀ ਹੈ ਬਲਕਿ ਇਸ ਦੇ ਹੱਲ ਲਈ ਜਮਾਤੀ ਲਾਮਬੰਦੀ ਦੀ ਲੋੜ ਅਤੇ ਉਸ ਨੂੰ ਸੇਧ ਦੇਣ ਲਈ ਵੀ ਉਚ-ਕੋਟੀ ਦੀ ਵਿਚਾਰਧਾਰਾ ਹੈ। ਇਸ ਸੂਰਤ ਵਿਚ ਕਿਹੋ ਜਿਹੀ ਸਿਆਸੀ ਸਮਝ ਲੋੜੀਂਦੀ ਹੈ, ਉਸ ਲਈ ਪ੍ਰੋ. ਰਣਧੀਰ ਸਿੰਘ ਦੀਆਂ ਮੌਲਿਕ ਲਿਖਤਾਂ ਮੁੱਖ ਭੂਮਿਕਾ ਨਿਭਾ ਸਕਦੀਆਂ ਹਨ।

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change



Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,**
**Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976




**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020

# ਮੁੜ ਤੀਲਾ-ਤੀਲਾ ਹੋ ਜਾਏਗਾ ਇੰਡੀਆ ਗੱਠਜੋੜ !

ਵਿਚਾਰ-ਚਰਚਾ



**ਗੁਰਮੀਤ ਸਿੰਘ ਪਲਾਹੀ**
ਫੋਨ: +91-98158-02070

ਪਿਛਲੇ ਸਾਲ 23 ਜੂਨ ਨੂੰ ਬਿਹਾਰ ਦੇ ਪਟਨਾ ਸ਼ਹਿਰ ਵਿਚ ਵਿਰੋਧੀ ਦਲਾਂ ਨੇ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਬੀਜੇਪੀ ਨੂੰ ਹਰਾਉਣ ਲਈ ਇੱਕਮੁੱਠ ਹੋ ਕੇ ਚੋਣ ਲੜਨ ਦਾ ਫ਼ੈਸਲਾ ਕੀਤਾ ਸੀ। ਦੇਸ਼ ਵਾਸੀਆਂ ਨੇ ਵਿਰੋਧੀ ਦਲਾਂ ਦੇ ਇਸ 'ਇੰਡੀਆ' ਗੱਠਜੋੜ ਸੁਨੇਹੇ ਨੂੰ ਸ਼ੁਭ ਮੰਨਿਆ ਸੀ। ਦੇਸ਼ ਦੀ ਸਿਆਸਤ ਵਿਚ ਹਲਚਲ ਵੇਖਣ ਨੂੰ ਮਿਲੀ ਸੀ।

ਕੁਝ ਮਹੀਨੇ ਬੀਤਣ ਬਾਅਦ, ਜਿਸ ਸਿਆਸੀ ਨੇਤਾ, ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਵਿਰੋਧੀ ਦਲਾਂ ਨੂੰ ਇੱਕਮੁੱਠ ਕਰਨ ਦੀ ਪਹਿਲਕਦਮੀ ਕੀਤੀ ਸੀ, ਉਹ ਹੁਣ ਨਰੇਂਦਰ ਮੋਦੀ ਦੀ ਛਤਰੀ ਹੇਠ ਆ ਗਿਆ ਹੈ। ਗੱਠਜੋੜ ਦੀਆਂ ਸਾਰੀਆਂ ਗਤੀਵਿਧੀਆਂ ਲਗਭਗ ਠੱਪ ਹੋ ਗਈਆਂ ਜਾਪਦੀਆਂ ਹਨ। ਇੰਡੀਆ ਗੱਠਜੋੜ ਸ਼ੁਰੂ ਹੋਣ ਤੋਂ ਪਹਿਲਾਂ ਹੀ ਤੀਲ-ਤੀਲਾ ਹੋਣ ਦੀ ਕਗਾਰ 'ਤੇ ਹੈ।

ਇੰਡੀਆ ਗੱਠਜੋੜ ਤਾਂ ਬਣ ਗਿਆ, ਪਰ ਇਸਦਾ ਕੋਈ ਰੋਡ ਮੈਪ ਕੀ ਹੋਏਗਾ? ਇਸਦਾ ਵਿਜ਼ਨ ਕੀ ਹੋਏਗਾ? ਜਨਤਾ ਵਿਚ ਇਹ ਕਿਹੜੇ ਮੁੱਦੇ ਲੈ ਕੇ ਜਾਏਗਾ, ਇਸ ਸਬੰਧੀ ਕੋਈ ਸਹਿਮਤੀ ਬਣਨਾ ਤਾਂ ਦੂਰ ਦੀ ਗੱਲ ਹੈ, ਕੋਈ ਛੋਟੀ ਪਹਿਲ ਤੱਕ ਨਾ ਹੋਈ। ਹਾਲਾਂਕਿ ਕੁਝ ਦਲਾਂ ਨੇ ਇਸ ਗੱਲ ਉਤੇ ਦਬਾਅ ਜ਼ਰੂਰ ਬਣਾਇਆ ਸੀ ਕਿ ਸੀਟਾਂ ਦੀ ਵੰਡ ਤੋਂ ਪਹਿਲਾਂ ਮੁੱਦਿਆਂ ਸਬੰਧੀ ਰੋਡ ਮੈਪ ਸਬੰਧੀ ਸਪੱਸ਼ਟਤਾ ਹੋਣੀ ਚਾਹੀਦੀ ਹੈ, ਪਰ ਪਿਛਲੇ ਸਾਲ ਦੀ ਆਖ਼ਰੀ ਮੀਟਿੰਗ ਤੋਂ ਬਾਅਦ ਆਪਸ ਵਿਚ ਇੱਕਜੁੱਟ ਰੱਖਣਾ ਵੀ ਸਭ ਤੋਂ ਵੱਡੀ ਚੁਣੌਤੀ ਬਣ ਗਈ ਹੈ।

85 ਲੋਕ ਸਭਾ ਸੀਟਾਂ ਵਾਲੇ ਸੂਬੇ ਉੱਤਰ ਪ੍ਰਦੇਸ਼ 'ਚ ਸਮਾਜਵਾਦੀ ਪਾਰਟੀ ਅਤੇ ਕਾਂਗਰਸ ਵਿਚ ਸੀਟਾਂ ਦੀ ਵੰਡ ਨਹੀਂ ਹੋ ਰਹੀ। ਸਮਾਜਵਾਦੀ ਪਾਰਟੀ ਦੇ ਨੇਤਾ ਆਪਣੀ ਮਰਜ਼ੀ ਨਾਲ ਹੀ ਕਾਂਗਰਸ ਨੂੰ ਕੁਝ ਸੀਟਾਂ ਦੇਣੀਆਂ ਚਾਹੁੰਦੇ ਹਨ ਪਰ ਕਾਂਗਰਸ ਰਾਜ਼ੀ ਨਹੀਂ ਹੋਈ। ਪੱਛਮੀ ਬੰਗਾਲ 'ਚ ਆਪਣੇ ਪ੍ਰਭਾਵ ਕਾਰਨ ਮਮਤਾ ਬੈਨਰਜੀ ਕਾਂਗਰਸ ਅਤੇ ਖੱਬੀਆਂ ਧਿਰਾਂ ਨੂੰ ਠੀਕ ਢੰਗ ਨਾਲ ਪੱਲੇ ਨਹੀਂ ਬੰਨ੍ਹ ਰਹੀ। ਉਹ ਕਾਂਗਰਸ ਨੂੰ ਸਿਰਫ਼ ਦੋ-ਤਿੰਨ ਸੀਟਾਂ ਦੇਣ ਲਈ ਹੀ ਰਾਜ਼ੀ ਹੋਈ ਹੈ।

ਬਿਹਾਰ ਵਿਚ ਤਾਂ ਗੱਠਜੋੜ ਦੀ ਖੇਡ ਨਿਤੀਸ਼ ਕੁਮਾਰ ਨੇ ਖ਼ਤਮ ਹੀ ਕਰ ਦਿੱਤੀ ਹੈ, ਜਿਥੇ ਇੱਕ ਪਾਸੇ ਨਿਤੀਸ਼ ਕੁਮਾਰ, ਲਾਲੂ ਪ੍ਰਸਾਦ ਯਾਦਵ ਅਤੇ ਕਾਂਗਰਸ ਅਤੇ ਹੋਰ ਧਿਰਾਂ ਗੱਠਜੋੜ ਦਾ ਹਿੱਸਾ ਸਨ, ਤੇ ਦੂਜੇ ਪਾਸੇ ਭਾਜਪਾ। ਹੁਣ ਲਾਲੂ ਪ੍ਰਸਾਦ ਯਾਦਵ ਦੀ ਪਾਰਟੀ ਅਤੇ ਕਾਂਗਰਸ ਹੀ ਬਿਹਾਰ 'ਚ ਇਕੱਠੇ ਰਹਿ ਗਏ ਹਨ, ਪਰ ਉਨ੍ਹਾਂ 'ਚ ਸੀਟਾਂ ਦੀ ਵੰਡ ਲਈ ਹਾਲੇ ਸਹਿਮਤੀ ਨਹੀਂ ਹੋਈ। ਛੋਟੀਆਂ-ਮੋਟੀਆਂ ਪਾਰਟੀਆਂ ਤਾਂ ਭਾਜਪਾ ਦੇ ਨਾਲ ਹੀ ਚਲੇ ਗਈਆਂ ਹਨ।

ਪੰਜਾਬ 'ਚ 'ਆਪ' ਅਤੇ ਕਾਂਗਰਸ ਆਪੋ-ਆਪਣੀਆਂ ਚੋਣਾਂ ਲੜਣਗੇ। ਦਿੱਲੀ ਵਿਚ ਵੀ ਹਾਲੇ ਕੋਈ ਸਹਿਮਤੀ ਇਨ੍ਹਾਂ ਪਾਰਟੀਆਂ ਦੀ ਨਹੀਂ ਹੋ ਸਕੀ। ਹਰਿਆਣਾ ਵਿਚ ਵੀ ਆਮ ਆਦਮੀ ਪਾਰਟੀ ਅਤੇ ਕਾਂਗਰਸ ਆਪਸੀ ਸਹਿਮਤੀ ਬਣਾਉਣ 'ਚ ਕਾਮਯਾਬ ਨਹੀਂ ਹੋ ਸਕੀਆਂ। ਮਹਾਂਰਾਸ਼ਟਰ ਵਿਚ ਵੀ ਸੀਟਾਂ ਦੀ ਵੰਡ ਦਾ ਮੁੱਦਾ ਹਾਲੇ ਕਾਇਮ ਹੈ। ਮੱਧ ਪ੍ਰਦੇਸ਼, ਮਹਾਂਰਾਸ਼ਟਰ ਅਤੇ ਦੱਖਣੀ ਰਾਜਾਂ 'ਚ ਕੁਝ ਰਾਜਾਂ ਨੂੰ ਛੱਡ ਕੇ ਕਾਂਗਰਸ ਤੇ ਹੋਰ ਧਿਰਾਂ ਇੱਕਮੁੱਠ ਨਹੀਂ ਹੋ ਸਕੀਆਂ। ਹੋਰ ਰਾਜਾਂ ਵਿਚ ਵੀ 'ਇੰਡੀਆ' ਗੱਠਜੋੜ ਵਿਚ ਸ਼ਾਮਲ ਪਾਰਟੀਆਂ ਇੱਕਜੁੱਟ ਨਹੀਂ ਹੋ ਰਹੀਆਂ ਹਨ।

ਆਈ.ਐਨ.ਡੀ.ਆਈ.ਏ. (ਇੰਡੀਆ) ਵਿਚ ਦੋ ਦਰਜਨ ਤੋਂ ਵੱਧ ਦਲਾਂ ਨੂੰ ਜੋੜਨ ਅਤੇ ਮੁੜ ਜੋੜੇ ਰੱਖਣ ਲਈ ਆਪਸੀ ਤਾਲਮੇਲ ਦੀ ਘਾਟ ਵੇਖੀ ਗਈ। ਗੱਠਜੋੜ ਬਣਨ ਦੇ ਜਲਦੀ ਬਾਅਦ ਇਹ ਸੁਝਾਅ ਆਇਆ ਕਿ ਗੱਠਜੋੜ ਦੇ ਕੋਆਰਡੀਨੇਟਰ ਦੀ ਨਿਯੁਕਤੀ ਸਭ ਦੀ ਸਹਿਮਤੀ ਨਾਲ ਕੀਤੀ ਜਾਵੇ, ਜੋ ਸਾਰੇ ਦਲਾਂ ਨੂੰ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜੋੜ ਕੇ ਸਾਰਥਕ ਭੂਮਿਕਾ ਨਿਭਾਵੇ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਇਸ ਅਹੁਦੇ ਲਈ ਉਮੀਦਵਾਰ ਸਨ, ਪਰੰਤੂ ਬੰਗਾਲ ਦੇ ਪ੍ਰਭਾਵੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਸ ਦਾ ਤਿੱਖਾ ਵਿਰੋਧ ਕੀਤਾ। ਕਾਂਗਰਸ ਨੇ ਵੀ ਇਸ ਮਸਲੇ ਉਤੇ ਸੁਸਤੀ ਵਿਖਾਈ। ਇੱਕ ਮੀਟਿੰਗ ਵਿਚ ਕਾਂਗਰਸ ਦੇ ਪ੍ਰਧਾਨ ਮਲਿਕਾਰੁਜਨ ਖੜਗੇ ਨੂੰ ਗੱਠਜੋੜ ਦਾ ਚੇਅਰਮੈਨ ਚੁਣ ਲਿਆ ਗਿਆ, ਪਰ ਕੋਆਰਡੀਨੇਟਰ ਦੇ ਤੌਰ 'ਤੇ ਨਿਯੁਕਤੀ ਨਾ ਹੋ ਸਕੀ। ਭਾਵੇਂ ਕਿ ਚੇਅਰਮੈਨ ਵਲੋਂ ਕੁਝ ਪਾਰਟੀਆਂ ਨਾਲ ਸਹਿਮਤੀ ਬਣਾਉਣ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਪਰ ਸਾਰਥਿਕ ਸਿੱਟੇ ਨਹੀਂ ਨਿਕਲ ਰਹੇ, ਜਦਕਿ ਚੋਣਾਂ ਨਜ਼ਦੀਕ ਆ ਰਹੀਆਂ ਹਨ ਅਤੇ ਕਿਸੇ ਸਮੇਂ ਵੀ ਚੋਣਾਂ ਦਾ ਐਲਾਨ ਹੋ ਸਕਦਾ ਹੈ।

ਅਸਲ ਗੱਲ ਤਾਂ ਇਹ ਹੈ ਕਿ ਦੋ ਦਰਜਨ ਤੋਂ ਵੱਧ ਵਿਰੋਧੀ ਦਲ ਭਾਜਪਾ ਨੂੰ ਹਰਾਉਣ ਲਈ ਇੱਕ ਮੰਚ ਉਤੇ ਤਾਂ ਆ ਗਏ, ਪਰ ਇਨ੍ਹਾਂ ਵਿਚ ਵਿਸ਼ਵਾਸ ਨਹੀਂ ਬਣ ਸਕਿਆ। ਗੱਠਜੋੜ ਹੋਣ ਦੇ ਬਾਵਜੂਦ ਇਹ ਦਲ ਇੱਕ-ਦੂਜੇ ਦੇ ਵਿਰੋਧ ਵਿਚ ਬਿਆਨ ਦਿੰਦੇ ਰਹੇ। ਸੀਟਾਂ ਦੀ ਵੰਡ ਅਤੇ ਹੋਰ ਮੁੱਦਿਆਂ ਉਤੇ ਵੀ ਇਹ ਦਲ ਆਪਸ 'ਚ ਭਿੜਦੇ ਰਹੇ। ਇਸ ਨਾਂਹ-ਪੱਖੀ ਵਤੀਰੇ ਨੇ ਇੰਡੀਆ ਗੱਠਜੋੜ ਨੂੰ ਕਦੀ ਸਥਿਰ ਨਹੀਂ ਹੋਣ ਦਿੱਤਾ। ਕਾਂਗਰਸ ਜਿਸ ਨੇ ਵੱਡੇ ਭਰਾ ਵਾਲੀ ਭੂਮਿਕਾ ਨਿਭਾਉਣੀ ਸੀ, ਉਸ ਵਲੋਂ ਕੋਈ ਅਸਰਦਾਇਕ ਕਦਮ ਇਕਜੁੱਟਤਾ ਲਈ ਨਹੀਂ ਚੁੱਕੇ ਗਏ। ਕਾਂਗਰਸ ਵਲੋਂ ਰਾਹੁਲ ਗਾਂਧੀ ਦੇ ਨਿਆਂ ਮਾਰਚ ਨੂੰ ਤਾਂ ਅਹਿਮੀਅਤ ਦਿੱਤੀ ਗਈ ਅਤੇ ਦੂਜੇ ਦਲਾਂ ਵਲੋਂ ਆਸ ਰੱਖੀ ਗਈ ਕਿ ਉਹ ਯੂ ਪੀ, ਬੰਗਾਲ, ਬਿਹਾਰ ਰਾਜਾਂ 'ਚ ਉਸਦਾ ਸਾਥ ਦੇਣ, ਪਰ ਚੇਅਰਮੈਨ ਹੋਣ ਦੇ ਨਾਤੇ ਵੀ ਉਸ ਵਲੋਂ ਕਈ ਕੋਸ਼ਿਸ਼ਾਂ ਦੇ ਬਾਵਜੂਦ ਕੋਈ ਸਾਂਝੀ ਰੈਲੀ ਨਾ ਕੀਤੀ ਗਈ। ਕਦੇ ਪਟਨਾ, ਕਦੇ ਭੋਪਾਲ ਅਤੇ ਕਦੇ ਸ਼ਿਮਲਾ 'ਚ ਰੈਲੀ ਕਰਨ ਦਾ ਪ੍ਰੋਗਰਾਮ ਉਲੀਕਿਆ, ਤਿਆਰੀ ਹੋਈ, ਪਰ ਆਪਸੀ ਵਿਸ਼ਵਾਸ ਦੀ ਕਮੀ ਨੇ ਇਹ ਗੱਲ ਸਿਰੇ ਨਾ ਲੱਗਣ ਦਿੱਤੀ।

ਗੱਠਬੰਧਨ ਦੇ ਮੈਂਬਰਾਂ 'ਚ ਸੰਵਾਦ ਦੀ ਘਾਟ ਲਈ ਖੇਤਰੀ ਦਲਾਂ ਨੇ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਇਆ। ਅਗਸਤ ਵਿਚ ਮੀਟਿੰਗ ਹੋਣ ਤੋਂ ਬਾਅਦ ਕਾਂਗਰਸ ਨੇ ਲਗਾਤਾਰ ਬੈਠਕ ਦੀ ਤਾਰੀਖ ਇਹ ਕਹਿ ਕੇ ਟਾਲ ਦਿੱਤੀ ਕਿ ਉਨ੍ਹਾਂ ਦੇ ਨੇਤਾ ਪੰਜ ਰਾਜਾਂ ਦੀਆਂ ਚੋਣਾਂ ਵਿਚ ਰੁੱਝੇ ਹੋਏ ਹਨ। ਪਰ ਗੱਠਬੰਧਨ ਨੇ ਦੱਬੀ ਜ਼ਬਾਨ ਵਿਚ ਦੋਸ਼ ਲਾਇਆ ਕਿ ਕਾਂਗਰਸ ਵਿਧਾਨ ਸਭਾ ਚੋਣਾਂ ਵਿਚ ਵਧੀਆ ਨਤੀਜਿਆਂ ਨੂੰ ਆਧਾਰ ਬਣਾ ਕੇ ਖੇਤਰੀ ਦਲਾਂ ਨਾਲ ਸੀਟਾਂ ਦੀ ਵੰਡ ਸਮੇਂ ਵੱਧ ਹਿੱਸੇਦਾਰੀ ਮੰਗੇਗਾ। ਲੇਕਿਨ ਹੋਇਆ ਇਸ ਤੋਂ ਉਲਟ ਕਾਂਗਰਸ ਦੇ ਨਤੀਜੇ ਬਹੁਤ ਖਰਾਬ ਨਿਕਲੇ, ਇਸ ਤੋਂ ਬਾਅਦ ਖੇਤਰੀ ਦਲ ਕਾਂਗਰਸ ਉਤੇ ਦਬਾਅ ਬਣਾਉਣ ਲੱਗੇ। ਕਾਂਗਰਸ ਨੇ ਉਨ੍ਹਾਂ ਨਾਲ ਸੰਵਾਦ ਨਾ ਕੀਤਾ। ਸਿੱਟੇ ਵਜੋਂ ਗੱਠਜੋੜ ਪੱਟੜੀ ਤੋਂ ਉਤਰਦਾ ਗਿਆ।

ਭਾਵੇਂ ਸਾਰੇ ਵਿਰੋਧੀ ਦਲ ਇੱਕ ਮੰਚ ਉਤੇ ਇਕੱਠੇ ਹੋ ਗਏ, ਲੇਕਿਨ ਉਹ ਆਪਸੀ ਵਿਰੋਧ ਘੱਟ ਨਾ ਕਰ ਸਕੇ। ਪੱਛਮੀ ਬੰਗਾਲ 'ਚ ਟੀਐਮਸੀ ਅਤੇ ਖੱਬੀਆਂ ਧਿਰਾਂ ਨੇ ਸਾਫ਼ ਸੰਦੇਸ਼ ਦੇ ਦਿੱਤਾ ਕਿ ਉਥੇ ਆਪਸੀ ਸਮਝੌਤਾ ਸੰਭਵ ਨਹੀਂ। ਇਸੇ ਤਰ੍ਹਾਂ ਕੇਰਲ 'ਚ ਕਾਂਗਰਸ, ਤੇ ਖੱਬੀਆਂ ਧਿਰਾਂ ਆਹਮੋ-ਸਾਹਮਣੇ ਹਨ।

ਕਈ ਮੁੱਦੇ ਵੀ ਇਨ੍ਹਾਂ ਧਿਰਾਂ ਵਿਚਕਾਰ ਆਪਸੀ ਸਹਿਮਤੀ ਬਣਾਉਣ 'ਚ ਰੁਕਾਵਟ ਬਣੇ। ਜਾਤੀ ਜਨਗਣਨਾ ਸਬੰਧੀ ਮਮਤਾ ਬੈਨਰਜੀ ਸਹਿਮਤ ਨਹੀਂ ਹੋਈ। ਡੀਐਮਕੇ ਨੇ ਸਨਾਤਨ ਦਾ ਮੁੱਦਾ ਚੁੱਕ ਕੇ ਬਾਕੀਆਂ ਨੂੰ ਅਸਹਿਜ ਕਰ ਦਿੱਤਾ। ਗੱਠਬੰਧਨ ਦੇ ਇੱਕ ਨੇਤਾ ਨੇ ਤਾਂ ਹੁਣ ਇਥੋਂ ਤੱਕ ਕਹਿ ਦਿੱਤਾ ਹੈ ਕਿ ਇੱਕ ਮੰਚ 'ਤੇ ਆਉਣ ਦਾ ਲਾਭਾਂ ਨਾਲੋਂ ਨੁਕਸਾਨ ਵੱਧ ਹੋਇਆ ਹੈ।

ਇੰਡੀਆ ਗੱਠਜੋੜ ਨੂੰ ਅੱਗੇ ਵਧਾਉਣ ਅਤੇ ਜੋੜੀ ਰੱਖਣ ਲਈ ਕਾਂਗਰਸ ਦਾ ਸਭ ਤੋਂ ਵੱਧ ਯੋਗਦਾਨ ਲੋੜੀਂਦਾ ਸੀ, ਪਰ ਕਾਂਗਰਸ ਆਪਣੇ ਪ੍ਰੋਗਰਾਮ ਨੂੰ ਤਰਜੀਹ ਦਿੰਦੀ ਰਹੀ। ਉਸ ਦੇ ਨੇਤਾ ਰਾਹੁਲ ਗਾਂਧੀ ਜਦੋਂ ਕਹਿੰਦੇ ਹਨ ਕਿ ਜਾਤੀ ਗਣਨਾ ਦੇਸ਼ ਦਾ ਐਕਸਰੇ ਹੈ। ਉਹ ਕਹਿੰਦੇ ਹਨ ਕਿ ਪੱਛੜੇ, ਦਲਿਤ ਅਤੇ ਆਦਿ ਵਾਸੀਆਂ ਨੂੰ ਹੱਕ ਦਿਵਾਉਣ ਲਈ ਸਭ ਤੋਂ ਵੱਡਾ ਹਥਿਆਰ ਜਾਤੀ ਜਨਗਣਨਾ ਹੈ ਤਾਂ ਇਹ ਦੂਜੇ ਸਭਨਾਂ ਸਾਂਝੀਦਾਰਾਂ ਨੂੰ ਪ੍ਰਵਾਨ ਨਹੀਂ। ਇਹ ਸਾਂਝੀਦਾਰ, ਭਾਜਪਾ ਵਾਂਗਰ, ਕਾਂਗਰਸ 'ਚ ਪਰਿਵਾਰਵਾਦ ਉਤੇ ਵੀ ਉਂਗਲੀ ਉਠਾਉਂਦੇ ਹਨ।

ਗੱਠਜੋੜ ਜਿਸਨੂੰ ਇਸ ਵੇਲੇ ਦੇਸ਼ 'ਚ ਵਧ ਰਹੀ ਬੇਰੁਜ਼ਗਾਰੀ, ਨਿੱਜੀਕਰਨ, ਅਰਾਜਕਤਾ, ਭੁੱਖਮਰੀ ਆਦਿ ਦੇ ਮੁੱਦੇ ਉਠਾਉਣ ਦੀ ਲੋੜ ਸੀ। ਉਹ ਇਸ ਵੇਲੇ ਚੁੱਪ ਬੈਠਾ ਹੈ। ਗੱਠਜੋੜ ਦੀਆਂ ਮੁੱਖ ਧਿਰਾਂ ਨੂੰ ਘੱਟੋ-ਘੱਟ ਪ੍ਰੋਗਰਾਮ ਤੈਅ ਕਰ ਕੇ ਖੇਤਰੀ ਦਲਾਂ ਨੂੰ ਆਪਣੇ ਨਾਲ ਲੈਣ ਦੀ ਲੋੜ ਸੀ, ਉਹ ਲੀਹੋਂ ਲੱਥ ਕੇ ਸਿਰਫ਼ ਸੀਟਾਂ ਦੀ ਵੰਡ ਤੱਕ ਸੀਮਤ ਹੋ ਕੇ "ਕਾਣੀ ਵੰਡ" ਦੇ ਰਾਹ ਪਿਆ ਹੋਇਆ ਹੈ।

ਇਸ ਸਾਰੀ ਸਥਿਤੀ ਦਾ ਫਾਇਦਾ ਉਠਾਉਂਦਿਆਂ ਭਾਜਪਾ ਦੀ ਕੇਂਦਰ ਸਰਕਾਰ ਜਿੱਥੇ "ਗੱਠਜੋੜ" 'ਚ ਤ੍ਰੇੜਾਂ ਪਾਉਣ ਲਈ ਸਰਗਰਮ ਹੋ ਕੇ, ਨਵੇਂ-ਨਵੇਂ ਪ੍ਰਾਜੈਕਟ ਲੋਕਾਂ ਸਾਹਮਣੇ ਪ੍ਰੋਸ ਰਹੀ ਹੈ, ਉਥੇ ਸੀਬੀਆਈ, ਈਡੀ, ਆਮਦਨ ਕਰ ਵਿਭਾਗ ਦੀ ਸਹਾਇਤਾ ਨਾਲ "ਕਮਜ਼ੋਰ ਵਿਰੋਧੀ ਨੇਤਾਵਾਂ" ਦੇ ਚਿਰ ਪੁਰਾਣੇ ਕੇਸ ਖੰਗਾਲ ਕੇ ਉਨ੍ਹਾਂ ਨੂੰ ਆਪਣੇ ਪਾਲੇ 'ਚ ਕਰ ਕੇ ਗੱਠਜੋੜ ਦੀ ਤਾਕਤ ਕਮਜ਼ੋਰ ਕਰਨ ਲਈ ਹਰ ਹੀਲਾ ਵਰਤ ਰਹੀ ਹੈ।

ਅੱਜ ਜਦੋਂ ਲੋੜ, ਭਾਜਪਾ ਦੇ ਵਿਰੋਧ 'ਚ ਵਿਰੋਧੀ ਧਿਰਾਂ ਨੂੰ ਇੱਕਮੁੱਠ ਹੋ ਕੇ, ਲੋਕ ਹਿਤੂ ਸਾਂਝਾ ਪ੍ਰੋਗਰਾਮ ਦੇ ਕੇ, ਖੜਨ ਦੀ ਸੀ, ਪਰ ਉਹ ਆਪਣੇ ਸੌੜੇ ਸਿਆਸੀ ਹਿੱਤਾਂ ਖ਼ਾਤਰ ਆਪੋ-ਧਾਪੀ 'ਚ ਨਜ਼ਰ ਆ ਰਹੀ ਹੈ।

ਇਸ ਸਮੇਂ ਮੁੱਖ ਭੂਮਿਕਾ ਨਿਭਾਉਣ ਲਈ ਕਾਂਗਰਸ ਨੂੰ ਅੱਗੇ ਵਧ ਕੇ ਗੱਠਜੋੜ ਦੇ ਸਾਂਝੀਦਾਰਾਂ ਦਰਮਿਆਨ ਮੁੜ ਵਿਸ਼ਵਾਸ ਪੈਦਾ ਕਰਨ ਦੀ ਲੋੜ ਹੈ, ਤਾਂ ਕਿ ਤਾਨਾਸ਼ਾਹੀ ਵੱਲ ਵਧ ਰਹੇ ਦੇਸ਼ ਦੇ ਹਾਕਮਾਂ ਨੂੰ ਠੱਲ੍ਹ ਪਾਈ ਜਾ ਸਕੇ।

# ਸਿੱਖ ਇਤਿਹਾਸ ਦਾ ਸੁਨਹਿਰੀ ਪੰਨਾ: ਜੈਤੋ ਦਾ ਮੋਰਚਾ

ਪਹਿਲੀ ਸ਼ਤਾਬਦੀ 'ਤੇ ਵਿਸ਼ੇਸ਼

**ਹਰਦਮ ਸਿੰਘ ਮਾਨ**

ਜੈਤੋ ਦੇ ਮੋਰਚੇ ਨੂੰ ਭਾਰਤੀ ਆਜ਼ਾਦੀ ਦੀ ਪਹਿਲੀ ਲੜਾਈ ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਦਾ ਇਹ ਸ਼ਾਂਤਮਈ ਮੋਰਚਾ ਸਾਰੇ ਸਿੱਖ ਮੋਰਚਿਆਂ ਤੋਂ ਲੰਮਾ ਸਮਾਂ (ਪੌਣੇ ਦੋ ਸਾਲ ਤੋਂ ਵੀ ਵੱਧ) ਜਾਰੀ ਰਿਹਾ ਅਤੇ ਇਸ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਉਸ ਵੇਲੇ ਦੀ ਅੰਗਰੇਜ਼ੀ ਹਕੂਮਤ ਨੂੰ 'ਗੁਰਦੁਆਰਾ ਐਕਟ' ਬਣਾਉਣ ਲਈ ਮਜਬੂਰ ਹੋਣਾ ਪਿਆ। ਇਸ ਗੁਰਦੁਆਰਾ ਐਕਟ ਦੇ ਅਧੀਨ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੌਜੂਦਾ ਸਰੂਪ ਹੋਂਦ ਵਿਚ ਆਇਆ ਅਤੇ ਇਹ ਕਮੇਟੀ ਅੱਜ ਸਿੱਖ ਜਗਤ ਦੀ ਸਭ ਤੋਂ ਵੱਡੀ ਅਤੇ ਅਹਿਮ ਸੰਸਥਾ ਹੈ, ਜੋ ਸਿੱਖ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਹੈ।

ਇਸ ਮੋਰਚੇ ਦਾ ਆਰੰਭ 8 ਜੂਨ 1923 ਨੂੰ ਉਸ ਵੇਲੇ ਹੋਇਆ ਜਦੋਂ ਅੰਗਰੇਜ਼ੀ ਹਕੂਮਤ ਨੇ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਜਬਰੀ ਲਾਹ ਕੇ ਰਿਆਸਤ ਵਿਚੋਂ ਕੱਢ ਦਿੱਤਾ। ਇਸ ਘਟਨਾ ਵਿਰੁੱਧ ਸਾਰੇ ਸਿੱਖ ਜਗਤ ਵਿਚ ਰੋਸ ਦੀ ਲਹਿਰ ਫੈਲਣੀ ਕੁਦਰਤੀ ਸੀ ਕਿਉਂਕਿ ਮਹਾਰਾਜਾ ਨਾਭਾ ਸਿੱਖਾਂ ਵਿਚ ਬਹੁਤ ਹਰਮਨ-ਪਿਆਰੇ ਹੋ ਚੁੱਕੇ ਸਨ। ਸਿੱਖਾਂ ਵੱਲੋਂ ਉਨ੍ਹਾਂ ਦੀ ਬਰਤਰਫੀ ਦਾ ਵਿਰੋਧ ਕੀਤਾ ਜਾਣ ਲੱਗਿਆ। ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਵਿਰੁੱਧ ਰੋਸ ਪ੍ਰਗਟ ਕਰਨ ਲਈ 5 ਅਗਸਤ, 1923 ਨੂੰ ਅੰਮ੍ਰਿਤਸਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੈਠਕ ਹੋਈ ਜਿਸ ਵਿਚ ਮਹਾਰਾਜਾ ਰਿਪੁਦਮਨ ਸਿੰਘ ਪ੍ਰਤੀ ਹਮਦਰਦੀ ਦਾ ਮਤਾ ਪਾਸ ਕੀਤਾ ਗਿਆ ਅਤੇ 9 ਸਤੰਬਰ ਨੂੰ ਮਹਾਰਾਜਾ ਦੇ ਹੱਕ ਵਿਚ ਨਾਭਾ ਦਿਵਸ ਮਨਾਉਣ ਦਾ ਐਲਾਨ ਕਰ ਦਿੱਤਾ ਗਿਆ। ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜਾ ਰਿਪੁਦਮਨ ਦੇ ਸਬੰਧ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਆਗਿਆ ਨਾ ਹੋਣ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ 9 ਸਤੰਬਰ ਨੂੰ ਪੰਜਾਬ ਭਰ ਵਿਚ ਥਾਂ-ਥਾਂ ਮੁਜ਼ਾਹਰੇ ਕੀਤੇ ਗਏ ਅਤੇ ਮਹਾਰਾਜਾ ਦੀ ਬਹਾਲੀ ਦੇ ਮਤੇ ਪਾਸ ਕੀਤੇ ਗਏ। ਜੈਤੋ ਮੰਡੀ ਵਿਚ ਵੀ ਅਜਿਹਾ ਮੁਜ਼ਾਹਰਾ ਕਰਨ ਉਪਰੰਤ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ ਅਤੇ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਗਈ।

ਸਿੱਖਾਂ ਦੇ ਇਸ ਰੋਸ ਤੋਂ ਅੰਗਰੇਜ਼ੀ ਹਕੂਮਤ ਬੇਹੱਦ ਖਫ਼ਾ ਹੋਈ। ਜੈਤੋ ਵਿਖੇ ਅਖੰਡ ਪਾਠਾਂ ਦੀ ਲੜੀ ਨੂੰ ਹਕੂਮਤ ਨੇ ਵੱਡੀ ਬਗਾਵਤ ਵਜੋਂ ਲਿਆ ਅਤੇ 14 ਸਤੰਬਰ ਨੂੰ ਜਦੋਂ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਚ ਦੀਵਾਨ ਸਜਿਆ ਹੋਇਆ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਚੱਲ ਰਿਹਾ ਸੀ ਤਾਂ ਅੰਗਰੇਜ਼ੀ ਹਕੂਮਤ ਦੇ ਹਥਿਆਰਬੰਦ ਸਿਪਾਹੀਆਂ ਨੇ ਗੁਰਦੁਆਰੇ ਅੰਦਰ ਦਾਖਲ ਹੋ ਕੇ ਉਥੇ ਇਕੱਤਰ ਹੋਏ ਲੋਕਾਂ ਅਤੇ ਸੇਵਾਦਾਰਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਪਾਠ ਕਰ ਰਹੇ ਗ੍ਰੰਥੀ ਸਿੰਘ ਨੂੰ ਬਾਹਰ ਖਿੱਚ ਲਿਆਂਦਾ। ਇਸ ਤਰ੍ਹਾਂ ਅਖੰਡ ਪਾਠ ਨੂੰ ਖੰਡਿਤ ਕਰ ਦਿੱਤਾ ਗਿਆ।

ਅਖੰਡ ਪਾਠ ਦਾ ਖੰਡਿਤ ਕੀਤਾ ਜਾਣਾ ਸਿੱਖ ਮਰਯਾਦਾ ਦੀ ਘੋਰ ਉਲੰਘਣਾ ਸੀ ਅਤੇ ਇਸ ਘਟਨਾ ਨੇ ਮਹਾਰਾਜਾ ਦੇ ਰਾਜਸੀ ਸਵਾਲ ਨੂੰ ਧਾਰਮਿਕ ਸਵਾਲ ਬਣਾ ਦਿੱਤਾ। ਇਸ ਤਰ੍ਹਾਂ ਜੈਤੋ ਮੋਰਚੇ ਦਾ ਆਰੰਭ ਹੋਇਆ ਜਿਸ ਦਾ ਮੁੱਖ ਨਿਸ਼ਾਨਾ ਖੰਡਿਤ ਅਖੰਡ ਪਾਠ ਨੂੰ ਮੁੜ ਅਖੰਡਿਤ ਰੂਪ ਵਿਚ ਚਾਲੂ ਕਰਨਾ ਸੀ। ਸਿੱਖਾਂ ਦੀ ਧਾਰਮਿਕ ਜਥੇਬੰਦੀ ਨੇ ਇਸ ਮੋਰਚੇ ਦੀ ਕਮਾਨ ਸੰਭਾਲਦਿਆਂ ਅੰਮ੍ਰਿਤਸਰ ਤੋਂ ਹਰ ਰੋਜ਼ 25-25 ਸਿੰਘਾਂ ਦੇ ਜਥੇ ਜੈਤੋ ਵੱਲ ਭੇਜਣੇ ਆਰੰਭ ਕਰ ਦਿੱਤੇ। 25 ਸਿੰਘਾਂ ਦਾ ਇਕ ਜਥਾ ਹਰ ਰੋਜ਼ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਚੱਲ ਕੇ ਜਦੋਂ ਜੈਤੋ ਪਹੁੰਚਦਾ ਤਾਂ ਹਕੂਮਤ ਵੱਲੋਂ ਇਨ੍ਹਾਂ ਸਿੰਘਾਂ ਨੂੰ ਗ੍ਰਿਫਤਾਰ ਕਰ ਕੇ ਜੰਗਲਾਂ ਵਿਚ ਲਿਜਾ ਕੇ ਛੱਡ ਦਿੱਤਾ ਜਾਂਦਾ। ਇਸ ਮੋਰਚੇ ਦੀ ਚਰਚਾ ਪੰਜਾਬ ਤੋਂ ਬਾਹਰ ਵੀ ਹੋਣ ਲੱਗੀ। ਦਿੱਲੀ ਵਿਚ ਹੋਏ ਇੰਡੀਅਨ ਨੈਸ਼ਨਲ ਕਾਂਗਰਸ ਦੇ ਇਕ ਸਮਾਗਮ ਵਿਚ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹੇ ਜਾਣ ਬਾਰੇ ਅਤੇ ਜੈਤੋ ਦੇ ਧਾਰਮਿਕ ਮੋਰਚੇ ਬਾਰੇ ਕਾਂਗਰਸ ਵੱਲੋਂ ਹਮਦਰਦੀ ਪ੍ਰਗਟ ਕੀਤੀ ਗਈ। ਕਾਂਗਰਸ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ, ਪ੍ਰਿੰਸੀਪਲ ਗਿਡਵਾਨੀ ਅਤੇ ਮਿਸਟਰ ਕੇ. ਸਨਾਤਮ ਨੂੰ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਜੈਤੋ ਮੰਡੀ ਭੇਜਿਆ ਗਿਆ। ਇਨ੍ਹਾਂ ਤਿੰਨਾਂ ਆਗੂਆਂ ਨੂੰ ਜੈਤੋ ਪੁੱਜਣ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਕ ਰਾਤ ਜੈਤੋ ਕਿਲੇ ਦੀ ਇਕ ਕੋਠੜੀ ਵਿਚ ਬੰਦ ਕਰਨ ਉਪਰੰਤ ਅਗਲੇ ਦਿਨ ਨਾਭਾ ਜੇਲ੍ਹ ਵਿਚ ਭੇਜ ਦਿੱਤਾ ਗਿਆ। 29 ਸਤੰਬਰ, 1923 ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਹਕੂਮਤ ਦੀ ਦਖਲਅੰਦਾਜ਼ੀ ਨਾ ਸਹਿਣ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ ਹਰ ਰੋਜ਼ 25-25 ਸਿੰਘਾਂ ਦੇ ਜਥੇ ਭੇਜਣ ਨਾਲ ਕੋਈ ਤਸੱਲੀਬਖਸ਼ ਸਿੱਟਾ ਨਿਕਲਦਾ ਨਾ ਵੇਖ ਕੇ ਇਸ ਨੂੰ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਤਹਿਤ 500-500 ਸਿੰਘਾਂ ਦਾ ਜਥਾ ਭੇਜਣ ਦਾ ਫੈਸਲਾ ਕੀਤਾ ਗਿਆ। 500 ਸਿੰਘਾਂ ਦੇ ਪਹਿਲੇ ਜਥੇ ਨੂੰ 21 ਫਰਵਰੀ, 1924 ਨੂੰ ਜੈਤੋ ਪੁੱਜ ਕੇ ਗੁਰਦੁਆਰਾ ਗੰਗਸਰ ਸਾਹਿਬ ਨੂੰ ਕਬਜ਼ੇ ਵਿਚ ਲੈਣ ਅਤੇ ਅਖੰਡ ਪਾਠ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਗਿਆ।

ਇਹ ਵਿਸ਼ਾਲ ਜੱਥਾ ਨਾਭਾ, ਪਟਿਆਲਾ, ਫਰੀਦਕੋਟ ਅਤੇ ਸੰਗਰੂਰ ਰਾਜਾਂ ਦੇ ਪਿੰਡਾਂ ਵਿਚ ਪੜਾਅ ਤੈਅ ਕਰਦਾ ਹੋਇਆ 20 ਫਰਵਰੀ ਨੂੰ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਖੇ ਪੁੱਜਿਆ। 21 ਫਰਵਰੀ ਨੂੰ ਸਵੇਰੇ ਕੀਰਤਨ ਕਰਨ ਉਪਰੰਤ ਇਹ ਜੱਥਾ ਜੈਤੋ ਵੱਲ ਕੂਚ ਕਰਨ ਲੱਗਿਆ। ਜੱਥੇ ਦੇ 500 ਸਿੰਘਾਂ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਵੀ ਸ਼ਰਧਾਵੱਸ ਜੱਥੇ ਦੇ ਨਾਲ ਚੱਲ ਰਹੀ ਸੀ ਅਤੇ ਵੱਡੀ ਗਿਣਤੀ ਵਿਚ ਦਰਸ਼ਕ ਵੀ ਸਨ ਜਿਨ੍ਹਾਂ ਵਿਚ ਬੀਬੀਆਂ ਵੀ ਸ਼ਾਮਿਲ ਸਨ। ਕਾਂਗਰਸੀ ਨੇਤਾ ਡਾਕਟਰ ਕਿਚਲੂ, ਪ੍ਰਿੰਸੀਪਲ ਗਿਡਵਾਨੀ ਅਤੇ ਨਿਊਯਾਰਕ ਟਾਈਮਜ਼ ਦੇ ਪ੍ਰਤੀਨਿਧ ਮਿਸਟਰ ਜ਼ਿੰਮਦ ਕਾਰ ਵਿਚ ਸਵਾਰ ਹੋ ਕੇ ਜੱਥੇ ਦੇ ਨਾਲ-ਨਾਲ ਚੱਲ ਰਹੇ ਸਨ ਪਰ ਇਨ੍ਹਾਂ ਨੇਤਾਵਾਂ ਨੂੰ ਨਾਭਾ ਰਿਆਸਤ ਦੀ ਹੱਦ ਤੋਂ ਅੱਗੇ ਨਹੀਂ ਜਾਣ ਦਿੱਤਾ ਗਿਆ।

ਜੱਥੇ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਲੈ ਕੇ ਚੱਲ ਰਹੇ ਸਨ ਅਤੇ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸੀ। ਅੰਗਰੇਜ਼ੀ ਹਕੂਮਤ ਵੱਲੋਂ ਜੱਥੇ ਨੂੰ ਗੁਰਦੁਆਰਾ ਟਿੱਬੀ ਸਾਹਿਬ ਤੋਂ 150 ਗਜ਼ ਕੁ ਦੀ ਵਿੱਥ 'ਤੇ ਰੋਕਿਆ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਅਗਾਂਹ ਵਧੇ ਤਾਂ ਗੋਲੀ ਚਲਾ ਦਿੱਤੀ ਜਾਵੇਗੀ। ਪਰ ਜੱਥਾ ਸਭ ਕੁੱਝ ਅਣਸੁਣਿਆ ਕਰ ਕੇ ਸ਼ਾਂਤਮਈ ਅੱਗੇ ਵਧਦਾ ਰਿਹਾ ਜਿਸ 'ਤੇ ਵਿਲਸਨ ਜਾਨਸਟਨ ਨੇ ਪੁਲਿਸ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਅਤੇ ਸੈਂਕੜੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ (ਸ਼੍ਰੋਮਣੀ ਕਮੇਟੀ ਅਨੁਸਾਰ ਇਸ ਘਟਨਾ ਵਿਚ 300 ਸਿੰਘ ਗੋਲੀ ਦਾ ਸ਼ਿਕਾਰ ਹੋਏ ਜਿਨ੍ਹਾਂ ਵਿਚੋਂ 100 ਸਿੰਘ ਸ਼ਹਾਦਤ ਹਾਸਲ ਕਰ ਗਏ)। ਇਸ ਘਟਨਾ ਨੇ ਸਿੱਖਾਂ ਅੰਦਰ ਨਵਾਂ ਜੋਸ਼ ਭਰ ਦਿੱਤਾ ਅਤੇ ਉਨ੍ਹਾਂ ਵਿਚ ਇਸ ਮੋਰਚੇ ਵਿਚ ਸ਼ਹਾਦਤ ਪਾਉਣ ਦਾ ਚਾਅ ਠਾਠਾਂ ਮਾਰਨ ਲੱਗਾ। ਲੋਕ ਸ਼ਹੀਦੀ ਜੱਥਿਆਂ ਵਿਚ ਵਧ-ਚੜ੍ਹ ਕੇ ਸ਼ਾਮਲ ਹੋਣ ਲੱਗੇ। ਪਹਿਲੇ ਸ਼ਹੀਦੀ ਜਥੇ 'ਤੇ ਗੋਲੀ ਚਲਾਏ ਜਾਣ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਨਾ ਸਿਰਫ਼ ਬਾ-ਦਸਤੂਰ ਕਾਇਮ ਰਹੇ, ਸਗੋਂ ਸਿੱਖਾਂ ਵਿਚ ਰੋਹ ਤੇ ਜੋਸ਼ ਦਾ ਵਾਧਾ ਹੋਇਆ ਦੂਜਾ 500 ਸਿੰਘਾਂ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ 28 ਫ਼ਰਵਰੀ, 1924 ਨੂੰ ਰਵਾਨਾ ਹੋਇਆ। ਤੀਜਾ ਜੱਥਾ 22 ਮਾਰਚ 1924 ਨੂੰ ਅਕਾਲ ਤਖ਼ਤ ਸਾਹਿਬ ਤੋਂ ਚੱਲ ਕੇ 7 ਅਪਰੈਲ, 1924 ਨੂੰ ਜੈਤੋ ਪਹੁੰਚਿਆ ਜਿੱਥੇ ਫ਼ੌਜ ਅਤੇ ਪੁਲਿਸ ਵਲੋਂ ਇਨ੍ਹਾਂ ਸਿੰਘਾਂ ਨੂੰ ਹੱਥਕੜੀਆਂ ਲਾ ਕੇ ਅਤੇ ਰੱਸਿਆਂ ਨਾਲ ਜਕੜ ਕੇ ਜੈਤੋ ਕਿਲ੍ਹੇ ਅੰਦਰ ਡੱਕ ਦਿਤਾ ਗਿਆ ਅਤੇ ਮਗਰੋਂ ਨਾਭਾ ਬੀੜ ਜੇਲ੍ਹ ਵਿਚ ਭੇਜ ਦਿੱਤੇ ਗਏ। ਪੰਜਵਾਂ ਸ਼ਹੀਦੀ ਜੱਥਾ ਲਾਇਲਪੁਰ ਤੋਂ 12 ਅਪਰੈਲ, 1924 ਨੂੰ ਪੈਦਲ ਰਵਾਨਾ ਹੋਇਆ ਤੇ ਅਕਾਲ ਤਖ਼ਤ ਉੱਤੇ ਹਾਜ਼ਰ ਹੋਣ ਮਗਰੋਂ ਜੈਤੋ ਵੱਲ ਚੱਲ ਪਿਆ। 29 ਜੂਨ, 1924 ਨੂੰ ਬੰਗਾਲ ਦੇ 100 ਸਿੰਘਾਂ ਦਾ ਜਥਾ ਕਲਕੱਤੇ ਤੋਂ ਚੱਲਿਆ। ਕੈਨੇਡਾ ਤੋਂ 11 ਸਿੱਖਾਂ ਦਾ ਜਥਾ 17 ਜੁਲਾਈ 1924 ਨੂੰ ਚੱਲ ਕੇ ਸਮੁੰਦਰੀ ਜਹਾਜ਼ ਰਾਹੀਂ 14 ਸਤੰਬਰ ਨੂੰ ਕਲਕੱਤੇ ਪੁੱਜਿਆ ਅਤੇ 28 ਸਤੰਬਰ ਨੂੰ ਅੰਮ੍ਰਿਤਸਰ ਪਹੁੰਚਿਆ ਅਤੇ 2 ਜਨਵਰੀ, 1925 ਨੂੰ ਜੈਤੋ ਵੱਲ ਚੱਲ ਪਿਆ।

ਸਿੱਖ ਜਗਤ ਦੇ ਰੋਸ ਅਤੇ ਰੋਹ ਅੱਗੇ ਅੰਤ ਅੰਗਰੇਜ਼ੀ ਹਕੂਮਤ ਨੂੰ ਝੁਕਣਾ ਪਿਆ। ਹਕੂਮਤ ਵੱਲੋਂ ਜੈਤੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ 'ਤੇ ਲਾਈ ਪਾਬੰਦੀ 21 ਜੁਲਾਈ 1925 ਨੂੰ ਵਾਪਸ ਲੈ ਲਈ ਗਈ। ਇਸ ਇਤਿਹਾਸਕ ਮੋਰਚੇ ਨੂੰ ਸਫਲਤਾ ਮਿਲਣ ਉਪਰੰਤ ਸਿੱਖ ਸੰਗਤ ਨੇ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਮੁੜ ਅਖੰਡ ਪਾਠ ਸ਼ੁਰੂ ਕਰ ਕੇ ਭੋਗ ਪਾਏ ਗਏ। ਸ਼ਹੀਦੀ ਜੱਥੇ ਉਪਰ ਜਿਸ ਸਥਾਨ 'ਤੇ ਗੋਲੀ ਚਲਾਈ ਗਈ ਸੀ ਉਸ ਜਗ੍ਹਾ ਉੱਪਰ ਗੁਰਦੁਆਰਾ ਟਿੱਬੀ ਸਾਹਿਬ ਉਸਾਰਿਆ ਗਿਆ ਹੈ ਅਤੇ ਇਸ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਅਖੰਡ ਪਾਠਾਂ ਦੀ ਇਕੋਤਰੀ ਚਲਾਈ ਜਾਂਦੀ ਹੈ ਅਤੇ 21 ਫਰਵਰੀ ਨੂੰ ਸ਼ਹੀਦੀ ਜੋੜ ਮੇਲਾ ਮਨਾਇਆ ਜਾਂਦਾ ਹੈ ਜਿਸ ਵਿਚ ਸ਼ਾਮਲ ਹੋ ਕੇ ਸੰਗਤਾਂ ਸ਼ਹੀਦਾਂ ਨੂੰ ਨਤਮਸਤਕ ਹੁੰਦੀਆਂ ਹਨ।

# ਵੀਹ ਫੁੱਟ ਉੱਚੀ ਬਾਰ ਟੱਪਣ ਵਾਲਾ ਸਰਗੀ ਬੁਬਕਾ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਸਰਗੀ ਬੁਬਕਾ ਵਰਗੇ ਅਥਲੀਟ ਨਿੱਤ ਨਿੱਤ ਨਹੀਂ ਜੰਮਦੇ। ਉਸ ਨੂੰ ਪੋਲ ਵਾਲਟ ਦਾ 'ਫਲਾਈਂਗ ਬਰਡ' ਕਿਹਾ ਜਾਂਦੈ। ਉੱਚੀਆਂ ਉਡਾਰੀਆਂ ਭਰਨ ਵਾਲਾ 'ਉਡਣਾ ਪੰਛੀ'। ਉਸ ਨੇ 35 ਵਾਰ ਪੋਲ ਵਾਲਟ ਦੇ ਵਿਸ਼ਵ ਰਿਕਾਰਡ ਤੋੜੇ। 17 ਵਾਰ ਆਊਟਡੋਰ ਤੇ 18 ਵਾਰ ਇਨਡੋਰ। ਉਹ ਦੁਨੀਆ ਦਾ ਪਹਿਲਾ ਪੋਲ ਵਾਲਟਰ ਹੈ ਜਿਸ ਨੇ 6 ਮੀਟਰ ਯਾਨੀ 19 ਫੁੱਟ 8 ਇੰਚ ਦੀ ਉਚਾਈ ਪਾਰ ਕੀਤੀ। 6.10 ਮੀਟਰ ਦੀ ਹੱਦ ਵੀ ਉਸ ਨੇ ਹੀ ਸਭ ਤੋਂ ਪਹਿਲਾਂ ਉਲੰਘੀ। ਸਮਝੋ 20 ਫੁੱਟ ਉੱਚੀ ਕੰਧ ਟੱਪੀ! ਉਸ ਦਾ ਇਨਡੋਰ ਰਿਕਾਰਡ 6.15 ਮੀਟਰ ਹੈ ਜੋ ਯੂਕਰੇਨ ਦੇ ਦੋਨੈਤਸਕ ਸ਼ਹਿਰ ਵਿਚ 21 ਫਰਵਰੀ 1993 ਨੂੰ ਰੱਖਿਆ ਗਿਆ। ਉਹ ਰਿਕਾਰਡ 21 ਸਾਲਾਂ ਬਾਅਦ ਫਰਾਂਸ ਦਾ ਪੋਲ ਵਾਲਟਰ ਰ+ਨੌਦ ਲਿਵਲੀਨੀ 6.16 ਮੀਟਰ ਉੱਚੀ ਛਾਲ ਲਾ ਕੇ ਮਸੀਂ ਤੋੜ ਸਕਿਆ। ਬੁਬਕਾ ਦਾ ਆਊਟਡੋਰ ਰਿਕਾਰਡ 6.14 ਮੀਟਰ ਹੈ ਜੋ 31 ਜੁਲਾਈ 1991 ਨੂੰ ਰੱਖਿਆ ਗਿਆ। ਉਹ ਰਿਕਾਰਡ 24 ਸਾਲਾਂ ਬਾਅਦ 2015 ਵਿਚ ਸਵੀਡਨ ਦੇ ਆਰਮੰਡ ਡੁਪਲਾਂਟਿਸ ਨੇ 6.15 ਮੀਟਰ ਛਾਲ ਨਾਲ ਮਸੀਂ ਤੋੜਿਆ।

ਸਰਗੀ ਬੁਬਕਾ ਨੇ 18 ਸਾਲ ਦੇ ਖੇਡ ਕੈਰੀਅਰ ਵਿਚ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਸ ਵਿਚੋਂ 6 ਗੋਲਡ ਮੈਡਲ ਜਿੱਤੇ ਜੋ ਆਪਣੇ ਆਪ 'ਚ ਰਿਕਾਰਡ ਹੈ। ਉਸ ਦਾ ਜਨਮ ਸੋਵੀਅਤ ਯੂਨੀਅਨ ਵਿਚ ਵੋਰੋਸ਼ਲੋਵਗਰਾਦ ਵਿਖੇ 4 ਦਸੰਬਰ 1963 ਨੂੰ ਹੋਇਆ ਸੀ। ਉਸ ਦਾ ਬਾਪ ਨਜ਼ਰ ਬੁਬਕਾ ਵੀ ਪੋਲ ਵਾਲਟਰ ਸੀ। ਉਹ ਸੋਵੀਅਤ ਫੌਜ ਦਾ ਸਿਪਾਹੀ ਸੀ ਜੋ ਘਰ ਵਿਚ ਵੀ ਫੌਜੀ ਡਿਸਿਪਲਿਨ ਰੱਖਦਾ ਸੀ। ਉਸ ਦੀ ਮਾਂ ਵਲੇਨਟੀਨਾ ਹਸਪਤਾਲ ਵਿਚ ਕੰਮ ਕਰਦੀ ਸੀ। ਉਸ ਦਾ ਵੱਡਾ ਭਰਾ ਵਾਸਿਲੀ ਬੁਬਕਾ ਹੈ। ਉਸ ਨੇ ਵੀ ਖੇਡਾਂ ਵਿਚ ਚੰਗਾ ਨਾਂ ਚਮਕਾਇਆ।

ਪੋਲ ਵਾਲਟ ਦਾ ਈਵੈਂਟ ਸੋਟੀ ਜਾਂ ਵੰਝ ਦੇ ਸਹਾਰੇ ਕੰਧਾਂ, ਖਾਈਆਂ ਜਾਂ ਹੋਰ ਰੁਕਾਵਟਾਂ ਟੱਪਣ ਤੋਂ ਸ਼ੁਰੂ ਹੋਇਆ ਸੀ। ਪਹਿਲਾਂ ਪਹਿਲ ਜਿਹੜੀ ਰੋਕ ਉਂਜ ਨਹੀਂ ਸੀ ਟੱਪੀ ਜਾਂਦੀ, ਡਾਂਗ ਜਾਂ ਵੰਝ ਦੇ ਸਹਾਰੇ ਨਾਲ ਟੱਪਣੀ ਸ਼ੁਰੂ ਹੋਈ। ਸਮੇਂ ਨਾਲ ਵਿਕਸਤ ਹੁੰਦੀ ਇਹ ਤਕਨੀਕ ਖੇਡ ਮੁਕਾਬਲੇ ਦਾ ਕਰਤਬ ਬਣ ਗਈ ਤੇ ਓਲੰਪਿਕ ਖੇਡਾਂ ਤਕ ਜਾ ਪੁੱਜੀ। ਮਰਦਾਂ ਲਈ ਇਹ ਕਰਤਬ 1896 ਦੀਆਂ ਪਹਿਲੀਆਂ ਓਲੰਪਿਕ ਖੇਡਾਂ ਵਿਚ ਹੀ ਸ਼ਾਮਲ ਕਰ ਲਿਆ ਗਿਆ ਸੀ ਜਦ ਕਿ ਔਰਤਾਂ ਲਈ 2000 ਵਿਚ ਸਿਡਨੀ ਦੀਆਂ ਓਲੰਪਿਕ ਖੇਡਾਂ ਤੋਂ ਸ਼ਾਮਲ ਕੀਤਾ ਗਿਆ। ਪਹਿਲੀਆਂ ਓਲੰਪਿਕ ਖੇਡਾਂ 'ਚ ਅਮਰੀਕਾ ਦਾ ਵਿਲੀਅਮ ਹੋਅਟ ਸਿਰਫ 3.30 ਮੀਟਰ ਉੱਚਾ ਟੱਪ ਕੇ ਓਲੰਪਿਕ ਚੈਂਪੀਅਨ ਬਣ ਗਿਆ ਸੀ ਜਦ ਕਿ ਟੋਕੀਓ ਵਿਖੇ ਹੋਈਆਂ 2020-21 ਦੀਆਂ ਓਲੰਪਿਕ ਖੇਡਾਂ 'ਚ ਸਵੀਡਨ ਦਾ ਆਰਮੰਡ ਡੁਪਲਾਂਟਿਸ 6.02 ਮੀਟਰ ਪੋਲ ਵਾਲਟ ਕਰ ਕੇ ਗੋਲਡ ਮੈਡਲ ਜਿੱਤ ਸਕਿਆ। ਹੁਣ ਉਸ ਦਾ ਵਿਸ਼ਵ ਰਿਕਾਰਡ 6.23 ਮੀਟਰ ਹੈ। ਐਨੀ ਤਰੱਕੀ ਕਰ ਲਈ ਹੈ ਬੰਦੇ ਨੇ ਵੰਝ ਦੇ ਸਹਾਰੇ ਨਾਲ ਛਾਲ ਲਾਉਣ ਵਿਚ! ਪਹਿਲਾਂ ਆਮ ਲਕੜੀ, ਫਿਰ ਬਾਂਸ ਦੇ ਵੰਝ ਵਰਤੇ ਜਾਂਦੇ ਸਨ ਜੋ ਸਮੇਂ ਨਾਲ ਗਲਾਸ ਫਾਈਬਰ ਦੇ ਬਣਾ ਲਏ ਗਏ। ਗਲਾਸ ਫਾਈਬਰ ਦੇ ਪੋਲ ਵਧੇਰੇ ਲਚਕ ਸਹਿ ਜਾਂਦੇ ਹਨ ਤੇ ਵਧੇਰੇ ਉੱਚਾ ਹੁਲਾਰਾ ਦਿੰਦੇ ਹਨ। ਇਸੇ ਕਰਕੇ ਰਿਕਾਰਡ ਉੱਚੇ ਤੋਂ ਉੱਚੇ ਹੁੰਦੇ ਜਾਂਦੇ ਹਨ।

ਪੋਲ ਵਾਲਟ ਦਾ ਈਵੈਂਟ ਸਭ ਤੋਂ ਵੱਧ ਕਠਿਨ ਈਵੈਂਟ ਮੰਨਿਆ ਜਾਂਦਾ ਹੈ। ਅਥਲੀਟ ਲੰਮਾ ਪੋਲ ਦੋਹਾਂ ਹੱਥਾਂ 'ਚ ਫੜ ਕੇ ਦੌੜਦਾ ਤੇਜ਼ ਤੋਂ ਤੇਜ਼ ਰਫਤਾਰ ਫੜਦਾ ਹੈ। ਫਿਰ ਪੋਲ ਨੂੰ ਫਿਕਸ ਕੀਤੇ ਪੱਕੇ ਖਾਨੇ 'ਚ ਲਾ ਕੇ ਉਹਦੇ ਸਹਾਰੇ ਉੱਚੀ ਬਾਰ ਟੱਪਦਾ ਹੈ। ਇਹਦੇ ਲਈ ਸਰੀਰਕ ਅੰਗਾਂ ਦਾ ਕਈ ਪ੍ਰਕਾਰ ਦਾ ਤਾਲਮੇਲ ਕਰਨਾ ਜ਼ਰੂਰੀ ਹੈ, ਨਹੀਂ ਤਾਂ ਵੱਡੀ ਸੱਟ-ਫੇਟ ਵੀ ਲੱਗ ਸਕਦੀ ਹੈ। ਪਰ ਸੱਟ ਲੱਗਣ ਦਾ ਖ਼ਤਰਾ ਹੋਣ ਦੇ ਬਾਵਜੂਦ ਹਜ਼ਾਰਾਂ ਪੋਲ ਵਾਲਟਰ ਇਹ ਖ਼ਤਰਨਾਕ ਈਵੈਂਟ ਕਰਦੇ ਆ ਰਹੇ ਹਨ। ਬੁਬਕਾ ਅਜੇ ਨੌਂ ਸਾਲਾ ਦਾ ਸੀ ਕਿ ਉਸ ਦਾ ਦੋਸਤ ਉਸ ਨੂੰ ਪੋਲ ਵਾਲਟਿੰਗ ਕਲੱਬ ਵਿਚ ਲੈ ਗਿਆ। ਉਥੇ ਬੁਬਕਾ ਵੀ ਦੋਸਤ ਦੀ ਰੀਸ ਨਾਲ ਪੋਲ ਵਾਲਟ ਕਰਨ ਲੱਗਾ। ਉਸ ਦਾ ਪਿਤਾ ਭਾਵੇਂ ਉਸ ਨੂੰ ਸਪਰਿੰਟ ਦੌੜਾਂ ਤੇ ਲੰਮੀ ਛਾਲ ਲਾਉਣ ਲਈ ਪ੍ਰੇਰਦਾ ਸੀ ਪਰ ਪੋਲ ਵਾਲਟ ਦੇ ਕੋਚ ਵਿਟਾਲੀ ਪੈਟਰੋਵ ਨੇ ਉਸ ਅੰਦਰਲੀ ਪ੍ਰਤਿਭਾ ਪਛਾਣ ਕੇ ਉਸ ਨੂੰ ਪੋਲ ਵਾਲਟ ਕਰਾਉਣ ਦੀ ਸਿਖਲਾਈ ਜਾਰੀ ਰੱਖੀ।



ਬੁਬਕਾ ਅਜੇ 15 ਸਾਲਾਂ ਦਾ ਹੋਇਆ ਸੀ ਕਿ ਉਸ ਦੇ ਮਾਪਿਆਂ ਦਾ ਤਲਾਕ ਹੋ ਗਿਆ। ਉਸ ਦੇ ਵੱਡੇ ਭਰਾ ਵਾਸਿਲੀ ਨੂੰ ਦੋਨੈਸਤਕ ਫੈਕਟਰੀ ਵਿਚ ਕੰਮ ਮਿਲ ਗਿਆ ਜਿਥੇ ਉਹ ਵੀ ਭਰਾ ਨਾਲ ਰਹਿਣ ਲੱਗਾ। ਉਥੇ ਉਹ ਉਸੇ ਸਕੂਲ ਵਿਚ ਪੜ੍ਹਨ ਲੱਗਾ ਜਿਥੇ ਵਿਟਾਲੀ ਪੈਟਰੋਵ ਕੋਚਿੰਗ ਦਿੰਦਾ ਸੀ। ਉਹ ਸਕੂਲੀ ਮੁਕਾਬਲਿਆਂ 'ਚ ਸਪਰਿੰਟ ਦੌੜਾਂ ਤੇ ਲੰਮੀਆਂ ਛਾਲਾਂ ਦੇ ਮੁਕਾਬਲੇ ਜਿੱਤਣ ਲੱਗਾ। ਜੇਕਰ ਉਹ ਪੋਲ ਵਾਲਟ ਵੱਲ ਨਾ ਮੁੜਦਾ ਤਾਂ ਸੰਭਵ ਸੀ ਕਾਰਲ ਲੇਵਿਸ ਵਾਂਗ ਸੌ ਦੋ ਸੌ ਮੀਟਰ ਦੀਆਂ ਦੌੜਾਂ ਤੇ ਲੰਮੀਆਂ ਛਾਲਾਂ ਦਾ ਚੈਂਪੀਅਨ ਬਣਦਾ।

18 ਸਾਲ ਦੀ ਉਮਰੇ ਉਸ ਨੇ 1981 ਦੀ ਯੂਰਪੀਨ ਜੂਨੀਅਰ ਚੈਂਪੀਅਨਸ਼ਿਪ ਵਿਚ ਭਾਗ ਲੈ ਕੇ ਅੰਤਰਰਾਸ਼ਟਰੀ ਮੁਕਾਬਲਿਆਂ ਦਾ ਦੌਰ ਸ਼ੁਰੂ ਕੀਤਾ। ਉਹ ਸੱਤਵੇਂ ਸਥਾਨ 'ਤੇ ਆਇਆ ਜਿਸ ਕਰਕੇ ਬਹੁਤਾ ਗੌਲ਼ਿਆ ਨਾ ਗਿਆ। ਪਰ ਹੈਲਸਿੰਕੀ ਵਿਖੇ ਹੋਈ 1983 ਦੀ ਵਿਸ਼ਵ ਚੈਂਪੀਅਨਸ਼ਿਪ ਉਹਦੇ ਲਈ ਵੱਡਾ ਵਰਦਾਨ ਸਾਬਤ ਹੋਈ। ਉਸ ਨੇ 5.70 ਮੀਟਰ ਯਾਨੀ 18 ਫੁੱਟ 8 ਇੰਚ ਉੱਚੀ ਵੰਝ ਛਾਲ ਲਾ ਕੇ ਗੋਲਡ ਮੈਡਲ ਜਿੱਤਿਆ। ਉਥੋਂ ਹੀ ਉਸ ਦਾ ਵਿਸ਼ਵ ਰਿਕਾਰਡ ਰੱਖਣ ਦਾ ਦੌਰ ਸ਼ੁਰੂ ਹੋ ਗਿਆ। ਉਦੋਂ ਤਕ ਪੋਲ ਵਾਲਟ ਦਾ ਈਵੈਂਟ ਅਥਲੈਟਿਕਸ ਦਾ ਖ਼ਾਸ ਖਿੱਚ ਵਾਲਾ ਈਵੈਂਟ ਸਮਝਿਆ ਜਾਣ ਲੱਗਾ ਸੀ ਜਿਸ ਕਰਕੇ ਵਧੇਰੇ ਦਰਸ਼ਕ ਉਸ ਵੱਲ ਖਿੱਚੇ ਜਾਣ ਲੱਗੇ ਸਨ।

1984 ਵਿਚ ਲੰਡਨ ਵਿਖੇ ਉਸ ਨੇ ਹੈਲਸਿੰਕੀ ਨਾਲੋਂ ਵੀ 8 ਇੰਚ ਉੱਚੀ, 19 ਫੁੱਟ 4 ਇੰਚ ਬਾਰ ਸਰ ਕੀਤੀ ਤਾਂ ਪੋਲੈਂਡ ਦਾ ਓਲੰਪਿਕ ਚੈਂਪੀਅਨ ਪੋਲ ਵਾਲਟਰ ਟਡਿਊਜ਼ ਹੱਕਾ-ਬੱਕਾ ਰਹਿ ਗਿਆ! ਉਹ 1976 ਦੀਆਂ ਓਲੰਪਿਕ ਖੇਡਾਂ ਦਾ ਗੋਲਡ ਮੈਡਲਿਸਟ ਤੇ 1980 ਦੀਆਂ ਖੇਡਾਂ ਦਾ ਸਿਲਵਰ ਮੈਡਲਿਸਟ ਸੀ। ਉਸ ਨੇ ਭਵਿੱਖਬਾਣੀ ਕੀਤੀ ਕਿ ਹੁਣ ਬੁਬਕੇ ਨੂੰ ਕੋਈ ਪੋਲ ਵਾਲਟਰ ਛੇਤੀ ਕੀਤਿਆਂ ਨਹੀਂ ਹਰਾ ਸਕੇਗਾ ਤੇ ਉਹਦੀਆਂ ਜਿੱਤਾਂ ਦਾ ਦੌਰ ਕਈ ਸਾਲ ਚੱਲੇਗਾ। ਉਸ ਦੀ ਭਵਿੱਖਬਾਣੀ ਸੱਚੀ ਸਾਬਤ ਹੋਈ।

ਸਰਗੀ ਬੁਬਕਾ ਨੇ ਉਪਰੋਥਲੀ 6 ਵਿਸ਼ਵ ਚੈਂਪੀਅਨਸ਼ਿਪਾਂ ਜਿੱਤੀਆਂ। 1983 ਤੋਂ 1997 ਤੱਕ ਉਹ ਹਰ ਵਾਰ ਵਿਸ਼ਵ ਚੈਂਪੀਅਨ ਬਣਦਾ। 1983 ਵਿਚ ਉਸ ਨੇ 5.70 ਮੀਟਰ ਉਚਾਈ ਪਾਰ ਕੀਤੀ। ਫਿਰ ਕਦੇ ਇਕ ਸੈਂਟੀਮੀਟਰ, ਕਦੇ ਦੋ ਸੈਂਟੀਮੀਟਰ ਵਧਾਉਂਦਾ 6.14 ਮੀਟਰ ਤਕ ਪੁੱਜ ਗਿਆ। ਇਸ ਦੌਰਾਨ ਅਨੇਕ ਵਾਰ ਵਿਸ਼ਵ ਰਿਕਾਰਡ ਟੁੱਟੇ। ਸਰਗੀ ਬੁਬਕਾ ਦੀ ਗੁੱਡੀ ਦੋ ਦਹਾਕੇ ਅਕਾਸ਼ 'ਤੇ ਚੜ੍ਹੀ ਰਹੀ। ਕੋਈ ਉਸ ਨੂੰ ਪੋਲ ਵਾਲਟ ਦਾ ਬਾਦਸ਼ਾਹ ਕਹਿੰਦਾ ਤੇ ਕੋਈ ਸ਼ਹਿਨਸ਼ਾਹ ਕਹਿ ਕੇ ਨਿਵਾਜਦਾ। ਉਸ ਨੇ 1991 ਵਿਚ 6.10 ਮੀਟਰ ਦੀ ਹੱਦ ਉਲੰਘੀ ਸੀ ਜੋ 2014 ਤਕ ਕਿਸੇ ਹੋਰ ਪੋਲ ਵਾਲਟਰ ਪਾਸੋਂ ਉਲੰਘੀ ਨਾ ਜਾ ਸਕੀ। ਪੋਲ ਵਾਲਟ ਦੇ ਈਵੈਂਟ ਵਿਚ ਏਨੀ ਦੇਰ ਸਿਖਰ 'ਤੇ ਰਹਿਣਾ ਕਿਸੇ ਕੌਤਕ ਤੋਂ ਘੱਟ ਨਹੀਂ!

ਵਿਸ਼ਵ ਚੈਂਪੀਅਨਸ਼ਿਪਾਂ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਬੁਬਕਾ ਨੂੰ ਓਲੰਪਿਕ ਖੇਡਾਂ 'ਚੋਂ ਚਾਰ ਗੋਲਡ ਮੈਡਲ ਜਿੱਤਣੇ ਚਾਹੀਦੇ ਸਨ ਪਰ ਬਦਕਿਸਮਤੀ ਨਾਲ ਉਹ ਕੇਵਲ ਇਕੋ ਗੋਲਡ ਮੈਡਲ ਜਿੱਤ ਸਕਿਆ। ਉਹਦੇ ਕਈ ਕਾਰਨ ਸਨ। 1984 ਦੀਆਂ ਓਲੰਪਿਕ ਖੇਡਾਂ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿਚ ਹੋਈਆਂ ਜਿਸ ਦਾ ਸੋਵੀਅਤ ਰੂਸ ਨੇ ਬਾਈਕਾਟ ਕਰ ਦਿੱਤਾ। ਬਾਈਕਾਟ ਕਾਰਨ ਉਸ ਵਿਚ ਬੁਬਕਾ ਭਾਗ ਹੀ ਨਾ ਲੈ ਸਕਿਆ। 1988 ਵਿਚ ਸਿਓਲ ਦੀਆਂ ਓਲੰਪਿਕ ਖੇਡਾਂ 'ਚੋਂ ਉਹ ਗੋਲਡ ਮੈਡਲ ਜਿੱਤਿਆ। 1992 ਵਿਚ ਬਾਰਸੀਲੋਨਾ ਵਿਖੇ ਆਪਣੀ ਹੀ ਗ਼ਲਤੀ ਨਾਲ ਫਾਈਨਲ ਮੁਕਾਬਲੇ ਲਈ ਕੁਆਲੀਫਾਈ ਨਾ ਕਰ ਸਕਿਆ। ਐਟਲਾਂਟਾ-1996 ਦੀਆਂ ਓਲੰਪਿਕ ਖੇਡਾਂ ਵੇਲੇ ਉਸ ਨੂੰ ਅੱਡੀ ਦੇ ਦਰਦ ਦਾ ਉਪ੍ਰੇਸ਼ਨ ਲੈ ਬੈਠਾ ਜਿਸ ਕਰਕੇ ਉਹ ਓਲੰਪਿਕ ਖੇਡਾਂ ਵਿਚ ਭਾਗ ਹੀ ਨਾ ਲੈ ਸਕਿਆ। 2000 ਵਿਚ ਸਿਡਨੀ ਦੀਆਂ ਓਲੰਪਿਕ ਖੇਡਾਂ 'ਚ ਭਾਗ ਤਾਂ ਲਿਆ ਪਰ ਬਿਨਾਂ ਕੋਈ ਮੈਡਲ ਜਿੱਤੇ ਵਾਪਸ ਪਰਤਣਾ ਪਿਆ। 2001 ਵਿਚ ਦੋਨੈਤਸਕ ਵਿਖੇ ਪੋਲ ਵਾਲਟ ਸਟਾਰਜ਼ ਦੀ ਮੀਟ ਪਿੱਛੋਂ ਉਹ ਛਾਲਾਂ ਲਾਉਣ ਤੋਂ ਰਿਟਾਇਰ ਹੋ ਗਿਆ ਤੇ ਯੂਕਰੇਨ ਦੀ ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ।

ਸਰਗੀ ਬੁਬਕਾ ਦਾ ਵਿਆਹ 21 ਸਾਲ ਦੀ ਉਮਰ ਵਿਚ ਲਿਲੀਆ ਤਤੂਨਿਕ ਨਾਲ ਹੋ ਗਿਆ ਸੀ ਜਿਸ ਤੋਂ ਦੋ ਬੱਚੇ ਸਰਗੇਈ ਬੁਬਕਾ ਤੇ ਵਿਟਾਲੀ ਬੁਬਕਾ ਪੈਦਾ ਹੋਏ। 1991 ਤੋਂ ਪਹਿਲਾਂ ਉਹ ਸੋਵੀਅਤ ਯੂਨੀਅਨ ਵੱਲੋਂ ਕੌਮਾਂਤਰੀ ਖੇਡਾਂ 'ਚ ਭਾਗ ਲੈਂਦਾ ਸੀ। ਫਿਰ ਸੋਵੀਅਤ ਯੂਨੀਅਨ ਟੁੱਟ ਜਾਣ ਪਿੱਛੋਂ ਉਹ ਲੁਹਾਂਸਕ ਦਾ ਸ਼ਹਿਰੀ ਬਣ ਕੇ ਯੂਕਰੇਨ ਵੱਲੋਂ ਭਾਗ ਲੈਣ ਲੱਗਾ। 1983 ਤੋਂ 1990 ਤਕ ਉਹ ਪੋਲ ਵਾਲਟ ਦਾ ਵਿਸ਼ਵ ਰਿਕਾਰਡ ਨਵਿਆਉਂਦਾ ਸੀ ਤਾਂ ਸੋਵੀਅਤ ਰੂਸ ਵਿਚ ਵੱਡੇ ਨਕਦ ਇਨਾਮ ਨਹੀਂ ਸਨ ਮਿਲਦੇ। ਪਰ ਜਦੋਂ ਉਹ ਯੂਕਰੇਨ ਵੱਲੋਂ ਨਵੇਂ ਰਿਕਾਰਡ ਰੱਖਣ ਲੱਗਾ ਤਾਂ ਨਾਈਕੀ ਕੰਪਨੀ ਨੇ ਹਰ ਨਵੇਂ ਰਿਕਾਰਡ ਨਾਲ ਉਸ ਨੂੰ 40 ਹਜ਼ਾਰ ਡਾਲਰ ਦਾ ਬੋਨਸ ਦੇਣਾ ਸ਼ੁਰੂ ਕਰ ਦਿੱਤਾ। ਵਧੇਰੇ ਬੋਨਸ ਲੈਣ ਲਈ ਉਹ ਆਮ ਕਰਕੇ ਇੱਕ ਸੈਂਟੀਮੀਟਰ ਦੀ ਉਚਾਈ ਨਾਲ ਹੀ ਰਿਕਾਰਡ ਤੋੜਦਾ ਤਾਂ ਕਿ ਵਧੇਰੇ ਵਾਰ ਬੋਨਸ ਲੈ ਸਕੇ। ਉਸ ਦਾ 35 ਵਾਰ ਵਿਸ਼ਵ ਰਿਕਾਰਡ ਤੋੜਨ ਦਾ ਅਸਲੀ ਰਾਜ਼ ਇਹੋ ਸੀ। ਵੈਸੇ ਉਸ ਨੇ 1984 ਤੋਂ 1994 ਤਕ ਪੋਲ ਵਾਲਟ ਦਾ ਵਿਸ਼ਵ ਰਿਕਾਰਡ 21 ਸੈਂਟੀਮੀਟਰ ਯਾਨੀ 8 ਇੰਚ ਹੋਰ ਉੱਚਾ ਕੀਤਾ ਸੀ। ਉਹ 45 ਵਾਰ 6 ਮੀਟਰ ਤੋਂ ਉੱਚਾ ਟੱਪਿਆ। ਉਸ ਦੇ ਰਿਟਾਇਰ ਹੋਣ ਪਿੱਛੋਂ 2015 ਤਕ ਵਿਸ਼ਵ ਭਰ ਦੇ ਪੋਲ ਵਾਲਟਰਾਂ ਵੱਲੋਂ ਕੇਵਲ 100 ਵਾਰ ਹੀ 6 ਮੀਟਰ ਤੋਂ ਉੱਚੀ ਛਾਲ ਮਾਰੀ ਗਈ।

ਇਕ ਵਾਰ ਉਹਦੇ ਨਾਲ ਮੰਦਭਾਗੀ ਘਟਨਾ ਵੀ ਵਾਪਰੀ। ਮਈ 1996 ਵਿਚ ਉਹ ਬ੍ਰਾਜ਼ੀਲ ਵਿਚ ਰੀਓ ਡੀ ਜਨੀਰੋ ਦੀ ਮੀਟ 'ਚ ਭਾਗ ਲੈਣ ਗਿਆ। ਬ੍ਰਾਜ਼ੀਲ ਕਸਟਮ ਦੇ ਅਫਸਰਾਂ ਨੂੰ ਸ਼ੱਕ ਹੋ ਗਿਆ ਕਿ ਉਹਦੇ ਫਾਈਬਰ ਦੇ ਪੋਲ ਵਿਚ ਕਿਤੇ ਕੋਈ ਸਮੱਗਲਿੰਗ ਵਾਲੀ ਨਾਜਾਇਜ਼ ਵਸਤੂ ਨਾ ਭਰੀ ਹੋਵੇ। ਉਨ੍ਹਾਂ ਨੇ ਜਾਂਚ ਕਰਦਿਆਂ ਪੋਲ ਭੰਨ ਕੇ ਵੇਖਿਆ ਪਰ ਵਿਚੋਂ ਕੁਝ ਵੀ ਇਤਰਾਜ਼ਯੋਗ ਨਾ ਨਿਕਲਿਆ। ਆਪਣੇ ਪੋਲ ਦੀ ਥਾਂ ਉਹ ਕਿਸੇ ਹੋਰ ਪੋਲ ਨਾਲ ਓਨੀ ਉੱਚੀ ਛਾਲ ਨਾ ਲਾ ਸਕਿਆ ਜਿਸ ਕਰਕੇ ਰੀਓ ਦੀ ਮੀਟ ਵਿਚ ਹੋਰ ਰਿਕਾਰਡ ਨਾ ਬਣਾ ਸਕਿਆ। ਬੇਸ਼ਕ ਕਸਟਮ ਅਫਸਰਾਂ ਨੇ ਮੁਆਫ਼ੀ ਮੰਗ ਲਈ ਪਰ ਬੁਬਕਾ ਨੂੰ ਭੰਨੇ ਗਏ ਪੋਲ ਦਾ ਦੁੱਖ ਦੇਰ ਤਕ ਸਤਾਉਂਦਾ ਰਿਹਾ।

ਬੁਬਕਾ ਦੇ ਵਧੇਰੇ ਵਾਰ ਵਿਸ਼ਵ ਰਿਕਾਰਡ ਤੋੜਨ ਦਾ ਇਕ ਰਾਜ਼ ਇਹ ਵੀ ਸੀ ਕਿ ਉਹ ਪੋਲ ਵਾਲਟ ਦੀ ਬਾਰ ਪਹਿਲੇ ਰਿਕਾਰਡ ਨਾਲੋਂ ਕੇਵਲ ਇਕ ਸੈਂਟੀਮੀਟਰ ਉੱਚੀ ਕਰਵਾਉਂਦਾ ਸੀ। ਹਰ ਨਵੇਂ ਰਿਕਾਰਡ ਨਾਲ ਉਸ ਨੂੰ 40 ਹਜ਼ਾਰ ਡਾਲਰ ਦਾ ਬੋਨਸ ਜੁ ਮਿਲਦਾ ਸੀ ਤੇ ਮਸ਼ਹੂਰੀ ਵਾਧੂ ਦੀ ਹੁੰਦੀ ਸੀ। ਉਸ ਨੇ ਬੋਨਸਾਂ ਰਾਹੀਂ ਲੱਖਾਂ ਡਾਲਰ ਕਮਾਏ ਜਿਨ੍ਹਾਂ ਦੀ ਬਦੌਲਤ ਆਲੀਸ਼ਾਨ ਅਪਾਰਟਮੈਂਟਾਂ 'ਚ ਰਿਹਾ। ਮਹਿੰਗੀਆਂ ਕਾਰਾਂ ਰੱਖਦਾ। ਮਾਲਦਾਰ ਸਾਮੀ ਹੋਣ ਕਰਕੇ ਫਿਰੌਤੀਆਂ ਲੈਣ ਵਾਲੇ ਉਸ ਨੂੰ ਤੰਗ ਪਰੇਸ਼ਾਨ ਕਰਦੇ ਰਹਿੰਦੇ। ਆਪਣੇ ਬਚਾਅ ਲਈ ਉਹ ਬਾਡੀ ਗਾਰਡਾਂ ਨਾਲ ਹੀ ਕਿਤੇ ਆ ਜਾ ਸਕਦਾ ਸੀ। ਉਨ੍ਹੀਂ ਦਿਨੀਂ ਜਿੰਨੀ ਉਸ ਨੂੰ ਮਸ਼ਹੂਰੀ ਮਿਲੀ, ਉਨਾ ਹੀ ਜਾਨ ਬਚਾਉਣ ਦਾ ਡਰ ਲੱਗਿਆ ਰਿਹਾ। ਸਿਆਣੇ ਸੱਚ ਕਹਿੰਦੇ ਹਨ ਕਿ ਬਹੁਤੀ ਮਾਇਆ ਸੁਖ ਦੇਣ ਨਾਲ ਦੁੱਖ ਵੀ ਦਿੰਦੀ ਹੈ।

ਰਿਟਾਇਰ ਹੋ ਕੇ ਉਸ ਨੇ ਕੁਝ ਸਮਾਂ ਯੂਕਰੇਨ ਦੇ ਪੋਲ-ਵਾਲਟਿੰਗ ਸਕੂਲ ਵਿਚ ਕੋਚਿੰਗ ਦਿੱਤੀ ਤੇ ਯੂਕਰੇਨ ਵੱਲੋਂ ਇੰਟਰਨੈਸ਼ਨਲ ਓਲੰਪਿਕ ਕਮੇਟੀ ਦਾ ਨੁਮਾਇੰਦਾ ਬਣਿਆ ਰਿਹਾ। ਉਸ ਨੇ ਯੂਕਰੇਨ ਅਕੈਡਮੀ ਆਫ਼ ਪੈਡਾਜੋਗੀਕਲ ਸਾਇੰਸ, ਕੀਵ ਸਟੇਟ ਇੰਸਟੀਚਿਊਟ ਆਫ਼ ਫਿਜ਼ੀਕਲ ਕਲਚਰ ਤੋਂ ਪੀਐੱਚ ਡੀ ਦੀ ਡਿਗਰੀ ਪ੍ਰਾਪਤ ਕੀਤੀ। ਉਸ ਦਾ ਕੱਦ 1.83 ਮੀਟਰ ਯਾਨੀ 6 ਫੁੱਟ ਹੈ ਤੇ ਸਰੀਰਕ ਵਜ਼ਨ 80 ਕਿਲੋਗਰਮ। ਰੰਗ ਗੋਰਾ ਨਿਸ਼ੋਹ ਹੈ ਤੇ ਜੁੱਸਾ ਦਰਸ਼ਨੀ। 60 ਸਾਲਾਂ ਦਾ ਹੋ ਕੇ ਵੀ ਅਜੇ ਜੁਆਨ ਲੱਗਦਾ ਹੈ।

ਬਤੌਰ ਖਿਡਾਰੀ 1981 ਤੋਂ 1991 ਤਕ ਸੋਵੀਅਤ ਯੂਨੀਅਨ ਦੀ ਨੁਮਾਇੰਦਗੀ ਕੀਤੀ ਤੇ 1991 ਤੋਂ 2001 ਤਕ ਯੂਕਰੇਨ ਦੀ। ਉਹ 'ਟ੍ਰੈਕ ਐਂਡ ਫੀਲਡ ਨਿਊਜ਼' ਵੱਲੋਂ ਦੋ ਵਾਰ ਵਿਸ਼ਵ ਦਾ 'ਅਥਲੀਟ ਆਫ਼ ਦਾ ਯੀਅਰ' ਐਲਾਨਿਆ ਗਿਆ। 2012 ਵਿਚ ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਅਥਲੈਟਿਕਸ ਫੈਡਰੇਸ਼ਨਜ਼ ਹਾਲ ਆਫ਼ ਫੇਮ ਵਿਚ ਉਸ ਦਾ ਨਾਂ ਅੰਕਿਤ ਕੀਤਾ ਗਿਆ। ਉਹ 23 ਜੂਨ 2005 ਤੋਂ 17 ਨਵੰਬਰ 2022 ਤਕ ਨੈਸ਼ਨਲ ਓਲੰਪਿਕ ਕਮੇਟੀ ਯੂਕਰੇਨ ਦਾ ਪ੍ਰਧਾਨ ਰਿਹਾ। ਹੁਣ ਉਹ ਇੰਟਰਨੈਸ਼ਨਲ ਓਲੰਪਿਕ ਕਮੇਟੀ ਦਾ ਆਨਰੇਰੀ ਮੈਂਬਰ ਹੈ। ਉਸ ਨੂੰ ਪ੍ਰਿੰਸ ਆਫ਼ ਆਸਟੂਰੀਅਸ ਅਵਾਰਡ ਮਿਲਿਆ ਤੇ ਤਿੰਨ ਸਾਲ ਸੋਵੀਅਤ ਯੂਨੀਅਨ ਦਾ ਬੈੱਸਟ ਸਪੋਰਟਸਮੈਨ ਅਵਾਰਡ ਜਿੱਤਦਾ ਰਿਹਾ। ਉਸ ਨੂੰ 'ਹੀਰੋ ਆਫ਼ ਯੂਕਰੇਨ' ਦਾ ਸਿਵਲੀਅਨ ਅਵਾਰਡ ਵੀ ਮਿਲਿਆ। ਉਹ ਇੰਟਰਨੈਸ਼ਨਲ ਓਲੰਪਿਕ ਕਮੇਟੀ ਦੇ ਅਥਲੈਟਿਕਸ ਕਮਿਸ਼ਨ ਦਾ ਮੈਂਬਰ ਰਿਹਾ ਅਤੇ ਹੋਰ ਕਈ ਅਹਿਮ ਅਹੁਦਿਆਂ ਉਤੇ ਕੰਮ ਕੀਤਾ। 28 ਮਈ 2013 ਨੂੰ ਉਹ ਇੰਟਰਨੈਸ਼ਨਲ ਓਲੰਪਿਕ ਕਮੇਟੀ ਦੇ ਪ੍ਰਧਾਨ ਦੀ ਚੋਣ ਲੜਿਆ ਪਰ ਬਿਊਨਿਸ ਏਅਰਜ਼ ਦੇ 125ਵੇਂ ਆਈ ਓ ਸੈਸ਼ਨ ਵਿਚ ਥਾਮਸ ਬੱਕ ਹੱਥੋਂ ਹਾਰ ਗਿਆ। ਉਸ ਦਾ 35 ਵਾਰ ਵਿਸ਼ਵ ਰਿਕਾਰਡ ਨਵਿਆਉਣਾ ਅਨੋਖਾ ਵਿਸ਼ਵ ਰਿਕਾਰਡ ਹੈ! ਅਜਿਹੇ ਖਿਡਾਰੀ ਨਿੱਤ ਨਿੱਤ ਨਹੀਂ ਜੰਮਦੇ।

---

## ਕਵਿਤਾ

ਉਦਮੀ ਮਜ਼ਦੂਰਾ ਸਿਰਜਕ ਕਿਰਸਾਨਾਂ ਸੁਣ
ਉਦਮੀ ਮਜ਼ਦੂਰਾ
ਸਿਰਜਕ ਕਿਰਸਾਨਾਂ ਸੁਣ।
ਹਾਸੇ ਖੁਸ਼ੀਆਂ ਤੇਰੇ ਨਾਲ ਜਵਾਨਾਂ ਸੁਣ।
ਤੇਰੇ ਖ਼ੂਨ ਪਸੀਨੇ ਦੇ ਵਿੱਚ ਸੂਰਜ ਹੈ।
ਸੁੰਦਰ ਕਾਇਨਾਤ ਤਿਰੀ ਹੀ ਮੂਰਤ ਹੈ।
ਰੀਸ ਤੇਰੀ ਕਰ ਸਕਦਾ ਵੀ ਭਗਵਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਦੇਸ਼ ਦੀਆਂ ਨੀਹਾਂ ਵਿੱਚ ਮੁੜ੍ਹਕਾ ਤੇਰਾ ਹੈ।
ਅੰਬਰ ਤੀਕਰ ਤੇਰੇ ਨਾਲ ਸਵੇਰਾ ਹੈ।
ਤੇਰੇ ਨੈਣਾਂ ਕਰਕੇ ਚੰਨ ਸਿਤਾਰੇ ਨੇ।
ਤੇਰੇ ਕਰਕੇ ਧਰਤੀ ਕੋਲ ਨਜ਼ਾਰੇ ਨੇ।
ਤੈਥੋਂ ਉਚੀ ਸੁੱਚੀ ਕੋਈ ਸ਼ਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਧਰਮ ਤਿਰਾ ਹੈ ਧਰਤੀ, ਧਰਤੀ ਜਾਤ ਤਿਰੀ।
ਸਭਨਾਂ ਦੇ ਲਈ ਚੜ੍ਹਦੀ ਹੈ ਪ੍ਰਭਾਤ ਤਿਰੀ।
ਕਣ ਕਣ ਤੇਰਾ
ਆਪਣਾ ਕੋਈ ਨਾ ਦੂਜਾ ਹੈ।
ਕਿਰਤ ਤਿਰੀ ਵਿਚ
ਮੰਦਿਰ ਵਰਗੀ ਪੂਜਾ ਹੈ।
ਕਿਹੜਾ ਤੇਰੀ ਹਿੰਮਤ ਤੋਂ ਕੁਰਬਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਤੇਰੇ ਕਰਕੇ ਔੜਾਂ ਵਿਚ ਖੁਸ਼ਹਾਲੀ ਹੈ।
ਮਹਿਕ ਰਹੀ ਗੁਲਸ਼ਨ ਦੀ ਡਾਲੀ ਡਾਲੀ ਹੈ।
ਪਰਬਤ ਚੀਰ ਵਿਖਾਵੇਂ ਨਹਿਰਾਂ ਕੱਢ ਦੇਵੇਂ।
ਧਰਤੀ ਦੀ ਹਿੱਕ ਚੀਰ ਸੁਨਹਿਰਾਂ ਕੱਢ ਦੇਵੇਂ।
ਹੋਰ ਕਿਸੇ ਦਾ ਏਦਾਂ ਦਾ ਈਮਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਖੋਜਾਂ ਦੇ ਸਿਰ ਉਤੇ ਤਾਜ ਰਖਾਏ ਤੂੰ।
ਚੰਨ ਦੇ ਉਤੇ ਚੜ੍ਹ ਕੇ ਚੰਨ ਸਜਾਏ ਤੂੰ।
ਯਾਰ ਤਰੱਕੀ ਦਾ ਤੂੰ ਸੂਤਰਧਾਰ ਰਿਆ।
ਤੇਰੇ ਵਿਚ ਅਲੌਕਿਕ ਇੱਕ ਭੰਡਾਰ ਰਿਆ।
ਤੂੰ ਅੰਨਦਾਤਾ ਏਂ ਤੇਰੀ ਪਹਿਚਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਕਦਰ ਕਿਰਤੀ ਨਾ ਜਾਣਨ
ਨੇਤਾ ਰਿਸ਼ਵਤ ਖੋਰ।
ਕਦਰ ਤੇਰੀ ਪੈਣੀਂ ਸੀ ਜੇਕਰ ਹੁੰਦੇ ਹੋਰ।
ਤੇਰਾ ਖ਼ੂਨ ਪਸੀਨਾ ਲੁੱਟ ਲਿਆ ਚੋਰਾਂ ਨੇ।
ਬਾਗ਼ 'ਚ ਸੁੰਦਰ ਪੈਲਾਂ ਪਾਂਦੇ ਮੋਰਾਂ ਨੇ।
ਤੂੰ ਨਈਂ ਕੋਈ ਭੋਲਾ ਤੂੰ ਨਾਦਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
ਵੇਖ ਕਰਾਂਤੀ ਆਉਣੀ ਹਿੰਮਤ ਰੱਖ ਜ਼ਰਾ।
ਜ਼ਹਿਰ ਖੜੱਪੇ, ਬੀਸੀਅਰ ਦਾ ਵੀ ਚੱਖ ਜ਼ਰਾ।
ਸੱਪਾਂ ਦਾ ਕਬਜ਼ਾ ਹੈ ਵਰਮੀ ਉਤੇ ਅੱਜ।
ਕੱਢ ਕੱਢ ਮਾਰ ਮੁਕਾਣੇਂ,
ਕਰ ਕਰ ਪੁੱਠੇ ਅੱਜ।
ਹੁਣ ਸੱਪਾਂ ਦਾ ਵਰਮੀ ਵਿਚ ਸਥਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।
'ਲਾਲੋ' ਬਣ ਕੇ ਹੱਕ ਹਲਾਲ ਕਮਾਵੇਂ ਤੂੰ।
'ਬਾਲਮ' ਨਾਨਕ ਦਾ ਸੇਵਕ ਕਹਿਲਾਵੇਂ ਤੂੰ।
ਮਿੱਟੀ ਤੇਰੀ ਪੂਜਾ ਮਿੱਟੀ ਭਗਤੀ ਹੈ।
ਤੇਰੇ ਸਿਰ 'ਤੇ ਮਾਨਵਤਾ ਦੀ ਸ਼ਕਤੀ ਹੈ।
'ਸੱਜਣ' ਠੱਗਾਂ ਵਰਗਾ ਤੂੰ ਧਨਵਾਨ ਨਹੀਂ।
ਤੇਰੇ ਵਰਗਾ ਦੁਨੀਆਂ 'ਤੇ ਇਨਸਾਨ ਨਹੀਂ।

*-ਬਲਵਿੰਦਰ ਬਾਲਮ ਗੁਰਦਾਸਪੁਰ*
*ਫੋਨ: 98156-25409*

---

## ਕਿਸਾਨ ਅੰਦੋਲਨ

ਨਾ ਅੱਕਦੇ, ਨਾ ਥੱਕਦੇ
ਨਾ ਹੀ ਡਰਕੇ ਭੱਜਾਂਗੇ।
ਕੇਂਦਰ ਦੀਏ ਸਰਕਾਰੇ
ਤੇਰੀ ਹਿੱਕ'ਚ ਵੱਜਾਂਗੇ।
ਲੱਖਾਂ ਰੋਕਾਂ ਲਾ ਲੈ ਭਾਵੇਂ
ਵਿੱਚ ਤੂੰ ਰਾਹਵਾਂ ਦੇ,
ਪੁੱਟ ਸੁੱਟਾਂਗੇ ਆਪਾਂ
ਸ਼ੇਰਾਂ ਵਾਂਗੂੰ ਗੱਜਾਂਗੇ।
ਸਾਡੇ ਹੱਕ, ਐਥੇ ਰੱਖ ਦੇ
ਨਾਹਰੇ ਗੂੰਜਣਗੇ,
ਦਿੱਲੀ ਜਾ ਕੇ ਧੌਣ
ਤੇਰੀ 'ਤੇ ਗੋਡਾ ਰੱਖਾਂਗੇ।
ਕੀਤਾ ਸਬਰ ਬਥੇਰਾ,
ਹੋਰ ਨਾ ਕੀਤਾ ਜਾਂਦਾ ਏ,
ਹੱਕ ਅਸੀਂ ਹੁਣ
ਹਿੱਕ ਦੇ ਜ਼ੋਰ 'ਤੇ ਲੈ ਕੇ ਛੱਡਾਂਗੇ।
ਵਾਅਦੇ ਕਰਕੇ ਮੁੱਕਰ ਜਾਣਾ
ਕੰਮ ਗਦਾਰਾਂ ਦਾ,
ਧੌਣ'ਚ ਕੀਲਾ ਅਸੀਂ
ਗਦਾਰਾਂ ਦੇ ਹੁਣ ਗੱਡਾਂਗੇ।
ਦਿੱਲੀ ਵੱਲ ਵਹੀਰਾਂ ਲਈਆਂ
ਘੱਤ ਕਿਸਾਨਾਂ ਨੇ,
ਅਸੀਂ ਪੰਜਾਬੀ ਸਭ ਦੇ ਮੂਹਰੇ
ਜਾ ਕੇ ਲੱਗਾਂਗੇ।
ਛੱਡਕੇ ਹੰਝੂ ਗੈਸ
ਕਿਸਾਨਾਂ ਨੂੰ ਡੱਕ ਲੈਣੇ ਦਾ,
ਮਨ ਵਿੱਚ ਪਾਲ਼ਿਆ ਵਹਿਮ
'ਨਾਗਰਾ'ਆਪਾਂ ਕੱਢਾਂਗੇ।

*-ਜਸਪਾਲ ਸਿੰਘ ਨਾਗਰਾ*
*'ਮਹਿੰਦਪੁਰੀ'*

# ਸੁਪਰੀਮ ਕੋਰਟ ਦਾ ਚੋਣ ਬਾਂਡ ਖਾਰਜ ਕਰਨ ਦਾ ਇਤਿਹਾਸਕ ਫੈਸਲਾ ਲੋਕਤੰਤਰ ਦੀ ਜਿੱਤ

ਦੇਸ਼ ਦੀ ਸਰਬ-ਉੱਚ ਅਦਾਲਤ ਦੁਆਰਾ ਚੋਣ ਬਾਂਡ ਸਕੀਮ ਖਾਰਜ ਕਰਨ ਦਾ ਬਹੁ-ਅਸਰੀ ਇਤਿਹਾਸਕ ਫੈਸਲਾ ਇਕ ਨਿਆਂਇਕ ਮੀਲ-ਪੱਥਰ ਤਾਂ ਹੈ ਹੀ, ਇਹ ਲੋਕਤੰਤਰ ਦੀ ਮਾਣਮੱਤੀ ਜਿੱਤ ਵੀ ਹੈ।

ਇਹ ਫੈਸਲਾ ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ 5 ਮੈਂਬਰੀ ਸੰਵਿਧਾਨਕ ਬੈਂਚ ਨੇ ਉਸ ਵਕਤ ਕੀਤਾ ਹੈ ਜਦ ਦੇਸ਼ ਲੋਕ ਸਭਾ ਚੋਣਾਂ ਦੇ ਬਰੂਹਾਂ 'ਤੇ ਖੜਾ ਹੈ ਅਤੇ ਇਸ ਨਾਲ ਮੌਜੂਦਾ ਸੱਤਾਧਾਰੀ ਧਿਰ ਨੂੰ ਤਕੜਾ ਝਟਕਾ ਲੱਗਾ ਹੈ। ਦਰਅਸਲ, ਇਸ ਫੈਸਲੇ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਨਾਲ ਭਾਜਪਾ ਦੀ ਅਗਵਾਈ ਵਾਲੀ ਮੋਦੀ ਸਰਕਾਰ ਦੇ 'ਵਹੀਂ ਲਗੀ ਹੈ ਜੋ ਨਾਜ਼ੁਕ ਮੁਕਾਮ ਥੇ ਦਿਲ ਕੇ"! ਬਸ, ਹਿੱਕ 'ਤੇ ਦੀਵਾ ਬਾਲਣ ਬਰਾਬਰ ਹੀ ਸਮਝੋ!

15 ਫਰਵਰੀ ਨਿਆਂਪਾਲਿਕਾ ਦੇ ਇਤਿਹਾਸ ਵਿਚ 'ਰੈੱਡ ਲੈਟਰ ਡੇਅ' ਵਜੋਂ ਜਾਣਿਆ ਜਾਏਗਾ। ਇਸ ਦਿਨ ਸੁਪਰੀਮ ਕੋਰਟ ਨੇ 6 ਸਾਲ ਪੁਰਾਣੀ ਚੋਣ ਬਾਂਡ ਸਕੀਮ ਦਾ ਭੋਗ ਪਾ ਦਿਤਾ। ਸਿਆਸੀ ਫੰਡਿੰਗ ਵਾਲੀ ਇਸ ਸਕੀਮ ਬਾਰੇ 5-ਮੈਂਬਰੀ ਸੰਵਿਧਾਨ ਬੈਂਚ ਨੇ ਦੋ ਵੱਖ-ਵੱਖ ਪਰ ਇਕ ਸਮਾਨ ਜੱਜਮੈਂਟਾਂ ਵਿਚ ਕਿਹਾ ਕਿ ਇਹ ਸਕੀਮ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਸੰਵਿਧਾਨਕ ਹੱਕ ਦੇ ਨਾਲ ਸੂਚਨਾ ਦੇ ਅਧਿਕਾਰ ਦੀ ਵੀ ਉਲੰਘਣਾ ਹੈ।

ਬੈਂਚ ਨੇ ਆਪਣੇ 4-ਨੁਕਾਤੀ ਹੁਕਮ ਵਿਚ ਸਟੇਟ ਬੈਂਕ ਆਫ ਇੰਡੀਆ ਨੂੰ ਆਦੇਸ਼ ਦਿਤਾ ਕਿ ਉਹ (1) ਚੋਣ ਬਾਂਡ ਜਾਰੀ ਕਰਨੇ ਤੁਰੰਤ ਬੰਦ ਕਰੇ; (2) 12 ਅਪ੍ਰੈਲ 2019 ਤੋਂ ਅੱਜ ਤਕ ਦੀ ਤਰੀਕ ਤਕ ਖਰੀਦ ਕੀਤੇ ਬਾਂਡਜ਼ ਦੀ/ਸਕੀਮ ਵਿਚ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਬਾਰੇ ਜਾਣਕਾਰੀ 6 ਮਾਰਚ ਤਕ ਚੋਣ ਕਮਿਸ਼ਨ ਨਾਲ ਸਾਂਝੀ ਕਰੇ; (3) ਸਿਆਸੀ ਪਾਰਟੀਆਂ ਵਲੋਂ ਐਨਕੈਸ਼ ਕੀਤੇ ਹਰੇਕ ਚੋਣ ਬਾਂਡ ਬਾਰੇ ਜਾਣਕਾਰੀ ਨਸ਼ਰ ਕਰੇ ਅਤੇ (4) ਚੋਣ ਕਮਿਸ਼ਨ ਐਸ.ਬੀ.ਆਈ. ਵਲੋਂ ਸਾਂਝੀ ਕੀਤੀ ਜਾਣਕਾਰੀ 13 ਮਾਰਚ ਤਕ ਆਪਣੀ ਅਧਿਕਾਰਤ ਵੈੱਬਸਾਈਟ ਉਪਰ ਪ੍ਰਕਾਸ਼ਿਤ ਕਰੇ।

ਇਹ ਬੈਂਚ, ਜਿਸ ਦੀ ਅਗਵਾਈ ਜਸਟਿਸ ਡੀ.ਵਾਈ. ਚੰਦਰਚੂੜ ਕਰ ਰਹੇ ਸਨ, ਵਿਚ ਜਸਟਿਸ ਸੰਜੀਵ ਖੰਨਾ, ਜਸਟਿਸ ਬੀ.ਆਰ. ਗਵਈ, ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਸ਼ਾਮਲ ਸਨ, ਨੇ ਚੋਣ ਬਾਂਡ ਸਕੀਮ ਨੂੰ ਚੁਣੌਤੀ ਦਿੰਦੀਆਂ 4 ਪਟੀਸ਼ਨਾਂ ਉਪਰ ਸੁਣਵਾਈ ਸਮੇ ਉਰੋਕਤ ਹੁਕਮ ਦਿਤੇ।

ਚੀਫ ਜਸਟਿਸ ਆਫ ਇੰਡੀਆ ਜਸਟਿਸ ਚੰਦਰਚੂੜ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ 'ਚੋਣ ਬਾਂਡ ਸਕੀਮ ਸੰਵਿਧਾਨ ਦੀ ਧਾਰਾ 19(1)(ਏ) ਤਹਿਤ ਮਿਲੇ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਮੌਲਿਕ ਹੱਕ ਦੀ ਉਲੰਘਣਾ ਕਰਦੀ ਹੈ।

ਨਿੱਜਤਾ ਦੇ ਹੱਕ ਨੂੰ ਵਿਸਥਾਰਦਿਆਂ ਬੈਂਚ ਨੇ ਕਿਹਾ ਕਿ ਨਿੱਜਤਾ ਦੇ ਬੁਨਆਦੀ ਹੱਕ ਵਿਚ ਨਾਗਰਿਕਾਂ ਦਾ ਸਿਆਸੀ ਨਿੱਜਤਾ ਤੇ ਸਬੰਧ ਦਾ ਹੱਕ ਵੀ ਸ਼ਾਮਲ ਹੈ।

ਬੈਂਚ ਨੇ ਇਸ ਸਬੰਧ ਵਿਚ ਲੋਕ ਪ੍ਰਤੀਨਿਧੀ ਐਕਟ, 1951, ਆਮਦਨ ਕਰ ਐਕਟ, 1961, ਕੰਪਨੀਜ਼ ਐਕਟ, 2013, ਵਿਚ ਕੀਤੀਆਂ ਸੋਧਾਂ ਨੂੰ ਵੀ ਅਵੈਧ ਕਰਾਰ ਦਿੱਤਾ।

ਕੁਲ 228 ਸਫਿਆਂ ਦੇ ਇਸ ਫੈਸਲੇ ਵਿਚ ਆਪਣੇ 74 ਸਫਿਆਂ ਦੇ ਵੱਖਰੇ ਪਰ ਦੂਸਰੇ ਜੱਜਾਂ ਨਾਲ ਸਹਿਮਤੀ ਵਾਲੇ ਹੁਕਮ ਵਿਚ ਜਸਟਿਸ ਸੰਜੀਵ ਖੰਨਾ ਨੇ ਕਿਹਾ ਕਿ 'ਪਾਰਦਰਸ਼ਤਾ, ਨਾ ਕਿ ਲੁਕੋ, ਇਲਾਜ ਅਤੇ ਵਿਹੁਹਰ (ਐਂਟੀਡੋਟ) ਹੈ'। ਉਨ੍ਹਾਂ ਇਹ ਗਲ਼ ਉਦੋਂ ਆਖੀ ਜਦ ਸਰਕਾਰੀ ਪੱਖ ਜ਼ੋਰ ਦੇ ਕੇ ਚੋਣ ਬਾਂਡਾਂ ਦੀ ਵਕਾਲਤ ਕਰਦਿਆਂ ਇਹ ਦਲੀਲ ਦੇ ਰਿਹਾ ਸੀ ਕਿ ਚੋਣ ਫੰਡ ਦੇਣ ਵਾਲੇ ਦਾਨੀਆਂ ਦੇ ਨਾਮ ਇਸ ਲਈ ਗੁਪਤ ਰੱਖੇ ਜਾਂਦੇ ਹਨ ਤਾਂ ਕਿ ਉਨ੍ਹਾਂ ਨੂੰ ਵਿਰੋਧੀ ਸਿਆਸੀ ਪਾਰਟੀਆਂ ਦੀ ਬਦਲਾਖੋਰੀ ਤੋਂ ਬਚਾਇਆ ਜਾ ਸਕੇ।

ਚੋਣਕਰਤਾ ਦੀ ਮਹਿਮਾ ਬਰਕਰਾਰ ਰੱਖਦਿਆਂ ਬੈਂਚ ਨੇ ਕਿਹਾ ਕਿ 'ਪੈਸਾ ਲੋਕਤੰਤਰਿਕ ਸਪੇਸ ਨੂੰ ਸੰਗੋੜਦੈ ਅਤੇ ਮਤਦਾਤਾ ਨੂੰ ਸਿਆਸੀ ਫੰਡਿੰਗ ਦੀ ਸੂਚਨਾ ਹੋਣ ਦੀ ਆਗਿਆ ਦੇ ਕੇ ਉਸ ਨੂੰ ਸੁਸ਼ੱਕਤ ਕਰਨਾ ਜ਼ਰੂਰੀ ਹੈ'। ਜਸਟਿਸ ਚੰਦਰਚੂੜ ਨੇ ਬਹੁਤ ਹੀ ਸੁੰਦਰ ਢੰਗ ਨਾਲ ਬਿਆਨ ਕੀਤਾ ਕਿ" ਇਕ ਜਾਣਕਾਰ/ਸੁਚੇਤ ਮੱਤਦਾਤਾ ਉਹ ਮੰਨਿਆਂ ਜਾਂਦੈ ਜੋ ਉਸ ਉਮੀਦਵਾਰ ਜਾਂ ਪਾਰਟੀ ਦੀ ਪਾਲਿਸੀ ਪੁਜ਼ੀਸ਼ਨ ਜਾਣਦੈ ਜਿਸ ਨੂੰ ਉਸ ਨੇ ਸਭ ਪੱਖ ਪਰਖ ਕੇ ਆਪਣੇ ਨੁਮਾਇੰਦੇ ਵਜੋਂ ਚੁਣਨਾ ਹੁੰਦੈ। ਇਸ ਦੇ ਉਲਟ ਅਣਸੁਚੇਤ ਮੱਤਦਤਾ ਪਾਰਟੀ ਜਾਂ ਉਮੀਦਵਾਰ ਦੀ ਪਾਲਿਸੀ ਪੁਜ਼ੀਸ਼ਨ ਬਾਰੇ ਅਣਜਾਣ ਹੁੰਦੈ"।

ਉਨ੍ਹਾਂ ਚੋਣਾਂ ਉਪਰ ਪੈਂਦੇ ਪੈਸੇ ਦੇ ਮਾੜੇ ਪ੍ਰਭਾਵਾਂ ਸਬੰਧੀ ਹੋਰ ਵੀ ਬੜੀਆਂ ਮਹੱਤਵਪੂਰਨ ਅਤੇ ਜਾਣਕਾਰੀ ਭਰਪੂਰ ਟਿੱਪਣੀਆਂ ਕੀਤੀਆਂ। ਸੱਤਾਧਾਰੀ ਪੱਖ ਨੇ ਇਸ ਸਕੀਮ ਦੇ ਹੱਕ ਵਿਚ ਚੋਣ ਖਰਚਿਆਂ ਵਿਚ ਪਾਰਦਰਸ਼ਤਾ ਲਿਆਉਣ ਅਤੇ ਦਾਨੀਆਂ ਨੂੰ ਵਿਰੋਧੀਆਂ ਦੀ ਬਦਲਾਖੋਰੀ ਤੋਂ ਬਚਾਉਣ ਦੀਆਂ ਦਲੀਲ਼ਾਂ ਦਿੱਤੀਆਂ ਜੋ ਬੈਂਚ ਨੂੰ ਪ੍ਰਭਾਵਿਤ ਨਾ ਕਰ ਸਕੀਆਂ।

ਦਰਅਸਲ, ਇਹ ਸਕੀਮ 'ਦਰਦ ਬੜਤਾ ਗਯਾ ਜਿਊਂ ਜਿਊਂ ਦਵਾ ਕੀ' ਵਰਗੀ ਹੈ। ਚੋਣ ਫੰਡਿੰਗ ਵਿਚ ਪਾਰਦਰਸ਼ਤਾ ਦੀ ਆੜ ਵਿਚ ਆਪਣੇ ਕਾਰਪੋਰੇਟ ਘਰਾਣਿਆਂ ਦੇ ਦੋਸਤਾਂ ਕੋਲੋਂ ਕਰੋੜਾਂ ਰੁਪਏ ਦਾਨ 'ਚ ਲੈ ਕੇ ਤੇ ਉਨ੍ਹਾਂ ਦੇ ਨਾਮ ਗੁਪਤ ਰੱਖ ਕੇ ਉਨ੍ਹਾਂ ਨੂੰ ਬਦਲੇ ਵਿਚ ਰਿਆਇਤਾਂ/ਤਰਫਦਾਰੀਆਂ ਦੇਣ ਦੀ ਵਧੀਆ ਵਿਧੀ ਹੈ। ਸਭ ਜਾਣਦੇ ਹਨ ਕਿ ਗੁਪਤ ਦਾਨ ਦੇ ਗੱਫੇ ਰਾਜ ਕਰਦੀ ਪਾਰਟੀ ਨੂੰ ਹੀ ਮਿਲਦੇ ਹਨ ਤੇ ਮਿਲੇ ਵੀ ਹਨ। ਅਰਬਾਂ ਰੁਪਏ ਭਾਜਪਾ ਦੇ ਬੋਝੇ ਪਏ ਹਨ। 2017-18 ਤੋਂ 2022-23 ਤਕ ਸਿਆਸੀ ਪਾਰਟੀਆਂ ਦੀ ਸਾਲਾਨਾ ਆਡਿਟ ਰਿਪੋਰਟ ਦਸਦੀ ਹੈ ਕਿ ਇਸ ਸਮੇਂ ਦੌਰਾਨ ਭਾਜਪਾ ਨੂੰ ਅਜਿਹੇ ਚੰਦੇ ਰਾਹੀਂ 6,566.11 ਕਰੋੜ ਰੁਪਏ ਅਤੇ ਕਾਂਗਰਸ ਨੂੰ 1,123.3 ਕਰੋੜ ਰੁਪਏ ਮਿਲੇ। (ਇਸ ਸਮੇਂ ਦੌਰਾਨ 20 ਮੁੱਖ ਪਾਰਟੀਆਂ ਨੇ ਕੁੱਲ 13,558 ਕਰੋੜ ਰੁਪਏ ਚੰਦਾ ਦਾਨ ਵਜੋਂ ਪ੍ਰਾਪਤ ਕੀਤੇ! ਇਸ 'ਚੋਂ 48% ਭਾਜਪਾ ਦੀ ਝੋਲੀ ਪਿਆ!)

ਸਕੀਮ ਵਿਚਲੀ ਇਹ ਸਹੂਲਤ ਕਿ ਅਜਿਹਾ ਗੁਪਤ ਦਾਨ ਚੋਣ ਤੋਂ ਇਲਾਵਾ ਹੋਰ ਖਰਚਿਆਂ ਲਈ ਵੀ ਵਰਤਿਆ ਜਾ ਸਕਦੈ, ਭਾਜਪਾ ਨੂੰ ਦੇਸੀ ਘਿਓ ਵਾਂਗ ਲੱਗੀ। ਐਵੇਂ ਨਹੀਂ ਉਸ ਨੇ ਆਪਣਾ ਇਨਫਰਾਸਟਰੱਚਕਰ ਵਧਾਉਣ, ਇਸ਼ਤਿਹਾਰਬਾਜ਼ੀ ਚਮਕਾਉਣ, ਸੋਸ਼ਲ ਮੀਡੀਆ 'ਤੇ ਟਰੋਲਿੰਗ ਰਾਹੀਂ ਵਿਰੋਧੀਆਂ ਨੂੰ ਡਰਾਉਣ-ਧਮਕਾਉਣ, ਗੋਦੀ-ਮੀਡੀਆ ਨੂੰ ਹਲਵਾ-ਮੰਡਾ ਛਕਾਉਣ, ਅਨੇਕਾਂ ਵੋਟਰਾਂ ਨੂੰ ਲੁਭਾਉਣ, ਕਈ ਚੁਣੇ ਹੋਏ ਨੁਮਾਇੰਦਿਆਂ ਨੂੰ ਭਰਮਾਉਣ ਅਤੇ ਕਈ ਥਾਂ ਜਿੱਤਿਆਂ ਨੂੰ 'ਮਨੀ ਪਾਵਰ' ਨਾਲ ਹੇਠਾਂ ਪਟਕਾਉਣ (ਖ਼ੀਦੋ-ਫਰੋਖਤ ਰਾਹੀਂ) ਉਪਰ ਲਗਾਇਆ!

ਅਸਲ ਵਿਚ ਚੋਣ-ਗੁਪਤਦਾਨ ਭ੍ਰਿਸ਼ਟਾਚਾਰ ਲਈ ਵਰਤਿਆ ਜਾਣ ਵਾਲਾ ਇਕ ਸਤਿਕਾਰ-ਸੂਚਕ ਸ਼ਬਦ ਹੈ। ਇਸ ਨੂੰ ਅੰਗਰੇਜ਼ੀ ਵਿਚ 'ਇਊਫੇਮਿਜ਼ਮ' (ਕੋਮਲ ਅਭੀਵਿਅਕਤੀ) ਕਿਹਾ ਜਾਂਦੈ, ਜਿਵੇਂ ਮਰਿਆ ਨਹੀਂ,ਆਕੜਿਐ/ਗੁਜ਼ਰਿਆ/ਪੂਰਾ ਹੋ ਗਿਐ। ਪਹਿਲਾਂ ਘਣੇ ਸਿਆਣੇ ਕੁਰੱਪਸ਼ਨ ਨੂੰ ਕਮਿਸ਼ਨ ਕਹਿਣ ਲੱਗ ਪਏ ਸਨ। ਇਵੇਂ ਹੀ ਚੋਣਾਂ ਵਿਚ ਵੱਢੀ ਨੂੰ ਗੁਪਤ ਚੋਣ ਫੰਡਿੰਗ ਕਿਹਾ ਜਾਣ ਲੱਗ ਪਿਆ ਸੀ।

ਸਾਡੇ ਮੁਲਕ ਵਿਚ ਤਾਂ ਬਹੁਤੇ ਲੋਕੀ ਰੱਬ ਨਾਲ ਵੀ ਸੌਦਾ ਕਰਦੇ ਹਨ, ਪਈ ਮੈਂ ਤੇਰੇ ਲਈ ਆਹ ਕਰੂੰ, ਤੂੰ ਮੇਰੇ ਲਈ ਆਹ ਕਰ! ਸਿੱਧਾ ਸੌਦਾ, ਇਕ ਹੱਥ ਲੈ, ਇਕ ਹੱਥ ਦੇਹ!" ਮੈਥੋਂ ਰੱਬ ਇਬਾਦਤ ਮੰਗਦਾ, ਰੱਬ ਤੋਂ ਰਹਿਮਤ ਮੰਗਾਂ ਮੈਂ/ ਦੋਨਾਂ ਦੇ ਹੱਥਾਂ ਵਿਚ ਕਾਸਾ, ਕਿਹੜੇ ਪਾਸਿਉਂ ਲੰਘਾਂ ਮੈਂ"!

ਅਸੀਂ ਜਦ ਰੱਬ ਨੂੰ ਨਹੀਂ ਬਖਸ਼ਦੇ ਤਾਂ ਭਲਾ ਜਿਨ੍ਹਾਂ ਨੂੰ ਕਰੋੜਾਂ ਦਾ ਗੁਪਤ ਚੋਣ ਦਾਨ ਦਿਆਂਗੇ ਉਨ੍ਹਾਂ ਨੂੰ ਸੁੱਕਾ ਛੱਡ ਦਿਆਂਗੇ? ਨਹੀਂ, ਇੱਥੇ ਵੀ ਸਿੱਧੀ ਲੈ-ਦੇ ਹੁੰਦੀ ਹੈ। ਕਰੋੜਾਂ ਰੁਪਏ ਦੇਣ ਵਾਲੇ ਅਰਬਾਂ ਰੁਪਏ ਖੱਟਦੇ ਹਨ ਅਤੇ ਮੌਜੂਦਾ ਸੱਤਾਧਾਰੀ ਧਿਰ ਤਾਂ ਹੈ ਹੀ ਕਾਰਪੋਰੇਟ ਘਰਾਣਿਆਂ ਨਾਲ ਘਿਓ ਖਿਚੜੀ। ਜਿਹਦਾ ਖਾਈਏ ਉਹਦਾ ਗੁਣ ਗਾਈਏ। ਜੋ ਚੋਣ-ਫੰਡਿੰਗ ਕਰਨਗੇ, ਨੀਤੀਆਂ ਵੀ ਤਾਂ ਉਨ੍ਹਾਂ ਦੇ ਪੱਖ ਦੀਆਂ ਹੀ ਬਣਨਗੀਆਂ। ਤੈਨੂੰ-ਮੈਨੂੰ ਕਿੰਨ ਪੁੱਛਣਾ, 'ਕੈ ਬਾਗੇ ਦੀ ਮੂਲੀ ਬੂਲਿਆ ਕੈ ਬਾਗੇ ਦੀ ਮੂਲੀ/ਬਾਗਾਂ ਦੇ ਵਿਚ ਫੂਲ ਅਨੇਕਾਂ, ਤੂੰ ਵੀ ਇਕ ਗਧੂਲੀ ਬੂਲਿਆ, ਕੈ ਬਾਗੇ ਦੀ ਮੂਲੀ"!

ਬੈਂਚ ਨੇ ਦਰੁਸਤ ਕਿਹੈ ਕਿ ਕਿਸੇ ਇਕ ਵਿਅਕਤੀ ਵਲੋਂ ਦਿੱਤੇ ਗਏ ਚੰਦੇ ਦੇ ਮੁਕਾਬਲੇ ਕਿਸੇ ਕੰਪਨੀ ਵਲੋਂ ਕੀਤੀ ਗਈ ਫੰਡਿੰਗ ਦਾ ਸਿਆਸੀ ਅਮਲ 'ਤੇ ਵਧੇਰੇ ਅਸਰ ਪੈਂਦਾ ਹੈ। ਕਿਉਂਕਿ ਅਜਿਹੀ ਫੰਡਿੰਗ ਪੂਰੀ ਤਰ੍ਹਾਂ ਵਪਾਰ ਹੁੰਦੀ ਹੈ। ਚੋਣ ਚੰਦੇ ਲਈ ਕੰਪਨੀ ਕਾਨੂੰਨ ਵਿਚਲੀ ਸੋਧ ਨੂੰ ਬੈਂਚ ਨੇ ਮਨਮਾਨੀ ਵਾਲਾ ਅਤੇ ਅਸੰਵਿਧਾਨਕ ਕਦਮ ਕਿਹਾ।

ਬੈਂਚ ਨੇ ਚੋਣ ਕਮਿਸ਼ਨ ਦੀ ਵੀ ਝਾੜ-ਝੰਭ ਕੀਤੀ। ਉਸ ਨੇ ਕਿਹਾ ਕਿ ਚੋਣ ਕਮਿਸ਼ਨ ਚੋਣ ਅਮਲ ਪੂਰਾ ਕਰਨ ਵਾਲ਼ੀ ਏਜੰਸੀ ਹੈ। ਜੇਕਰ ਉਸ ਨੂੰ ਹੀ ਪਤਾ ਨਹੀਂ ਹੋਵੇਗਾ ਕਿ ਚੋਣਾਂ




ਵਿਚ ਸਿਆਸੀ ਪਾਰਟੀਆਂ ਨੂੰ ਕਿੱਥੋਂ ਤੇ ਕਿੰਨਾਂ ਪੈਸਾ ਮਿਲਦਾ ਹੈ ਤਾਂ ਫਿਰ ਪਾਰਦਰਸ਼ਤਾ ਕਿਵੇਂ ਹੋਵੇਗੀ?

ਇਸ ਸਕੀਮ ਤੋਂ ਪਹਿਲਾਂ ਹਰ ਪਾਰਟੀ ਨੂੰ 20,000 ਤੋਂ ਉਪਰ ਦੇ ਚੋਣ ਫੰਡ ਦੀ ਜਾਣਕਾਰੀ ਦੇਣਾ ਲਾਜ਼ਮੀ ਸੀ। ਪਰ ਆਮਦਨ ਕਰ ਕਾਨੂੰਨ ਵਿਚ ਸੋਧ ਕਰ ਕੇ ਇਸ ਸਕੀਮ ਦਾ ਰਾਹ ਪੱਧਰਾ ਕੀਤਾ ਗਿਆ ਜੋ ਹੁਣ ਸੁਪਰੀਮ ਕੋਰਟ ਦੇ ਫੈਸਲੇ ਨਾਲ ਫਿਰ ਔਝੜਾ ਹੋ ਗਿਐ।

ਇਹ ਸਕੀਮ 2 ਜਨਵਰੀ 2018 ਨੂੰ ਨੋਟੀਫਾਈ ਹੋਈ ਸੀ। ਇਸ ਤਹਿਤ ਕੋਈ ਵਿਅਕਤੀ ਜਾਂ ਫਰਮ ਕਰੋੜਾਂ ਰੁਪਏ ਦਾ ਚੋਣ-ਗੁਪਤ ਦਾਨ ਕਰ ਸਕਦੇ/ਸਕਦੀਆਂ ਹਨ। ਇਸ ਸਕੀਮ ਵਿਰੁੱਧ ਹੋਈਆਂ ਪਟੀਸ਼ਨਾਂ ਨੂੰ ਸੁਪਰੀਮ ਕੋਰਟ ਨੇ ਪਿਛਲੇ ਸਾਲ 2 ਨਵੰਬਰ ਨੂੰ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ। ਇਸ ਤੋਂ ਪਹਿਲਾਂ ਅਪਰੈਲ 2019 ਨੂੰ ਸਰਬਉਚ ਅਦਾਲਤ ਨੇ ਇਸ ਫੈਸਲੇ ਉਪਰ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਸੀ।

228 ਸਫਿਆਂ ਦੇ ਇਸ ਫੈਸਲੇ ਨੇ ਸੂਚਨਾ ਦੇ ਅਧਿਕਾਰ ਨੂੰ ਸਿਆਸੀ ਪਾਰਟੀਆਂ ਦੇ ਮੌਰਾਂ ਤਕ ਲੈ ਆਂਦਾ ਹੈ। ਚੋਣਾਂ ਵਿਚ ਸਿਆਸੀ ਫੰਡਿੰਗ 'ਚ ਸੁਧਾਰ ਦੇ ਦਰਵਾਜ਼ੇ ਖੋਲ੍ਹਣ ਤੋਂ ਇਲਾਵਾ ਇਸ ਫੈਸਲੇ ਨੇ ਸੰਵਿਧਾਨ ਦੀ ਰੂਹ 'ਚ ਨਵੀਂ ਰੂਹ ਫੂਕੀ ਹੈ ਕਿਉਂਕਿ ਚੋਣਾਂ ਦਾ ਮੁੱਖ ਕਰਨਧਾਰ ਤਾਂ ਮਤਦਾਤਾ ਹੀ ਹੁੰਦੈ ਨਾ ਕਿ 'ਮਨੀ, ਮਸਲ, ਮੀਡੀਆ' ਪਾਵਰ ਦੇ 3 ਐਮਜ਼। ਅਤੇ ਪਾਰਦਰਸ਼ਤਾ, ਚੋਣ-ਫੰਡਿੰਗ ਦੀ ਜਾਣਕਾਰੀ, ਨਿਰਪੱਖ, ਨਿਆਂਪੂਰਨ ਚੋਣ ਪ੍ਰਕਿਰਿਆ ਇਸ ਰੂਹ ਦੇ ਦਿਲ-ਜਾਨ ਹੁੰਦੇ ਐ! ਸਰਬਉਚ ਅਦਾਲਤ ਲਈ 'ਥ੍ਰੀ ਚੀਅਰਜ਼! ਹਿੱਪ ਹਿੱਪ ਹੁਰਰੇ!!

## ਕਾਵਿ-ਕਿਆਰੀ

### ਬੇਗਮ ਪੁਰੇ ਦੀ ਆਵਾਜ਼

ਮੈਂ ਕਦੇ ਨਹੀਂ ਕਿਹਾ,
ਨਫਰਤਾਂ ਫੈਲਾਉਣ ਲਈ,
ਬਸਤੀਆਂ ਜਲਾਉਣ ਲਈ,
ਅੱਗਾਂ ਭੜਕਾਉਣ ਲਈ,
ਹਥਿਆਰ ਚਲਾਉਣ ਲਈ,
ਰਾਜਨੀਤੀ ਚਮਕਾਉਣ ਲਈ,
ਰੇਲਾਂ ਗੱਡੀਆਂ ਪਲਟਾਉਣ ਲਈ,
ਧਮੱਚੜ ਮਚਾਉਣ ਲਈ,
ਬਲਦੀ 'ਤੇ ਤੇਲ ਪਾਉਣ ਲਈ।

ਮੈਂ ਦਿੱਤੀ ਸੀ ਵਿਰਸੇ ਵਿਚ,
ਰੰਬੀ ਆਰ ਸੁੰਬਾ ਸੂਈ ਧਾਗਾ ਡੋਰੀ,
ਤੁੰਬ੍ਹਾਂ ਟਾਂਕੇ ਲਗਾਉਣ ਲਈ,
ਡਿੱਗਿਆਂ ਨੂੰ ਉਠਾਉਣ ਲਈ,
ਰੁੱਸਿਆਂ ਨੂੰ ਮਨਾਉਣ ਲਈ,
ਪਛੜਿਆਂ ਨੂੰ ਗਲ ਲਾਉਣ ਲਈ,
ਭੁੱਲਾਂ ਬਖ਼ਸ਼ਣ ਬਖ਼ਸ਼ਾਉਣ ਲਈ,
ਸਹਿਣਸ਼ੀਲਤਾ ਦਿਖਾਉਣ ਲਈ,
ਪਾਟੇ ਲੰਗਾਰ ਸਿਉਣ ਲਈ,
ਕੁੜੱਤਣ ਪਾੜੇ ਮਿਟਾਉਣ ਲਈ।

ਜ਼ੁਲਮ ਜਬਰ ਔਜ਼ਾਰ ਮੇਰੇ ਨਹੀਂ,
ਮਾਰ-ਧਾੜ ਹਿੰਸਾ ਨਹੀਂ ਮੇਰਾ ਦਸਤੂਰ,
ਬੰਦੂਕ ਪਿਸਟਲ ਦੇ ਪੁੱਤ ਮੇਰੇ ਨਹੀਂ।
ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ,

ਨੈਤਿਕਤਾ ਸਦਾਚਾਰ ਭਾਈਚਾਰਾ,
ਮੇਰਾ ਵਜੂਦ ਅਸਤਿਤਵ ਸੰਕਲਪ,
ਨਹੀਂ ਵੰਡੀਆਂ ਪਾਉਂਦਾ ਸ਼ਬਦਾਂ ਵਿਚ।

ਗੁਰੂ ਗ੍ਰੰਥ ਦਾ ਹਿੱਸਾ ਹਾਂ ਰੂਹ ਹਾਂ,
ਸੱਜੀ ਬਾਂਹ, ਉਂਗਲ ਹਾਂ ਪੋਟਾ ਹਾਂ ਮੈਂ,
ਬਰਾਬਰ ਦਾ ਰੁਤਬਾ ਮੇਰਾ,
ਕਿਸੇ ਤੋਂ ਨਹੀਂ ਮੈਂ ਛੋਟਾ।

ਪਾੜਦਾ ਸਾੜਦਾ ਗ੍ਰੰਥ ਸਾਹਿਬ ਅੰਗ ਕੋਈ,
ਹਿਰਦਾ ਲੀਰੋ ਲੀਰ ਹੁੰਦਾ,
ਜਿਸਮ ਚੂੰਡਿਆ ਜਾਂਦਾ ਮੇਰਾ,
ਚੀਸ ਤਰਾਟ ਦਰਦ ਹੁੰਦਾ ਹੈ ਮੈਨੂੰ।
ਝੁਲਸ ਜਾਂਦੇ ਨੇ ਹੱਥ ਪੈਰ ਮੇਰੇ।
ਸੇਕ ਲਗਦਾ ਹੈ ਮੈਨੂੰ।

ਨਾ ਕੰਧਾਂ ਵਖਰੇਵੇਂ ਖਾਈਆਂ ਪਾਵੇ ਕੋਈ,
ਪਹਿਚਾਣ ਬਣਾਓ ਆਪਣੀ ਹੋਂਦ ਪਰ,
ਨਾ ਜ਼ਖ਼ਮੀ ਕਰੋ ਪਾੜ ਕੇ ਪਵਿੱਤਰ ਦੇਹ,
ਮੇਰਾ ਤਨ ਬਦਨ ਵਰਕੇ।

ਮੈਂ ਕਦੇ ਵੀ ਨੀਚ ਪਤਿਤ ਨਹੀਂ ਬਣਿਆ,
ਮੇਰਾ ਰੁਤਬਾ ਉੱਚਾ ਹੈ ਉਚੇਰਾ ਰਹੇਗਾ।

ਨਾ ਨੀਵਾਂ ਦਿਖਾਓ ਮੇਰਾ ਫ਼ਲਸਫ਼ਾ,
ਨਾ ਛੁਟਿਆਓ ਮੇਰਾ ਦਰਸ਼ਨ,
ਜਾਇਦਾਦਾਂ ਜਲਾ ਕੇ, ਖ਼ੂਨ ਵਹਾ ਕੇ,
ਸਮਾਜ ਅਮਨ ਦਾਅ 'ਤੇ ਲਗਾ ਕੇ।
ਨਾ ਪਲੀਤ ਕਰੋ ਮੇਰਾ ਚਿੰਤਨ ਮੁੱਦਾ।

ਅਪਣਾਓ ਮਸ਼ਾਲਾਂ ਬਸੰਤਰ,
ਹਨੇਰੇ ਮਨ ਰੁਸ਼ਨਾਉਣ ਲਈ,
ਮਿੱਠੇ ਸ਼ਬਦ ਸੁਰਮੇਲ ਵਧਾਉਣ ਲਈ।

ਸ਼ਿੰਗਾਰੋ ਸੁੰਦਰ ਪੁਨੀਤ ਕੁਟੀਆ ਮੇਰੀ,
ਸਾਂਤੀ ਭਰਪੂਰ ਚਿਤਵੀ ਫੁਲਵਾੜੀ.
ਰਹਿਮ ਕਰੋ ਮੇਰੇ ਸਿਧਾਂਤ 'ਤੇ,
ਨਾ ਤੋੜੋ ਮਰਯਾਦਾ ਮੇਰੀ।

ਰਹਿਣ ਦਿਓ ਮੈਨੂੰ ਮੇਰੀ ਮੌਲਿਕ ਜਗ੍ਹਾ,
ਅਗੰਮੀ ਨਾਦ ਵਿਸਮਾਦ ਵਾਲੇ,
ਮੇਰੇ ਬੇ-ਗਮ ਬੇਫ਼ਿਕਰ,
ਬੇਗਮ ਪੁਰੇ ਵਿਚ 'ਪੰਨੂ' ਪ੍ਰੀਤਮ ਗੋਚਰੇ।

***-ਚਰਨਜੀਤ ਸਿੰਘ ਪੰਨੂ ਕੈਲੀਫੋਰਨੀਆ***
***(ਮਈ 2009, ਆਸਟਰੀਆ ਕਾਂਡ ਵਿਚ ਦੇਸ਼ੀਂ ਵਿਦੇਸ਼ੀਂ ਭੜਕੇ ਫ਼ਸਾਦਾਂ ਤੋਂ ਪ੍ਰਭਾਵਿਤ)***

### ਰਾਹੀਂ ਉੱਗੇ ਕਿੱਲ

ਇਹ ਕਿੱਲ ਬੀਜੇਂ ਜੋ ਰਾਹਾਂ ਵਿਚ,
ਕਿਤੇ ਖੁਦ ਦੇ ਪੈਰੀਂ ਨਾ ਠੁਕ ਜਾਵਣ।

ਭਾਜੜ ਪੈ ਜਾਏ ਦਲ ਆਪਣੇ ਨੂੰ,
ਕਿਤੇ ਕਦਮ ਅਗਾਂਹ ਨੂੰ ਰੁਕ ਜਾਵਣ।

ਲਾਵੇਂ ਬੇਰੀਆਂ ਤੂੰ ਡੰਡੀਆਂ ਦੇ ਕੰਨੀਂ,
ਰਿਸਦੇ ਪੈਰ ਹੋ ਊਠ ਦੇ ਨਾ ਬੁੱਲ੍ਹ ਜਾਵਣ।

ਵਾੜਾਂ ਕਿੱਕਰ ਦੇ ਛਾਪਿਆਂ ਦੀਆਂ,
ਕਿਤੇ ਹਨ੍ਹੇਰੀਆਂ ਝੱਖੜ ਨ ਝੁੱਲ ਜਾਵਣ।

ਆਪਣੇ ਹੀ ਆਪਣਿਆਂ ਦੇ ਵੈਰੀ,
ਜੇ ਮਰਨ ਮਰਵਾਉਣ 'ਤੇ ਤੁੱਲ ਜਾਵਣ।

ਹਾਅ ਪੈਂਦੀ ਹੈ ਫਿਰ ਮਜ਼ਲੂਮਾਂ ਦੀ,
ਤਖਤ-ਏ-ਤਾਜ ਫਿਰ ਝੱਟ ਰੁਲ਼ ਜਾਵਣ।

ਸਿਰ ਨਸ਼ਾ ਹੈ ਹਕੂਮਤ ਦਾ ਚੜ੍ਹਿਆ,
ਕਿਉਂ ਰੰਗ ਲਾਲ ਲਹੂ ਦਾ ਭੁੱਲ ਜਾਵਣ?

ਇਤਿਹਾਸ ਦੁਹਰਾਉਂਦਾ ਹੈ ਆਇਆ,
ਮਤਾਂ ਵਿਚ ਹੰਕਾਰਾਂ ਹੋ ਫੁੱਲ ਜਾਵਣ।

ਸੂਰਜ ਸਿਖਰਾਂ 'ਤੇ ਨਾ ਹਮੇਸ਼ ਰਹੂ,
ਦਰਬਾਰਾਂ ਦੇ ਦੀਵੇ ਨਾ ਹੋ ਗੁੱਲ ਜਾਵਣ।

***-ਸੇਵਾ ਸਿੰਘ "ਨੂਰਪੁਰੀ "***

# ਮਨੀਪੁਰ ਦੇ ਹਾਲਾਤ ਅਤੇ ਉੱਤਰ ਪੂਰਬ ਦੀ ਸਿਆਸਤ

ਮਨੀਪੁਰ ਵਿਚ ਪਿਛਲੇ ਨੌਂ ਮਹੀਨਿਆਂ ਤੋਂ ਖ਼ਾਨਾਜੰਗੀ ਵਰਗੇ ਹਾਲਾਤ ਹਨ। 24 ਜਨਵਰੀ ਨੂੰ ਇੰਫਾਲ ਦੇ ਇਤਿਹਾਸਕ ਕਾਂਗਲਾ ਕਿਲ੍ਹੇ ਵਿਚ ਪਾਬੰਦੀਸ਼ੁਦਾ ਮੈਤੇਈ ਅਤਿਵਾਦੀ ਜਥੇਬੰਦੀ ਅਰਾਮਬਾਈ ਤੈਂਗੋਲ ਨੇ 36 ਮੈਤੇਈ ਵਿਧਾਇਕਾਂ ਨੂੰ ਕੁਕੀ ਭਾਈਚਾਰੇ ਖ਼ਿਲਾਫ਼ ਭੁਗਤਣ ਅਤੇ ਮੈਤੇਈ ਹਿੱਤਾਂ ਦੀ ਰਾਖੀ ਕਰਨ ਦਾ ਵਚਨ ਦਿਵਾਇਆ ਸੀ। ਸੂਬਾਈ ਅਤੇ ਕੇਂਦਰੀ ਲੀਡਰਸ਼ਿਪ ਨੇ ਵੰਡਪਾਊ ਅੱਗ ਹੋਰ ਮਘਾ ਦਿੱਤੀ ਹੈ। ਮਿਆਂਮਾਰ ਵਿਚ ਚੱਲ ਰਹੀ ਖ਼ਾਨਾਜੰਗੀ ਦਾ ਅਸਰ ਨਾ ਕੇਵਲ ਮਨੀਪੁਰ ਸਗੋਂ ਮਿਜ਼ੋਰਮ ਅਤੇ ਨਾਗਾਲੈਂਡ ਵਿਚ ਵੀ ਹੋ ਰਿਹਾ ਹੈ ਜਿਸ ਕਰ ਕੇ ਮਨੀਪੁਰ ਦੇ ਅਸਲ੍ਹਾਖ਼ਾਨਿਆਂ 'ਚੋਂ ਲੁੱਟੇ ਕਰੀਬ ਛੇ ਹਜ਼ਾਰ ਹਥਿਆਰਾਂ ਦੇ ਤੱਥਾਂ ਦੇ ਮੱਦੇਨਜ਼ਰ ਸਮੁੱਚੇ ਉੱਤਰ-ਪੂਰਬ ਵਿਚ ਅਤਿਵਾਦ

**ਮੇਜਰ ਜਨਰਲ ਅਸ਼ੋਕ ਕੇ. ਮਹਿਤਾ (ਸੇਵਾਮੁਕਤ)**

ਪਹਿਲਾਂ ਨਾਲੋਂ ਵੀ ਤਿੱਖੇ ਰੂਪ ਵਿਚ ਫੈਲਣ ਦਾ ਖ਼ਤਰਾ ਹੈ। ਸਭ ਤੋਂ ਵੱਧ ਚਿੰਤਾ 2015 ਦੇ ਸ਼ਾਂਤੀ ਵਾਰਤਾ ਚੌਖਟੇ (ਐਫ.ਏ.) ਉਪਰ ਨੈਸ਼ਨਲ ਸੋਸ਼ਲਿਸਟ ਕੌਂਸਲ ਆਫ ਨਾਗਾਲੈਂਡ-ਇਸਾਕ ਮੁਈਵਾਹ (ਐੱਨ.ਐੱਸ.ਸੀ.ਐੱਨ.-ਆਈ.ਐੱਮ.) ਦੀ ਰਣਨੀਤਕ ਖ਼ਾਮੋਸ਼ੀ ਬਾਰੇ ਹੈ।

ਨਾਗਾਲੈਂਡ ਦੇ ਮੁੱਖ ਮੰਤਰੀ ਨਾਇਫੂ ਰੀਓ ਨੇ ਮਿਜ਼ੋਰਮ ਵਿਚ ਆਪਣੇ ਹਮਰੁਤਬਾ ਵਾਂਗ ਸਰਹੱਦ 'ਤੇ ਕੰਡਿਆਲੀ ਵਾੜ ਲਾਉਣ ਦੀ ਕੇਂਦਰ ਸਰਕਾਰ ਦੀ ਤਜਵੀਜ਼ ਰੱਦ ਕਰ ਦਿੱਤੀ ਹੈ; ਨਾਲ ਹੀ 2018 ਵਿਚ ਮਿਆਂਮਾਰ ਸਰਕਾਰ ਨਾਲ ਮਿਲ ਕੇ ਲਾਗੂ ਖੁੱਲ੍ਹੀ ਆਮਦੋ-ਰਫ਼ਤ ਦਾ ਪ੍ਰਬੰਧ (ਐਫ.ਐਮ.ਆਰ.) ਵੀ ਭੰਗ ਕਰ ਦਿੱਤਾ ਹੈ। ਨਾਗਾਲੈਂਡ ਦੀ ਮਿਆਂਮਾਰ ਨਾਲ 215 ਕਿਲੋਮੀਟਰ ਲੰਮੀ ਸਰਹੱਦ ਲਗਦੀ ਹੈ ਅਤੇ ਕੰਡਿਆਲੀ ਤਾਰ ਲਾਉਣ ਨਾਲ ਨੋਕਲਾਕ, ਮੋਨ, ਕਿਫਿਰੇ ਅਤੇ ਫੇਕ ਜ਼ਿਲ੍ਹਿਆਂ ਵਿਚ ਲੋਕ ਆਪੋ ਵਿਚ ਵੰਡੇ ਜਾਣਗੇ। ਖਿਆਮਨੀਊਂਗਨ ਕਬੀਲੇ ਦੇ ਭਾਰਤ ਵਿਚ ਕਰੀਬ 50 ਅਤੇ ਮਿਆਂਮਾਰ ਦੇ ਸਾਗਾਇੰਗ ਖੇਤਰ ਵਿਚ 150 ਪਿੰਡ ਹਨ। ਮਨੀਪੁਰ ਵਿਚ ਨਾਗਿਆਂ ਦੀ ਕਾਫ਼ੀ ਪੈਂਠ ਰਹੀ ਹੈ; ਨਾਗਾ ਬਸਤੀਆਂ ਵਾਲੇ ਪਹਾੜੀ ਜ਼ਿਲ੍ਹਿਆਂ ਉਪਰ ਕੁੱਕੀ ਦਾਅਵਾ ਜਤਾਉਂਦੇ ਹਨ ਹਾਲਾਂਕਿ ਐੱਨ.ਐੱਸ.ਸੀ.ਐੱਨ.-ਆਈ.ਐੱਮ. ਨੇ ਸਵੈ-ਪ੍ਰਸ਼ਾਸਿਤ ਪਹਾੜੀ ਖੇਤਰ ਦੀ ਕੁੱਕੀਆਂ ਦੀ ਮੰਗ ਰੱਦ ਕਰ ਦਿੱਤੀ ਸੀ।

ਸਾਊਥ ਏਸ਼ੀਅਨ ਟੈਰਰਿਜ਼ਮ ਪੋਰਟਲ (ਦਸੰਬਰ 2023) ਮੁਤਾਬਕ ਐੱਨ.ਐੱਸ.ਸੀ.ਐੱਨ.-ਆਈ.ਐੱਮ. ਨਾਲ ਜੁੜੀਆਂ 382 ਹਿੰਸਕ ਵਾਰਦਾਤਾਂ ਵਿਚ 63 ਮੌਤਾਂ ਹੋਈਆਂ ਹਨ। ਦੀਮਾਪੁਰ ਅਤੇ ਅਰੁਣਾਚਲ ਪ੍ਰਦੇਸ਼ ਤੋਂ ਵੀ ਵਾਰਦਾਤਾਂ ਦੀਆਂ ਕੁਝ ਰਿਪੋਰਟਾਂ ਹਨ ਜਿੱਥੇ ਕੁਝ ਖੇਤਰਾਂ ਉਪਰ ਐੱਨ.ਐੱਸ.ਸੀ.ਐੱਨ.-ਆਈ.ਐੱਮ. ਦਾਅਵਾ ਜਤਾਉਂਦੀ ਹੈ। ਪਿਛਲੇ ਸਾਲ 23 ਅਗਸਤ ਨੂੰ ਨਵੀਂ ਦਿੱਲੀ ਵਿਚ ਸਰਕਾਰੀ ਸਾਲਸਕਾਰ ਏਕੇ ਮਿਸ਼ਰਾ ਨਾਲ ਆਖ਼ਿਰੀ ਗੱਲਬਾਤ ਜਿੱਥੇ ਨਾਗਾ ਝੰਡੇ ਬਾਰੇ ਚਰਚਾ ਹੋਈ ਸੀ, ਤੋਂ ਬਾਅਦ ਸ਼ਾਂਤੀ ਵਾਰਤਾ ਠੱਪ ਹੈ। ਐੱਨ.ਐੱਸ.ਸੀ.ਐੱਨ.-ਆਈ.ਐੱਮ. ਨੇ 26 ਅਗਸਤ ਨੂੰ ਖ਼ੁਲਾਸਾ ਕੀਤਾ ਸੀ ਕਿ ਝੰਡੇ ਮੁਤੱਲਕ ਕੋਈ ਫ਼ੈਸਲਾ ਨਹੀਂ ਹੋ ਸਕਿਆ ਅਤੇ ਅਗਾਂਹ ਹੋਰ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ ਜਿਸ ਦਾ ਜ਼ਾਹਿਰਾ ਕਾਰਨ ਇਹ ਨਜ਼ਰ ਆ ਰਿਹਾ ਸੀ ਕਿ ਮਿਸ਼ਰਾ ਨੂੰ ਕੁੱਕੀ ਅਤੇ ਮੈਤੇਈ ਗਰੁੱਪਾਂ ਨਾਲ ਗੱਲਬਾਤ ਲਈ ਮਨੀਪੁਰ ਭੇਜਣ ਕਰ ਕੇ ਇਹ ਵਾਰਤਾ ਟੁੱਟ ਗਈ ਸੀ।

ਐੱਨ.ਐੱਸ.ਸੀ.ਐੱਨ.-ਆਈ.ਐੱਮ. 1997 ਤੋਂ ਗੋਲੀਬੰਦੀ ਦਾ ਪਾਲਣ ਕਰ ਰਹੀ ਹੈ ਅਤੇ ਕਾਫ਼ੀ ਧੂਮ-ਧੜੱਕੇ ਨਾਲ ਸ਼ਾਂਤੀ ਵਾਰਤਾ ਚੌਖਟਾ ਸਮਝੌਤਾ ਸਹੀਬੰਦ ਹੋਣ ਤੋਂ ਬਾਅਦ ਹੁਣ ਤੱਕ ਗੱਲਬਾਤ ਦੇ 80 ਪੜਾਅ ਪੂਰੇ ਹੋ ਚੁੱਕੇ ਹਨ। ਉਸ ਤੋਂ ਬਾਅਦ ਦੋ ਵਿਸ਼ੇਸ਼ ਦੂਤਾਂ ਨਾਲ ਵਾਰਤਾ ਦੇ ਕਈ ਗੇੜ ਹੋ ਚੁੱਕੇ ਹਨ; ਇਨ੍ਹਾਂ 'ਚੋਂ ਇਕ ਆਰਐੱਨ ਰਵੀ ਨੂੰ ਬਾਅਦ ਵਿਚ ਨਾਗਾਲੈਂਡ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਅਤੇ ਨਾਲ ਹੀ ਉਹ ਸਾਲਸਕਾਰ ਦੀ ਭੂਮਿਕਾ ਵੀ ਨਿਭਾ ਰਹੇ ਸਨ। ਰਾਜਪਾਲ ਦੀ ਹੈਸੀਅਤ ਵਿਚ ਰਵੀ ਨੇ ਕਈ ਨੁਸਖ਼ੇ ਵੀ ਸੁਝਾਏ ਸਨ। ਉਨ੍ਹਾਂ ਆਪਣੇ ਤੌਰ 'ਤੇ ਸੱਤ ਪਾਰਟੀਆਂ ਦੇ



ਨਾਗਾ ਨੈਸ਼ਨਲ ਪੁਲਿਟੀਕਲ ਗਰੁਪ (ਐੱਨ.ਐੱਨ.ਪੀ.ਜੀ.) ਨੂੰ ਵੀ ਧਿਰ ਬਣਾ ਲਿਆ ਸੀ ਹਾਲਾਂਕਿ ਇਹ ਸ਼ਾਂਤੀ ਸਮਝੌਤਾ ਸਿਰਫ਼ ਐੱਨ.ਐੱਸ.ਸੀ.ਐੱਨ.-ਆਈ.ਐੱਮ. ਨਾਲ ਸਹੀਬੰਦ ਹੋਇਆ ਸੀ।

ਸ਼ਾਂਤੀ ਵਾਰਤਾ ਚੌਖਟੇ ਦੀ ਵੱਡੀ ਸਮੱਸਿਆ ਇਹ ਹੈ ਕਿ ਇਸ ਦੇ ਖਰੜੇ ਵਿਚ ਕਾਫ਼ੀ ਅਸਪੱਸ਼ਟਤਾ ਹੈ। 2017 ਵਿਚ ਗੱਲਬਾਤ ਵਿਚ ਪੇਸ਼ਕਦਮੀ ਮੁਤੱਲਕ ਸਹਿਮਤੀ ਬਣੀ ਸੀ। ਇਸ ਨੂੰ ਗੁਪਤ ਰੱਖਿਆ ਹੋਇਆ ਹੈ। ਪਿਛਲੇ ਸਾਲ 14 ਜਨਵਰੀ ਨੂੰ ਐੱਨ.ਐੱਸ.ਸੀ.ਐੱਨ.-ਆਈ.ਐੱਮ. ਅਤੇ ਐੱਨ.ਐੱਨ.ਪੀ.ਜੀ. ਨੇ ਸਮਝੌਤਾ ਸਹੀਬੰਦ ਕਰ ਕੇ ਸ਼ਾਂਤੀ ਵਾਰਤਾ ਚੌਖਟੇ ਨੂੰ ਸਿਰੇ ਚਾੜ੍ਹਨ ਲਈ ਮਿਲ ਕੇ ਕੰਮ ਕਰਨ ਦਾ ਅਹਿਦ ਲਿਆ ਸੀ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 20 ਫਰਵਰੀ ਨੂੰ ਐਲਾਨ ਕੀਤਾ ਸੀ- "ਸਾਡਾ ਉਦੇਸ਼ ਸ਼ਾਂਤੀ ਵਾਰਤਾ ਸਫਲ ਬਣਾਉਣ ਅਤੇ ਨਾਗਾ ਸਿਆਸੀ ਸਮੱਸਿਆਵਾਂ ਨੂੰ ਤੇਜ਼ੀ ਨਾਲ ਹੱਲ ਕਰਨ ਦਾ ਹੈ" ਪਰ ਤੱਥ ਇਹ ਹੈ ਕਿ ਐੱਨ.ਐੱਸ.ਸੀ.ਐੱਨ.-ਆਈ.ਐੱਮ. ਦੀ ਵੱਖਰੇ ਝੰਡੇ ਅਤੇ ਵਿਧਾਨ ਦੀ ਮੰਗ 'ਤੇ ਗੱਲਬਾਤ ਰੁਕਣਾ ਕਿਸੇ ਤੋਂ ਲੁਕੀ ਨਹੀਂ। ਇਸ ਤੋਂ ਪਹਿਲਾਂ ਪਿਛਲੇ ਸਾਲ 8 ਜਨਵਰੀ ਨੂੰ ਐੱਨ.ਐੱਸ.ਸੀ.ਐੱਨ.-ਆਈ.ਐੱਮ. ਦੇ ਜਨਰਲ ਸਕੱਤਰ ਤੁੰਗਲੈਂਗ ਮੁਈਵਾਹ ਨੇ ਆਪਣੀ ਸਿਹਤ ਖ਼ਰਾਬ ਹੋਣ ਕਰ ਕੇ ਜਥੇਬੰਦੀ ਦੇ ਫ਼ੌਜੀ ਵਿੰਗ ਦੇ ਸਾਬਕਾ ਮੁਖੀ ਅਤੇ ਲੋਕ ਗਣਰਾਜ ਨਾਗਾਲਿਮ ਦੇ ਉਪ ਪ੍ਰਧਾਨ ਮੰਤਰੀ ਲੈਫਟੀਨੈਂਟ ਜਨਰਲ ਵੀ.ਐੱਸ. ਐਤਮ ਨੂੰ ਆਪਣਾ ਉੱਤਰਾਧਿਕਾਰੀ ਥਾਪ ਦਿੱਤਾ ਸੀ। ਮੁਈਵਾਹ ਵਾਂਗ ਐਤਮ ਤੰਗਖੁਲ ਨਾਗਾ ਕਬੀਲੇ ਨਾਲ ਜੁੜੇ ਹੋਏ ਹਨ ਜਿਸ ਦੀ ਨਾਗਾਲੈਂਡ ਅਤੇ ਮਨੀਪੁਰ ਦੇ ਉਖਰੁਲ ਜ਼ਿਲ੍ਹੇ ਵਿਚ ਬਹੁਗਿਣਤੀ ਹੈ।

14 ਅਗਸਤ (ਨਾਗਾ ਸੁਤੰਤਰਤਾ ਦਿਵਸ) ਵਾਲੇ ਦਿਨ ਮੁਈਵਾਹ ਨੇ ਆਖਿਆ- "ਝੰਡੇ ਅਤੇ ਵਿਧਾਨ ਸੁਭਾਵਿਕ ਤੌਰ 'ਤੇ ਪ੍ਰਭੂਸੱਤਾ ਦਾ ਅਟੁੱਟ ਅੰਗ ਹਨ। ਇਸ ਨੂੰ ਭਾਰਤ ਵੀ ਸਮਝਦਾ ਹੈ। ਇਸ ਨੂੰ ਲੈ ਕੇ ਕੋਈ ਭਰਮ ਭੁਲੇਖਾ ਨਹੀਂ।" ਉਨ੍ਹਾਂ ਇਹ ਵੀ ਆਖਿਆ ਕਿ ਸਾਰੇ ਨਾਗਾ ਖੇਤਰਾਂ ਦੇ ਏਕੀਕਰਨ ਨੂੰ ਕੇਂਦਰ ਨੇ ਪ੍ਰਵਾਨ ਕੀਤਾ ਹੈ ਅਤੇ ਇਸ ਨੂੰ ਛੇਤੀ ਹੀ ਅੰਤਿਮ ਰੂਪ ਦਿੱਤਾ ਜਾਵੇਗਾ। ਸਰਕਾਰ ਨੇ ਐੱਨ.ਐੱਸ.ਸੀ.ਐੱਨ.-ਆਈ.ਐੱਮ. ਦੇ ਬਿਆਨਾਂ ਦਾ ਜਨਤਕ ਤੌਰ 'ਤੇ ਕੋਈ ਖੰਡਨ ਨਹੀਂ ਕੀਤਾ। 10 ਅਕਤੂਬਰ ਨੂੰ ਲੈਫ. ਜਨਰਲ ਐਤਮ ਨੇ ਸਰਕਾਰ 'ਤੇ ਇਨ੍ਹਾਂ ਦੋਵੇਂ ਮੁੱਦਿਆਂ ਤੋਂ ਪੱਲਾ ਛੁਡਾਉਣ ਦਾ ਦੋਸ਼ ਲਾਇਆ ਅਤੇ ਨਿਸ਼ਚੇ ਨਾਲ ਆਖਿਆ ਕਿ ਝੰਡਾ ਅਤੇ ਵਿਧਾਨ ਕਦੇ ਛੱਡਿਆ ਨਹੀਂ ਜਾਵੇਗਾ ਕਿਉਂਕਿ ਇਹ ਨਾਗਾ ਲੋਕਾਂ ਦੇ ਪ੍ਰਭੂਸੱਤਾ ਸੰਪੰਨ ਹੱਕ ਹਨ ਤੇ ਸ਼ਾਂਤੀ ਸਮਝੌਤੇ ਦੇ ਚੌਖਟੇ ਵਿਚ ਵੀ ਇਨ੍ਹਾਂ ਨੂੰ ਮਾਨਤਾ ਦਿੱਤੀ ਗਈ ਹੈ।

ਜਦੋਂ ਵੀ ਗੱਲਬਾਤ ਦੁਬਾਰਾ ਸ਼ੁਰੂ ਹੋਵੇਗੀ ਤਾਂ ਜਿਹੜੇ ਦੋ ਹੋਰ ਮੁੱਦਿਆਂ ਕਰ ਕੇ ਹੋਰ ਜ਼ਿਆਦਾ ਜਟਿਲ ਹੋ ਜਾਵੇਗੀ, ਉਹ ਹਨ ਕੁੱਕੀਆਂ ਦੀ ਆਪਣੇ ਨਕਸ਼ੇ ਦੀ ਮੰਗ ਜੋ 17 ਅਗਸਤ ਨੂੰ ਏਕੇ ਮਿਸ਼ਰਾ ਨੂੰ ਸੌਂਪੀ ਗਈ ਸੀ। ਕੁੱਕੀ ਰਾਜ ਦੇ ਨਕਸ਼ੇ ਵਿਚ ਮਨੀਪੁਰ ਵਿਚ ਸੈਨਾਪਤੀ, ਚੰਦੇਲ, ਉਖਰੁਲ ਅਤੇ ਤਾਮੇਂਗਲੌਂਗ ਜ਼ਿਲ੍ਹਿਆਂ ਦੇ ਜ਼ਿਆਦਾਤਰ ਨਾਗਾ ਬਹੁਗਿਣਤੀ ਵਾਲੇ ਖੇਤਰ ਆਉਂਦੇ ਹਨ। ਇਸ 'ਤੇ ਯੂਨਾਈਟਡ ਨਾਗਾ ਕੌਂਸਲ ਨੇ ਸਖ਼ਤ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਆਖਿਆ ਸੀ ਕਿ ਇਸ ਮੰਗ ਨਾਲ ਮਨੀਪੁਰ ਵਿਚ ਨਾਗਾ ਲੋਕਾਂ ਦੇ ਹੱਕਾਂ ਅਤੇ ਨਾਗਾਲਿਮ ਦੇ ਨਕਸ਼ੇ ਲਈ ਖ਼ਤਰਾ ਪੈਦਾ ਹੋ ਸਕਦਾ ਹੈ। ਦੂਜੀ ਸਮੱਸਿਆ ਪੂਰਬੀ ਨਾਗਾ ਖੇਤਰ ਨਾਲ ਜੁੜੀ ਹੈ ਜਿਸ ਵਿਚ ਕਿਫਿਰੇ, ਲੌਂਗਲੇਂਗ, ਮੋਨ, ਨੋਕਲਾਕ, ਸ਼ਾਮਾਟੋਰ ਅਤੇ ਤਿਊਂਸੰਗ ਜ਼ਿਲ੍ਹੇ ਪੈਂਦੇ ਹਨ ਅਤੇ ਨਾਗਾਲੈਂਡ ਅਸੈਂਬਲੀ ਦੀਆਂ 60 ਵਿਚੋਂ 20 ਸੀਟਾਂ ਆਉਂਦੀਆਂ ਹਨ। ਈਸਟਰਨ ਨਾਗਾ ਪੀਪਲਜ਼ ਆਰਗੇਨਾਈਜ਼ੇਸ਼ਨ ਵੱਖਰੇ ਰਾਜ ਦੀ ਮੰਗ ਕਰ ਰਹੀ ਹੈ। ਲੋਕਾਂ ਦਾ ਗਿਲਾ ਹੈ ਕਿ ਇੱਥੇ ਵਿਕਾਸ ਦੀ ਘਾਟ ਹੈ ਅਤੇ ਇਸ ਨੇ 2010 'ਚ ਪੀ.ਐਮ.ਓ. ਕੋਲ ਵੱਖਰੇ ਰਾਜ ਦੀ ਮੰਗ ਪੇਸ਼ ਕੀਤੀ ਸੀ।

ਸ਼ਾਂਤੀ ਵਾਰਤਾ ਵਿਚ ਖੜੋਤ ਹੈ, ਗੱਲਬਾਤ ਸ਼ੁਰੂ ਹੋਣ ਵਿਚ ਦੇਰ ਹੋ ਰਹੀ ਹੈ, ਇਸ ਦੌਰਾਨ ਮਨੀਪੁਰ ਵਿਚ ਕੁੱਕੀ ਜ਼ੋ ਨਕਸ਼ੇ ਨਾਲ ਜਟਿਲਤਾ ਵਧਣ ਕਾਰਨ ਐੱਨ.ਐੱਸ.ਸੀ.ਐੱਨ.-ਆਈ.ਐੱਮ. ਨੂੰ ਖ਼ਦਸ਼ਾ ਹੈ ਕਿ ਗੱਲਬਾਤ ਲੀਹੋਂ ਲੱਥ ਸਕਦੀ ਹੈ। ਹੁਣ ਜਦੋਂ ਇਸ ਜਥੇਬੰਦੀ ਦੀ ਕਮਾਂਡ ਤੇਜ਼ ਤਰਾਰ ਆਗੂ ਦੇ ਹੱਥਾਂ ਵਿਚ ਹੈ ਅਤੇ ਨਾਗਾ ਸਰਕਾਰ ਤੇ ਲੋਕ ਕੰਡਿਆਲੀ ਵਾੜ ਲਾਉਣ ਦੀ ਤਜਵੀਜ਼ ਅਤੇ ਲੋਕਾਂ ਦੇ ਆਉਣ ਜਾਣ ਦਾ ਪ੍ਰਬੰਧ ਖ਼ਤਮ ਕਰਨ ਤੋਂ ਨਾਰਾਜ਼ ਹਨ ਤਾਂ ਉੱਤਰ ਪੂਰਬ ਵਿਚ ਗਿਣ ਮਿੱਥ ਕੇ ਜਾਂ ਫਿਰ ਸਬੱਬੀਂ ਹੀ ਅਤਿਵਾਦ ਅਤੇ ਬਗ਼ਾਵਤ ਭੜਕਣ ਦਾ ਖ਼ਤਰਾ ਵਧ ਗਿਆ ਹੈ। ਜੇ ਅਰਾਮਬਾਈ ਤੈਂਗੋਲ ਮਨੀਪੁਰ ਦੀ ਅਸੈਂਬਲੀ ਅਤੇ ਮੁੱਖ ਮੰਤਰੀ ਨੂੰ 'ਅਗਵਾ' ਕਰ ਸਕਦੀ ਹੈ ਤਾਂ ਮਨੀਪੁਰ ਦੀ ਤਰਫ਼ੋਂ ਆਉਂਦੀਆਂ ਚੰਗਿਆਈਆਂ ਦੇ ਮੱਦੇਨਜ਼ਰ ਐੱਨ.ਐੱਸ.ਸੀ.ਐੱਨ.-ਆਈ.ਐੱਮ. ਵੀ ਇਹੋ ਜਿਹਾ ਰਾਹ ਅਪਨਾ ਸਕਦੀ ਹੈ।

# ਮਨੀਪੁਰ ਵਿਚ ਕੱਟੜਪੰਥੀ ਉਭਾਰ

ਮਨੀਪੁਰ ਵਿਚ ਬੀਤੇ ਨੌਂ ਮਹੀਨਿਆਂ ਦੌਰਾਨ ਨਿਆਂ ਦਾ ਮਜ਼ਾਕ ਦੇਖਣ ਨੂੰ ਮਿਲਿਆ ਹੈ। ਇਸ ਦੌਰਾਨ ਲੋਕ ਉੱਜੜ ਗਏ, ਅਣਗਿਣਤ ਜਾਨਾਂ ਜਾਂਦੀਆਂ ਰਹੀਆਂ ਅਤੇ ਬਹੁਤ ਸਾਰੀਆਂ ਔਰਤਾਂ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ। ਹਾਲਤ ਇਹ ਹੈ ਕਿ ਅੱਜ ਕਾਂਗਲੇਈਪਾਕ (ਪ੍ਰਾਚੀਨ ਮਨੀਪੁਰ) ਦੇ ਨੱਚਣ ਲਈ ਮਸ਼ਹੂਰ ਹਿਰਨ ਸਾਂਗੇਈ ਦੇ ਵੀ ਹੰਝੂ ਕੇਰਦੇ ਹੋਏ ਵਜੋਂ ਕਲਪਨਾ ਕੀਤੀ ਜਾ ਸਕਦੀ ਹੈ।

ਸੂਬੇ ਵਿਚ ਜਿਸ ਤਰ੍ਹਾਂ ਦੇ ਕੰਮ-ਚਲਾਊ ਢੰਗ ਨਾਲ ਹਾਲਾਤ ਆਮ ਵਰਗੇ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ ਬਹੁਤ ਹੀ ਹੈਰਾਨ ਕਰ ਦੇਣ ਵਾਲੀ ਗੱਲ ਹੈ। ਦੁੱਖ ਦੀ ਗੱਲ ਹੈ ਕਿ ਸੂਬੇ ਵਿਚ ਨਸਲੀ ਪਾੜਾ ਤੇਜ਼ੀ ਨਾਲ ਵਧਦੇ ਜਾਣ ਦੇ

**ਜੈਦੀਪ ਸੈਕੀਆ**

ਬਾਵਜੂਦ ਕੱਟੜਪੰਥੀ ਜਥੇਬੰਦੀ 'ਅਰਾਮਬਾਈ ਤੈਂਗੋਲ' ਨੂੰ ਮਨਮਰਜ਼ੀ ਕਰਨ ਦੀ ਖੁੱਲ੍ਹੀ ਛੋਟ ਦੇ ਦਿੱਤੀ ਗਈ ਹੈ। ਇਹ 'ਭਾਲਾ/ਨੇਜ਼ਾਧਾਰੀ ਘੋੜਸਵਾਰ' ਲੜਾਕੇ ਹਨ ਜੋ ਆਪਣੇ ਆਪ ਨੂੰ ਮੈਤੇਈ ਭਾਈਚਾਰੇ ਦੀ ਸਰਬਉੱਚਤਾ ਦੇ ਰਖਵਾਲਿਆਂ ਵਜੋਂ ਪੇਸ਼ ਕਰਦੇ ਹਨ। ਗਰੁੱਪ ਦੇ ਆਗੂ ਕੋਰੌਂਗਨਬਾ ਖੁਮਾਨ ਨੇ 24 ਜਨਵਰੀ ਨੂੰ ਮਨੀਪੁਰ ਦੇ ਇੰਫਾਲ ਵਾਦੀ ਆਧਾਰਿਤ 37 ਵਿਧਾਇਕਾਂ ਅਤੇ ਦੋ ਸੰਸਦ ਮੈਂਬਰਾਂ ਨੂੰ ਤਲਬ ਕੀਤਾ ਅਤੇ ਉਨ੍ਹਾਂ ਨੂੰ ਮਨੀਪੁਰ (ਕਾਂਗਲੇਈਪਾਕ) ਦੇ ਕਦੀਮੀ ਦੇਵਤਾ ਪਾਖੰਗਬਾ ਅੱਗੇ 'ਮਨੀਪੁਰ ਦੀ ਰਾਖੀ' ਦੀ ਸਹੁੰ ਚੁੱਕਣ ਲਈ ਮਜਬੂਰ ਕੀਤਾ।

ਉੱਤਰ-ਪੂਰਬ ਵਿਚ ਉਂਝ ਇਹ ਕੋਈ ਨਵਾਂ ਵਰਤਾਰਾ ਨਹੀਂ (ਕਿਉਂਕਿ ਆਲ ਅਸਾਮ ਸਟੂਡੈਂਟਸ ਯੂਨੀਅਨ ਆਸੂ ਅਤੇ ਯੂਨਾਈਟਿਡ ਲਿਬਰੇਸ਼ਨ ਫਰੰਟ ਆਫ ਅਸਾਮ ਉਲਫਾ ਨੇ ਆਪਣੀ ਚੜ੍ਹਤ ਦੇ ਦਿਨਾਂ ਦੌਰਾਨ ਇਸੇ ਤਰ੍ਹਾਂ ਦੀ ਮਨਮਰਜ਼ੀ ਦਾ ਮੁਜ਼ਾਹਰਾ ਕੀਤਾ ਸੀ)। ਵਾਦੀ ਵਿਚ ਅਜਿਹੀ ਜਿਹੜੀ ਮਾਰ ਦੇਖਣ ਨੂੰ ਮਿਲ ਰਹੀ ਹੈ, ਉਹ ਬਹੁਤ ਪ੍ਰੇਸ਼ਾਨ ਕਰਨ ਵਾਲੀ ਹੈ। ਖੁਮਾਨ ਵੱਲੋਂ ਤਲਬ ਕੀਤੇ ਗਏ ਲੋਕ ਨੁਮਾਇੰਦਿਆਂ ਉਤੇ ਜਿਹੜੀਆਂ ਕੁਝ ਮੰਗਾਂ ਨਵੀਂ ਦਿੱਲੀ ਤੱਕ ਪਹੁੰਚਾਉਣ ਲਈ ਦਬਾਅ ਪਾਇਆ ਗਿਆ, ਉਨ੍ਹਾਂ ਵਿਚ ਮਨੀਪੁਰ ਵਿਚ ਕੌਮੀ ਨਾਗਰਿਕਤਾ ਰਜਿਸਟਰ (ਐੱਨ.ਆਰ.ਸੀ.) ਕਾਇਮ ਕੀਤਾ ਜਾਣਾ ਅਤੇ ਮਿਆਂਮਾਰ ਨਾਲ ਲੱਗਦੀ ਕੌਮਾਂਤਰੀ ਸਰਹੱਦ ਉਤੇ ਵਾੜ ਲਾਏ ਜਾਣ ਦੀਆਂ ਮੰਗਾਂ ਵੀ ਸ਼ਾਮਲ ਹਨ ਜੋ ਕੁੱਲ ਮਿਲਾ ਕੇ ਵਾਜਿਬ ਜਾਪਦੀਆਂ ਹਨ ਤੇ ਵਾੜ ਵਾਲੀ ਮੰਗ ਇਸ ਦੇ ਬਾਵਜੂਦ ਕਿ 'ਖੁੱਲ੍ਹੀ ਆਵਾਜਾਈ ਨਿਜ਼ਾਮ' ਵਿਚ ਵਿਆਪਕ ਤਬਦੀਲੀਆਂ ਕੀਤੇ ਜਾਣ ਦੀ ਲੋੜ ਹੋਵੇਗੀ। ਇਸ ਦੇ ਬਾਵਜੂਦ ਅਸਾਮ ਰਾਈਫਲਜ਼ ਨੂੰ ਸੂਬੇ ਵਿਚੋਂ ਹਟਾਏ ਜਾਣ, ਕੁਕੀ ਦਹਿਸ਼ਤਗਰਦਾਂ ਨਾਲ ਸਹੀਬੰਦ ਕੀਤੇ ਗਏ ਸਸਪੈਂਸ਼ਨ ਆਫ ਅਪਰੇਸ਼ਨਜ਼ (ਐੱਸ.ਓ.ਓ.) ਸਮਝੌਤੇ ਨੂੰ ਰੱਦ ਕਰਨ ਅਤੇ 'ਗ਼ੈਰ-ਕਾਨੂੰਨੀ' ਪਰਵਾਸੀ ਕੁਕੀ ਲੋਕਾਂ ਨੂੰ ਅਨੁਸੂਚਿਤ ਕਬੀਲੇ ਦੀ ਸੂਚੀ ਤੋਂ ਹਟਾਏ ਜਾਣ ਵਰਗੀਆਂ ਮੰਗਾਂ ਖ਼ਤਰਨਾਕ ਹਨ। ਇਸ ਤੋਂ ਵੀ ਵੱਧ ਇਹ ਤੱਥ ਕਿ ਕਾਂਗਲਾ ਕਿਲ੍ਹੇ ਵਿਚ ਕੀਤੀ ਗਈ ਇਹ ਇਕੱਤਰਤਾ ਕੇਂਦਰ ਸਰਕਾਰ ਦੀ ਤਿੰਨ ਮੈਂਬਰੀ ਟੀਮ ਦੀ ਇੰਫਾਲ ਫੇਰੀ ਤੋਂ ਫ਼ੌਰੀ ਬਾਅਦ ਕੀਤੀ ਗਈ, ਹੋਰ ਵੀ ਨਿਰਾਸ਼ਾਜਨਕ ਹੈ। ਕੁਝ ਜਾਣਕਾਰ ਲੋਕ ਇਹ ਵੀ ਸਵਾਲ ਕਰ ਰਹੇ ਹਨ ਕਿ ਕੀ ਕਾਂਗਲਾ ਇਕੱਤਰਤਾ ਨੂੰ ਕੇਂਦਰ ਸਰਕਾਰ ਦੀ ਸ਼ਹਿ ਹਾਸਲ ਸੀ ਕਿਉਂਕਿ ਸ਼ਾਇਦ ਇਸੇ ਕਾਰਨ ਕੇਂਦਰ ਸਰਕਾਰ ਇਸ ਘਟਨਾ ਤੋਂ ਪਹਿਲਾਂ ਵੀ ਤੇ ਬਾਅਦ ਵਿਚ ਵੀ ਖ਼ਾਮੋਸ਼ ਰਹੀ ਹੈ।

ਕੁਕੀ ਦਹਿਸ਼ਤਗਰਦਾਂ ਨਾਲ ਐੱਸ.ਓ.ਓ. ਸਮਝੌਤਾ ਭਾਵੇਂ ਸਥਾਨਕ ਪ੍ਰਬੰਧ ਦੇ ਰੂਪ ਵਿਚ ਸ਼ੁਰੂ ਕੀਤਾ ਗਿਆ ਸੀ ਪਰ ਇਸ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਵਾਜਬ ਪ੍ਰਕਿਰਿਆ ਅਪਣਾਉਣ ਤੋਂ ਬਾਅਦ 22 ਅਗਸਤ 2008 ਨੂੰ ਰਸਮੀ ਤੌਰ 'ਤੇ ਲਾਗੂ ਕਰ ਦਿੱਤਾ ਸੀ। ਸੂਬੇ ਵਿਚ 3 ਮਈ 2023 ਦੀਆਂ ਘਟਨਾਵਾਂ ਤੋਂ ਬਾਅਦ ਮੈਤੇਈਆਂ ਤੇ ਕੁਕੀਆਂ ਦਰਮਿਆਨ ਹਿੰਸਕ ਟਕਰਾਅ ਸ਼ੁਰੂ ਹੋ ਗਏ। ਐੱਸ.ਓ.ਓ. ਢਾਂਚੇ ਵਿਚ ਕਈ ਖ਼ਾਮੀਆਂ ਹੋ ਸਕਦੀਆਂ ਹਨ ਜਿਨ੍ਹਾਂ ਵਿਚ ਇਹ ਹਕੀਕਤ ਵੀ ਕਿ ਜਿਹੜੇ ਹਥਿਆਰ ਹੁਣ ਮੈਤੇਈ ਭਾਈਚਾਰੇ ਤੇ ਸਲਾਮਤੀ ਦਸਤਿਆਂ ਖ਼ਿਲਾਫ਼ ਵਰਤੇ ਜਾ ਰਹੇ ਹਨ,




ਉਹ ਸਮਝੌਤੇ ਸਮੇਂ ਦਹਿਸ਼ਤੀ ਜਥੇਬੰਦੀਆਂ ਨੂੰ ਆਪਣੇ ਕੋਲ ਰੱਖਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ। ਇਸ ਪ੍ਰਵਾਨ ਨਾ ਕੀਤੀ ਜਾ ਸਕਣ ਵਾਲੀ ਕਾਰਵਾਈ ਲਈ ਕੇਂਦਰ ਸਰਕਾਰ ਨੂੰ ਜਵਾਬ ਦੇਣਾ ਹੋਵੇਗਾ। ਉਂਝ ਉੱਤਰ-ਪੂਰਬ ਵਿਚ ਲੜਾਕੇ ਗਰੁੱਪਾਂ ਨਾਲ ਦੁਸ਼ਮਣੀਆਂ ਖ਼ਤਮ ਕਰਨ ਲਈ ਕੀਤੇ ਗਏ ਸਮਝੌਤਿਆਂ ਦਾ ਇਤਿਹਾਸ ਦੱਸਦਾ ਹੈ ਕਿ ਬਹੁਤੇ ਮਾਮਲਿਆਂ ਵਿਚ ਗ਼ੈਰ-ਕਾਨੂੰਨੀ ਹਥਿਆਰ ਰੱਖਣ ਦੀ ਇਜਾਜ਼ਤ ਦਿੱਤੀ ਜਾਂਦੀ ਰਹੀ ਹੈ। ਅਸਾਮ ਵਿਚ ਸਾਬਕਾ ਬੋਡੋ ਲਿਬਰੇਸ਼ਨ ਟਾਈਗਰਜ਼ ਨੂੰ ਵੀ ਅਜਿਹੀਆਂ ਛੋਟਾਂ ਦਿੱਤੀਆਂ ਗਈਆਂ ਸਨ।

ਇਹ ਵੀ ਸੱਚ ਹੈ ਕਿ ਜੇ ਕੁਕੀਆਂ ਨੂੰ ਹਥਿਆਰ ਰੱਖਣ ਦੀ ਇਜਾਜ਼ਤ ਦਿੱਤੀ ਗਈ ਤਾਂ ਦੂਜੇ ਪਾਸੇ ਅਰਾਮਬਾਈ ਤੈਂਗੋਲ ਅਤੇ ਦੂਜੇ ਮੈਤੇਈ ਗਰੁੱਪਾਂ ਨੇ 3 ਮਈ ਤੋਂ ਬਾਅਦ ਬਿਨਾਂ ਕਿਸੇ ਰੋਕ-ਟੋਕ ਦੇ ਪੁਲੀਸ ਅਸਲਾਖ਼ਾਨੇ ਲੁੱਟ ਲਏ। ਦਰਅਸਲ ਇਹੋ ਉਹ ਹਥਿਆਰ ਹਨ ਜਿਹੜੇ ਕੁਕੀਆਂ ਨੂੰ ਡਰਾਉਣ-ਧਮਕਾਉਣ, ਕੱਟਣ-ਵੱਢਣ ਤੇ ਮਾਰ ਮੁਕਾਉਣ ਲਈ ਵਰਤੇ ਜਾ ਰਹੇ ਹਨ।

ਇਸ ਸਭ ਕਾਸੇ ਦੇ ਮੱਦੇਨਜ਼ਰ ਸੂਬੇ ਵਿਚ ਸੰਵਾਦ ਦੇ ਅਮਲ ਦੀ ਸਖ਼ਤ ਲੋੜ ਹੈ, ਭਾਵੇਂ ਇਹ ਹਿੰਸਾ ਵਿਚ ਬਹੁਤ ਮਾਮੂਲੀ ਜਿਹੀ ਕਮੀ ਵੀ ਕਰਦਾ ਹੋਵੇ। ਇਸ ਲਈ ਬਹੁਤ ਜ਼ਰੂਰੀ ਹੈ ਕਿ ਨਵੀਂ ਦਿੱਲੀ ਨੂੰ ਉਸ ਢਾਂਚੇ ਭਾਵ ਐੱਸ.ਓ.ਓ. ਸਮਝੌਤੇ ਨੂੰ ਖ਼ਤਮ ਕਰਨ ਬਾਰੇ ਸੋਚਣਾ ਵੀ ਨਹੀਂ ਚਾਹੀਦਾ ਜਿਹੜਾ ਬੀਤੇ 15 ਸਾਲਾਂ ਤੋਂ ਚੱਲ ਰਿਹਾ ਹੈ। ਅਜਿਹੇ ਸਮਝੌਤੇ ਦੀ ਮਜ਼ਬੂਤੀ ਵਿਚ ਵਾਰਤਾਵਾਂ, ਮਹਾਨ ਕੋਸ਼ਿਸ਼ਾਂ ਅਤੇ ਦੂਰੀਆਂ ਮੇਟਣ ਦੀਆਂ ਕਾਰਵਾਈਆਂ ਨੇ ਅਹਿਮ ਭੂਮਿਕਾ ਨਿਭਾਈ ਹੈ। ਪ੍ਰਕਿਰਿਆ ਵਿਚ ਲੋੜ ਅਨੁਸਾਰ ਤਬਦੀਲੀਆਂ ਰਾਹੀਂ ਕਾਨੂੰਨ ਦੇ ਸ਼ਾਸਨ ਨੂੰ ਸੇਧ ਦਿੱਤੀ ਜਾ ਸਕਦੀ ਹੈ। ਇਸ ਲਈ ਐੱਸ.ਓ.ਓ. ਦੇ ਜ਼ਮੀਨੀ ਨਿਯਮਾਂ ਨੂੰ ਲਾਗੂ ਕਰਨ ਅਤੇ ਰੱਖਿਆਤਮਕ ਕਾਰਵਾਈਆਂ ਨੂੰ ਸਿਖਰਲੀ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਕੁਕੀ ਆਬਾਦੀ ਵਿਚਲੇ 'ਗ਼ੈਰ-ਕਾਨੂੰਨੀ' ਪਰਵਾਸੀਆਂ ਦੇ ਮੁੱਦੇ ਨੂੰ ਬਹੁਤ ਚੌਕਸੀ ਨਾਲ ਨਜਿੱਠਣਾ ਹੋਵੇਗਾ। ਆਖ਼ਿਰਕਾਰ ਜੇ ਮਨੀਪੁਰ ਵਿਚ ਬਡੌਸ ਵਰਗੇ 'ਨਵੇਂ ਕੁਕੀ' ਹਨ ਤਾਂ ਨਾਲ ਹੀ ਉਹ ਮੈਤੇਈ ਵੀ ਹਨ ਜੋ ਇਸਾਈ ਹਨ। ਇਸ ਲਈ ਅਜਿਹੇ ਗੁੰਝਲਦਾਰ ਮਾਮਲਿਆਂ ਉਤੇ ਬੜਾ ਸਿੱਧਾ ਸਾਦਾ ਰਵੱਈਆ ਅਪਣਾਉਣਾ ਵਾਜਬ ਨਹੀਂ ਹੋਵੇਗਾ। ਕਿਸੇ ਵੀ ਹਾਲਾਤ ਵਿਚ, ਜੇ 1951 ਨੂੰ ਕੱਟ-ਆਫ ਸਾਲ ਮੰਨ ਕੇ ਐੱਨਆਰਸੀ ਕਾਰਵਾਈ ਸ਼ੁਰੂ ਕੀਤੀ ਜਾਂਦੀ ਹੈ, ਜਿਹੀ ਅਰਾਮਬਾਈ ਤੈਂਗੋਲ ਦੀ ਮੰਗ ਵੀ ਹੈ ਤਾਂ ਗ਼ੈਰ-ਕਾਨੂੰਨੀ ਪਰਵਾਸ ਦਾ ਮੁੱਦਾ ਆਪਣੇ ਆਪ ਹੱਲ ਹੋ ਜਾਵੇਗਾ।

ਜਿੱਥੋਂ ਤੱਕ ਅਸਾਮ ਰਾਈਫਲਜ਼ ਨੂੰ ਇੰਫਾਲ ਵਾਦੀ ਵਿਚੋਂ ਹਟਾਏ ਜਾਣ ਲਈ ਪਾਏ ਜਾ ਰਹੇ ਰੌਲੇ ਦਾ ਸਵਾਲ ਹੈ ਤਾਂ ਇਹ ਹਾਸੋਹੀਣੀ ਮੰਗ ਹੈ। ਜੇ ਅਰਾਮਬਾਈ ਤੈਂਗੋਲ ਨੂੰ ਜਾਪਦਾ ਹੈ ਕਿ ਅਸਾਮ ਰਾਈਫਲਜ਼ ਪੱਖਪਾਤੀ ਹੈ ਅਤੇ ਜਿਵੇਂ ਉਸ ਵੱਲੋਂ ਲਗਾਤਾਰ ਇਸ ਫ਼ੋਰਸ ਨੂੰ ਮਨੀਪੁਰ ਵਿਚੋਂ ਹਟਾਏ ਜਾਣ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਅਜਿਹਾ ਸਾਫ਼ ਤੌਰ 'ਤੇ ਇਸ ਸਲਾਮਤੀ ਦਸਤੇ ਵੱਲੋਂ ਵਾਦੀ ਵਿਚਲੇ ਬਾਗ਼ੀ ਗਰੁੱਪਾਂ ਜਿਵੇਂ ਯੂਨਾਈਟਿਡ ਲਿਬਰੇਸ਼ਨ ਫਰੰਟ (ਕੋਇਰਾਂਗ), ਪੀਪਲਜ਼ ਲਿਬਰੇਸ਼ਨ ਆਰਮੀ (ਮਨੀਪੁਰ) ਅਤੇ ਪੀਪਲਜ਼ ਰੈਵੁਲਿਊਸ਼ਨਰੀ ਪਾਰਟੀ ਆਫ ਕਾਂਗਲੇਈਪਾਕ ਆਦਿ ਖ਼ਿਲਾਫ਼ ਕੀਤੀ ਜਾ ਰਹੀ ਠੋਸ ਕਾਰਵਾਈ ਕਾਰਨ ਹੀ ਹੈ। ਇਨ੍ਹਾਂ ਅਤੇ ਅਜਿਹੇ ਕੁਝ ਹੋਰ ਦਹਿਸ਼ਤੀ ਗਰੁੱਪਾਂ ਨੂੰ ਸਾਂਝੇ ਤੌਰ 'ਤੇ ਗਰੁੱਪ ਆਫ ਫਾਈਵ (ਪੰਜਾਂ ਦਾ ਸਮੂਹ) ਵਜੋਂ ਜਾਣਿਆ ਜਾਂਦਾ ਹੈ ਅਤੇ ਇਹ ਮੁੱਖ ਤੌਰ 'ਤੇ ਮੈਤੇਈ ਭਾਈਚਾਰੇ ਨਾਲ ਸਬੰਧਿਤ ਹਨ।

ਨਾਲ ਹੀ ਇਹ ਵੀ ਇਕ ਜ਼ਾਹਿਰਾ ਤੱਥ ਹੈ ਕਿ ਅਸਾਮ ਰਾਈਫਲਜ਼ ਨੇ ਕੁਕੀ ਦਹਿਸ਼ਤਗਰਦਾਂ ਖ਼ਿਲਾਫ਼ ਵੀ ਫ਼ੈਸਲਾਕੁਨ ਕਾਰਵਾਈ ਕੀਤੀ ਹੈ। ਉਂਝ ਵੀ 1835 ਵਿਚ 'ਕਛਾਰ ਲੇਵੀ' ਵਜੋਂ ਕਾਇਮ ਕੀਤੇ ਗਏ ਇਸ ਸਲਾਮਤੀ ਦਸਤੇ ਨੂੰ 'ਉੱਤਰ-ਪੂਰਬ ਦੇ ਰਖਵਾਲੇ' ਵਜੋਂ ਸਤਿਕਾਰ ਦਿੱਤਾ ਜਾਂਦਾ ਹੈ ਜਿਸ ਦਾ ਇੰਝ ਮਜ਼ਾਕ ਉਡਾਇਆ ਜਾਣਾ ਬਿਲਕੁਲ ਠੀਕ ਨਹੀਂ ਹੈ। ਇਹ ਗੱਲ ਆਪਣੇ 75ਵੇਂ ਸਾਲ ਵਿਚ ਪੈਰ ਧਰ ਚੁੱਕੇ ਗਣਤੰਤਰ ਦਾ ਬਹੁਤ ਹੀ ਮਾੜਾ ਅਕਸ ਉਭਾਰਨ ਵਾਲੀ ਹੈ ਕਿ ਇਸ ਦੇ ਨਾਗਰਿਕਾਂ ਦਾ ਇਕ ਹਿੱਸਾ ਉਸ ਫ਼ੋਰਸ ਨੂੰ ਹਟਾਉਣ ਦੀ ਮੰਗ ਕਰ ਰਿਹਾ ਹੈ ਜਿਸ ਨੇ ਮਨੀਪੁਰ ਲਈ ਇੰਨੀਆਂ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ। ਇਸ ਲਈ ਬਹੁਤ ਜ਼ਰੂਰੀ ਹੈ ਕਿ ਜਿਸ ਤਰ੍ਹਾਂ ਦੀ ਕੱਟੜਪੰਥੀ ਸੋਚ ਦਾ ਅਰਾਮਬਾਈ ਤੈਂਗੋਲ ਪ੍ਰਤੀਕ ਹੈ, ਉਸ ਨੂੰ ਸਿਰ ਚੁੱਕਣ ਤੋਂ ਪਹਿਲਾਂ ਹੀ ਦਰੜ ਦਿੱਤਾ ਜਾਵੇ। ਭਾਰਤੀ ਗਣਤੰਤਰ ਸੱਤਾ ਦੇ ਅਜਿਹੇ ਬੇਹੂਦਾ ਤਿਆਗ ਵਰਗੀ ਕਾਰਵਾਈ ਨੂੰ ਮਹਿਜ਼ ਲੱਕ 'ਤੇ ਹੱਥ ਧਰ ਕੇ ਖੜ੍ਹਾ ਦੇਖਦਾ ਨਹੀਂ ਰਹਿ ਸਕਦਾ।

# ਕਿਰਨ ਰਾਓ ਦੀਆਂ 'ਲਾਪਤਾ ਲੇਡੀਜ਼' ਦੀਆਂ ਬਾਤਾਂ

**'ਧੋਬੀ ਘਾਟ' ਵਰਗੀ ਉਮਦਾ ਫਿਲਮ ਬਣਾਉਣ ਵਾਲੀ ਕਿਰਨ ਰਾਓ ਹੁਣ ਇਕ ਹੋਰ ਫਿਲਮ ਲੈ ਕੇ ਆ ਰਹੀ ਹੈ। ਇਸ ਫਿਲਮ ਦਾ ਨਾਂ ਉਸ ਨੇ 'ਲਾਪਤਾ ਲੇਡੀਜ਼' ਰੱਖਿਆ ਹੈ। ਇਹ ਫਿਲਮ ਅਸਲ ਵਿਚ ਦੇਹਾਤ ਦੀ ਕਹਾਣੀ ਹੈ ਜੋ ਕਿਰਨ ਰਾਓ ਨੇ ਆਪਣੇ ਢੰਗ ਨਾਲ ਦਿਖਾਉਣ ਦਾ ਯਤਨ ਕੀਤਾ ਹੈ। ਕਿਰਨ ਰਾਓ ਮੁੱਢ ਤੋਂ ਹੀ ਕੁਝ ਨਾ ਕੁਝ ਨਵਾਂ ਕਰਨ ਸੋਚਦੀ ਰਹੀ ਹੈ ਅਤੇ ਇਨ੍ਹਾਂ ਫਿਲਮਾਂ ਰਾਹੀਂ ਉਸ ਨੇ ਸਾਬਤ ਕਰ ਦਿਖਾਇਆ ਹੈ ਕਿ ਇੱਛਾ ਸ਼ਕਤੀ ਹੋਵੇ ਤਾਂ ਅਨੇਕ ਔਕੜਾਂ ਦੇ ਬਾਵਜੂਦ ਕਿਲ੍ਹਾ ਫਤਿਹ ਕੀਤਾ ਜਾ ਸਕਦਾ ਹੈ।**


ਫਿਲਮ 'ਲਾਪਤਾ ਲੇਡੀਜ਼' ਦੀ ਨਿਰਦੇਸ਼ਕ ਕਿਰਨ ਰਾਓ।


ਬੀਬਾ ਕਿਰਨ ਰਾਓ ਵਿਲੱਖਣ ਸ਼ਖਸੀਅਤ ਹੈ। ਹੁਣ ਉਹ ਆਪਣੀ ਸ਼ਖਸੀਅਤ ਵਰਗੀ ਹੀ ਇਕ ਹੋਰ ਫਿਲਮ 'ਲਾਪਤਾ ਲੇਡੀਜ਼' ਆਪਣੀ ਨਿਰਦੇਸ਼ਨਾ ਹੇਠ ਲੈ ਕੇ ਆ ਰਹੀ ਹੈ। ਇਹ ਫਿਲਮ ਪਹਿਲੀ ਮਾਰਚ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਇਹ ਫਿਲਮ ਦੇਹਾਤ ਦੇ ਦੋ ਲਾੜਿਆਂ ਤੇ ਲਾੜੀਆਂ ਦੀ ਕਹਾਣੀ ਹੈ ਜਿਸ ਨੂੰ ਇਸ ਢੰਗ ਨਾਲ ਬੁਣਿਆ ਗਿਆ ਹੈ ਕਿ ਦੇਹਾਤੀ ਜੀਵਨ ਜਾਚ ਦੇ ਵੱਖ-ਵੱਖ ਪੱਖ ਆਪ-ਮੁਹਾਰੇ ਉਘੜਦੇ ਹਨ।

ਫਿਲਮ ਦੀ ਕਹਾਣੀ ਬਾਰੇ ਕਿਰਨ ਰਾਓ ਬਹੁਤ


**ਕੁਦਰਤ ਕੌਰ**

ਇਮਾਨਦਾਰੀ ਨਾਲ ਕਹਿੰਦੀ ਹੈ, "ਸੱਚ ਤਾਂ ਇਹ ਹੈ ਕਿ ਫਿਲਮ ਦੀ ਕਹਾਣੀ ਕਿਸੇ ਪਾਸੇ ਵੀ ਲਿਜਾਈ ਜਾ ਸਕਦੀ ਸੀ। ਇਹ ਕਹਾਣੀ ਵੱਖ-ਵੱਖ ਦਿਸ਼ਾਵਾਂ ਵੱਲ ਜਾਣ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਸਨ ਪਰ ਜਿਹੜੀ ਕਹਾਣੀ ਅਸੀਂ ਲੈ ਕੇ ਆਏ ਹਾਂ, ਉਹ ਬਹੁਤ ਭਾਵੁਕ ਕਰਨ ਵਾਲੀ ਹੈ।"

ਯਾਦ ਰਹੇ ਕਿ ਕਿਰਨ ਰਾਓ ਨੇ ਇਸ ਤੋਂ ਪਹਿਲਾਂ ਫਿਲਮ 'ਧੋਬੀ ਘਾਟ' ਬਣਾਈ ਸੀ। ਇਹ ਫਿਲਮ 21 ਜਨਵਰੀ 2011 ਨੂੰ ਰਿਲੀਜ਼ ਹੋਈ ਸੀ; ਭਾਵੇਂ ਕੁਝ ਫਿਲਮ ਮੇਲਿਆਂ ਵਿਚ ਭੇਜਣ ਕਰ ਕੇ ਇਹ ਪਹਿਲਾਂ ਸਤੰਬਰ 2010 ਨੂੰ ਵੀ ਕਈ ਥਾਈਂ ਪੇਸ਼ ਕੀਤੀ ਗਈ ਸੀ। ਬਤੌਰ ਨਿਰਦੇਸ਼ਕ ਇਹ ਕਿਰਨ ਰਾਓ ਦੀ ਪਹਿਲੀ ਫਿਲਮ ਸੀ। ਇਸ ਫਿਲਮ ਵਿਚ ਆਮਿਰ ਖਾਨ, ਪ੍ਰਤੀਕ ਬੱਬਰ, ਮੋਨਿਕਾ ਡੋਗਰਾ, ਕ੍ਰਿਤੀ ਮਲਹੋਤਰਾ ਨੇ ਅਹਿਮ ਕਿਰਦਾਰ ਨਿਭਾਏ ਸਨ। ਇਸ ਫਿਲਮ ਨੇ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਸੀ। ਫਿਲਮ ਦਾ ਬਜਟ 130 ਮਿਲੀਅਨ ਰੁਪਏ ਸੀ ਅਤੇ ਇਸ ਨੇ ਕੁੱਲ 256 ਮਿਲੀਅਨ ਰੁਪਏ ਕਮਾਏ ਸਨ।



ਫਿਲਮ 'ਲਾਪਤਾ ਲੇਡੀਜ਼' ਦਾ ਪੋਸਟਰ।



ਫਿਲਮ 'ਧੋਬੀ ਘਾਟ' ਦਾ ਪੋਸਟਰ।

ਕਿਰਨ ਰਾਓ ਨੇ 'ਧੋਬੀ ਘਾਟ' ਵਾਲਾ ਹੀ ਰੰਗ ਆਪਣੀ ਨਵੀਂ ਫਿਲਮ 'ਲਾਪਤਾ ਲੇਡੀਜ਼' ਵਿਚ ਭਰਨ ਦਾ ਯਤਨ ਕੀਤਾ ਹੈ। ਉਹ ਆਖਦੀ ਹੈ, "ਦੁਨੀਆ ਵਿਚ ਤਰ੍ਹਾਂ-ਤਰ੍ਹਾਂ ਦੇ ਲੋਕ ਵੱਸਦੇ ਹਨ। ਪਤਾ ਨਹੀਂ ਕਿਹੜੇ ਵੇਲੇ ਕਿਹੜੇ ਮਨੁੱਖ ਨੇ ਤੁਹਾਡੇ ਲਈ ਖੁਸ਼ੀਆਂ ਦੀ ਪੰਡ ਲੈ ਕੇ ਹਾਜ਼ਰ ਹੋ ਜਾਣਾ ਹੈ। ਇਹ ਅਸਲ ਵਿਚ ਮੁਹੱਬਤ ਦੇ ਪੈਗਾਮ ਹੁੰਦੇ ਹਨ ਅਤੇ ਸੱਚਮੁੱਚ ਦੁਨੀਆ ਅਜਿਹੇ ਪੈਗਾਮਾਂ ਨਾਲ ਲਬਾਲਬ ਭਰੀ ਹੁੰਦੀ ਹੈ।" ਉਹ ਦੱਸਦੀ ਹੈ ਕਿ ਫਿਲਮ ਵਿਚ ਕਾਮੇਡੀ ਨੂੰ ਖਾਸ ਥਾਂ ਦਿੱਤੀ ਗਈ ਹੈ। ਇਹ ਗੱਲਾਂ ਵੀ ਜ਼ਿੰਦਗੀ ਨਾਲ ਜੋੜ ਕੇ ਕੀਤੀ ਗਈਆਂ ਹਨ।

ਕਿਰਨ ਰਾਓ ਦਾ ਜਨਮ 7 ਨਵੰਬਰ 1973 ਨੂੰ ਹੋਇਆ ਸੀ। ਉਹ ਹੈਦਰਾਬਾਦ ਵਿਚ ਜੰਮੀ ਅਤੇ ਕੋਲਕਾਤਾ ਵਿਚ ਪਲੀ। 1992 ਵਿਚ ਉਹ ਮੁੰਬਈ ਪੁੱਜ ਗਈ। ਆਮਿਰ ਖਾਨ ਦੀ ਫਿਲਮ 'ਲਗਾਨ' (2001) ਵਿਚ ਉਸ ਨੇ ਅਸਿਸਟੈਂਸ ਡਾਇਰੈਕਟਰ ਵਜੋਂ ਕੰਮ ਕੀਤਾ ਸੀ। ਇਸ ਫਿਲਮ ਦੇ ਨਿਰਮਾਣ ਦੌਰਾਨ ਹੀ ਦੋਹਾਂ ਵਿਚਕਾਰ ਪਿਆਰ ਪਿਆ ਅਤੇ ਉਨ੍ਹਾਂ 2005 ਵਿਚ ਵਿਆਹ ਕਰਵਾ ਲਿਆ। ਉਂਝ, 3 ਜੁਲਾਈ 2021 ਨੂੰ ਉਨ੍ਹਾਂ ਤਲਾਕ ਲੈਣ ਦਾ ਐਲਾਨ ਕਰ ਦਿੱਤਾ।

'ਲਾਪਤਾ ਲੇਡੀਜ਼' ਬਾਰੇ ਕਿਰਨ ਰਾਓ ਬੇਹੱਦ ਭਾਵੁਕ ਹੈ। ਉਹ ਦੱਸਦੀ ਹੈ, "ਮੈਂ ਇੰਨੀ ਸ਼ਿੱਦਤ ਨਾਲ ਕਦੀ ਕੋਈ ਕਹਾਣੀ ਨਹੀਂ ਲਿਖੀ, ਜਿੰਨੀ ਇਸ ਫਿਲਮ ਲਈ ਲਿਖੀ ਹੈ। ਇਸ ਪਟਕਥਾ ਅੰਦਰ ਮੇਰੇ ਦਿਲ ਦਾ ਲਹੂ ਲੱਗਿਆ ਹੈ ਅਤੇ ਦਰਸ਼ਕਾਂ ਨੂੰ ਫਿਲਮ ਦੇਖ ਕੇ ਅਜਿਹਾ ਮਹਿਸੂਸ ਹੋਵੇਗਾ। ਅਸੀਂ ਆਮ ਤੌਰ 'ਤੇ ਰਵਾਇਤੀ ਜਿਹੀਆਂ ਕਹਾਣੀਆਂ ਵਾਰ-ਵਾਰ ਸੁਣਾਈ ਜਾਂਦੇ ਹਾਂ, ਇਸ ਫਿਲਮ ਵਿਚ ਰਤਾ ਕੁ ਵੱਖਰੀ ਕਹਾਣੀ ਐਨ ਵੱਖਰੇ ਢੰਗ ਨਾਲ ਪੇਸ਼ ਕੀਤੀ ਗਈ ਹੈ।

# ਅਲੋਕਾਰੀ ਆਲੀਆ ਭੱਟ ਹੁਣ ਨਿਰਮਾਤਾ ਬਣੀ

ਅਦਾਕਾਰਾ ਆਲੀਆ ਭੱਟ ਦਾ ਕਹਿਣਾ ਹੈ ਕਿ ਵੈੱਬ ਸੀਰੀਜ਼ 'ਪੋਚਰ' ਵਿਚ ਕੰਮ ਕਰਨ ਪਿੱਛੇ ਬਹੁਤ ਸਾਰੇ ਕਾਰਨ ਹਨ। ਅਦਾਕਾਰਾ ਇਸ ਪ੍ਰੋਜੈਕਟ ਵਿਚ ਕਾਰਜਕਾਰੀ ਨਿਰਮਾਤਾ ਦੀ ਜ਼ਿੰਮੇਵਾਰੀ ਨਿਭਾਅ ਰਹੀ ਹੈ। 'ਪੋਚਰ' ਦੇ ਟਰੇਲਰ ਰਿਲੀਜ਼ ਮੌਕੇ ਆਲੀਆ ਸੀਰੀਜ਼ ਦੇ ਅਦਾਕਾਰਾਂ ਦਿਵੇਂਦੂ ਭੱਟਾਚਾਰੀਆ ਅਤੇ ਰੋਸ਼ਨ ਮੈਥਿਊ, ਨਿਰਮਾਤਾ ਨਿਰਦੇਸ਼ਕ ਰਿਚੀ ਮਹਿਤਾ

**ਆਮਨਾ ਕੌਰ**

ਅਤੇ ਪ੍ਰਾਈਮ ਵੀਡੀਓ ਦੇ ਅਧਿਕਾਰੀਆਂ ਨਾਲ ਹਾਜ਼ਰ ਸੀ।

ਆਲੀਆ ਨੇ ਇਸ ਪ੍ਰੋਜੈਕਟ ਨਾਲ ਕਾਰਜਕਾਰੀ ਨਿਰਮਾਤਾ ਵਜੋਂ ਜੁੜਨ ਪਿਛਲੇ ਕਾਰਨ ਸਾਂਝੇ ਕਰਦਿਆਂ ਕਿਹਾ, "ਇਸ ਸ਼ੋਅ ਨਾਲ ਜੁੜਨ ਪਿੱਛੇ ਮੈਂ ਕਿਸੇ ਇੱਕ ਕਾਰਨ ਦਾ ਜ਼ਿਕਰ ਨਹੀਂ ਕਰ ਸਕਦੀ। ਇਸ ਪਿੱਛੇ ਕਈ ਕਾਰਨ ਸਨ ਜਿਨ੍ਹਾਂ ਮੈਨੂੰ ਇਸ ਪ੍ਰੋਜੈਕਟ ਨਾਲ ਜੁੜਨ ਲਈ ਪ੍ਰੇਰਿਆ, ਜਿਵੇਂ ਰਿਚੀ ਨੇ ਆਪਣੀ ਡੂੰਘੀ ਖੋਜ ਮਗਰੋਂ ਜਿਸ ਅੰਦਾਜ਼ ਵਿਚ ਇਸ ਦੀ ਕਹਾਣੀ ਸਾਹਮਣੇ ਰੱਖੀ। ਇਸ ਪ੍ਰੋਜੈਕਟ ਨਾਲ ਬਾਕਮਾਲ ਅਦਾਕਾਰ ਜੁੜੇ ਹੋਏ ਹਨ ਜਿਨ੍ਹਾਂ ਕੋਲ ਦਰਸ਼ਕਾਂ 'ਤੇ ਆਪਣੀ ਵੱਖਰੀ ਛਾਪ ਛੱਡਣ ਦਾ ਦਮ ਹੈ। ਰਿਚੀ ਅਤੇ ਉਨ੍ਹਾਂ ਦੀ ਪੂਰੀ ਟੀਮ ਨੇ ਇਸ ਪ੍ਰੋਜੈਕਟ ਵਿਚ ਇੰਨਾ ਵਧੀਆ ਕੰਮ ਕੀਤਾ ਹੈ ਕਿ ਮੇਰੇ 'ਤੇ ਇਸ ਸੀਰੀਜ਼ ਦਾ ਬਹੁਤ ਡੂੰਘਾ ਪ੍ਰਭਾਵ ਪਿਆ ਹੈ। ਇਸ ਨੂੰ ਦੇਖਣ ਮੌਕੇ ਮੇਰੀਆਂ ਅੱਖਾਂ 'ਚ ਹੰਝੂ ਆ ਗਏ ਸਨ। ਇਸ ਸੀਰੀਜ਼ ਵਿਚ ਅਜਿਹੇ ਕਈ ਦ੍ਰਿਸ਼ ਹਨ ਜਿਨ੍ਹਾਂ ਬਾਰੇ ਮੈਂ






ਇਸ ਵੇਲੇ ਗੱਲ ਨਹੀਂ ਕਰ ਸਕਦੀ ਪਰ ਮੈਂ ਆਪਣੀ ਭੈਣ ਨਾਲ ਉਨ੍ਹਾਂ ਦ੍ਰਿਸ਼ਾਂ ਬਾਰੇ ਲੰਬੀ ਗੱਲਬਾਤ ਕੀਤੀ ਹੈ।" 'ਪੋਚਰ' ਪ੍ਰਾਈਮ ਵੀਡੀਓਜ਼ 'ਤੇ 23 ਫਰਵਰੀ ਨੂੰ ਰਿਲੀਜ਼ ਕੀਤੀ ਗਈ ਹੈ।

ਆਲੀਆ ਭੱਟ ਨੇ ਆਪਣੀ ਅਦਾਕਾਰੀ ਦੇ ਜਲਵੇ ਹੁਣ ਤੱਕ ਸਕਰੀਨ ਉਤੇ ਹੀ ਦਿਖਾਏ ਸਨ ਪਰ ਹੁਣ 'ਪੋਚਰ' ਵਿਚ ਕਾਰਜਕਾਰੀ ਨਿਰਮਾਤਾ ਬਣ ਕੇ ਉਸ ਨੇ ਇਕ ਕਦਮ ਹੋਰ ਅਗਾਂਹ ਪੁੱਟ ਲਿਆ ਹੈ। ਇਸ ਗੱਲ ਨੂੰ ਭਾਵੇਂ ਉਸ ਵੱਲੋਂ ਆਪਣਾ ਕਾਰੋਬਾਰ ਵਧਾਉਣ ਦੇ ਨੁਕਤੇ ਤੋਂ ਵੀ ਵਿਚਾਰਿਆ ਜਾ ਸਕਦਾ ਹੈ ਪਰ ਸੱਚ ਇਹ ਹੈ ਕਿ ਜਿਸ ਤਰ੍ਹਾਂ ਦੀ ਕਹਾਣੀ 'ਪੋਚਰ' ਵਿਚ ਪੇਸ਼ ਕੀਤੀ ਗਈ ਹੈ, ਉਸ ਹਿਸਾਬ ਨਾਲ ਵੱਡਾ ਰਿਸਕ ਲੈਣਾ ਕੋਈ ਖਾਲਾ ਜੀ ਦਾ ਵਾੜਾ ਵੀ ਨਹੀਂ ਸੀ। ਇਸ ਮਾਮਲੇ ਵਿਚ ਚੰਗੀ ਗੱਲ ਇਹੀ ਹੋਈ ਹੈ ਕਿ ਆਲੀਆ ਭੱਟ ਨੇ ਚੰਗੀ ਅਤੇ ਵੱਡੇ ਸਰੋਕਾਰਾਂ ਨਾਲ ਜੁੜੀ ਪਟਕਥਾ ਨੂੰ ਪਰਦੇ 'ਤੇ ਲਿਆਉਣ ਲਈ ਹੰਭਲਾ ਮਾਰਿਆ ਹੈ। ਉਸ ਦਾ ਇਹ ਹੰਭਲਾ ਹੋਰਾਂ ਲਈ ਪ੍ਰੇਰਨਾ ਦਾ ਸਰੋਤ ਵੀ ਬਣ ਸਕਦਾ ਹੈ ਕਿਉਂਕਿ ਜੇ ਅਜਿਹੇ ਪ੍ਰੋਜੈਕਟ ਬਣਨਗੇ ਤਾਂ ਹੀ ਫਿਰ ਅਜਿਹੇ ਪ੍ਰੋਜੈਕਟਾਂ ਲਈ ਹੋਰ ਰਾਹ ਖੁੱਲ੍ਹਣਗੇ।

ਇਸੇ ਕਰ ਕੇ ਫਿਲਮ ਸਨਅਤ ਨਾਲ ਕਈ ਹਸਤੀਆਂ ਨੇ ਆਲੀਆ ਭੱਟ ਦੀ ਇਸ ਪਹੁੰਚ ਦੀ ਤਾਰੀਫ ਕੀਤੀ ਹੈ ਕਿ ਨਵੀਂ ਪੀੜ੍ਹੀ ਜੇ ਅਜਿਹੇ ਰਾਹ ਤੁਰਨ ਲਈ ਤਿਆਰ ਹੈ ਤਾਂ ਹਿੰਦੀ ਫਿਲਮ ਸਨਅਤ ਬਹੁਤ ਦੂਰ ਤੱਕ ਜਾਵੇਗੀ ਅਤੇ ਦਰਸ਼ਕਾਂ ਨੂੰ ਚੰਗਾ, ਨਵਾਂ ਤੇ ਨਰੋਆ ਸਿਨੇਮਾ ਦੇਵੇਗੀ।

# ਮਹਿਮਾ ਮਕਵਾਨਾ ਦੀ ਖ਼ੁਸ਼ੀ



ਪਿਛਲੇ ਸਾਲ ਆਪਣੀ ਫਿਲਮ 'ਤੁਮਸੇ ਨਾ ਹੋ ਪਾਏਗਾ' ਨਾਲ ਚਰਚਾ ਵਿਚ ਆਉਣ ਵਾਲੀ ਅਦਾਕਾਰਾ ਮਹਿਮਾ ਮਕਵਾਨਾ ਇਕ ਵਾਰ ਫਿਰ ਚਰਚਾ ਵਿਚ ਹੈ। ਇਸ ਸਾਲ ਉਸ ਦੀ ਟੈਲੀਵਿਜ਼ਨ ਸੀਰੀਜ਼ 'ਸ਼ੋਅਟਾਈਮ' ਆ ਰਹੀ ਹੈ ਜੋ ਮਿਹਿਰ ਦੇਸਾਈ ਅਤੇ ਅਰਚਿਤ ਕੁਮਾਰ ਨੇ ਨਿਰਦੇਸ਼ਿਤ ਕੀਤੀ ਹੈ। ਇਹ ਸ਼ੋਅ 8 ਮਾਰਚ 2024 ਨੂੰ ਡਿਜ਼ਨੀ+ਹੌਟਸਟਾਰ 'ਤੇ ਨਸ਼ਰ ਕੀਤੀ ਜਾ ਰਹੀ ਹੈ। ਇਸ ਸੀਰੀਜ਼ ਵਿਚ ਉਘੇ ਅਦਾਕਾਰ ਨਸੀਰੂਦੀਨ ਸ਼ਾਹ, ਇਮਰਾਨ ਹਾਸ਼ਮੀ, ਮੌਨੀ ਰੌਇ, ਰਾਜੀਵ ਖੰਡੇਲਵਾਲ, ਵਿਸ਼ਾਲ ਵਸ਼ਿਸ਼ਟ ਆਦਿ ਹਿੱਸਾ ਲੈ ਰਹੇ ਹਨ। ਮਹਿਮਾ ਮਕਵਾਨਾ ਖੁਸ਼ ਹੈ ਕਿ ਉਸ ਨੂੰ ਇੰਨੇ ਵੱਡੇ ਕਲਾਕਾਰਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਉਸ ਨੂੰ ਆਸ ਹੈ ਕਿ ਇਹ ਸ਼ੋਅ ਉਸ ਲਈ ਹੋਰ ਰਾਹ ਖੋਲ੍ਹੇਗਾ।

*-ਗੁਲਵੰਸ ਸਿੰਘ*

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 647ਵੇਂ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 647ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ) ਵਿਖੇ 23, 24 ਅਤੇ 25 ਫਰਵਰੀ 2024 ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ:



## ਸਮਾਗਮ ਦਾ ਵੇਰਵਾ

**23 ਫਰਵਰੀ 2024**
(ਸ਼ੁਕਰਵਾਰ)
ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ

**25 ਫਰਵਰੀ 2024**
(ਐਤਵਾਰ)
ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ
ਭਾਈ ਭੁਪਿੰਦਰ ਸਿੰਘ ਜੀ ਦਾ ਹਜ਼ੂਰੀ ਰਾਗੀ ਜਥਾ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ।
ਹੈੱਡ ਗ੍ਰੰਥੀ ਭਾਈ ਦਿਲਾਵਰ ਸਿੰਘ ਜੀ ਕਥਾ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਝਾਤ ਪਾਉਣਗੇ।

*ਗੁਰੂ ਕਾ ਲੰਗਰ ਅਤੁੱਟ ਵਰਤੇਗਾ।*

**ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ)**
**12200 E. 131 Street Fishers, IN 46037-6621**
**Cell: 317-792-7121 Ph: 317-773-8446**